28-DEC-PAGE-1.qxd 12/27/2025 9:21 PM Page 1

ਐਤਵਾਰ, 28 ਦਸੰਬਰ, 2025
14 ਪੋਹ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 208

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 28 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+8=16

# ਕਾਂਗਰਸ ਵੱਲੋਂ ਮਨਰੇਗਾ ਬਚਾਓ ਮੁਹਿੰਮ 5 ਤੋਂ

**ਨਵੀਂ ਦਿੱਲੀ** : ਕਾਂਗਰਸ ਅਗਲੇ ਸਾਲ 5 ਜਨਵਰੀ ਤੋਂ ਯੂ ਪੀ ਏ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਦਿਹਾਤੀ ਖੇਤਰਾਂ ਵਿੱਚ ਰੁਜ਼ਗਾਰ ਲਈ ਲਿਆਂਦੇ ਮਨਰੇਗਾ ਕਾਨੂੰਨ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਦੁਆਰਾ ਖਤਮ ਕਰ ਦੇਣ ਵਿਰੁੱਧ ਦੇਸ਼-ਵਿਆਪੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਇਹ ਐਲਾਨ ਕਰਦਿਆਂ ਪਾਰਟੀ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਚਿਤਾਵਨੀ ਦਿੱਤੀ ਕਿ ਲੋਕ ਗੁੱਸੇ ਵਿਚ ਹਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਦੇ ਸਿੱਟੇ ਭੁਗਤਣੇ ਪੈਣਗੇ। ਇਥੇ ਪਾਰਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਖੜਗੇ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਕਾਂਗਰਸ 'ਮਨਰੇਗਾ ਬਚਾਓ ਅਭਿਆਨ' ਦੀ ਅਗਵਾਈ ਕਰੇਗੀ। ਉਨ੍ਹਾ ਕਿਹਾ ਕਿ ਮਨਰੇਗਾ ਕੇਵਲ ਇਕ ਸਕੀਮ ਨਹੀਂ, ਬਲਕਿ ਇਹ 'ਸੰਵਿਧਾਨ ਦੁਆਰਾ ਦਿੱਤਾ ਗਿਆ ਕੰਮ ਦਾ ਅਧਿਕਾਰ' ਹੈ।

ਇਸ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਨਿੱਚਰਵਾਰ ਪੇਂਡੂ

## ਲੋਕਾਂ 'ਚ ਮੋਦੀ ਸਰਕਾਰ ਵਿਰੁੱਧ ਗੁੱਸਾ : ਖੜਗੇ



ਰੁਜ਼ਗਾਰ ਯੋਜਨਾ 'ਮਨਰੇਗਾ' ਨੂੰ ਰੱਦ ਕਰਨ ਦੇ ਫੈਸਲੇ ਵਿਰੁੱਧ ਦੇਸ਼ ਵਿਆਪੀ ਮੁਹਿੰਮ ਚਲਾਉਣ ਦੀ ਅਪੀਲ ਕੀਤੀ ਹੈ। ਉਨ੍ਹਾ ਤਿੰਨ ਖੇਤੀ ਕਾਨੂੰਨਾਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਮਜ਼ਬੂਤ ਵਿਰੋਧ ਕਾਰਨ ਸਰਕਾਰ ਨੂੰ ਉਹ ਕਾਨੂੰਨ ਵਾਪਸ ਲੈਣੇ ਪਏ ਸਨ, ਉਸੇ ਤਰ੍ਹਾਂ ਇਸ ਮੁੱਦੇ 'ਤੇ ਵੀ ਅੰਦੋਲਨ ਦੀ ਲੋੜ ਹੈ। ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਵੋਟਰ ਸੂਚੀਆਂ ਦੇ ਐੱਸ ਆਈ ਆਰ ਨੂੰ ਲੋਕਤੰਤਰੀ ਅਧਿਕਾਰਾਂ ਨੂੰ ਸੀਮਤ ਕਰਨ ਦੀ ਇੱਕ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾ ਕਿਹਾ ਕਿ ਇਹ ਮੀਟਿੰਗ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਦੇਸ਼ ਦਾ • ਬਾਕੀ ਸਫਾ 2 'ਤੇ

## ਦਿਹਾਤੀ ਰੁਜ਼ਗਾਰ 'ਤੇ ਸਿੱਧਾ ਹਮਲਾ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਸੰਸਦ ਮੈਂਬਰ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਵੀ ਬੀ ਜੀ ਰਾਮ ਜੀ' ਸਕੀਮ ਬਾਰੇ ਕਿਹਾ ਕਿ 'ਮਨਰੇਗਾ ਸਿਰਫ਼ ਇਕ ਸਕੀਮ ਨਹੀਂ ਸੀ, ਮਨਰੇਗਾ ਇਕ ਅਧਿਕਾਰ-ਅਧਾਰਤ ਸੰਕਲਪ ਸੀ। ਮਨਰੇਗਾ ਨੇ ਦੇਸ਼ ਭਰ ਦੇ ਲੱਖਾਂ ਲੋਕਾਂ ਨੂੰ ਘੱਟੋ-ਘੱਟ ਉਜਰਤ ਪ੍ਰਦਾਨ ਕੀਤੀ... ਇਹ ਅਧਿਕਾਰ-ਅਧਾਰਤ ਸਿੱਧੇ ਰੁਜ਼ਗਾਰ ਦੀ ਧਾਰਨਾ 'ਤੇ ਹਮਲਾ ਹੈ ਅਤੇ ਇਹ ਰਾਜਾਂ ਦੇ ਸੰਘੀ ਢਾਂਚੇ 'ਤੇ ਵੀ ਹਮਲਾ ਹੈ। ਕੇਂਦਰ ਰਾਜਾਂ ਤੋਂ ਪੈਸਾ ਖੋਹ ਰਿਹਾ ਹੈ। ਇਸ ਨਾਲ ਦੇਸ਼ ਨੂੰ, ਗਰੀਬਾਂ ਨੂੰ ਨੁਕਸਾਨ ਹੋਵੇਗਾ।' ਉਨ੍ਹਾ ਕਿਹਾ, 'ਮੈਨੂੰ ਦੱਸਿਆ ਗਿਆ ਹੈ ਕਿ ਇਹ ਫ਼ੈਸਲਾ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਦਫ਼ਤਰ ਦੁਆਰਾ ਕੈਬਨਿਟ ਨਾਲ ਸਲਾਹ ਕੀਤੇ ਬਿਨਾਂ ਲਿਆ ਗਿਆ ਹੈ। ਇਹ ਤੁਹਾਨੂੰ ਮੌਜੂਦਾ ਸਥਿਤੀ ਦੱਸਦਾ ਹੈ : ਇਕ ਬੰਦੇ ਦਾ ਦਿਖਾਵਾ... ਸਾਰਾ ਲਾਭ ਸਿਰਫ਼ ਦੋ ਜਾਂ ਤਿੰਨ ਅਰਬਪਤੀਆਂ ਲਈ ਹੈ... ਇਹ ਪੇਂਡੂ ਅਰਥ ਵਿਵਸਥਾ ਨੂੰ ਨੁਕਸਾਨ ਪਹੁੰਚਾਏਗਾ...।'

# ਨਸ਼ੀਲੇ ਪਦਾਰਥਾਂ ਵਿਰੁੱਧ ਪੰਜਾਬ ਫੈਸਲਾਕੁੰਨ ਜਿੱਤ ਵੱਲ : ਮਾਨ

## ਪਿਛਲੇ ਸਾਢੇ ਤਿੰਨ ਸਾਲਾਂ 'ਚ 85418 ਨਸ਼ਾ ਤਸਕਰ ਗ੍ਰਿਫ਼ਤਾਰ, ਸਾਲ 2025 'ਚ ਐੱਨ ਡੀ ਪੀ ਐੱਸ ਕੇਸਾਂ 'ਚ ਸਜ਼ਾ ਦੀ ਦਰ 88 ਫੀਸਦੀ ਰਹੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਅਤੇ ਸੰਗਠਿਤ ਅਪਰਾਧਾਂ ਦੇ ਨੈੱਟਵਰਕ ਵਿਰੁੱਧ ਫੈਸਲਾਕੁੰਨ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕਿਹਾ ਕਿ ਸੂਬਾ ਫੈਸਲਾਕੁੰਨ ਜਿੱਤ ਵੱਲ ਵਧ ਰਿਹਾ ਹੈ, ਕਿਉਂਕਿ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ 85418 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਗਿਆ ਹੈ, ਐੱਨ ਡੀ ਪੀ ਐੱਸ ਐਕਟ ਅਧੀਨ ਸਜ਼ਾ ਦਰ 88 ਫ਼ੀਸਦ ਰਹੀ ਹੈ ਅਤੇ 1 ਜਨਵਰੀ 2025 ਤੋਂ ਹੁਣ ਤੱਕ 916 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਪੁਲਸ ਵਿਭਾਗ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨਫੋਰਸਮੈਂਟ, ਸਖ਼ਤ ਜਾਂਚ ਅਤੇ ਜ਼ੀਰੋ ਸਿਆਸੀ ਦਖਲਅੰਦਾਜ਼ੀ ਦੇ ਜ਼ਮੀਨੀ ਪੱਧਰ 'ਤੇ ਨਤੀਜੇ ਸਾਹਮਣੇ ਆ ਰਹੇ ਹਨ, ਜੋ ਨਸ਼ਿਆਂ ਦੇ ਖਤਰੇ ਵਿਰੁੱਧ ਪੰਜਾਬ ਦੀ ਲੰਮੀ ਜੰਗ ਵਿੱਚ ਬਿਆਨਬਾਜ਼ੀ ਦੀ ਬਜਾਏ ਠੋਸ ਕਾਰਵਾਈ ਵੱਲ ਸਪੱਸ਼ਟ ਤਬਦੀਲੀ ਨੂੰ ਦਰਸਾਉਂਦੇ ਹਨ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਤੋਂ ਉਨ੍ਹਾ ਦੀ ਸਰਕਾਰ ਨੇ ਸੱਤਾ ਸੰਭਾਲੀ ਹੈ, ਨਸ਼ਾ ਤਸਕਰਾਂ ਵਿਰੁੱਧ 63053 ਮਾਮਲੇ ਦਰਜ ਕੀਤੇ ਗਏ ਹਨ। ਮਾਨ ਨੇ ਕਿਹਾ ਕਿ 2025 ਵਿੱਚ ਜਦੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਗਈ ਸੀ, ਉਦੋਂ ਤੋਂ ਪੁਲਸ ਨੇ 30144 ਐੱਫ ਆਈ ਆਰ ਦਰਜ ਕੀਤੀਆਂ ਹਨ ਅਤੇ 40302 ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਖ਼ਤਰੇ ਵਿਰੁੱਧ ਆਪਣੀ ਕਿਸਮ ਦੀ ਇਹ ਨਿਵੇਕਲੀ ਮੁਹਿੰਮ ਪਹਿਲੀ ਮਾਰਚ, 2025 ਨੂੰ ਸ਼ੁਰੂ ਕੀਤੀ ਗਈ ਸੀ, ਜੋ ਨਸ਼ਿਆਂ ਨੂੰ ਰੋਕਣ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦਾ ਮੁਕਾਬਲਾ ਕਰਨ ਲਈ ਤਿੰਨ ਸਿਧਾਂਤਾਂ-ਇਨਫੋਰਸਮੈਂਟ, ਨਸ਼ਾ ਮੁਕਤੀ ਅਤੇ ਰੋਕਥਾਮ 'ਤੇ ਅਧਾਰਤ ਬਹੁ-ਪੱਖੀ ਰਣਨੀਤੀ ਤਿਆਰ ਕੀਤੀ ਗਈ ਸੀ, ਜਿਸ ਦੇ ਨਤੀਜੇ ਬਹੁਤ ਹੀ ਵਧੀਆ ਰਹੇ ਹਨ। ਇਸ ਮੁਹਿੰਮ ਤਹਿਤ ਨਸ਼ਾ ਸਪਲਾਈ ਕਰਨ ਵਾਲਿਆਂ ਵਿਰੁੱਧ ਵੱਡੀ ਕਾਰਵਾਈ ਸ਼ੁਰੂ ਕੀਤੀ ਗਈ ਹੈ ਅਤੇ ਤਸਕਰੀ ਨੈੱਟਵਰਕ ਨੂੰ ਤਬਾਹ ਕਰ ਦਿੱਤਾ ਗਿਆ ਹੈ। ਪਿਛਲੇ ਸਾਢੇ ਤਿੰਨ ਸਾਲਾਂ ਵਿੱਚ 5119.94 ਕਿਲੋ ਹੈਰੋਇਨ, 3458.53 ਕਿਲੋ ਅਫੀਮ, 5.82 ਕਿਲੋ ਕੋਕੀਨ, 82.04 ਕਿਲੋ ਆਈਸ ਅਤੇ 4.98 ਕਰੋੜ ਕੈਪਸੂਲਾਂ ਦੇ ਨਾਲ-ਨਾਲ 52.46 ਕਰੋੜ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ 2022 ਤੋਂ ਨਸ਼ਿਆਂ ਵਿਰੁੱਧ ਲੜਾਈ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ, ਜਿਸ ਤਹਿਤ ਵਿਆਪਕ, ਨਿਰੰਤਰ ਅਤੇ ਨਤੀਜਾ-ਮੁਖੀ ਪਹੁੰਚ ਅਪਣਾਈ ਗਈ ਹੈ, ਜਿਸ ਵਿੱਚ ਇਨਫੋਰਸਮੈਂਟ, ਵਿੱਤੀ ਰੁਕਾਵਟ, ਤਕਨਾਲੋਜੀ ਆਧਾਰਤ ਪੁਲਿਸਿੰਗ, ਸਜ਼ਾ ਯਕੀਨੀ ਬਣਾਉਣ, ਜਨਤਕ ਭਾਗੀਦਾਰੀ ਅਤੇ ਮੁੜ-ਵਸੇਬਾ ਸ਼ਾਮਲ ਹਨ। ਉਨ੍ਹਾ ਕਿਹਾ ਕਿ ਪੰਜਾਬ ਪੁਲਸ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ ਐੱਨ ਟੀ ਐੱਫ) ਇਸ ਰਣਨੀਤੀ ਨੂੰ ਲਾਗੂ ਕਰਨ ਵਿੱਚ ਸਭ ਤੋਂ ਅੱਗੇ ਰਹੀ ਹੈ, ਜਿਸ ਦੇ ਨਤੀਜੇ ਵਜੋਂ ਸਾਰੇ ਮੁੱਖ ਸੂਚਕਾਂ 'ਤੇ ਮਾਪਣਯੋਗ ਅਤੇ ਸਾਰਥਕ ਪ੍ਰਭਾਵ ਪਿਆ ਹੈ। ਇਨਫੋਰਸਮੈਂਟ ਦੇ ਯਤਨ ਇੱਕਾ-ਦੁੱਕਾ ਜ਼ਬਤੀਆਂ ਤੋਂ ਵਪਾਰਕ ਮਾਤਰਾ ਦੇ ਮਾਮਲਿਆਂ ਵਾਲੇ ਅਪਰਾਧੀਆਂ, ਆਦਤਨ ਅਪਰਾਧੀਆਂ ਅਤੇ ਸੰਗਠਿਤ ਤਸਕਰੀ ਨੈੱਟਵਰਕਾਂ ਵਿਰੁੱਧ ਨਿਸ਼ਾਨਾਬੱਧ ਕਾਰਵਾਈ ਵੱਲ ਤਬਦੀਲ ਹੋ ਗਏ ਹਨ, ਜਿਸ ਨਾਲ ਉੱਚ ਪੱਧਰਾਂ 'ਤੇ ਨਸ਼ਾ ਸਪਲਾਈ ਨੂੰ ਤੋੜਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿੱਤੀ ਜਾਂਚ ਰਾਹੀਂ ਸਭ ਤੋਂ ਅਹਿਮ ਨਤੀਜੇ ਨਿਕਲੇ ਹਨ, ਕਿਉਂਕਿ ਗੈਰ-ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ 1,400 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। 2022 ਤੋਂ 2025 ਦੌਰਾਨ 2730 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਇਸ ਨਾਲ ਇੱਕ ਸਪੱਸ਼ਟ ਸੰਦੇਸ਼ ਗਿਆ ਹੈ ਕਿ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੇ ਅਪਰਾਧ ਤੋਂ ਕਮਾਈ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜਾਂਚ ਗੁਣਵੱਤਾ ਅਤੇ ਕਾਨੂੰਨੀ ਪੈਰਵੀ ਦੇ ਨਤੀਜੇ ਵਜੋਂ ਅਦਾਲਤਾਂ ਦੁਆਰਾ 25,000 ਤੋਂ ਵੱਧ ਐੱਨ ਡੀ ਪੀ ਐੱਸ ਕੇਸਾਂ ਦਾ ਫੈਸਲਾ ਕੀਤਾ ਗਿਆ, ਜਿਸ ਵਿੱਚ 21,600 ਤੋਂ ਵੱਧ ਸਜ਼ਾਵਾਂ ਹੋਈਆਂ। ਉਨ੍ਹਾ ਕਿਹਾ ਕਿ ਸਮੁੱਚੀ ਸਜ਼ਾ ਦਰ ਲਗਭਗ 84 ਫੀਸਦੀ ਹੈ, ਜੋ ਲਗਾਤਾਰ ਸੁਧਰ ਰਹੀ ਹੈ ਅਤੇ 2025 ਵਿੱਚ ਇਹ ਦਰ • ਬਾਕੀ ਸਫਾ 2 'ਤੇ

## ਐੱਸ ਐੱਸ ਪੀ ਵਿਜੀਲੈਂਸ ਲਖਬੀਰ ਸਿੰਘ ਮੁਅੱਤਲ



**ਅੰਮ੍ਰਿਤਸਰ** : ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਐੱਸ ਐੱਸ ਪੀ ਵਿਜੀਲੈਂਸ ਲਖਬੀਰ ਸਿੰਘ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਸ਼ਹਿਰ ਦੇ ਪੌਸ਼ ਇਲਾਕੇ ਰਣਜੀਤ ਐਵੇਨਿਊ ਵਿੱਚ ਵਿਕਾਸ ਕਾਰਜਾਂ ਨਾਲ ਸੰਬੰਧਤ ਟੈਂਡਰਾਂ ਵਿੱਚ ਕਥਿਤ ਬੇਨਿਯਮੀਆਂ ਤੇ ਕਰੋੜਾਂ ਰੁਪਏ ਦੀ ਹੇਰਾਫੇਰੀ ਦੇ ਮਾਮਲੇ ਵਿੱਚ ਕੀਤੀ ਗਈ ਹੈ। ਗੈਰ-ਸਰਕਾਰੀ ਰਿਪੋਰਟਾਂ ਅਨੁਸਾਰ ਇਹ ਸਖ਼ਤ ਕਦਮ ਇੱਕ ਆਈ ਏ ਐੱਸ ਅਧਿਕਾਰੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਚੁੱਕਿਆ ਗਿਆ ਹੈ। ਜਦੋਂ ਇਸ ਸਬੰਧੀ ਲਖਬੀਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਉਨ੍ਹਾ ਨੂੰ ਆਪਣੀ ਮੁਅੱਤਲੀ ਬਾਰੇ ਪਤਾ ਲੱਗਿਆ ਹੈ, ਪਰ ਉਹ ਇਸ ਫੈਸਲੇ ਦੇ ਪਿੱਛੇ ਦੇ ਅਸਲ ਕਾਰਨਾਂ ਤੋਂ ਅਣਜਾਣ ਹਨ।

## ਅੰਕਿਤਾ ਭੰਡਾਰੀ ਕਤਲ ਕੇਸ, ਭਾਜਪਾ ਆਗੂ ਭੜਕਿਆ



**ਦੇਹਰਾਦੂਨ** : ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਦੁਸ਼ਯੰਤ ਕੁਮਾਰ ਗੌਤਮ ਨੇ ਅੰਕਿਤਾ ਭੰਡਾਰੀ ਕਤਲ ਕੇਸ ਵਿੱਚ ਉਨ੍ਹਾ ਦਾ ਨਾਂਅ ਘੜੀਸਣ ਵਾਲਿਆਂ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰਨ ਦੀ ਚੇਤਾਵਨੀ ਦਿੱਤੀ ਹੈ। ਇਹ ਵਿਵਾਦ ਇੱਕ ਵਾਇਰਲ ਵੀਡੀਓ ਅਤੇ ਉਰਮਿਲਾ ਸਨਵਰ ਨਾਂਅ ਦੀ ਇੱਕ ਔਰਤ ਦੀ ਕਥਿਤ ਆਡੀਓ ਗੱਲਬਾਤ ਤੋਂ ਸ਼ੁਰੂ ਹੋਇਆ ਹੈ, ਜੋ ਹਰਿਦੁਆਰ ਦੇ ਜਵਾਲਾਪੁਰ ਤੋਂ ਸਾਬਕਾ ਵਿਧਾਇਕ ਸੁਰੇਸ਼ ਰਾਠੌਰ ਦੀ ਪਤਨੀ ਹੋਣ ਦਾ ਦਾਅਵਾ ਕਰਦੀ ਹੈ। ਵੀਡੀਓ ਵਿੱਚ ਸਨਵਰ ਨੇ ਦੋਸ਼ ਲਾਇਆ ਕਿ 'ਗੱਟੂ' ਨਾਂਅ ਦਾ ਇੱਕ ਵਿਅਕਤੀ ਅੰਕਿਤਾ ਭੰਡਾਰੀ ਦੇ ਕਤਲ ਵਿੱਚ ਸ਼ਾਮਲ ਸੀ, ਜੋ ਇੱਕ ਰਿਜ਼ੋਰਟ ਵਿੱਚ ਰਿਸੈਪਸ਼ਨਿਸਟ ਸੀ ਅਤੇ ਜਿਸ ਦਾ 2022 ਵਿੱਚ ਜਿਨਸੀ ਸੰਬੰਧ ਬਣਾਉਣ ਤੋਂ ਇਨਕਾਰ ਕਰਨ 'ਤੇ ਉਸ ਦੇ ਮਾਲਕ ਵੱਲੋਂ ਕਤਲ ਕਰ ਦਿੱਤਾ ਗਿਆ ਸੀ।

## 60 ਵਰ੍ਹਿਆਂ ਦਾ ਹੋਇਆ ਸਲਮਾਨ

**ਪਨਵੇਲ** : ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨੇ 27 ਦਸੰਬਰ ਨੂੰ ਆਪਣੇ ਪਨਵੇਲ ਫਾਰਮ ਹਾਊਸ 'ਤੇ ਕਰੀਬੀ ਦੋਸਤਾਂ ਅਤੇ ਪਰਵਾਰਕ ਮੈਂਬਰਾਂ ਨਾਲ ਬੜੀ ਧੂਮ-ਧਾਮ ਨਾਲ ਆਪਣਾ 60 ਵਾਂ ਜਨਮ ਦਿਨ ਮਨਾਇਆ। ਉਨ੍ਹਾ ਫਾਰਮ ਹਾਊਸ ਦੇ ਬਾਹਰ ਇਕੱਠੇ ਹੋਏ ਪੱਤਰਕਾਰਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨਾਲ ਜਨਮ ਦਿਨ ਦਾ ਕੇਕ ਕੱਟਿਆ।

# ਭਾਰਤੀ ਕਮਿਊਨਿਸਟ ਪਾਰਟੀ ਦਾ ਮਾਣਮੱਤਾ ਇਤਿਹਾਸ : ਅਰਸ਼ੀ

## ਸਾਹਿਬਜ਼ਾਦਿਆਂ ਦੀ ਸ਼ਹਾਦਤ ਜਬਰ ਖਿਲਾਫ ਲੜਨ ਵਾਲਿਆਂ ਲਈ ਚਾਨਣ-ਮੁਨਾਰਾ : ਨਿਜ਼ਾਮਪੁਰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ (ਦਿਹਾਤੀ) ਦੀ ਜ਼ਿਲ੍ਹਾ ਕੌਂਸਲ ਦੀ ਹੋਈ ਮੀਟਿੰਗ ਵਿੱਚ ਪਾਰਟੀ ਦੇ ਸਥਾਪਨਾ ਦਿਵਸ ਦੀ 100 ਵੀਂ ਵਰ੍ਹੇਗੰਢ ਝੰਡਾ ਲਹਿਰਾ ਕੇ ਪੂਰੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਈ ਗਈ।



ਝੰਡਾ ਲਹਿਰਾਉਣ ਦੀ ਰਸਮ ਬਜ਼ੁਰਗ ਕਮਿਊਨਿਸਟ ਆਗੂ ਅਨੂਪ ਸਿੰਘ ਪੰਡੋਰੀ ਨੇ ਨਿਭਾਈ। ਮੀਟਿੰਗ ਸੁਖਦੇਵ ਸਿੰਘ ਜਗਦੇਵ ਕਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਇੰਚਾਰਜ ਹਰਦੇਵ ਸਿੰਘ ਅਰਸ਼ੀ ਸਾਬਕਾ ਐੱਮ ਐੱਲ ਏ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਦਾ ਪਿਛਲੇ ਸੌ ਸਾਲਾਂ ਦਾ ਇਤਿਹਾਸ ਬੜਾ ਸ਼ਾਨਦਾਰ ਰਿਹਾ ਹੈ। ਇਸ ਸਮੇਂ ਦੀਆਂ ਪ੍ਰਾਪਤੀਆਂ, ਲੜੇ ਗਏ ਸੰਘਰਸ਼ਾਂ ਬਾਰੇ ਉਹਨਾ ਬੜੇ ਵਿਸਥਾਰਪੂਰਵਕ ਚਾਨਣਾ ਪਾਇਆ। ਅਜ਼ਾਦੀ ਦੀ ਲੜਾਈ ਅਤੇ ਉਸ ਤੋਂ ਬਾਅਦ ਦੇਸ਼ ਅੰਦਰ ਚੱਲੀਆਂ ਲਹਿਰਾਂ ਅੰਦਰ ਕਮਿਊਨਿਸਟਾਂ ਦੇ ਸ਼ਾਨਦਾਰ ਰੋਲ ਬਾਰੇ ਦੱਸਿਆ। ਪਾਰਟੀ ਦੇ ਆਪਣੇ ਮੂਲ ਨਿਸ਼ਾਨੇ ਸਮਾਜਵਾਦੀ ਰਾਜ ਪ੍ਰਬੰਧ ਦੀ ਸਥਾਪਨਾ ਬਾਰੇ ਬੋਲਦਿਆਂ ਉਨ੍ਹਾ ਕਿਹਾ ਕਿ ਅੱਜ ਪਹਿਲਾਂ ਨਾਲੋਂ ਵੀ ਵੱਧ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਸੰਘਰਸ਼ ਦੀ ਲੋੜ ਹੈ, ਕਿਉਂਕਿ ਅੱਜ ਦੇਸ਼ ਅੰਦਰ • ਬਾਕੀ ਸਫਾ 2 'ਤੇ

## ਟੋਰਾਂਟੋ ਹਵਾਈ ਅੱਡੇ 'ਤੇ ਸੈਂਕੜੇ ਉਡਾਣਾਂ ਪ੍ਰਭਾਵਤ

**ਵੈਨਕੂਵਰ** : ਟੋਰਾਂਟੋ ਖੇਤਰ 'ਚ ਸ਼ੁੱਕਰਵਾਰ ਤੋਂ ਹੋ ਰਹੀ ਭਾਰੀ ਬਰਫ਼ਬਾਰੀ ਕਾਰਨ ਹਵਾਈ ਅੱਡੇ ਦੀਆਂ ਸੈਂਕੜੇ ਉਡਾਣਾਂ ਪ੍ਰਭਾਵਤ ਹੋਈਆਂ। ਹਵਾਈ ਅੱਡੇ ਦੀ ਉਡਾਣ ਸੂਚੀ ਅਨੁਸਾਰ 70 ਫੀਸਦੀ ਤੋਂ ਵੱਧ ਉਡਾਣਾਂ ਦੀ ਲੈਂਡਿੰਗ ਦੇਰੀ ਨਾਲ ਹੋਈ ਅਤੇ ਉਡਾਣ ਭਰਨ ਲਈ ਇੱਕ ਤੋਂ ਢਾਈ ਘੰਟੇ ਦੇਰ ਨਾਲ ਸਿਗਨਲ ਦਿੱਤੇ ਗਏ। ਏ ਟੀ ਸੀ ਸੂਤਰਾਂ ਅਨੁਸਾਰ ਜਹਾਜ਼ ਨੂੰ ਤਿਲਕਣ ਦੇ ਖਤਰੇ ਤੋਂ ਬਚਾਉਣ ਲਈ ਸਖ਼ਤ ਸੁਰੱਖਿਆ ਨਿਯਮਾਂ ਦਾ ਪਾਲਣ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਤਿੰਨੇ ਹਵਾਈ ਪੱਟੀਆਂ ਦੀ ਸਫਾਈ ਵਾਲਾ ਅਮਲਾ ਲਗਾਤਾਰ ਕੰਮ ਕਰ ਰਿਹਾ ਹੈ, ਫਿਰ ਵੀ ਕੁਝ ਉਡਾਣਾਂ ਨੂੰ ਤੁਰੰਤ ਉਡਾਣ ਭਰਨ ਜਾਂ ਉਤਰਨ ਲਈ ਤੁਰੰਤ ਆਗਿਆ ਦੇਣੀ ਸੁਰੱਖਿਅਤ ਨਹੀਂ ਸੀ। ਏਅਰ ਇੰਡੀਆ ਦੇ ਦਿੱਲੀ ਲਈ ਜਹਾਜ਼, ਜਿਸ ਨੇ ਦੁਪਹਿਰ 1:05 ਵਜੇ ਉਡਾਣ ਭਰਨੀ ਸੀ, ਢਾਈ ਘੰਟੇ ਦੇਰੀ ਨਾਲ ਚੱਲਿਆ। ਇਸੇ ਤਰ੍ਹਾਂ ਲੰਮੀ ਦੂਰੀ ਦੀਆਂ ਕਈ ਹੋਰ ਉਡਾਣਾਂ ਵੀ ਦੇਰੀ ਨਾਲ ਉਡੀਆਂ।

# ਡਾਕਟਰਾਂ ਦੀ ਹੜਤਾਲ ਕਾਰਨ ਸਿਹਤ ਸੇਵਾਵਾਂ ਪ੍ਰਭਾਵਤ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਕਈ ਹਸਪਤਾਲਾਂ ਵਿੱਚ ਸਨਿੱਚਰਵਾਰ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਡਾਕਟਰੀ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਤ ਹੋਈਆਂ।

ਇਹ ਹੜਤਾਲ ਰੈਜ਼ੀਡੈਂਟ ਡਾਕਟਰਾਂ ਵੱਲੋਂ ਇੱਕ ਮਰੀਜ਼ ਨਾਲ ਹੱਥੋਪਾਈ ਕਰਨ ਵਾਲੇ ਡਾਕਟਰ ਦੀਆਂ ਸੇਵਾਵਾਂ ਖਤਮ ਕਰਨ ਦੇ ਵਿਰੋਧ ਵਿੱਚ ਅਣਮਿੱਥੇ ਸਮੇਂ ਲਈ ਸ਼ੁਰੂ ਕੀਤੀ ਗਈ ਹੈ। ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਡਾਕਟਰਾਂ ਦੀ ਗੈਰ-ਮੌਜੂਦਗੀ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਦਰਾ ਗਾਂਧੀ ਮੈਡੀਕਲ ਕਾਲਜ ਅਤੇ ਹੋਰ ਸਰਕਾਰੀ ਹਸਪਤਾਲਾਂ ਦੇ ਰੈਜ਼ੀਡੈਂਟ ਡਾਕਟਰਾਂ ਨੇ ਸਨਿੱਚਰਵਾਰ ਤੋਂ ਰੁਟੀਨ ਸੇਵਾਵਾਂ, ਓਪਰੇਸ਼ਨ ਥੀਏਟਰ ਅਤੇ ਓ ਪੀ ਡੀ



ਬੰਦ ਰੱਖਣ ਦਾ ਐਲਾਨ ਕੀਤਾ ਹੈ, ਜਦ ਕਿ ਸਿਰਫ ਐਮਰਜੈਂਸੀ ਸੇਵਾਵਾਂ ਚਾਲੂ ਰਹਿਣਗੀਆਂ। ਦੱਸਣਯੋਗ ਹੈ ਕਿ ਹਿਮਾਚਲ ਪ੍ਰਦੇਸ਼ ਸਰਕਾਰ ਨੇ ਬੁੱਧਵਾਰ ਡਾਕਟਰ ਰਾਘਵ ਨਰੂਲਾ ਦੀਆਂ ਸੇਵਾਵਾਂ ਇਸ ਲਈ ਖਤਮ ਕਰ ਦਿੱਤੀਆਂ ਸਨ, ਕਿਉਂਕਿ ਉਹ ਸੋਮਵਾਰ ਨੂੰ ਇੱਕ ਮਰੀਜ਼ ਅਰਜੁਨ ਸਿੰਘ ਨਾਲ ਗੁੱਥਮ-ਗੁੱਥਾ ਹੋ ਗਏ ਸਨ। ਦੂਜੇ ਪਾਸੇ ਡਾਕਟਰ ਨਰੂਲਾ ਦਾ ਕਹਿਣਾ ਹੈ ਕਿ ਮਰੀਜ਼ ਨੇ ਉਸ ਦੇ ਪਰਵਾਰ ਖਿਲਾਫ ਭੱਦੀ ਸ਼ਬਦਾਵਲੀ ਵਰਤ ਕੇ ਉਸ ਨੂੰ ਉਕਸਾਇਆ ਸੀ। ਜਾਂਚ ਕਮੇਟੀ ਨੇ ਦੋਵਾਂ ਧਿਰਾਂ ਨੂੰ ਕਸੂਰਵਾਰ ਪਾਇਆ ਹੈ।

## ਉੱਤਰਾਖੰਡ 'ਚ 19 ਬੰਗਲਾਦੇਸ਼ੀਆਂ ਸਮੇਤ 511 ਗ੍ਰਿਫ਼ਤਾਰ

**ਦੇਹਰਾਦੂਨ** : ਸੂਬੇ ਵਿੱਚ ਜਾਰੀ 'ਅਪਰੇਸ਼ਨ ਕਾਲਨੇਮੀ' ਤਹਿਤ ਹੁਣ ਤੱਕ ਤਿੰਨ ਜ਼ਿਲ੍ਹਿਆਂ ਵਿੱਚ 19 ਬੰਗਲਾਦੇਸ਼ੀਆਂ ਸਮੇਤ ਕੁੱਲ 511 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਪਰੇਸ਼ਨ ਕਾਲਨੇਮੀ ਜੁਲਾਈ 2025 ਵਿੱਚ ਉਤਰਾਖੰਡ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇੱਕ ਰਾਜ ਵਿਆਪੀ ਮੁਹਿੰਮ ਹੈ, ਜਿਸ ਦਾ ਉਦੇਸ਼ ਧਰਮ ਅਤੇ ਆਸਥਾ ਦੀ ਆੜ ਵਿੱਚ ਪਖੰਡ ਅਤੇ ਧੋਖਾਧੜੀ ਵਰਗੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਕਰਨਾ, ਉਨ੍ਹਾਂ 'ਤੇ ਸ਼ਿਕੰਜਾ ਕੱਸਣਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਹੈ। ਇੱਕ ਸਰਕਾਰੀ ਬਿਆਨ ਅਨੁਸਾਰ ਇਸ ਮੁਹਿੰਮ ਤਹਿਤ ਹਰਿਦੁਆਰ, ਦੇਹਰਾਦੂਨ ਅਤੇ ਊਧਮ ਸਿੰਘ ਨਗਰ ਜ਼ਿਲ੍ਹਿਆਂ ਵਿੱਚ 4,800 ਤੋਂ ਵੱਧ ਲੋਕਾਂ ਦੀ ਤਸਦੀਕ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 511 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚ ਰਾਜ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 19 ਬੰਗਲਾਦੇਸ਼ੀ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 10 ਨੂੰ ਗੁਆਂਢੀ ਦੇਸ਼ ਵਾਪਸ ਭੇਜ ਦਿੱਤਾ ਗਿਆ ਹੈ, ਜਦੋਂ ਕਿ ਬਾਕੀ ਨੌਂ ਵਿਰੁੱਧ ਕਾਰਵਾਈ ਚੱਲ ਰਹੀ ਹੈ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਤਰਸਿੱਕਾ** ਅੰਮ੍ਰਿਤਸਰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਸਾਡੇ ਪੱਤਰਕਾਰ **ਤਰਸੇਮ ਸਿੰਘ ਸਾਧਪੁਰ** ਨਾਲ ਤਰਸੇਮ ਫੋਟੋ ਸਟੂਡੀਓ ਖੁਜਾਲਾ ਜਾਂ ਮੋਬਾਇਲ ਨੰਬਰ 99882-03163 'ਤੇ ਸੰਪਰਕ ਕੀਤਾ ਜਾ ਸਕਦਾ ਹੈ। -ਜਨਰਲ ਮੈਨੇਜਰ

# ਸ਼ਰਾਬ ਤੇ ਮੀਟ ਦੀਆਂ ਦੁਕਾਨਾਂ ਹਟਾਉਣ ਦੀ ਕਾਰਵਾਈ ਸ਼ੁਰੂ

**ਅੰਮ੍ਰਿਤਸਰ** : ਅੰਮ੍ਰਿਤਸਰ ਦੇ ਪੁਰਾਣੇ ਚਾਰਦੀਵਾਰੀ ਵਾਲੇ ਸ਼ਹਿਰ ਵਿੱਚੋਂ ਸ਼ਰਾਬ, ਮੀਟ, ਅੰਡੇ, ਤੰਬਾਕੂ ਅਤੇ ਹੋਰ ਮਾਸਾਹਾਰੀ ਵਸਤਾਂ ਵੇਚਣ ਵਾਲੇ ਅਸਥਾਈ ਖੋਖਿਆਂ ਅਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ ਹੈ। ਅੰਮ੍ਰਿਤਸਰ ਨੂੰ ਹਾਲ ਹੀ ਵਿੱਚ ਪਵਿੱਤਰ ਸ਼ਹਿਰ ਐਲਾਨਿਆ ਗਿਆ ਹੈ। ਅੰਮ੍ਰਿਤਸਰ ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਸਤ੍ਰਿਤ ਸਰਵੇਖਣ ਦੌਰਾਨ ਚਾਰਦੀਵਾਰੀ ਵਾਲੇ ਸ਼ਹਿਰ ਅੰਦਰ ਚੱਲ ਰਹੀਆਂ ਲਗਭਗ 150 ਅਸਥਾਈ ਦੁਕਾਨਾਂ ਅਤੇ ਸਟਾਲਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚ ਮੀਟ ਦੀਆਂ ਦੁਕਾਨਾਂ, ਪਾਨ-ਬੀੜੀ ਦੇ ਖੋਖੇ ਅਤੇ ਉਬਲੇ ਹੋਏ ਅੰਡੇ ਵੇਚਣ ਵਾਲੀਆਂ ਰੇਹੜੀਆਂ ਸ਼ਾਮਲ ਹਨ, ਜੋ ਖਾਸ



ਕਰਕੇ ਸ਼ਾਸਤਰੀ ਮਾਰਕੀਟ ਨੇੜੇ ਪੁਰਾਣੇ ਟੈਲੀਫੋਨ ਐਕਸਚੇਂਜ ਅਤੇ ਕਟੜਾ ਜੈਮਲ ਸਿੰਘ ਵਰਗੇ ਖੇਤਰਾਂ ਵਿੱਚ ਸਥਿਤ ਹਨ। ਅਧਿਕਾਰੀਆਂ ਨੇ ਦੱਸਿਆ ਕਿ ਹਾਥੀ ਗੇਟ, ਲੋਹਗੜ੍ਹ ਗੇਟ, ਹਕੀਮਾਂ ਗੇਟ, ਭਗਤਾਂਵਾਲਾ ਗੇਟ, ਗੁਰੂਵਾਲੀ ਗੇਟ, ਗੁਰੂ ਬਾਜ਼ਾਰ, ਲਾਹੌਰੀ ਗੇਟ, ਨਮਕ ਮੰਡੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵੀ ਮਾਸਾਹਾਰੀ ਭੋਜਨ ਅਤੇ ਤੰਬਾਕੂ ਉਤਪਾਦ ਵੇਚਣ ਵਾਲੇ ਵਿਕਰੇਤਾ ਮਿਲੇ ਹਨ।

ਅੰਮ੍ਰਿਤਸਰ ਹੋਟਲ ਅਤੇ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਕਿਹਾ ਕਿ ਆਬਕਾਰੀ ਵਿਭਾਗ ਨੇ ਚਾਰਦੀਵਾਰੀ ਦੇ ਅੰਦਰ ਸ਼ਰਾਬ ਦੇ ਠੇਕਿਆਂ ਦੇ ਲਾਇਸੈਂਸ ਜਾਰੀ ਨਹੀਂ ਕੀਤੇ ਹਨ, ਫਿਰ ਵੀ ਕੁਝ ਗੈਰ-ਕਾਨੂੰਨੀ ਸ਼ਰਾਬ ਦੀ ਵਿਕਰੀ ਹੋ ਰਹੀ ਸੀ।

ਉਨ੍ਹਾ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸਥਿਤ ਲਗਭਗ 650 ਹੋਟਲਾਂ ਅਤੇ ਗੈਸਟ ਹਾਊਸਾਂ 'ਤੇ ਕੋਈ ਅਸਰ ਨਹੀਂ ਪਵੇਗਾ, ਕਿਉਂਕਿ ਉਹ ਪਹਿਲਾਂ ਹੀ ਸ਼ਰਧਾਲੂਆਂ ਨੂੰ ਸ਼ਰਾਬ ਜਾਂ ਮਾਸਾਹਾਰੀ ਭੋਜਨ ਨਹੀਂ ਪਰੋਸਦੇ।

# 200 ਕਰੋੜ ਠੱਗੀ ਮਾਮਲੇ 'ਚ 217 ਕਰੋੜ ਦੀ ਪੇਸ਼ਕਸ਼

**ਨਵੀਂ ਦਿੱਲੀ** : ਜੇਲ੍ਹ ਵਿੱਚ ਬੰਦ ਮੁਲਜ਼ਮ ਸੁਕੇਸ਼ ਚੰਦਰਸ਼ੇਖਰ ਨੇ ਪਟਿਆਲਾ ਹਾਊਸ ਕੋਰਟ ਦੇ ਵਧੀਕ ਸੈਸ਼ਨ ਜੱਜ ਪ੍ਰਸ਼ਾਂਤ ਸ਼ਰਮਾ ਦੀ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕਰਕੇ 200 ਕਰੋੜ ਰੁਪਏ ਦੇ ਠੱਗੀ ਮਾਮਲੇ ਵਿੱਚ ਸ਼ਿਕਾਇਤਕਰਤਾ ਅਦਿਤੀ ਸਿੰਘ ਨੂੰ 217 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਹੈ। ਸੁਕੇਸ਼ ਦੇ ਵਕੀਲ ਅਨੰਤ ਮਲਿਕ ਰਾਹੀਂ ਦਾਇਰ ਇਸ ਅਰਜ਼ੀ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਪੇਸ਼ਕਸ਼ ਸੁਕੇਸ਼ ਦੇ ਅਧਿਕਾਰਾਂ ਨਾਲ ਸਮਝੌਤਾ ਕੀਤੇ ਬਿਨਾਂ ਕੀਤੀ ਗਈ ਹੈ ਅਤੇ ਇਸ ਦਾ ਮਤਲਬ ਗੁਨਾਹ ਕਬੂਲ ਕਰਨਾ ਨਹੀਂ। ਅਦਾਲਤ ਵੱਲੋਂ ਇਸ ਮਾਮਲੇ 'ਤੇ 3 ਜਨਵਰੀ 2026 ਨੂੰ ਵਿਚਾਰ ਕੀਤੇ ਜਾਣ ਦੀ ਉਮੀਦ ਹੈ। ਚੰਦਰਸ਼ੇਖਰ, ਜੋ ਇਸ ਵੇਲੇ ਨਿਆਂਇਕ ਹਿਰਾਸਤ ਵਿੱਚ



ਹੈ, ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਸ਼ਿਕਾਇਤਕਰਤਾ ਨੂੰ ਨੋਟਿਸ ਜਾਰੀ ਕੀਤਾ ਜਾਵੇ, ਤਾਂ ਜੋ ਸਮਝੌਤੇ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾ ਸਕੇ।

ਜ਼ਿਕਰਯੋਗ ਹੈ ਕਿ ਦਿੱਲੀ ਪੁਲਸ ਨੇ ਸੁਕੇਸ਼ 'ਤੇ ਰੈਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਸ਼ਵਿੰਦਰ ਸਿੰਘ ਅਤੇ ਮਾਲਵਿੰਦਰ ਸਿੰਘ ਦੀਆਂ ਪਤਨੀਆਂ ਨਾਲ 200 ਕਰੋੜ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਸੀ। ਦਿੱਲੀ ਪੁਲਸ ਅਨੁਸਾਰ ਸੁਕੇਸ਼ ਅਤੇ ਉਸ ਦੇ ਸਾਥੀਆਂ ਨੇ ਅਪਰਾਧ ਦੀ ਕਮਾਈ ਨੂੰ ਲੁਕਾਉਣ ਲਈ ਹਵਾਲਾ ਚੈਨਲਾਂ ਅਤੇ ਸ਼ੈੱਲ ਕੰਪਨੀਆਂ ਦੇ ਨੈੱਟਵਰਕ ਦੀ ਵਰਤੋਂ ਕੀਤੀ ਸੀ।

## ਅੱਜ-ਨਾਮਾ

ਹਰ ਇੱਕ ਰਾਜ ਸਰਕਾਰ ਆ ਕਹੀ ਜਾਂਦੀ,
ਦੇਣਾ ਚੱਲਣ ਨਹੀਂ ਨਸ਼ੇ ਦਾ ਵਹਿਣ ਬੇਲੀ।
ਵੇਚਦਾ ਦਿੱਸਿਆ ਕੋਈ ਇਸ ਰਾਜ ਅੰਦਰ,
ਕਰਿਆ ਜਾਵਣਾ ਕਦੇ ਨਹੀਂ ਸਹਿਣ ਬੇਲੀ।
ਨਾਲੇ ਕਹਿੰਦੀ ਸਰਕਾਰ ਇਹ ਸਾਫ ਸਿੱਧਾ,
ਦੇਣਾ ਤਸਕਰ ਨਾ ਖੁੱਲ੍ਹਾ ਈ ਰਹਿਣ ਬੇਲੀ।
ਦਾਅਵਾ ਏਦਾਂ ਦਾ ਜਿੱਦਾਂ ਉਹ ਆਖਦੇ ਈ,
ਦੇਣੀ ਨਾ ਨੱਕ ਉੱਪਰ ਮੱਖੀ ਬਹਿਣ ਬੇਲੀ।
ਅਮਲਾਂ ਵਿੱਚ ਨਾ ਕਿਤੇ ਵੀ ਟਿਕੇ ਦਾਅਵਾ,
ਸੁਣਦੇ ਈ ਲੋਕ ਤੇ ਪੈਂਦੇ ਫਿਰ ਹੱਸ ਬੇਲੀ।
ਲੋਕ ਕਹਿੰਦੇ ਈ ਕਰਦਾ ਨਹੀਂ ਕੱਖ ਕੋਈ,
ਜਾਂ ਫਿਰ ਕੁਝ ਨਹੀਂ ਇਨ੍ਹਾਂ ਦੇ ਵੱਸ ਬੇਲੀ।

-ਤੀਸ ਮਾਰ ਖਾਂ

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਬ-ਕਮੇਟੀਆਂ ਦਾ ਗਠਨ

**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਵਿਸ਼ੇਸ਼ ਮੀਟਿੰਗ 'ਚ ਬੋਰਡ ਆਫ਼ ਟਰੱਸਟ ਦਾ ਪੁਨਰਗਠਨ ਕੀਤਾ ਗਿਆ ਅਤੇ ਵੱਖ-ਵੱਖ ਮਹੱਤਵਪੂਰਨ ਕਾਰਜਾਂ ਦੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਅਦਾ ਕਰਨ ਲਈ ਸਬ-ਕਮੇਟੀਆਂ ਦਾ ਗਠਨ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਅਤੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜਨਰਲ ਬਾਡੀ ਮੀਟਿੰਗ 'ਚ ਸਰਬ-ਸੰਮਤੀ ਨਾਲ ਕੀਤੇ ਫੈਸਲਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਆਡਿਟ ਅਤੇ ਦੇਖ-ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਨੂੰ ਬਣਾਇਆ ਗਿਆ। ਜ਼ਿਕਰਯੋਗ ਹੈ ਕਿ ਇਹਨਾਂ ਕਨਵੀਨਰਾਂ ਦੀ ਅਗਵਾਈ 'ਚ ਬਣੀਆਂ ਵੱਖ-ਵੱਖ ਕਮੇਟੀਆਂ ਨਿਕਟ ਭਵਿੱਖ ਵਿੱਚ ਆਪਣੀਆਂ ਮੀਟਿੰਗਾਂ ਕਰਕੇ



ਆਪੋ-ਆਪਣੇ ਖੇਤਰ ਦੇ ਕਾਰਜਾਂ ਦੀ ਵਿਉਂਤਬੰਦੀ ਕਰਨ ਅਤੇ ਕਮੇਟੀਆਂ ਦੀ ਕਾਰਜਕੁਸ਼ਲਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਤਜਵੀਜ਼ਤ ਖ਼ਾਕਾ ਤਿਆਰ ਕਰਨਗੀਆਂ, ਤਾਂ ਜੋ ਦੇਸ਼ ਭਗਤ ਯਾਦਗਾਰ ਕਮੇਟੀ ਦੀ ਨਿਰਧਾਰਤ ਆਧਾਰਸ਼ਿਲਾ ਅਤੇ ਪ੍ਰਵਾਨਤ ਸੇਧ ਵਿੱਚ ਦੇਸ਼ ਭਗਤ ਯਾਦਗਾਰ ਹਾਲ ਅੰਦਰ ਸਰਗਰਮੀਆਂ ਅਤੇ ਢੁਕਵੇਂ ਪ੍ਰੋਜੈਕਟਾਂ ਨੂੰ ਹੱਥ ਲਿਆ ਜਾ ਸਕੇ। ਇਹਨਾਂ ਕਮੇਟੀਆਂ ਵੱਲੋਂ ਸਾਂਝੇ ਤੌਰ 'ਤੇ ਨਵੇਂ ਵਰ੍ਹੇ ਦੀ ਆਮਦ ਮੌਕੇ ਹਰ ਸਾਲ ਦੀ ਤਰ੍ਹਾਂ ਇਹਨਾਂ ਕਮੇਟੀਆਂ ਦੇ ਸਹਿਯੋਗੀ ਘੇਰੇ ਨਾਲ ਨਿੱਘੀ ਮਿਲਣੀ ਕਰਕੇ ਉਹਨਾਂ ਤੋਂ ਸਰਗਰਮੀਆਂ ਦੀ ਭਵਿੱਖ 'ਚ ਸਫ਼ਲਤਾ ਲਈ ਸਹਿਯੋਗ ਮੰਗਿਆ ਜਾਏਗਾ। ਇਹ ਫੈਸਲਾ ਵੀ ਕੀਤਾ ਗਿਆ ਕਿ ਫਰਵਰੀ ਮਹੀਨੇ ਇੱਕ ਵਿਸ਼ੇਸ਼ ਸਮਾਗਮ ਕਰਕੇ ਅਗਲੇ ਵਰ੍ਹੇ ਦੀਆਂ ਵਿਸ਼ੇਸ਼ ਸਰਗਰਮੀਆਂ ਬਾਰੇ ਵਿਚਾਰ-ਚਰਚਾ ਕੀਤੀ ਜਾਏਗੀ। ਮੀਟਿੰਗ ਦਾ ਆਗਾਜ਼ ਸੂਫ਼ੀ ਗਾਇਕ ਅਤੇ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਸਨਮਾਨਤ ਗਾਇਕ ਪੂਰਨ ਸ਼ਾਹਕੋਟੀ, ਇਨਕਲਾਬੀ ਜਮਹੂਰੀ ਲਹਿਰ ਦੇ ਪ੍ਰਗਣ ਸਿੰਘ ਤੋਤਾ ਰਾਏਪੁਰ ਡੱਬਾ, ਡਾ. ਲਾਭ ਸਿੰਘ ਰਾਜਾ ਸਾਹਿਬ ਦਾ ਮਜ਼ਾਰਾ ਅਤੇ ਕੈਨੇਡਾ ਵਸਦੇ ਭੁਪਿੰਦਰ ਮੱਲ੍ਹੀ ਦੇ ਭਰਾ ਚੰਦਨ ਸਿੰਘ ਦੇ ਵਿਛੋੜੇ 'ਤੇ ਉਹਨਾਂ ਨੂੰ ਸਿਜਦਾ ਕਰਨ ਨਾਲ ਹੋਇਆ।

# ਜਹਾਜ਼ਾਂ ਨੂੰ ਅੰਮ੍ਰਿਤਸਰ 'ਚ ਨਹੀਂ ਮਿਲੀ ਲੈਂਡਿੰਗ ਦੀ ਇਜਾਜ਼ਤ

**ਅੰਮ੍ਰਿਤਸਰ** : ਸੰਘਣੀ ਧੁੰਦ ਤੇ ਘੱਟ ਵੇਖਣ ਦ੍ਰਿਸ਼ਟੀ ਨੇ ਅੰਮ੍ਰਿਤਸਰ ਅੰਤਰਰਾਸ਼ਟਰੀ ਏਅਰਪੋਰਟ 'ਤੇ ਉਡਾਣ ਸੰਚਾਲਨ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ। ਮੌਸਮ ਦੇ ਮਾੜੇ ਹਾਲਾਤ ਕਾਰਨ ਕਈ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਰੱਦ, ਡਾਇਵਰਟ ਜਾਂ ਦੇਰੀ ਨਾਲ ਚੱਲੀਆਂ। ਰਿਪੋਰਟਾਂ ਮੁਤਾਬਕ ਅੰਮ੍ਰਿਤਸਰ ਹਵਾਈ ਅੱਡੇ 'ਤੇ ਚਾਰ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਸਥਿਤੀ ਉਦੋਂ ਹੋਰ ਵੀ ਵਿਗੜ ਗਈ, ਜਦੋਂ ਦਿੱਲੀ ਤੋਂ ਅੰਮ੍ਰਿਤਸਰ ਜਾਣ ਵਾਲੀ ਇੱਕ ਉਡਾਣ ਲੰਮੇ ਸਮੇਂ ਤੱਕ ਹਵਾਈ ਅੱਡੇ ਦੇ ਉੱਪਰ ਚੱਕਰ ਲਗਾਉਂਦੀ ਰਹੀ, ਪਰ ਉਸ ਨੂੰ ਲੈਂਡਿੰਗ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਿਸ ਕਾਰਨ ਉਸ ਨੂੰ ਦਿੱਲੀ ਵਾਪਸ ਪਰਤਣਾ ਪਿਆ। ਮੁੰਬਈ ਤੋਂ ਅੰਮ੍ਰਿਤਸਰ ਆਉਣ ਵਾਲੀ ਏਅਰ ਇੰਡੀਆ ਦੀ ਇੱਕ ਉਡਾਣ ਨੂੰ ਏਅਰ ਟਰੈਫਿਕ ਕੰਟਰੋਲ ਨੇ ਲੈਂਡਿੰਗ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਡਾਣ ਨੂੰ ਜੈਪੁਰ ਮੋੜ ਦਿੱਤਾ ਗਿਆ। ਦੁਬਈ ਤੋਂ ਅੰਮ੍ਰਿਤਸਰ ਪਹੁੰਚਣ ਵਾਲੀ ਇੱਕ ਉਡਾਣ ਨੂੰ ਦਿੱਲੀ ਡਾਇਵਰਟ ਕਰ ਦਿੱਤਾ ਗਿਆ। ਦੇਰ ਰਾਤ ਲਗਭਗ ਇੱਕ ਵਜੇ ਦੁਬਈ ਤੋਂ ਅੰਮ੍ਰਿਤਸਰ ਆਉਣ ਵਾਲੀ ਏਅਰ ਇੰਡੀਆ ਐੱਕਸਪ੍ਰੈਸ ਦੀ ਉਡਾਣ ਵੀ ਦਿੱਲੀ ਡਾਇਵਰਟ ਕਰ ਦਿੱਤੀ ਗਈ। ਇਸ ਤੋਂ ਇਲਾਵਾ ਸਵੇਰੇ 4.20 ਵਜੇ ਅੰਮ੍ਰਿਤਸਰ ਤੋਂ ਦੋਹਾ ਲਈ ਰਵਾਨਾ ਹੋਣ ਵਾਲੀ ਕਤਰ ਏਅਰਵੇਜ਼ ਦੀ ਇੱਕ ਉਡਾਣ ਵੀ ਸਮੇਂ ਸਿਰ ਉਡਾਣ ਨਹੀਂ ਭਰ ਸਕੀ।

ਦਿੱਲੀ, ਸ੍ਰੀਨਗਰ, ਬੰਗਲੁਰੂ, ਹੈਦਰਾਬਾਦ, ਸ਼ਿਮਲਾ ਸਮੇਤ ਵੱਖ-ਵੱਖ ਸ਼ਹਿਰਾਂ ਤੋਂ ਅੰਮ੍ਰਿਤਸਰ ਜਾਣ ਵਾਲੀਆਂ ਬਹੁਤ ਸਾਰੀਆਂ ਉਡਾਣਾਂ ਦੇਰੀ ਨਾਲ ਉਡੀਆਂ, ਜਿਸ ਕਾਰਨ ਯਾਤਰੀਆਂ ਨੂੰ ਅਸੁਵਿਧਾ ਹੋਈ।

CMYK

## ਹੋਲੀ ਹਾਰਟ ਸਕੂਲ ਵਿਖੇ ਪੋਹ ਮਹੀਨੇ ਦੇ ਇਤਿਹਾਸਕ ਸਾਕਿਆਂ ਬਾਰੇ ਜਾਣਕਾਰੀ ਦਿੱਤੀ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਪੋਹ ਮਹੀਨੇ ਦੇ ਸਾਕਿਆਂ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਵਿਸ਼ੇਸ਼ ਮੌਕੇ 'ਤੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਸਿੱਖ ਇਤਿਹਾਸ ਦੇ ਉਹ ਅਮਿੱਟ ਅਧਿਆਇ ਸਮਝਾਏ ਗਏ, ਜੋ ਪੋਹ ਮਹੀਨੇ ਨਾਲ ਸਬੰਧਤ ਹਨ।ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਪੋਹ ਮਹੀਨਾ ਸਿੱਖ ਇਤਿਹਾਸ ਵਿੱਚ ਅਤਿ ਮਹੱਤਵਪੂਰਨ ਸਥਾਨ ਰੱਖਦਾ ਹੈ, ਕਿਉਂਕਿ ਇਸ ਪੋਹ ਮਹੀਨੇ ਦੌਰਾਨ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ, ਮਾਤਾ ਗੁਜਰੀ ਜੀ ਦੀ ਅਟੱਲ ਸ਼ਰਧਾ ਤੇ ਧਰਮ ਦੀ ਰੱਖਿਆ ਲਈ ਕੀਤੀਆਂ ਗਈਆਂ ਮਹਾਨ ਕੁਰਬਾਨੀਆਂ ਇਤਿਹਾਸ ਦਾ ਅਟੁੱਟ ਹਿੱਸਾ ਹਨ।ਅਧਿਆਪਕਾਂ ਨੇ ਬੱਚਿਆਂ ਨੂੰ ਵੱਖ-ਵੱਖ ਉਦਾਹਰਨਾਂ ਰਾਹੀਂ ਸਮਝਾਇਆ ਕਿ ਕਿਵੇਂ ਛੋਟੀ ਉਮਰ ਦੇ ਸਾਹਿਬਜ਼ਾਦਿਆਂ ਨੇ ਸੱਚ ਤੇ ਧਰਮ ਦੇ ਰਾਹ 'ਤੇ ਅਟੱਲ ਰਹਿੰਦੇ ਹੋਏ ਆਪਣੀ ਜਾਨ ਕੁਰਬਾਨ ਕਰ ਦਿੱਤੀ।ਮਾਤਾ ਗੁਜਰੀ ਜੀ ਵੱਲੋਂ ਦਿਖਾਈ ਗਈ ਧੀਰਜਤਾ, ਹਿੰਮਤ ਤੇ ਵਿਸ਼ਵਾਸ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਇਸ ਦੇ ਨਾਲ ਹੀ ਚਮਕੌਰ ਦੀ ਗੜ੍ਹੀ ਤੇ ਸਰਹਿੰਦ ਦੇ ਸਾਕਿਆਂ ਦਾ ਵੀ ਵਿਸਥਾਰ ਨਾਲ ਵਰਣਨ ਕੀਤਾ ਗਿਆ, ਤਾਂ ਜੋ ਬੱਚੇ ਸਿੱਖ ਇਤਿਹਾਸ ਦੀ ਗਹਿਰਾਈ ਨੂੰ ਸਮਝ ਸਕਣ।ਇਸ ਜਾਣਕਾਰੀ ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਮਨ ਵਿੱਚ ਸਿੱਖ ਇਤਿਹਾਸ ਪ੍ਰਤੀ ਸਤਿਕਾਰ, ਦੇਸ਼ ਭਗਤੀ ਤੇ ਧਾਰਮਿਕ ਮੁੱਲਾਂ ਨੂੰ ਮਜ਼ਬੂਤ ਕਰਨਾ ਸੀ।ਅਧਿਆਪਕਾਂ ਨੇ ਬੱਚਿਆਂ ਨੂੰ ਇਹ ਸਿਖਿਆ ਵੀ ਦਿੱਤੀ ਕਿ ਪੋਹ ਮਹੀਨੇ ਦੇ ਸਾਕੇ ਸਾਨੂੰ ਤਿਆਗ, ਨਿਮਰਤਾ, ਧੀਰਜ ਤੇ ਅਡੋਲਤਾ ਦੇ ਰਾਹ 'ਤੇ ਤੁਰਨ ਦੀ ਪ੍ਰੇਰਨਾ ਦਿੰਦੇ ਹਨ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ੈਰਾ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲਾਟੀ ਨੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੇ ਸਿੱਖ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿੱਚ ਚੰਗੇ ਸੰਸਕਾਰ ਅਪਣਾਉਣ ਦਾ ਸੰਦੇਸ਼ ਪ੍ਰਾਪਤ ਕੀਤਾ।

### ਮਾਮਲਾ ਬਿਲਾਸਪੁਰ 'ਚ ਵਿਵਾਦਤ 171 ਕਨਾਲ ਜ਼ਮੀਨ ਦਾ

## ਸਾਡੀ ਜ਼ਮੀਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਅਵਾ ਝੂਠ ਦਾ ਪੁਲੰਦਾ : ਮਹੰਤ ਗੁਰਜੀਤ ਦਾਸ



**ਦੋਰਾਹਾ (ਹਰਮਿੰਦਰ ਸੇਨ)**-ਪਿਛਲੇ ਦਿਨੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਦੇ ਮੈਨੇਜਰ ਇਕਬਾਲ ਸਿੰਘ ਝਾਲ ਨੇ ਪਾਇਲ ਪੁਲਸ ਪ੍ਰਸ਼ਾਸਨ 'ਤੇ ਦੋਸ਼ ਲਾਇਆ ਕਿ ਸਿਆਸੀ ਦਬਾਅ ਕਾਰਨ ਪੁਲਸ ਪ੍ਰਸ਼ਾਸਨ ਪਿੰਡ ਬਿਲਾਸਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਲਕੀ ਵਾਲੀ 171 ਕਨਾਲ ਦੇ ਕਰੀਬ ਜ਼ਮੀਨ ਦਾ ਕਬਜ਼ਾ ਨਹੀਂ ਦਿਵਾ ਰਿਹਾ, ਜੋ ਕਿ ਅਦਾਲਤ ਦੇ ਹੁਕਮਾਂ ਦੀ ਵੱਡੀ ਤੌਹੀਨ ਹੈ।

ਜਦੋਂ ਇਸ ਸਬੰਧੀ ਜ਼ਮੀਨ 'ਤੇ ਕਾਬਜ਼ਕਾਰ ਪਰਿਵਾਰ ਮਹੰਤ ਗੁਰਜੀਤ ਦਾਸ ਦਾ ਪੱਖ ਲਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਗੁਰਦੁਆਰਾ ਮੰਜੀ ਸਾਹਿਬ ਦੇ ਮੈਨੇਜਰ ਵੱਲੋਂ ਜੋ ਮੀਡੀਆ ਨੂੰ ਜਾਣਕਾਰੀ ਦਿੱਤੀ ਗਈ ਹੈ, ਉਹ ਬਿਲਕੁਲ ਝੂਠੀ ਤੇ ਬੇਬੁਨਿਆਦ ਹੈ।ਉਨ੍ਹਾਂ ਨੇ ਇਸ ਪੂਰੀ ਗੱਲਬਾਤ ਨੂੰ ਝੂਠ ਦਾ ਪੁਲੰਦਾ ਦੱਸਦਿਆਂ ਕਿਹਾ ਕਿ ਇਸ ਡੇਰੇ ਦੀ ਜ਼ਮੀਨ ਦਾ ਕੇਸ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪੈਂਡਿੰਗ ਹੈ, ਜਿਸ ਦੀ ਅਗਲੀ ਤਰੀਕ 15/01/2026 ਹੈ।ਇਸ ਦੇ ਬਾਵਜੂਦ ਹੇਠਲੀ ਅਦਾਲਤ ਨੂੰ ਗੁੰਮਰਾਹ ਕਰਕੇ ਝੂਠੀ ਕਹਾਣੀ ਸੁਣਾ ਕੇ ਕਬਜ਼ਾ ਵਾਰੰਟ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂਕਿ ਐੱਸਜੀਪੀਸੀ ਵੱਲੋਂ ਇਹ ਕਿਹਾ ਗਿਆ ਹੈ ਕਿ ਇਸ ਜ਼ਮੀਨ ਉੱਪਰ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਣਿਆ ਹੋਇਆ ਹੈ।ਇਸ ਉੱਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਸੀ।ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕਬਜ਼ਾ ਖੋਹਿਆ ਹੋਇਆ ਹੈ, ਜਦੋਂਕਿ ਇਸ ਤਰ੍ਹਾਂ ਕਦੇ ਵੀ ਇਸ ਜ਼ਮੀਨ ਉੱਪਰ ਕਦੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਨਹੀਂ ਸੀ ਤੇ ਨਾ ਹੀ ਇਸ ਉੱਪਰ ਕੋਈ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਹੈ, ਜਿਸ ਦਾ ਸਿੱਖ ਇਤਿਹਾਸ ਨਾਲ ਕੋਈ ਵੀ ਸਬੰਧ ਹੋਵੇ।ਮਹੰਤ ਗੁਰਜੀਤ ਦਾਸ ਨੇ ਦੱਸਿਆ ਕਿ ਪਿੰਡ ਅੰਦਰ ਤਿੰਨ ਗੁਰਦੁਆਰਾ ਸਾਹਿਬ ਹਨ, ਇਸ ਬਾਰੇ ਸਾਰਾ ਪਿੰਡ ਜਾਣਦਾ ਹੈ, ਪਰ ਇਸ ਜ਼ਮੀਨ ਉੱਪਰ ਸਿਰਫ਼ ਬਾਬਾ ਕੇਸਰ ਦਾਸ ਦੀ ਸਮਾਧ ਤੇ ਧੂਣਾ ਸਾਹਿਬ ਬਣਿਆ ਹੋਇਆ ਹੈ।ਮਹਾਰਾਜਾ ਸਾਹਿਬ ਸਿੰਘ ਵੱਲੋਂ ਇਸ ਸਮਾਧ ਨੂੰ ਮਾਫੀ ਮਿਲੀ ਹੋਈ ਹੈ, ਉਸ ਸਮੇਂ ਤੋਂ ਹੀ ਇੱਥੇ ਮਹੰਤ ਪਰਿਵਾਰ ਸਾਂਭ ਸੰਭਾਲ ਕਰਦੇ ਆ ਰਹੇ ਹਨ।ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੋਈ ਵੀ ਮਾਲਕੀ ਦਾ ਅਧਿਕਾਰ ਨਹੀਂ ਦਿੱਤਾ ਗਿਆ, ਕਿਉਂਕਿ ਇਸ ਜ਼ਮੀਨ ਦੀ ਮਾਲਕੀ ਕਦੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ 'ਤੇ ਨਹੀਂ ਬਦਲੀ ਗਈ।

ਇਸ ਸਬੰਧੀ ਜਦੋਂ ਪਿੰਡ ਬਿਲਾਸਪੁਰ ਦੇ ਸਰਪੰਚ ਰਣਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਹੰਤ ਪਰਿਵਾਰ ਤਕਰੀਬਨ 150 ਸਾਲ ਤੋਂ ਇਸ ਜ਼ਮੀਨ ਤੇ ਡੇਰੇ ਦੀ ਸੇਵਾ ਸੰਭਾਲ ਕਰਦੇ ਆ ਰਹੇ ਹਨ।ਇਸ ਜ਼ਮੀਨ ਉੱਪਰ ਇਨ੍ਹਾਂ ਪਰਿਵਾਰਾਂ ਦੇ ਸਿਰਫ਼ ਰਿਹਾਇਸ਼ੀ ਮਕਾਨ ਤੇ ਸਮਾਧਾਂ ਹਨ। ਮਹੰਤ ਕੇਵਲ ਦਾਸ ਦੇ ਨਾਮ 'ਤੇ ਹੀ ਇਸ ਜ਼ਮੀਨ ਉੱਪਰ ਮੋਟਰ ਲੱਗੀ ਹੋਈ ਹੈ।ਪਿੰਡ ਬਿਲਾਸਪੁਰ ਦੇ ਨੰਬਰਦਾਰ ਬਲਵੰਤ ਸਿੰਘ ਨੇ ਦੱਸਿਆ ਕਿ ਇਹ ਜ਼ਮੀਨ ਇਨ੍ਹਾਂ ਪਰਿਵਾਰਾਂ ਨੂੰ ਮਹਾਰਾਜਾ ਸਾਹਿਬ ਸਿੰਘ ਵੱਲੋਂ ਮਾਫ਼ੀ 'ਚ ਮਿਲੀ ਹੋਈ ਹੈ, ਜਿਸ ਵਿੱਚ ਪੁਰਾਣਾ ਖੂਹ ਵੀ ਮੌਜੂਦ ਹੈ, ਜੋ ਇਨ੍ਹਾਂ ਦੇ ਬਜ਼ੁਰਗਾਂ ਦਾ ਲਗਾਇਆ ਹੋਇਆ ਹੈ, ਜਿਸ ਦੀ ਇਨ੍ਹਾਂ ਕੋਲ ਲਿਖਤ ਮੌਜੂਦ ਹੈ।ਬਜ਼ੁਰਗਾਂ ਤੋਂ ਹੀ ਇਹ ਲੋਕ ਇਸ ਡੇਰੇ ਦੀ ਜ਼ਮੀਨ ਉੱਪਰ ਕਾਬਜ਼ ਹਨ ਅਤੇ ਖੇਤੀ ਕਰਦੇ ਹਨ।ਪਿੰਡ ਦੇ ਸਾਬਕਾ ਸਰਪੰਚ ਜਸਵੰਤ ਸਿੰਘ ਲੱਧੜ ਨੇ ਦੱਸਿਆ ਕਿ ਮੈਂ ਆਪਣੀ ਉਮਰ ਵਿੱਚ ਅੱਜ ਤੱਕ ਇੱਥੇ ਕੋਈ ਵੀ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਨਹੀਂ ਦੇਖੀ, ਇੱਥੇ ਕੇਵਲ ਇਨ੍ਹਾਂ ਦੇ ਵਡੇਰਿਆਂ ਦੀ ਸਮਾਧ ਬਣੀ ਹੋਈ ਹੈ, ਜਿੱਥੇ ਹਰ ਸਾਲ ਕੇਵਲ ਦਾਸ ਤੇ ਇਨ੍ਹਾਂ ਦਾ ਪਰਿਵਾਰ ਮਿਲ ਕੇ ਭੰਡਾਰਾ ਤੇ ਸੇਵਾ ਕਰਦੇ ਆ ਰਹੇ ਹਨ।

## ਵਲੰਟੀਅਰਜ਼ ਟ੍ਰੇਨਿੰਗ ਲਈ ਸਿਵਲ ਡਿਫੈਂਸ ਵਾਰਡਨਜ਼ ਦੀ ਮੀਟਿੰਗ




**ਫਿਰੋਜ਼ਪੁਰ (ਗੁਰਬਖਸ਼ ਸਿੰਘ, ਅਸ਼ੋਕ ਸ਼ਰਮਾ)**-ਦੇਸ਼ ਭਰ ਵਿੱਚ ਸਿਵਲ ਡਿਫੈਂਸ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਸ ਸਬੰਧੀ ਜਿੱਥੇ ਸਿਵਲ ਡਿਫੈਂਸ ਵਾਰਡਨ ਸਰਵਿਸ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਜਾ ਰਹੀ ਹੈ, ਉੱਥੇ ਵਿਭਾਗ ਵੱਲੋਂ ਰਜਿਸਟਰ ਕੀਤੇ ਨਵੇਂ ਵਲੰਟੀਅਰਾਂ ਨੂੰ ਵੀ ਟ੍ਰੇਨਿੰਗ ਦਿੱਤੀ ਜਾਵੇਗੀ।ਇਨ੍ਹਾਂ ਟ੍ਰੇਨਿੰਗ ਕੈਂਪਾਂ ਦੀ ਰੂਪ ਰੇਖਾ ਤਿਆਰ ਕਰਨ ਲਈ ਸਿਵਲ ਡਿਫੈਂਸ ਵਾਰਡਨ ਸਰਵਿਸ ਦੀ ਇਕ ਵਿਸ਼ੇਸ਼ ਮੀਟਿੰਗ ਹੋਈ।ਚੀਫ ਵਾਰਡਨ ਪਰਮਿੰਦਰ ਸਿੰਘ ਥਿੰਦ ਦੀ ਅਗਵਾਈ 'ਚ ਹੋਈ ਮੀਟਿੰਗ ਵਿੱਚ ਪੰਜਾਬ ਹੋਮਗਾਰਡਜ਼ ਦੇ ਕੰਪਨੀ ਕਮਾਂਡਰ ਪਰਮਿੰਦਰ ਸਿੰਘ ਬਾਠ ਤੇ ਸਿਵਲ ਡਿਫੈਂਸ ਦੇ ਡਿਪਟੀ ਚੀਫ ਵਾਰਡਨ ਪ੍ਰੇਮ ਨਾਥ ਸ਼ਰਮਾ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕੰਪਨੀ ਕਮਾਂਡਰ ਪਰਮਿੰਦਰ ਸਿੰਘ ਬਾਠ ਨੇ ਦੱਸਿਆ ਕਿ ਸਰਕਾਰ ਵੱਲੋਂ ਆਨਲਾਈਨ ਰਜਿਸਟਰ ਕੀਤੇ ਜਾ ਰਹੇ ਵਲੰਟੀਅਰਜ਼ ਨੂੰ ਵਿਸ਼ੇਸ਼ ਟ੍ਰੇਨਿੰਗ ਦੇਣ ਦੇ ਇਰਾਦੇ ਨਾਲ ਅਗਲੇ ਹਫਤੇ ਤੋਂ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।ਇਸ ਸਬੰਧੀ ਆਮ ਸ਼ਹਿਰੀਆਂ, ਵਿਦਿਆਰਥੀਆਂ ਦੇ ਨਾਲ ਨਾਲ ਸਿਵਲ ਡਿਫੈਂਸ ਨਾਲ ਨਵੇਂ ਜੁੜੇ ਵਾਰਡਨਜ਼ ਨੂੰ ਵੀ ਟ੍ਰੇਨਿੰਗ ਦਿੱਤੀ ਜਾਵੇਗੀ।ਮੀਟਿੰਗ ਵਿੱਚ ਸਮੂਹ ਪੋਸਟ ਵਾਰਡਨਜ਼ ਤੇ ਸੈਕਟਰ ਵਾਰਡਨਜ਼ ਹਾਜ਼ਰ ਹੋਏ।ਆਪਣੇ ਸੰਬੋਧਨ ਵਿੱਚ ਚੀਫ ਵਾਰਡਨ ਸਿਵਲ ਡਿਫੈਂਸ ਪਰਮਿੰਦਰ ਸਿੰਘ ਥਿੰਦ ਨੇ ਅਪ੍ਰੇਸ਼ਨ ਸਿੰਧੂਰ ਤੇ ਹੜ੍ਹਾਂ ਦੌਰਾਨ ਸਿਵਲ ਡਿਫੈਂਸ ਵਾਰਡਨਜ਼ ਵੱਲੋਂ ਨਿਭਾਈ ਭੂਮਿਕਾ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਉਨ੍ਹਾਂ ਆਖਿਆ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਫਿਰੋਜ਼ਪੁਰ ਦੇ ਵਾਰਡਨਜ਼ ਨੇ ਨਾ ਸਿਰਫ ਫਿਰੋਜ਼ਪੁਰ ਸਗੋਂ ਫਾਜ਼ਿਲਕਾ ਵਿਖੇ ਵੀ ਮੌਕ ਡਰਿੱਲ ਵਿੱਚ ਯੋਗਦਾਨ ਪਾਇਆ, ਜੋ ਕਾਫੀ ਸ਼ਲਾਘਾਯੋਗ ਹੈ।ਉਨ੍ਹਾਂ ਆਖਿਆ ਕਿ ਹੜ੍ਹਾਂ ਦੌਰਾਨ ਫਿਰੋਜ਼ਪੁਰ ਸ਼ਹਿਰ ਲਈ ਸਭ ਤੋਂ ਵੱਡਾ ਖਤਰਾ ਸਾਬਿਤ ਹੋਣ ਵਾਲੇ ਹਬੀਬ ਕੇ ਬੰਨ੍ਹ ਨੂੰ ਸ਼ੁਰੂਆਤੀ ਸਮੇਂ ਵਿੱਚ ਹੀ ਬੰਨ੍ਹ ਮਾਰਨ ਵਿੱਚ ਸਥਾਨਕ ਵਾਰਡਨਜ਼ ਦਾ ਸਭ ਤੋਂ ਕੀਮਤੀ ਯੋਗਦਾਨ ਸੀ।ਇਸ ਮੌਕੇ ਡਿਪਟੀ ਚੀਫ ਵਾਰਡਨ ਪ੍ਰੇਮ ਨਾਥ ਸ਼ਰਮਾ, ਪੋਸਟ ਵਾਰਡਨ ਹਰੀ ਰਾਮ ਖਿੰਦੜੀ, ਰਾਜੇਸ਼ ਧੰਨਾ, ਰਾਜੀਵ ਵਧਵਾ, ਦਲਬੀਰ ਸਿੰਘ, ਨਵਜੋਤ ਸਿੰਘ ਪਿੰਕੀ, ਵਿਸ਼ਾਲਦੀਪ ਸਿੰਘ, ਅਰੁਣ ਸ਼ਰਮਾ ਤੇ ਸਮੂਹ ਸੈਕਟਰ ਵਾਰਡਨਜ਼ ਹਾਜ਼ਰ ਸਨ।

## ਡੀ ਏ ਦੀਆਂ ਕਿਸ਼ਤਾਂ ਰੋਕਣ ਵਿਰੁੱਧ ਮੁਲਾਜ਼ਮਾਂ ਵੱਲੋਂ ਸੰਘਰਸ਼ ਦੀ ਚਿਤਾਵਨੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਲਗਾਤਾਰ ਅਣਗੌਲਿਆਂ ਕਰਨ ਦੇ ਵਿਰੋਧ ਵਿੱਚ ਮੁਲਾਜ਼ਮ ਆਗੂਆਂ ਦੀ ਇੱਕ ਅਹਿਮ ਮੀਟਿੰਗ ਹੋਈ। ਮੀਟਿੰਗ ਉਪਰੰਤ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਤੇ ਮਨਿਸਟੀਰੀਅਲ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖ਼ਤ ਨਿੰਦਿਆ ਕੀਤੀ।ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਸਾਲ 2025 ਦੌਰਾਨ ਮੁਲਾਜ਼ਮਾਂ ਦੀ ਮੁੱਖ ਮੰਗ ਮਹਿੰਗਾਈ ਭੱਤੇ (ਡੀ.ਏ.) ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨਾ ਰਹੀ ਹੈ।ਪੰਜਾਬ ਸਰਕਾਰ ਪਿਛਲੇ ਢਾਈ ਸਾਲਾਂ ਤੋਂ ਡੀ.ਏ. ਦੀਆਂ 5 ਕਿਸ਼ਤਾਂ (ਕੁੱਲ 16 ਫੀਸਦੀ) ਰੋਕੀ ਬੈਠੀ ਹੈ।ਵਿੱਤ ਮੰਤਰੀ ਤੇ ਸਬ-ਕਮੇਟੀਆਂ ਨਾਲ ਕਈ ਦੌਰ ਦੀਆਂ ਮੀਟਿੰਗਾਂ ਹੋਣ ਦੇ ਬਾਵਜੂਦ ਸਰਕਾਰ ਨੇ ਇੱਕ ਵੀ ਕਿਸ਼ਤ ਜਾਰੀ ਨਹੀਂ ਕੀਤੀ, ਜਿਸ ਕਾਰਨ ਮੁਲਾਜ਼ਮ ਵਰਗ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਡੀ. ਏ. ਤੋਂ ਇਲਾਵਾ ਸਤੰਬਰ 2021 ਤੋਂ 'ਰੈਸ਼ਨੇਲਾਈਜ਼ੇਸ਼ਨ' ਦੇ ਨਾਮ 'ਤੇ ਰੋਕੇ ਗਏ ਭੱਤਿਆਂ ਨੂੰ ਬਹਾਲ ਕਰਨਾ, ਏ.ਸੀ.ਪੀ. ਸਕੀਮ (4, 9, 14 ਸਾਲਾ) ਦੀ ਬਹਾਲੀ, ਕੇਂਦਰੀ ਸਕੇਲਾਂ ਦੀ ਥਾਂ ਪੰਜਾਬ ਸਕੇਲ ਲਾਗੂ ਕਰਨਾ ਤੇ 'ਬਰਾਬਰ ਕੰਮ-ਬਰਾਬਰ ਤਨਖਾਹ' ਦੇ ਅਦਾਲਤੀ ਫੈਸਲੇ ਲਾਗੂ ਕਰਨਾ ਅਜੇ ਵੀ ਲਟਕ ਰਹੇ ਹਨ।ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਵੀ ਜਿਉਂ ਦੀਆਂ ਤਿਉਂ ਬਰਕਰਾਰ ਹਨ।ਇਸ ਮੌਕੇ ਹਰਵਿੰਦਰ ਸਿੰਘ ਛੀਨਾ, ਮਨਜੀਤ ਕੌਰ ਬਾਜਵਾ ਤੇ ਨਿਗਾਹੀ ਰਾਮ ਨੇ ਸਾਂਝੇ ਤੌਰ 'ਤੇ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ 'ਸਾਂਝੇ ਫਰੰਟ' ਹੇਠ ਸਮੁੱਚੇ ਮੁਲਾਜ਼ਮ ਵਰਗ ਨੂੰ ਇੱਕਠਾ ਕਰਕੇ ਆਪਣੀ ਹੋਂਦ ਬਚਾਉਣ ਲਈ ਇੱਕ ਵੱਡਾ ਆਰ-ਪਾਰ ਦਾ ਘੋਲ ਵਿੱਢਿਆ ਜਾਵੇਗਾ।

## ਥਾਣਾ ਸਿਟੀ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਬਰਾਮਦ

**ਸਮਾਣਾ (ਇਕਬਾਲ ਸਿੰਘ ਬੱਲ)**-ਸਮਾਣਾ ਦੇ ਡੀ ਐੱਸ ਪੀ ਫਤਿਹ ਸਿੰਘ ਬਰਾੜ ਦੀ ਨਿਗਰਾਨੀ ਹੇਠ ਸਮਾਣਾ ਸਬ ਡਵੀਜ਼ਨ ਅੰਦਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਤੇ ਭੈੜੇ ਪੁਰਸ਼ਾਂ ਨੂੰ ਫੜਨ ਸਬੰਧੀ ਚੱਲੀ ਮੁਹਿੰਮ ਤਹਿਤ ਥਾਣਾ ਸਿਟੀ ਇੰਚਾਰਜ ਬਲਜੀਤ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਸਿੰਦਰ ਸਿੰਘ ਦੀ ਪੁਲਸ ਪਾਰਟੀ ਨੇ ਭੈੜੇ ਤੇ ਸ਼ੱਕੀ ਪੁਰਸ਼ਾਂ ਦੀ ਤਲਾਸ਼ ਵਿੱਚ ਗਸ਼ਤ ਕਰਦਿਆਂ ਅਗਰਸੈਨ ਚੌਕ ਵਿਖੇ ਮੌਜੂਦ ਸੀ ਤਾਂ ਮੁਖ਼ਬਰ ਪਾਸੋਂ ਇਤਲਾਹ ਮਿਲੀ ਕਿ ਨਾਮਧਾਰੀ ਕਲੋਨੀ ਪਾਸ ਇੱਕ ਔਰਤ ਨਸ਼ੀਲੀਆਂ ਗੋਲੀਆਂ ਲੈ ਕੇ ਜਾ ਰਹੀ ਹੈ ਤਾਂ ਸਹਾਇਕ ਥਾਣੇਦਾਰ ਸਿੰਦਰ ਸਿੰਘ ਦੀ ਪੁਲਸ ਪਾਰਟੀ ਨੇ ਨਾਮਧਾਰੀ ਕਲੋਨੀ ਪਾਸ ਪਹੁੰਚ ਕੇ ਨਾਕਾਬੰਦੀ ਕਰ ਲਈ। ਨਾਕੇ ਦੌਰਾਨ ਇੱਕ ਔਰਤ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈੱਕ ਕੀਤਾ ਤਾਂ ਉਸ ਪਾਸੋਂ 190 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਉਸ ਔਰਤ ਦੀ ਪਹਿਚਾਣ ਰਣਬੀਰ ਕੌਰ ਪਤਨੀ ਹਰਬੰਸ ਸਿੰਘ ਵਾਸੀ ਮੁਰਾਦਪੁਰਾ ਥਾਣਾ ਸਿਟੀ ਸਮਾਣਾ ਵਜੋਂ ਹੋਈ। ਪੁਲਸ ਨੇ ਥਾਣਾ ਸਿਟੀ ਸਮਾਣਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਪ ਸ ਸ ਫ ਵੱਲੋਂ ਅੱਜ ਦੀ ਜਲੰਧਰ ਰੈਲੀ ਸੰਬੰਧੀ ਤਿਆਰੀਆਂ ਮੁਕੰਮਲ

### ਮੁਲਾਜ਼ਮ ਭਰਵੀਂ ਗਿਣਤੀ 'ਚ ਕਰਨਗੇ ਸ਼ਮੂਲੀਅਤ : ਗੁਰਦੇਵ ਸਿੱਧੂ




**ਜ਼ੀਰਾ (ਨਰਿੰਦਰ ਅਨੇਜਾ)**-ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ (ਜੇਪੀਐੱਮਓ) ਦੀ 28 ਦਸੰਬਰ ਨੂੰ ਰੇਲਵੇ ਸਟੇਸ਼ਨ ਜਲੰਧਰ ਵਿਖੇ ਹੋ ਰਹੀ ਸੂਬਾ ਪੱਧਰੀ ਕਨਵੈਂਸ਼ਨ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406-22-ਬੀ ਚੰਡੀਗੜ੍ਹ ਜ਼ਿਲਾ ਫਿਰੋਜ਼ਪੁਰ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਫਿਰੋਜ਼ਪੁਰ ਵਿਖੇ ਹੋਈ।ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਨੇ ਕਿਹਾ ਕਿ ਜਲੰਧਰ ਵਿਖੇ ਹੋ ਰਹੀ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ, ਇਸ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ 28 ਦਸੰਬਰ 2025 ਨੂੰ ਦੀ ਜੇਪੀਐੱਮਓ ਦੀ ਹੋ ਰਹੀ ਸੂਬਾ ਪੱਧਰੀ ਕਨਵੈਂਸ਼ਨ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਮੁਲਾਜ਼ਮ ਸਾਥੀ ਭਰਵੀਂ ਸ਼ਮੂਲੀਅਤ ਕਰਨਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੁਰਾਣੀ ਪੈਨਸ਼ਨ ਬਹਾਲੀ, ਬੰਦ ਕੀਤੇ ਭੱਤੇ ਲਾਗੂ ਕਰਨ ਤੇ ਵੱਖ ਵੱਖ ਵਿਭਾਗਾਂ ਵਿੱਚ ਭਰਤੀ ਕੀਤੇ ਗਏ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਮਿੱਡ ਡੇ ਮੀਲ ਵਰਕਰਾਂ ਦੇ ਮਾਣ ਭੱਤੇ ਵਿੱਚ ਵਾਧਾ ਕਰਨਾ ਤੇ ਸਰਕਾਰੀ ਵਿਭਾਗਾਂ ਵਿੱਚ ਖਾਲੀ ਪੋਸਟਾਂ 'ਤੇ ਰੈਗੂਲਰ ਭਰਤੀ ਕਰਨ ਵਰਗੇ ਵਾਅਦੇ ਕੀਤੇ ਸਨ, ਪਰ ਹੁਣ ਪੰਜਾਬ ਦੇ ਮੁੱਖ ਮੰਤਰੀ ਕੀਤੇ ਵਾਅਦਿਆਂ ਤੋਂ ਭੱਜ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਕਨਵੈਂਸ਼ਨ ਵਿੱਚ ਸਰਕਾਰ ਨੂੰ ਕੀਤੇ ਵਾਅਦੇ ਯਾਦ ਕਰਵਾਉਣ ਲਈ ਜਥੇਬੰਦੀਆਂ ਦੇ ਆਗੂ ਅਗਲੀ ਰਣਨੀਤੀ ਐਲਾਨਣਗੇ।ਇਸ ਮੌਕੇ ਮੀਟਿੰਗ ਵਿੱਚ ਪ ਸ ਸ ਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਜ਼ਿਲ੍ਹਾ ਜਨਰਲ ਸਕੱਤਰ ਜਗਦੀਪ ਸਿੰਘ ਮਾਂਗਟ, ਸਾਬਕਾ ਪ੍ਰਧਾਨ ਮਹਿੰਦਰ ਸਿੰਘ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਰਜੀਵ ਹਾਂਡਾ, ਨਿਸ਼ਾਨ ਸਿੰਘ ਸ਼ਹਿਜ਼ਾਦੀ, ਮਹਿੰਦਰ ਸਿੰਘ ਬਰਾੜ, ਸਤਨਾਮ ਸਿੰਘ ਬਲਾਕ ਪ੍ਰਧਾਨ ਫਿਰੋਜ਼ਪੁਰ, ਜਗਮੀਤ ਸਿੰਘ ਗਿੱਲ, ਰਾਜ ਕੁਮਾਰ ਬਲਾਕ ਪ੍ਰਧਾਨ ਮੱਖੂ, ਕੌਰ ਸਿੰਘ ਬਲਾਕ ਪ੍ਰਧਾਨ ਜ਼ੀਰਾ, ਕੁਲਵਿੰਦਰ ਸਿੰਘ ਬਲਾਕ ਪ੍ਰਧਾਨ ਘਲ ਖੁਰਦ ਆਦਿ ਹਾਜ਼ਰ ਸਨ।

## ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਇੰਟੀਗ੍ਰੇਟਿਡ ਵੱਲੋਂ ਲੰਗਰ



**ਕੋਟ ਇਸੇ ਖਾਂ (ਅਰੋੜਾ)**-ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਇੰਟੀਗ੍ਰੇਟਿਡ ਆਰਡੈਂਟ ਸਕੂਲ ਵੱਲੋਂ ਕੋਟਕਪੂਰਾ ਬਾਈਪਾਸ 'ਤੇ ਵਿਸ਼ਾਲ ਲੰਗਰ ਦਾ ਆਯੋਜਨ ਕੀਤਾ ਗਿਆ।ਇਸ ਸੇਵਾ ਦੌਰਾਨ ਵੱਡੀ ਗਿਣਤੀ ਵਿੱਚ ਆਉਣ-ਜਾਣ ਵਾਲੇ ਰਾਹਗੀਰਾਂ ਨੇ ਸ਼ਰਧਾ ਤੇ ਸਤਿਕਾਰ ਨਾਲ ਲੰਗਰ ਛਕਿਆ। ਸਾਹਿਬਜ਼ਾਦੇ-ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ, ਜਿਨ੍ਹਾਂ ਨੇ ਧਰਮ, ਸੱਚ ਤੇ ਇਨਸਾਫ਼ ਦੀ ਰਾਖੀ ਲਈ ਆਪਣੀਆਂ ਮਹਾਨ ਸ਼ਹਾਦਤਾਂ ਦਿੱਤੀਆਂ, ਅੱਜ ਵੀ ਸਾਰੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹਨ।ਇਸ ਲੰਗਰ ਸੇਵਾ ਦਾ ਮੁੱਖ ਉਦੇਸ਼ ਬੱਚਿਆਂ ਤੇ ਸਮਾਜ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨਾ ਤੇ ਸੇਵਾ, ਤਿਆਗ ਤੇ ਮਨੁੱਖਤਾ ਦੇ ਮੂਲ ਮੁੱਲਾਂ ਨੂੰ ਜੀਵਨ ਵਿੱਚ ਅਪਨਾਉਣ ਦੀ ਪ੍ਰੇਰਣਾ ਦੇਣਾ ਸੀ।ਇਹ ਉਪਰਾਲਾ ਸਕੂਲ ਦੇ ਵਿਜ਼ਨਰੀ ਮਾਰਗਦਰਸ਼ਕ ਸੰਤ ਬਾਬਾ ਗੁਰਮੀਤ ਸਿੰਘ ਜੀ ਦੀ ਪ੍ਰੇਰਣਾ ਨਾਲ ਕੀਤਾ ਗਿਆ।ਸਕੂਲ ਦੇ ਚੇਅਰਮੈਨ ਚੰਦ ਸਿੰਘ ਨੇ ਕਿਹਾ ਕਿ ਲੰਗਰ ਸਿੱਖ ਧਰਮ ਦੀ ਮਹਾਨ ਪ੍ਰੰਪਰਾ ਹੈ, ਜੋ ਸਾਨੂੰ ਸਭ ਨੂੰ ਬਰਾਬਰੀ, ਸਾਂਝ ਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦਿੰਦੀ ਹੈ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮਨਦੀਪ ਕੌਰ ਨੇ ਦੱਸਿਆ ਕਿ ਸਕੂਲ ਦਾ ਮਕਸਦ ਸਿਰਫ਼ ਅਕਾਦਮਿਕ ਸਿੱਖਿਆ ਤੱਕ ਸੀਮਿਤ ਨਹੀਂ, ਸਗੋਂ ਬੱਚਿਆਂ ਨੂੰ ਗੁਰੂ ਇਤਿਹਾਸ, ਨੈਤਿਕ ਮੁੱਲਾਂ ਤੇ ਸਮਾਜਕ ਜ਼ਿੰਮੇਵਾਰੀ ਨਾਲ ਜੋੜਨਾ ਵੀ ਹੈ।ਲੰਗਰ ਸੇਵਾ ਨੂੰ ਵਿਸ਼ੇਸ਼ ਸਹਿਯੋਗ ਗੁਰਪ੍ਰੀਤ ਸਿੰਘ ਘਟੌੜਾ (ਕੈਨੇਡਾ) ਵੱਲੋਂ ਪ੍ਰਾਪਤ ਹੋਇਆ।ਇਸ ਮੌਕੇ ਸਕੂਲ ਦੇ ਚੇਅਰਮੈਨ ਚੰਦ ਸਿੰਘ ਤੇ ਸ਼ਿੰਦਰਪਾਲ ਸਿੰਘ, ਹਾਕਮ ਸਿੰਘ, ਰਣਜੀਤ ਸਿੰਘ ਵਿਰਦੀ, ਨਵਦੀਪ ਸਿੰਘ ਪਨੇਸਰ, ਸ਼ਮਸ਼ੇਰ ਸਿੰਘ ਸ਼ੰਮਾ ਤੇ ਚਰਨਜੀਤ ਸਿੰਘ ਝੰਡਿਆਣਾ ਦੀ ਹਾਜ਼ਰੀ ਵੀ ਵਿਸ਼ੇਸ਼ ਰਹੀ।ਵਿਦਿਆਰਥੀ ਕ੍ਰਿਸ਼, ਯਾਦਵਿੰਦਰ ਸਿੰਘ, ਨਵਜੋਤ ਸਿੰਘ ਤੇ ਪ੍ਰਭਜੋਤ ਸਿੰਘ ਨੇ ਵੀ ਸੇਵਾ ਨਿਭਾਈ।

## ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਅੱਗੇ ਸਮੁੱਚੀ ਮਾਨਵਤਾ ਦਾ ਸਿਰ ਝੁਕਦੈ : ਸਿੰਗਲਾ



**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਦੀ ਅਗਵਾਈ ਹੇਠ ਸੰਗਰੂਰ ਤੋਂ ਇੱਕ ਵਿਸ਼ਾਲ ਜੱਥਾ ਸ੍ਰੀ ਫ਼ਤਿਹਗੜ੍ਹ ਸਾਹਿਬ ਲਈ ਰਵਾਨਾ ਹੋਇਆ।ਇਸ ਜੱਥੇ ਵਿੱਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਦੇ ਨਾਲ-ਨਾਲ ਹਲਕਾ ਸੰਗਰੂਰ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਾਕ ਸੰਮਤੀ ਮੈਂਬਰ ਤੇ ਚੋਣਾਂ ਵਿੱਚ ਕਮਜ਼ੋਰ ਰਹੇ ਉਮੀਦਵਾਰ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਸ਼ਰਧਾ ਤੇ ਸੇਵਾ ਭਾਵਨਾ ਦੀ ਮਿਸਾਲ ਪੇਸ਼ ਕਰਦਿਆਂ ਵਿਜੈ ਇੰਦਰ ਸਿੰਗਲਾ ਨੇ ਸੰਗਰੂਰ ਤੋਂ ਲੈ ਕੇ ਸ੍ਰੀ ਫ਼ਤਿਹਗੜ੍ਹ ਸਾਹਿਬ ਤੱਕ ਦਾ ਸਾਰਾ ਸਫ਼ਰ ਖ਼ੁਦ ਟਰੈਕਟਰ ਚਲਾ ਕੇ ਤੈਅ ਕੀਤਾ।ਉਨ੍ਹਾਂ ਨਾਲ ਟਰੈਕਟਰਾਂ ਤੇ ਗੱਡੀਆਂ ਦੇ ਕਾਫ਼ਲੇ ਵਿੱਚ ਸ਼ਾਮਲ ਵਰਕਰਾਂ ਦਾ ਉਤਸ਼ਾਹ ਦੇਖਣਯੋਗ ਸੀ।ਸ੍ਰੀ ਫ਼ਤਿਹਗੜ੍ਹ ਸਾਹਿਬ ਪਹੁੰਚ ਕੇ ਉਨ੍ਹਾਂ ਨੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਚਰਨਾਂ ਵਿੱਚ ਸੀਸ ਨਿਵਾਇਆ, ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਉੱਥੇ ਚੱਲ ਰਹੇ ਸੇਵਾ ਕਾਰਜਾਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲਿਆ।ਸ੍ਰੀ ਸਿੰਗਲਾ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਅੱਗੇ ਸਮੁੱਚੀ ਮਾਨਵਤਾ ਦਾ ਸਿਰ ਝੁਕਦਾ ਹੈ।ਉਨ੍ਹਾਂ ਦੀ ਸ਼ਹਾਦਤ ਨੇ ਸਾਨੂੰ ਧਰਮ ਪ੍ਰਤੀ ਨਿੱਡਰਤਾ, ਦ੍ਰਿੜ੍ਹਤਾ ਤੇ ਜ਼ੁਲਮ ਖਿਲਾਫ਼ ਟਾਕਰਾ ਕਰਨ ਦਾ ਜਜ਼ਬਾ ਦਿੱਤਾ ਹੈ।ਉਨ੍ਹਾਂ ਨਿੱਕੀਆਂ ਜਿੰਦਾਂ ਨੇ ਦੁਸ਼ਮਣ ਦੇ ਹਰ ਖੌਫ਼ਨਾਕ ਹੱਲੇ ਦਾ ਸੂਰਵੀਰਤਾ ਨਾਲ ਮੁਕਾਬਲਾ ਕੀਤਾ।ਅਸੀਂ ਨਿਮਾਣੇ ਸੇਵਕ ਬਣ ਕੇ ਉਨ੍ਹਾਂ ਦੀ ਕੁਰਬਾਨੀ ਨੂੰ ਸਿਜਦਾ ਕਰਨ ਆਏ ਹਾਂ।ਇਸ ਮੌਕੇ ਉਨ੍ਹਾਂ ਨਾਲ ਸੰਗਰੂਰ ਹਲਕੇ ਦੇ ਸਮੂਹ ਪੰਚ-ਸਰਪੰਚ, ਸਥਾਨਕ ਆਗੂ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

## ਨਵੀਂ ਵਾਰਡਬੰਦੀ ਖਿਲਾਫ ਵਿਰੋਧੀ ਧਿਰ ਦੇ ਕੌਂਸਲਰਾਂ ਵੱਲੋਂ ਰੋਸ ਪ੍ਰਦਰਸ਼ਨ



**ਲੌਂਗੋਵਾਲ (ਪ੍ਰਦੀਪ ਸੱਪਲ)**-ਸਥਾਨਕ ਨਗਰ ਕੌਂਸਲ ਦਫਤਰ ਮੂਹਰੇ ਕਸਬੇ ਦੇ ਵਿਰੋਧੀ ਧਿਰ ਦੇ ਕੌਂਸਲਰਾਂ ਵੱਲੋਂ ਲੌਂਗੋਵਾਲ ਦੀ ਨਵੀਂ ਵਾਰਡਬੰਦੀ ਖਿਲਾਫ ਜਬਰਦਸਤ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ, ਕੌਂਸਲਰ ਗੁਰਮੀਤ ਸਿੰਘ ਲੱਲੀ, ਕੌਂਸਲਰ ਰਣਜੀਤ ਸਿੰਘ ਸਿੱਧੂ, ਕੌਂਸਲਰ ਸ਼ੁਕਰਪਾਲ ਸਿੰਘ ਬਟੂਹਾ, ਕੌਂਸਲ ਦੇ ਸਾਬਕਾ ਪ੍ਰਧਾਨ ਗੀਤੂ ਰਾਣੀ ਦੇ ਪਤੀ ਤੇ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਵਿਜੇ ਕੁਮਾਰ ਗੋਇਲ, ਸੀ. ਕਾਂਗਰਸੀ ਆਗੂ ਗੁਰਮੇਲ ਸਿੰਘ ਚੋਟੀਆਂ, ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਸਰਪੰਚ ਸੁਖਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਵੱਲੋਂ ਲੌਂਗੋਵਾਲ ਦੇ ਜਿਨ੍ਹਾਂ ਵਾਰਡਾਂ ਦੀ ਆਬਾਦੀ ਐੱਸ. ਸੀ. ਭਾਈਚਾਰੇ ਗਿਣਤੀ 90% ਤੋਂ ਵੀ ਜ਼ਿਆਦਾ ਹੈ, ਉਨ੍ਹਾਂ ਨੂੰ ਜਰਨਲ ਜਾਂ ਬੀ.ਸੀ. ਵਾਰਡਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਅਤੇ ਜੋ ਜਰਨਲ ਵਾਰਡ ਹਨ, ਉਨ੍ਹਾਂ ਨੂੰ ਐੱਸ.ਸੀ. ਜਾਂ ਬੀ.ਸੀ. ਵਾਰਡਾਂ ਵਿੱਚ ਬਦਲਿਆ ਜਾ ਰਿਹਾ ਹੈ, ਜੋਕਿ ਬਿਲਕੁਲ ਗਲਤ ਹੈ।ਵਿਰੋਧੀ ਧਿਰ ਦੇ ਕੌਂਸਲਰਾਂ ਨੇ ਦੋਸ਼ ਲਗਾਇਆ ਕਿ ਇਹ ਸਭ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਆਪਣੇ ਚਹੇਤਿਆਂ ਨੂੰ ਅਗਲੀਆਂ ਨਗਰ ਕੌਂਸਲ ਦੀਆਂ ਚੋਣਾਂ ਜਿਤਾਉਣ ਲਈ ਕਰ ਰਹੇ ਹਨ।ਆਗੂਆਂ ਨੇ ਕਿਹਾ ਕਿ ਉਹ ਲੌਂਗੋਵਾਲ ਦੀਆਂ ਸਮੁੱਚੀਆਂ ਵਿਰੋਧੀ ਧਿਰਾਂ ਤੇ ਇਨਸਾਫ ਪਸੰਦ ਲੋਕ ਆਪ ਸਰਕਾਰ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਧੱਕੇਸ਼ਾਹੀ ਨਹੀਂ ਚੱਲਣ ਦੇਵਾਂਗੇ ਤੇ ਇਸ ਖਿਲਾਫ ਜ਼ੋਰਦਾਰ ਸੰਘਰਸ਼ ਆਰੰਭ ਕੀਤਾ ਜਾਵੇਗਾ, ਜੇਕਰ ਲੋੜ ਪਈ ਤਾਂ ਮਾਣਯੋਗ ਅਦਾਲਤ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ।ਉਨ੍ਹਾਂ ਪੁਰਾਣੀ ਵਾਰਡਬੰਦੀ ਨੂੰ ਲਾਗੂ ਰੱਖਣ ਦੀ ਮੰਗ ਵੀ ਕੀਤੀ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਬਜ਼ੁਰਗ ਆਗੂ ਜਥੇਦਾਰ ਉਦੇ ਸਿੰਘ, ਸਾਬਕਾ ਇੰਸਪੈਕਟਰ ਗੁਰਮੀਤ ਸਿੰਘ ਸਿੱਧੂ, ਕਾਂਗਰਸ ਦੇ ਸੀਨੀਅਰ ਆਗੂ ਸੰਜੇ ਸੈਨ ਆਦਿ ਮੌਜੂਦ ਸਨ।

## ਬਿਜਲੀ ਦੇ ਤਿੰਨ ਮੀਟਰ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ੀਰਾ ਵਿਖੇ ਬਿਜਲੀ ਦੇ 3 ਮੀਟਰ ਚੋਰੀ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਜ਼ੀਰਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਇੱਕ ਪੱਤਰ ਨੰਬਰ 392 ਮਿਤੀ 21 ਨਵੰਬਰ 2025 ਸਹਾਇਕ ਕਾਰਜਕਾਰੀ ਇੰਜੀਨੀਅਰ ਵੰਡ ਉਪ ਮੰਡਲ ਜ਼ੀਰਾ ਗੁਰਮੇਲ ਸਿੰਘ ਜੇਈ ਸਬ ਡਵੀਜ਼ਨ ਜ਼ੀਰਾ ਦਫਤਰ ਬਿਜਲੀ ਬੋਰਡ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਵੱਲੋਂ 3 ਬਿਜਲੀ ਦੇ ਮੀਟਰ ਚੋਰੀ ਕੀਤੇ ਗਏ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਨੀਰਜ ਜਿੰਦਲ ਦੀ ਮਾਤਾ ਨਮਿੱਤ ਭੋਗ ਅੱਜ



**ਸਮਾਣਾ (ਪੱਤਰ ਪ੍ਰੇਰਕ)**-ਭਾਜਪਾ ਨੇਤਾ ਨੀਰਜ ਜਿੰਦਲ ਦੀ ਮਾਤਾ ਸ੍ਰੀਮਤੀ ਬਿਮਲਾ ਦੇਵੀ ਜਿੰਦਲ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਰੁੜ ਪੁਰਾਣ ਜੀ ਦੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ 28 ਦਸੰਬਰ ਐਤਵਾਰ ਮਾਤਾ ਨੈਣਾ ਆਰਯਾ ਧਰਮਸ਼ਾਲਾ ਸਮਾਣਾ ਨੇੜੇ ਨਗਰ ਕੌਂਸਲ ਸਮਾਣਾ ਵਿਖੇ ਦੁਪਹਿਰ 1.30 ਤੋਂ 2.30 ਵਜੇ ਤੱਕ ਹੋਵੇਗੀ।

## ਸ਼ੋਕ ਸਮਾਚਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਵਾਸੀ ਡਾ. ਸੁਖਦੇਵ ਸ਼ਰਮਾ ਦੀ ਪਤਨੀ ਸਵ. ਸੁਦੇਸ਼ ਕੁਮਾਰੀ ਨਮਿੱਤ ਗਰੁੜ ਪੁਰਾਣ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 28 ਦਸੰਬਰ ਦਿਨ ਐਤਵਾਰ ਨੂੰ ਰੋਪੜ ਰੋਡ 'ਤੇ ਸਥਿਤ ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ ਮਾਛੀਵਾੜਾ ਸਾਹਿਬ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

## ਸੱਟਾਂ ਮਾਰਨ ਦੇ ਦੋਸ਼ 'ਚ 4 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਖਾਈ ਫੇਮੇ ਕੀ ਵਿਖੇ ਇਕ ਵਿਅਕਤੀ ਨੂੰ ਸੱਟਾਂ ਮਾਰ ਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 4 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਵਿੰਦਰ ਸਿੰਘ ਪੁੱਤਰ ਵਿਰਸਾ ਸਿੰਘ ਵਾਸੀ ਖਾਈ ਫੇਮੇ ਕੀ ਨੇ ਦੱਸਿਆ ਕਿ ਬਲਕਾਰ ਸਿੰਘ ਪੁੱਤਰ ਗੁਰਦੀਪ ਸਿੰਘ, ਗੁਰਦੀਪ ਸਿੰਘ ਪੁੱਤਰ ਵਿਰਸਾ ਸਿੰਘ, ਜਗਰੂਪ ਸਿੰਘ ਪੁੱਤਰ ਗੁਰਦੀਪ ਸਿੰਘ ਤੇ ਦਲਗੀਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀਅਨ ਖਾਈ ਫੇਮੇ ਕੀ ਨੇ ਲੜਾਈ ਝਗੜੇ ਦੌਰਾਨ ਸੱਟਾਂ ਮਾਰੀਆਂ ਸਨ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਕ ਐਕਸਰੇ ਰਿਪੋਰਟ ਮੌਸੂਲ ਹੋਣ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

## ਮਾਤਾ ਗੁਜਰੀ ਸਕੂਲ ਦਾ ਜ਼ਿਲ੍ਹਾ ਪੱਧਰੀ ਖੋ-ਖੋ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਮੇਰਾ ਯੁਵਾ ਭਾਰਤ ਪਟਿਆਲਾ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਪੋਰਟਸ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ।ਬੀਤੀ 22 ਦਸੰਬਰ 2025 ਨੂੰ ਹੋਏ ਖੋ-ਖੋ ਮੁਕਾਬਲਿਆਂ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਅੰਡਰ-19 ਵਰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਹ ਸਾਰੇ ਮੁਕਾਬਲੇ ਧੁਨ ਗਰੁੱਪ ਆਫ ਇੰਸਟੀਚਿਊਟ ਵਿਖੇ ਕਰਵਾਏ ਗਏ।ਇਸ ਮੌਕੇ ਸਕੂਲ ਦੇ ਨਿਰਦੇਸ਼ਕ ਸ੍ਰ. ਭੁਪਿੰਦਰ ਸਿੰਘ, ਪ੍ਰਧਾਨ ਮੈਡਮ ਰਵਿੰਦਰ ਕੌਰ ਤੇ ਪ੍ਰਿੰਸੀਪਲ ਮੈਡਮ ਮਮਤਾ ਮੱਕੜ ਨੇ ਜੇਤੂ ਵਿਦਿਆਰਥਣਾਂ ਅਤੇ ਕੋਚਾਂ ਹਰਦੀਪ ਕੁਮਾਰ ਤੇ ਅਰਸ਼ਦੀਪ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਟੀਮ ਵਰਕ ਤੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਦੀਆਂ ਹਨ।ਉਨ੍ਹਾਂ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਰਾਜ ਤੇ ਰਾਸ਼ਟਰੀ ਪੱਧਰ 'ਤੇ ਹੋਰ ਉੱਚੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

## ਸਿੰਘਪੁਰਾ 'ਚ ਜੈਵਿਕ ਖੇਤੀ 'ਤੇ ਸੈਮੀਨਾਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਕਾਲਾਂਵਾਲੀ ਖੇਤਰ ਦੇ ਪਿੰਡ ਸਿੰਘਪੁਰਾ ਵਿਖੇ ਮਾਸਟਰ ਜਗਦੀਸ਼ ਸਿੰਘ ਦੇ ਕੁਦਰਤੀ ਫਲ ਫਾਰਮ ਵਿਖੇ ਜੈਵਿਕ ਖੇਤੀ ਬਾਰੇ ਇੱਕ ਰੋਜ਼ਾ ਸੈਮੀਨਾਰ ਕੀਤਾ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਜ਼ਿਲ੍ਹਾ ਬਾਗਬਾਨੀ ਅਫਸਰ ਡਾ. ਰਿੰਕੂ ਤੇ ਬਲਾਕ ਖੇਤੀਬਾੜੀ ਅਫਸਰ ਡਾ. ਰਮੇਸ਼ ਸਾਹੂ ਸਨ। ਕੁਦਰਤੀ ਖੇਤੀ ਫਾਰਮ ਵਿਖੇ ਹੋਈ ਕਿਸਾਨ ਚਰਚਾ ਵਿੱਚ ਭਾਗ ਲੈ ਰਹੇ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਤੇ ਕੁਦਰਤੀ ਖੇਤੀ ਨਾਲ ਜੁੜੇ ਤੇਜਾ ਸਿੰਘ ਗੁਦਰਾਣਾ, ਅਮੀ ਲਾਲ, ਰਵੀ ਕਾਂਤ ਡੂਡੀ ਤੇ ਸ਼੍ਰੀਮਤੀ ਜਸਪਾਲ ਕੌਰ ਵੱਲੋਂ ਕਿਸਾਨਾਂ ਨੂੰ ਕੁਦਰਤੀ ਖੇਤੀ ਤਕਨੀਕਾਂ ਅਪਨਾਉਣ ਦੀ ਸਲਾਹ ਦਿੱਤੀ ਗਈ। ਬੁਲਾਰਿਆਂ ਨੇ ਕਿਹਾ ਕਿ ਪਿੰਡ ਸਿੰਘਪੁਰਾ ਦੇ ਰੇਤਲੇ ਟਿੱਬਿਆਂ ਵਿੱਚ ਕੁਦਰਤੀ ਫਲਾਂ ਸਮੇਤ ਵਾਤਾਵਰਣ ਸੁਰੱਖਿਆ ਦੇ ਖੇਤਰ ਵਿੱਚ ਮਾ: ਜਗਦੀਸ਼ ਸਿੰਘ ਦੇ ਉੱਦਮ ਨੂੰ ਉਹ ਸਲਾਮ ਕਰਦੇ ਹਨ। ਇਸ ਕੈਂਪ ਦੇ ਮੁੱਖ ਪ੍ਰਬੰਧਕ ਮਾ: ਜਗਦੀਸ਼ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਇਸ ਕੁਦਰਤੀ ਖੇਤੀ ਫਾਰਮ ਵਿੱਚ ਫਲ ਤੇ ਸਬਜ਼ੀਆਂ ਨੂੰ ਜ਼ਹਿਰੀਲੀਆਂ ਖਾਧਾਂ ਤੇ ਸਪਰੇਆਂ ਤੋਂ ਮੁਕਤ ਰੱਖਿਆ ਗਿਆ ਹੈ, ਜਿਸ ਕਾਰਨ ਫਲ ਤੇ ਸਬਜ਼ੀਆਂ ਦੇ ਸਵਾਦ ਨੂੰ ਪਰਖ ਕੇ ਦੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬਾਗ 'ਚ ਪੂਰੀ ਜੈਵਿਕ ਖੇਤੀ ਹੋ ਰਹੀ ਹੈ। ਜ਼ਿਲ੍ਹਾ ਬਾਗਬਾਨੀ ਅਫਸਰ ਡਾ. ਰਿੰਕੂ ਦਾ ਕਹਿਣਾ ਸੀ ਕਿ ਇਸ ਕਿਸਾਨ ਚਰਚਾ ਦੌਰਾਨ ਬਾਗਬਾਨੀ ਬਾਰੇ ਵੱਖ ਵੱਖ ਕਿਸਾਨਾਂ ਦੇ ਸੁਝਾਵਾਂ ਨੂੰ ਵਿਭਾਗ ਵੱਲੋਂ ਨੋਟ ਕੀਤਾ ਗਿਆ ਹੈ। ਜੈਵਿਕ ਖੇਤੀ ਫਾਰਮ ਵਿਖੇ ਪੁੱਜਣ ਵਾਲਿਆਂ ਵਿੱਚ ਬਾਗਬਾਨ ਗੁਰਮੀਤ ਸਿੰਘ ਸਿੱਧੂ, ਮਲਕੀਤ ਸਿੰਘ, ਨਾਜ਼ਰ ਸਿੰਘ ਮਾ: ਬਲਜੀਤ ਸਿੰਘ, ਬੱਬੂ ਸ਼ਰਮਾ, ਸ਼੍ਰੀਮਤੀ ਚਹਿਲ, ਜੈਸਮੀਨ ਤੇ ਰਵਨੀਤ ਕੌਰ ਸ਼ਾਮਲ ਸਨ।

## ਸਫਾ 1 ਦੇ ਬਾਕੀ...

### ਕਾਂਗਰਸ ਵੱਲੋਂ ਮਨਰੇਗਾ...

ਲੋਕਤੰਤਰ, ਸੰਵਿਧਾਨ ਅਤੇ ਨਾਗਰਿਕ ਅਧਿਕਾਰ ਗੰਭੀਰ ਖ਼ਤਰੇ ਵਿੱਚ ਹਨ। ਖੜਗੇ ਨੇ ਕਿਹਾ ਕਿ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਯੂ ਪੀ ਏ ਸਰਕਾਰ ਦਾ ਇੱਕ ਦੂਰਅੰਦੇਸ਼ੀ ਕਾਨੂੰਨ ਸੀ, ਜਿਸ ਦੀ ਪੂਰੀ ਦੁਨੀਆ ਵਿੱਚ ਸ਼ਲਾਘਾ ਹੋਈ ਸੀ। ਉਨ੍ਹਾ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਬਿਨਾਂ ਕਿਸੇ ਅਧਿਐਨ, ਮੁਲਾਂਕਣ ਜਾਂ ਰਾਜਾਂ ਅਤੇ ਸਿਆਸੀ ਪਾਰਟੀਆਂ ਨਾਲ ਸਲਾਹ ਕੀਤੇ ਇਸ ਕਾਨੂੰਨ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਉਨ੍ਹਾ ਬੰਗਲਾਦੇਸ਼ ਵਿੱਚ ਹਿੰਦੂ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਪੂਰਾ ਦੇਸ਼ ਇਸ 'ਤੇ ਚਿੰਤਤ ਹੈ। ਖੜਗੇ ਨੇ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਨਾਲ ਜੁੜੀਆਂ ਜਥੇਬੰਦੀਆਂ ਵੱਲੋਂ ਕ੍ਰਿਸਮਸ ਦੇ ਜਸ਼ਨਾਂ 'ਤੇ ਕੀਤੇ ਗਏ ਹਮਲਿਆਂ ਨੇ ਫਿਰਕੂ ਸਦਭਾਵਨਾ ਨੂੰ ਵਿਗਾੜਿਆ ਹੈ ਅਤੇ ਵਿਸ਼ਵ ਪੱਧਰ 'ਤੇ ਭਾਰਤ ਦੇ ਅਕਸ ਨੂੰ ਠੇਸ ਪਹੁੰਚਾਈ ਹੈ।

### ਭਾਰਤੀ ਕਮਿਊਨਿਸਟ...

ਰਾਜ ਕਰਦੀ ਪਾਰਟੀ ਅਤੇ ਇਸ ਦੀ ਮਾਂ ਸੰਸਥਾ ਆਰ ਐੱਸ ਐੱਸ ਦੇਸ਼ ਦੇ ਸਾਰੇ ਜਮਹੂਰੀ ਅਦਾਰਿਆਂ ਅੰਦਰ ਘੁਸਪੈਠ ਕਰਕੇ ਦੇਸ਼ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੀ ਹੋਈ ਹੈ। ਦੇਸ਼ ਅੰਦਰ ਵਸਦੀਆਂ ਘੱਟ ਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ, ਮੁਸਲਮਾਨਾਂ, ਔਰਤਾਂ ਅਤੇ ਦਲਿਤ ਵਰਗਾਂ ਖਿਲਾਫ ਯੋਜਨਾਬੱਧ ਤਰੀਕੇ ਨਾਲ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ।ਜ਼ਿਲ੍ਹਾ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰ ਨੇ ਕਿਹਾ ਕਿ ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਹੈ, ਜਿਹਨਾਂ ਮੁਗਲ ਸ਼ਾਸਕਾਂ ਦੀ ਈਨ ਨਾ ਮੰਨ ਕੇ ਕੁਰਬਾਨੀ ਦਿੱਤੀ ਸੀ। ਉਹਨਾਂ ਦੀ ਸ਼ਹਾਦਤ ਅੱਜ ਵੀ ਜਬਰ ਖਿਲਾਫ ਲੜਨ ਵਾਲੇ ਲੋਕਾਂ ਲਈ ਚਾਨਣ-ਮੁਨਾਰਾ ਹੈ।ਉਥੇ ਅੱਜ ਦੇ ਦਿਨ ਹੀ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ 'ਤੇ ਉਸ ਵੱਲੋਂ ਦੇਸ਼ ਦੇ ਆਜ਼ਾਦੀ ਅੰਦੋਲਨ ਅੰਦਰ ਕੀਤੀ ਲਾਸਾਨੀ ਕੁਰਬਾਨੀ ਨੂੰ ਸਲਾਮ ਕਰਦਿਆਂ ਉਹਨਾ ਤੋਂ ਪ੍ਰੇਰਨਾ ਲੈਣ ਦਾ ਸੁਨੇਹਾ ਦਿੰਦਿਆਂ ਅੱਜ ਦੇ ਸਮੇਂ ਦੀਆਂ ਸਰਕਾਰਾਂ ਦੇ ਜਬਰ-ਜ਼ੁਲਮ ਖਿਲਾਫ ਡਟਣ ਦਾ ਸੱਦਾ ਦਿੱਤਾ ਗਿਆ। ਮੀਟਿੰਗ 'ਚ 4 ਜਨਵਰੀ ਨੂੰ ਬਾਬਾ ਸੋਹਣ ਸਿੰਘ ਭਕਨਾ ਦੀ ਯਾਦ ਵਿੱਚ ਉਹਨਾ ਦੇ ਪਿੰਡ ਵਿਖੇ ਕੀਤੀ ਜਾਣ ਵਾਲੀ ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਫੈਸਲਾ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਮਜਦੂਰਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਖਤਮ ਕਰਨ ਅਤੇ ਲਗਾਤਾਰ ਲੋਕ ਵਿਰੋਧੀ ਕਾਨੂੰਨਾਂ ਰਾਹੀਂ ਲੋਕਾਂ ਉਪਰ ਕੀਤੇ ਜਾ ਰਹੇ ਹਮਲਿਆਂ ਖਿਲਾਫ ਲੋਕ ਲਹਿਰ ਖੜੀ ਕਰਨ ਲਈ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਪਰ ਮਨਰੇਗਾ ਕਾਨੂੰਨ ਖਤਮ ਕਰਨ, ਬਿਜਲੀ ਬਿੱਲ 2025, ਬੀਜ ਬਿੱਲ ਅਤੇ ਚਾਰ ਲੇਬਰ ਕੋਡਾਂ ਖਿਲਾਫ 16 ਜਨਵਰੀ ਦੇ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਨੂੰ ਕਾਮਯਾਬ ਕਰਨ ਲਈ ਆਮ ਲੋਕਾਂ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਗਿਆ। ਜ਼ਿਲ੍ਹਾ ਸਕੱਤਰ ਵੱਲੋਂ ਪਾਰਟੀ ਦੇ ਪਿਛਲੇ ਤਿੰਨ ਸਾਲਾਂ ਦੀ ਜਥੇਬੰਦਕ ਤੇ ਸਿਆਸੀ ਰਿਪੋਰਟ ਹਾਊਸ ਸਾਹਮਣੇ ਪੇਸ਼ ਕੀਤੀ ਗਈ, ਜੋ ਬਹਿਸ ਉਪਰੰਤ ਕੁਝ ਵਾਧਿਆਂ ਨਾਲ ਸਰਬਸੰਮਤੀ ਨਾਲ ਪ੍ਰਵਾਨ ਕੀਤੀ ਗਈ। ਇਸ ਉਪਰੰਤ ਜ਼ਿਲ੍ਹਾ ਕੌਂਸਲ ਨੇ ਪਾਰਟੀ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ 29 ਜਨਵਰੀ ਨੂੰ ਪਿੰਡ ਖਜਾਲਾ (ਅੰਮ੍ਰਿਤਸਰ-ਮਹਿਤਾ ਰੋਡ) ਵਿਖੇ ਕਰਵਾਉਣ ਦਾ ਫੈਸਲਾ ਕੀਤਾ।

ਮੀਟਿੰਗ ਵਿੱਚ ਬਲਵਿੰਦਰ ਸਿੰਘ ਦੁਧਾਲਾ, ਨਰਿੰਦਰ ਬੱਲ, ਮੰਗਲ ਸਿੰਘ ਖਜਾਲਾ, ਗੁਰਦੀਪ ਸਿੰਘ ਗੁਰੂਵਾਲੀ, ਗੁਰਮੁਖ ਸਿੰਘ ਸ਼ੇਰਗਿੱਲ, ਅਜਮਤ ਮਸੀਹ ਅਟਾਰੀ, ਸੁੱਚਾ ਸਿੰਘ ਧੌਲ, ਬਲਕਾਰ ਸਿੰਘ ਦੁਧਾਲਾ, ਜੋਗਿੰਦਰ ਸਿੰਘ ਗੋਪਾਲਪੁਰ, ਪ੍ਰਕਾਸ਼ ਸਿੰਘ ਕੈਰੋਂਨੰਗਲ, ਕੁਲਵੰਤ ਸਿੰਘ ਫਤਿਹਗੜ੍ਹ ਸ਼ੁੱਕਰਚੱਕ, ਪਲਵਿੰਦਰ ਸਿੰਘ ਬੱਲ, ਬਲਬੀਰ ਸਿੰਘ ਗੁਮਾਨਪੁਰ, ਜਸਪਾਲ ਸਿੰਘ ਖਾਸਾ, ਕਰਨੈਲ ਸਿੰਘ ਨਵਾਂ ਪਿੰਡ, ਮਾਸਟਰ ਅਜਾਦ ਸਿੰਘ ਮਹਿਤਾ, ਨਰਿੰਦਰ ਸਿੰਘ ਸੈਦੋਲੇਹਲ, ਹਰਜੀਤ ਸਿੰਘ ਨਿਜ਼ਾਮਪੁਰ, ਜੋਗਿੰਦਰ ਸਿੰਘ ਚਵਿੰਡਾ ਦੇਵੀ, ਜਗਦੀਸ਼ ਸਿੰਘ ਲਹਿਰਕਾ, ਬਲਵਿੰਦਰ ਸਿੰਘ ਵਰਪਾਲ, ਕਸ਼ਮੀਰ ਸਿੰਘ ਗੁਰੂਵਾਲੀ, ਮਨਜੀਤ ਸਿੰਘ ਵਰਪਾਲ ਤੇ ਨਿਰਮਲ ਸਿੰਘ ਰਾਮਪੁਰ ਆਦਿ ਮੌਜੂਦ ਸਨ।

### ਨਸ਼ੀਲੇ ਪਦਾਰਥਾਂ...

ਤਕਰੀਬਨ 88 ਫੀਸਦੀ ਤੱਕ ਪਹੁੰਚ ਗਈ ਹੈ, ਜੋ ਕਿ ਮਜ਼ਬੂਤ ਕੇਸ ਤਿਆਰੀ ਅਤੇ ਫੋਰੈਂਸਿਕ ਸਹਾਇਤਾ ਅਤੇ ਮੁਕੱਦਮੇਬਾਜ਼ੀ ਨੂੰ ਦਰਸਾਉਂਦੀ ਹੈ। ਸੂਬਾ ਸਰਕਾਰ ਨੇ ਡਰੋਨ-ਅਧਾਰਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮੁਕਾਬਲਾ ਕਰਨ ਲਈ ਆਪਣੀ ਸਮਰੱਥਾ ਵਿੱਚ ਕਾਫ਼ੀ ਵਾਧਾ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਹਾਲ ਹੀ ਦੇ ਸਾਲਾਂ ਵਿੱਚ ਸੈਂਕੜੇ ਡਰੋਨ ਬਰਾਮਦ ਹੋਏ ਹਨ ਅਤੇ ਸਾਲ 2025 ਵਿੱਚ ਡਰੋਨਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਵਿੱਚ ਅਹਿਮ ਮਦਦ ਮਿਲੀ ਹੈ। ਗੈਂਗਸਟਰਾਂ ਵਿਰੁੱਧ ਕਾਰਵਾਈ ਦਾ ਹਵਾਲਾ ਦਿੰਦੇ ਹੋਏ ਮਾਨ ਨੇ ਕਿਹਾ ਕਿ ਪਹਿਲੀ ਜਨਵਰੀ ਤੋਂ 17 ਦਸੰਬਰ ਤੱਕ ਪੰਜਾਬ ਪੁਲਸ ਨੇ 916 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, 13 ਨੂੰ ਮੁਕਾਬਲਿਆਂ ਵਿੱਚ ਖ਼ਤਮ ਕੀਤਾ ਹੈ, 389 ਮਡਿਊਲ ਦਾ ਪਰਦਾ ਫਾਸ਼ ਕੀਤਾ ਅਤੇ 594 ਹਥਿਆਰ ਬਰਾਮਦ ਕੀਤੇ ਹਨ।

## ਮ੍ਰਿਤਕ ਅਧਿਆਪਕ ਜੋੜੇ ਦੇ ਬੱਚਿਆਂ ਨੂੰ ਮਦਦ ਦਿਵਾਉਣ ਲਈ ਕੈਂਡਲ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਦਿਨੀਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਦੇ ਨਾਕਸ ਪ੍ਰਬੰਧਾਂ ਦੀ ਭੇਟ ਚੜ੍ਹੇ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ ਤੇ ਉਨ੍ਹਾਂ ਦੀ ਪਤਨੀ ਨੂੰ ਇਨਸਾਫ ਦਿਵਾਉਣ ਲਈ ਅਧਿਆਪਕ ਜਥੇਬੰਦੀਆਂ ਦੇ ਫੈਸਲੇ ਅਨੁਸਾਰ ਉਹਨਾਂ ਦੇ ਪਿੰਡ ਧੂੜਕੋਟ ਵਿਖੇ ਅਧਿਆਪਕ, ਕਿਸਾਨ, ਮਜ਼ਦੂਰ ਜਥੇਬੰਦੀਆਂ ਤੇ ਧੂੜਕੋਟ ਪਿੰਡ ਦੇ ਲੋਕਾਂ ਵੱਲੋਂ ਪੰਜਾਬ ਸਰਕਾਰ ਦੀ ਗੈਰ-ਸੰਵੇਦਨਸ਼ੀਲਤਾ ਤੇ ਪਰਿਵਾਰ ਪ੍ਰਤੀ ਦਿਖਾਈ ਗੈਰ-ਸੰਜੀਦਗੀ ਦੇ ਵਿਰੋਧ ਵਿੱਚ ਉਨ੍ਹਾਂ ਦੇ ਪਿੰਡ ਧੂੜਕੋਟ ਵਿਖੇ ਕੈਂਡਲ ਮਾਰਚ ਕੱਢਿਆ ਗਿਆ। ਦਿਗਵਿਜੈਪਾਲ ਸ਼ਰਮਾ, ਹਰਜੰਟ ਸਿੰਘ ਬੌਡੇ, ਭਜਨ ਸਿੰਘ ਗਿੱਲ, ਕਰਮ ਰਾਮਾ, ਕੁਲਦੀਪ ਕੌਰ ਕੁੱਸਾ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਦੀ ਸਰਕਾਰ ਅਤੇ ਉਸਦੇ ਮੁੱਖਮੰਤਰੀ ਵੱਲੋਂ ਅਧਿਆਪਕ ਜੋੜੇ ਦੇ ਪਰਿਵਾਰ ਨੂੰ ਮਿਲਕੇ ਦਿਲਾਸਾ ਤਾਂ ਕੀ ਦੇਣਾ ਸੀ, ਬਲਕਿ ਉਨ੍ਹਾਂ ਦੇ ਭੋਗ ਤੇ ਦੋਵੇਂ ਅਧਿਆਪਕ ਪਤੀ-ਪਤਨੀ ਨੂੰ 10-10 ਲੱਖ ਦਾ ਮੁਆਵਜ਼ਾ ਦੇ ਕੇ ਪਰਿਵਾਰ ਨਾਲ ਕੋਝਾ ਮਜ਼ਾਕ ਕੀਤਾ ਹੈ।ਅਮਨਦੀਪ ਮਾਛੀਕੇ, ਜਤਿੰਦਪਾਲ ਸਿੰਘ ਘੋਸਾ, ਤੇਜਿੰਦਰ ਸਿੰਘ, ਗੁਰਮੀਤ ਸਿੰਘ ਝੋਰੜਾ, ਡਾ. ਹਰਗੁਰਪ੍ਰਤਾਪ ਸਿੰਘ, ਜਗਮੀਤ ਸਿੰਘ ਲੁਹਾਰਾ, ਕਾਮਰੇਡ ਜਗਜੀਤ ਸਿੰਘ ਆਦਿ ਆਗੂਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਜ਼ਹਰੀਲੀ ਸ਼ਰਾਬ ਪੀਣ ਨਾਲ ਮਰਨ ਵਾਲਿਆਂ ਨੂੰ ਤਾ ਸਰਕਾਰ ਵੱਲੋਂ 10-10 ਲੱਖ ਰੁਪਏ ਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀ ਦਿੱਤੀ ਗਈ, ਪਰ ਆਨ ਡਿਊਟੀ ਜਾਨ ਗਵਾਉਣ ਵਾਲੇ ਪੜ੍ਹੇ ਲਿਖੇ ਅਧਿਆਪਕ ਜੋੜੇ ਦੇ ਬੱਚਿਆਂ ਨੂੰ ਸਰਕਾਰੀ ਨੌਕਰੀ ਦਾ ਪ੍ਰਬੰਧ ਕਰਨ ਤੋਂ ਮੁਨਕਰ ਹੋ ਗਈ। ਇਸ ਸਮੇਂ ਕੁਲਵੰਤ ਪੱਤੋ, ਨਵਦੀਪ ਧੂੜਕੋਟ, ਸਤਪਾਲ ਸਿੰਘ, ਹੀਰਾ ਸਿੰਘ ਢਿੱਲੋਂ, ਜਤਿੰਦਰ ਸਿੰਘ ਸਰਪੰਚ, ਡਾਕਟਰ ਨਵਦੀਪ ਸਿੰਘ ਜੌੜਾ, ਨਰਿੰਦਰ ਸਿੰਘ ਸਾਬਕਾ ਸਰਪੰਚ, ਕੈਪਟਨ ਹਰਦੇਵ ਸਿੰਘ, ਦਲਜੀਤ ਸਿੰਘ ਸਾਬਕਾ ਸਰਪੰਚ, ਡਾਕਟਰ ਨਵਤੇਜ ਸਿੰਘ, ਕਾਮਰੇਡ ਮਿੰਦਰ ਸਿੰਘ, ਜਸਵਿੰਦਰ ਸਿੰਘ ਲੈਕਚਰਾਰ ਆਦਿ ਹਾਜ਼ਰ ਸਨ।

## ਮਾਛੀਵਾੜਾ ਪੁੱਜਣ 'ਤੇ ਅਲੌਕਿਕ ਦਸਮੇਸ਼ ਪੈਦਲ ਮਾਰਚ ਦਾ ਸੰਗਤਾਂ ਵੱਲੋਂ ਭਰਵਾਂ ਸਵਾਗਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਰਗ 'ਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਗੁਰਦੁਆਰਾ ਮੈਹਿਦੀਆਣਾ ਸਾਹਿਬ ਵੱਲੋਂ ਸਵ. ਬਾਬਾ ਜ਼ੋਰਾ ਸਿੰਘ ਲੱਖਾ ਦੇ ਉਪਰਾਲੇ ਸਦਕਾ ਚੱਲੇ ਆਲੌਕਿਕ ਦਸਮੇਸ਼ ਪੈਦਲ ਮਾਰਚ ਦਾ ਮਾਛੀਵਾੜਾ ਸਾਹਿਬ ਪੁੱਜਣ 'ਤੇ ਸੰਗਤਾਂ ਵੱਲੋਂ ਵਰ੍ਹਦੇ ਮੀਂਹ ਵਿੱਚ ਭਰਵਾਂ ਸਵਾਗਤ ਕੀਤਾ ਗਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਇਹ ਪੈਦਲ ਮਾਰਚ ਸਵ. ਬਾਬਾ ਜ਼ੋਰਾ ਸਿੰਘ ਲੱਖਾ ਨੇ ਕਰੀਬ ਢਾਈ ਦਹਾਕੇ ਪਹਿਲਾਂ ਸ਼ੁਰੂ ਕੀਤਾ ਸੀ ਤੇ ਅੱਜ ਇਹ ਸਾਲਾਨਾ 31ਵਾਂ ਪੈਦਲ ਮਾਰਚ ਉਨ੍ਹਾਂ ਦੇ ਗੱਦੀ ਨਸ਼ੀਨ ਬਾਬਾ ਕੁਲਵੰਤ ਸਿੰਘ ਲੱਖਾ, ਸੁਖਦੇਵ ਸਿੰਘ ਦੇਹੜਕਾ, ਰਾਗੀ ਹਰਜਿੰਦਰ ਸਿੰਘ ਰਾਜਾ ਦੇ ਯਤਨਾਂ ਸਦਕਾ 6-7 ਪੋਹ ਦੀ ਰਾਤ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਰਵਾਨਾ ਹੋਇਆ। ਇਹ ਪੈਦਲ ਮਾਰਚ ਉਹ ਸਫ਼ਰ ਤੈਅ ਕਰਦਾ ਹੈ ਜਿੱਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਕ-ਸੱਚ ਦੀ ਲੜਾਈ ਲੜਦੇ ਮੁਕਤਸਰ ਪਹੁੰਚੇ ਸਨ।

ਇਹ ਪੈਦਲ ਮਾਰਚ ਸ੍ਰੀ ਪਰਿਵਾਰ ਵਿਛੋੜਾ ਸਾਹਿਬ, ਸ੍ਰੀ ਭੱਠਾ ਸਾਹਿਬ ਰੋਪੜ, ਦੁੱਗਰੀ, ਚਮਕੌਰ ਸਾਹਿਬ, ਕੀੜੀ ਅਫਗਾਨਾਂ, ਝਾੜ ਸਾਹਿਬ, ਪਵਾਤ ਤੋਂ ਹੋ ਕੇ 26 ਦਸੰਬਰ ਦੀ ਰਾਤ ਨੂੰ ਮਾਛੀਵਾੜਾ ਸਾਹਿਬ ਪੁੱਜਿਆ, ਜਿੱਥੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ, ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਕਥਾਵਾਚਕ ਭਾਈ ਇਕਨਾਮ ਸਿੰਘ ਨੇ ਸੰਗਤਾਂ ਸਮੇਤ ਸਵਾਗਤ ਕੀਤਾ। ਅੱਜ ਇਹ ਪੈਦਲ ਮਾਰਚ ਆਪਣੀ ਅਗਲੀ ਮੰਜ਼ਿਲ ਕਟਾਣਾ ਸਾਹਿਬ ਵੱਲ ਨੂੰ ਰਵਾਨਾ ਹੋ ਗਿਆ, ਜਿਸ ਦਾ ਰਸਤੇ ਵਿੱਚ ਗਨੀ ਖਾਂ ਨਬੀ ਖਾਂ ਗੇਟ ਨੇੜੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਸਮੇਤ ਸੰਗਤਾਂ ਨੇ ਸਵਾਗਤ ਕੀਤਾ ਅਤੇ ਪੰਜ ਪਿਆਰਿਆਂ ਤੇ ਬਾਬਾ ਕੁਲਵੰਤ ਸਿੰਘ ਲੱਖਾ ਨੂੰ ਸਿਰੋਪਾਓ ਭੇਟ ਕੀਤੇ। ਪੈਦਲ ਮਾਰਚ ਵਿਚ ਗੁਰੂ ਸਾਹਿਬ ਜੀ ਦੀ ਜੀਵਨੀ ਨਾਲ ਸੰਬੰਧਤ ਵੱਡ ਅਕਾਰੀ ਚਿੱਤਰ ਜੋ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜ ਰਹੇ ਹਨ, ਉੱਥੇ ਊਠ, ਘੋੜੇ ਤੇ ਹਾਥੀ ਜੋ ਗੁਰੂ ਸਾਹਿਬ ਦੀਆਂ ਫੌਜਾਂ 'ਚ ਸ਼ਾਮਲ ਹੁੰਦੇ ਸਨ, ਉਹ ਵੀ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪੈਦਲ ਮਾਰਚ 'ਚ ਸ਼ਾਮਲ ਸੰਗਤਾਂ ਲਈ ਚਾਹ, ਦੁੱਧ ਅਤੇ ਹੋਰ ਵਸਤਾਂ ਦਾ ਵੀ ਲੰਗਰ ਵੰਡਿਆ ਜਾ ਰਿਹਾ ਹੈ। ਪੈਦਲ ਮਾਰਚ ਦਾ ਸਵਾਗਤ ਕਰਨ ਵਾਲਿਆਂ ਵਿਚ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਕੌਂਸਲਰ ਜਗਮੀਤ ਸਿੰਘ ਮੱਕੜ, ਗੁਰਨਾਮ ਸਿੰਘ ਖਾਲਸਾ, ਹਰਵਿੰਦਰ ਸਿੰਘ ਸ਼ੇਰੀਆਂ, ਬਾਬਾ ਬਲਜੀਤ ਸਿੰਘ, ਘਰਿੰਦਰਪਾਲ ਸਿੰਘ ਬੱਬੂ, ਜਸਵੀਰ ਸਿੰਘ ਗਿੱਲ, ਸਿਮਰਨਜੀਤ ਸਿੰਘ ਗੋਗੀਆ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28 Dec Page 3.qxd 12/27/2025 9:50 PM Page 1



# ਰੋਸ ਵਜੋਂ ਮੋਦੀ ਸਰਕਾਰ ਵਿਰੁੱਧ ਪੁਤਲਾ ਫੂਕ ਪ੍ਰਦਰਸ਼ਨ



## ● ਲੋਕ ਮਾਰੂ ਕਾਨੂੰਨਾਂ ਖਿਲਾਫ ਸਾਂਝਾ ਸੰਘਰਸ਼ ਤਿੱਖਾ ਕਰਨ ਦਾ ਦਿੱਤਾ ਸੱਦਾ

**ਸਰਹਾਲੀ ਕਲਾਂ (ਨਜ਼ਸ)**-ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਖਤਮ ਕਰਕੇ 'ਜੀ ਰਾਮ ਜੀ' 'ਤੇ ਗ੍ਰਾਮ ਸਭਾਵਾਂ ਰਾਹੀਂ ਜਨਤਕ ਮੋਹਰ ਲਵਾਉਣ ਖਿਲਾਫ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਪੰਜਾਬ ਖੇਤ ਮਜ਼ਦੂਰ ਸਭਾ ਨੇ ਸਰਹਾਲੀ ਕਲਾਂ ਵਿਖੇ ਕਾਮਰੇਡ ਬਲਜਿੰਦਰ ਕੌਰ ਦੀ ਅਗਵਾਈ ਹੇਠ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇੱਕਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਆਗੂ ਕਾਮਰੇਡ ਹਰਜਿੰਦਰ ਕੌਰ ਸਰਹਾਲੀ ਕਲਾਂ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਕੇਂਦਰ ਸਰਕਾਰ ਮਨਰੇਗਾ ਨੂੰ ਖਤਮ ਕਰਕੇ ਪਿੰਡਾਂ ਦੇ ਖੇਤ ਮਜ਼ਦੂਰਾਂ ਨਾਲ਼ ਧਰੋਹ ਕਮਾ ਰਹੀ ਹੈ।ਦੇਸ਼ ਦੇ ਪ੍ਰਧਾਨ ਮੰਤਰੀ ਦੇਸ਼ 'ਚੋਂ ਗੁਲਾਮੀ ਦੀਆਂ ਨਿਸ਼ਾਨੀਆਂ ਖ਼ਤਮ ਕਰਨ ਅਤੇ ਵਿਕਾਸ ਦੇ ਭਰਮਾਊ ਨਾਹਰੇ ਦੁਆਲੇ ਕਿਰਤੀ ਲੋਕਾਂ ਦੇ ਹਿੱਤਾਂ ਦੀ ਨਾਂਮਾਤਰ ਸੁਰੱਖਿਆ ਕਰਦੇ ਨਿਯਮਾਂ-ਕਾਨੂੰਨਾਂ ਨੂੰ ਸੋਧਣ ਤੇ ਬਦਲਣ ਰਾਹੀਂ ਸਾਮਰਾਜੀ ਮੁਲਕਾਂ, ਕਾਰਪੋਰੇਟ ਘਰਾਣਿਆਂ ਅਤੇ ਜਗੀਰਦਾਰ ਜਮਾਤ ਦੇ ਹਿੱਤਾਂ ਦੀ ਰਾਖੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ 'ਵੀ ਬੀ ਜੀ ਰਾਮ ਜੀ' ਰਾਹੀਂ ਮਨਰੇਗਾ 'ਚ ਕੰਮ ਦੇ ਅਧਿਕਾਰ ਨੂੰ ਖਤਮ ਕਰਕੇ ਇਸ ਨੂੰ ਕੇਂਦਰ ਸਰਕਾਰ ਦੀ ਮਰਜ਼ੀ ਦਾ ਮੁਥਾਜ ਬਣਾ ਦਿੱਤਾ ਹੈ ਅਤੇ ਜੌਬ ਕਾਰਡਾਂ ਦੀ ਮਿਆਦ ਪੰਜ ਸਾਲ ਤੋਂ ਘਟਾ ਕੇ ਤਿੰਨ ਸਾਲ ਕਰਨ ਤੇ ਕੇਂਦਰੀ ਬਜਟ ਘਟਾਉਣ ਵਰਗੇ ਮਜ਼ਦੂਰ ਵਿਰੋਧੀ ਕਦਮਾਂ ਨੂੰ ਕੰਮ ਦਿਹਾੜੀਆਂ ਵਧਾਉਣ ਦੇ ਗੁੰਮਰਾਹਕੁੰਨ ਪ੍ਰਚਾਰ ਰਾਹੀਂ ਕਿਰਤੀ ਲੋਕਾਂ ਦੀਆਂ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਤੇ ਕਾਂਗਰਸ ਪਾਰਟੀ ਵੀ ਜੀ ਰਾਮ ਜੀ ਦੇ ਮਜ਼ਦੂਰ ਵਿਰੋਧੀ ਤੱਤ ਖਿਲਾਫ ਆਵਾਜ਼ ਉਠਾਉਣ ਦੀ ਥਾਂ ਸਿਰਫ਼ ਨਾਂਅ ਦੀ ਤਬਦੀਲੀ ਨੂੰ ਹੀ ਮੁੱਖ ਆਧਾਰ ਬਣਾ ਕੇ ਵਿਰੋਧ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਨਰਿੰਦਰ ਮੋਦੀ ਹਕੂਮਤ ਵਾਂਗ ਵਿਦੇਸ਼ੀ ਪੂੰਜੀ ਨੂੰ ਹੀ ਸੂਬੇ ਦੇ ਵਿਕਾਸ ਦਾ ਮੰਤਵ ਦੱਸ ਕੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਨ ਰਾਹੀਂ ਜਨਤਕ ਖੇਤਰ ਦੀਆਂ ਜਾਇਦਾਦਾਂ ਵੇਚਣ ਅਤੇ ਪੱਕੇ ਰੁਜ਼ਗਾਰ ਦੀ ਥਾਂ ਠੇਕਾ ਭਰਤੀ ਵਰਗੀਆਂ ਨੀਤੀ ਲਾਗੂ ਕਰ ਰਹੀ ਹੈ।ਉਨ੍ਹਾਂ ਪਿੰਡਾਂ ਦੇ ਕਿਰਤੀ ਲੋਕਾਂ ਨੂੰ ਸੱਦਾ ਦਿੱਤਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਤੇ ਲੋਕ ਵਿਰੋਧੀ ਨੀਤੀਆਂ, ਬਿਜਲੀ ਬਿੱਲ -2025 ਦੇ ਖਿਲਾਫ, ਚਾਰ ਲੇਬਰ ਕੋਡ ਰੱਦ ਕਰਾਉਣ ਅਤੇ ਮਨਰੇਗਾ ਨੂੰ ਖਤਮ ਕਰਕੇ ਜੀ ਰਾਮ ਜੀ ਤੇ ਗ੍ਰਾਮ ਸਭਾਵਾਂ ਰਾਹੀਂ ਜਨਤਕ ਮੋਹਰ ਲਵਾਉਣ ਖਿਲਾਫ ਸਾਂਝੇ ਮਜ਼ਦੂਰ ਮੋਰਚੇ ਦੇ ਸੱਦੇ 'ਤੇ 6 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਤਰਨ ਤਾਰਨ ਵਿਖੇ ਰੋਸ ਧਰਨਾ ਦਿੱਤਾ ਜਾ ਰਿਹਾ ਹੈ।ਉਨ੍ਹਾਂ ਪਿੰਡਾਂ ਦੇ ਕਿਰਤੀ ਲੋਕਾਂ ਨੂੰ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਸਾਥੀ ਪੂਰਨ ਸਿੰਘ, ਦਲਬੀਰ ਸਿੰਘ, ਜੋਗਿੰਦਰ ਸਿੰਘ, ਅਜੀਤ ਸਿੰਘ, ਸੀਮਾ, ਨਿੰਦਰ ਕੌਰ, ਗਗਨਦੀਪ ਸਿੰਘ, ਲਖਵਿੰਦਰ ਕੌਰ, ਰਵਿੰਦਰ ਸਿੰਘ, ਗੁਰਮੀਤ ਕੌਰ, ਜਗੀਰ ਸਿੰਘ, ਮਨਜੀਤ ਕੌਰ, ਸ਼ਿੰਦਰ ਕੌਰ ਆਦਿ ਹਾਜ਼ਰ ਸਨ।

# ਆਵਾਸ ਯੋਜਨਾ ਤਹਿਤ ਟੌਂਗ ਨੇ ਕਰੀਬ 77 ਲੱਖ ਰੁਪਏ ਦੀ ਰਾਸ਼ੀ ਵੰਡੀ



**ਬਿਆਸ (ਪਰਮਜੀਤ ਸਿੰਘ ਰੱਖੜਾ)**- ਵਿਧਾਇਕ ਦਲਬੀਰ ਸਿੰਘ ਟੌਂਗ ਨੇ ਬਾਬਾ ਬਕਾਲਾ ਵਿਖੇ ਆਵਾਸ ਯੋਜਨਾ ਤਹਿਤ ਘਰ ਬਣਾਉਣ ਲਈ 31 ਪਰਿਵਾਰਾਂ ਨੂੰ 77 ਲੱਖ 50 ਹਜ਼ਾਰ ਰੁਪਏ ਦੀ ਰਾਸ਼ੀ ਵੰਡੀ।ਸਰਦਾਰ ਟੌਂਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗਰੀਬ ਅਤੇ ਜ਼ਰੂਰਤਮੰਦ ਪਰਿਵਾਰਾਂ ਨੂੰ ਪੱਕੇ ਘਰ ਮੁੱਹਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਸਕੀਮ ਸਬੰਧੀ ਲੋਕਾਂ ਨੂੰ ਲਗਾਤਾਰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਰਕਮ ਗਰੀਬ ਪਰਿਵਾਰਾਂ ਨੂੰ ਆਪਣੇ ਸੁਪਨੇ ਦਾ ਘਰ ਬਣਾਉਣ ਵਿੱਚ ਵੱਡੀ ਸਹਾਇਤਾ ਦੇਵੇਗੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਕਮਜ਼ੋਰ ਵਰਗਾਂ ਨੂੰ ਮਜ਼ਬੂਤ ਕਰਨਾ ਹੈ ਅਤੇ ਉਨ੍ਹਾਂ ਨੂੰ ਸਿਹਤ ਸਿੱਖਿਆ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ।ਵਿਧਾਇਕ ਟੌਂਗ ਨੇ ਦੱਸਿਆ ਕਿ ਆਵਾਸ ਯੋਜਨਾ ਤਹਿਤ ਲੋੜਵੰਦਾਂ ਨੂੰ ਉਨ੍ਹਾਂ ਦੇ ਘਰ ਦੀ ਛੱਤ, ਕਮਰਾ, ਰਸੋਈ ਅਤੇ ਬਾਥਰੂਮ ਬਣਾਉਣ ਲਈ ਢਾਈ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਵਾਸ ਤਹਿਤ ਆਪਣੇ ਫਾਰਮ ਜ਼ਰੂਰ ਭਰਨ ਤਾਂ ਜੋ ਉਨ੍ਹਾਂ ਦੇ ਸੁਪਨਿਆਂ ਦਾ ਘਰ ਦਾ ਸੁਪਨਾ ਪੂਰਾ ਹੋ ਸਕੇ।

# ਨੀਵਾਂ ਧਕਾਲਾ ਦੇ ਬੱਸ ਸਟਾਪੇਜ 'ਤੇ ਬਣੇ ਸ਼ੈੱਡ ਦੀ ਸਲੈਬ ਟੁੱਟਣ ਕਾਰਨ ਲੋਕਾਂ ਨੂੰ ਹੋ ਰਹੀ ਹੈ ਪ੍ਰੇਸ਼ਾਨੀ




**ਗੁਰਦਾਸਪੁਰ (ਜਨਕ ਮਹਾਜਨ)**- ਦੀਨਾਨਗਰ ਤੋਂ ਗਾਹਲੜੀ ਵਿਚਕਾਰ ਪੈਂਦੇ ਪਿੰਡ ਨੀਵਾਂ ਧਕਾਲਾ ਵਿਖੇ ਸੜਕ ਕੰਢੇ ਬਣੇ ਬੱਸ ਸ਼ੈੱਡ ਦੀ ਹਾਲਤ ਖਸਤਾ ਹੋਣ ਕਾਰਨ ਇਲਾਕਾ ਵਾਸੀਆਂ ਵਿਚ ਸੰਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸੜਕਾਂ ਕੰਢੇ ਲੋਕਾਂ ਦੀ ਸਹੂਲਤ ਵਾਸਤੇ ਬੱਸਾਂ ਦੇ ਇੰਤਜ਼ਾਰ ਕਰਨ ਲਈ ਗਰਮੀ, ਮੀਂਹ ਤੋਂ ਬਚਣ ਲਈ ਬੱਸ ਸ਼ੈੱਡ ਬਣਾਏ ਹਨ ਜਿਨ੍ਹਾਂ ਵਿਚ ਲੋਕ ਬੈਠ ਕੇ ਬੱਸਾਂ ਦਾ ਇੰਤਜ਼ਾਰ ਕਰਦੇ ਹਨ। ਪਿੰਡ ਨੀਵਾਂ ਧਕਾਲਾ ਵਿਖੇ ਸੜਕ ਕੰਢੇ ਬਣੇ ਬੱਸ ਸ਼ੈਡ ਦੇ ਅੰਦਰ ਬੈਠਣ ਵਾਲੀ ਸਲੈਬ ਟੁੱਟ ਭੱਜ ਗਈ ਹੈ ਜਿਸ ਕਾਰਨ ਲੋਕਾਂ ਨੂੰ ਬੈਠਣ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ ਅਤੇ ਬੱਸਾਂ ਦਾ ਇੰਤਜ਼ਾਰ ਕਾਫੀ ਸਮਾਂ ਸ਼ੈੱਡ ਵਿਚਕਾਰ ਖੜੇ ਹੋ ਕੇ ਕਰਨਾ ਪੈਂਦਾ ਹੈ ਜਿਸ ਕਾਰਨ ਬਜ਼ੁਰਗ, ਔਰਤ ਬੱਚਿਆਂ ਆਦਿ ਤੋਂ ਇਲਾਵਾ ਗਰਭਵਤੀ ਮਹਿਲਾਵਾਂ ਨੂੰ ਕਾਫੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸੰਬੰਧਿਤ ਵਿਭਾਗ ਪਾਸੋਂ ਮੰਗ ਵੀ ਕੀਤੀ ਕਿ ਨੀਵਾਂ ਧਕਾਲਾ ਸੜਕ ਕੰਢੇ ਬਣੇ ਬੱਸ ਸ਼ੈੱਡ ਦੀ ਟੁੱਟੀ ਸਲੈਬ ਅਤੇ ਹੋਰ ਨੇੜੇ ਤੇੜੇ ਪਿੰਡਾਂ ਵਿਖੇ ਬਣੇ ਬੱਸ ਸ਼ੈੱਡਾਂ ਦੀ ਹਾਲਤ ਸੁਧਾਰੀ ਜਾਵੇ ਤਾਂ ਜੋ ਲੋਕ ਇਸ ਦਾ ਫਾਇਦਾ ਲੈ ਸਕਣ।

# 'ਖਾਨ' ਭੈਣੀ ਬਾਂਗਰ ਨੇ ਬੈਸਟ ਜਾਫੀ ਦਾ ਖਿਤਾਬ ਹਾਸਲ ਕਰਕੇ ਫੋਰਡ ਟਰੈਕਟਰ ਜਿੱਤਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਗੁਰਦਾਸਪੁਰ ਦੇ ਭੈਣੀ ਬਾਂਗਰ (ਕਾਦੀਆਂ) ਦਾ ਰਹਿਣ ਵਾਲਾ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਫਹੀਮ ਅਹਿਮਦ, ਜੋ ਕਿ ਕਬੱਡੀ ਖੇਡ ਜਗਤ ਵਿੱਚ ਖਾਨ ਭੈਣੀ ਵਾਲਾ (ਬੈਸਟ ਜਾਫੀ) ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਉਹ ਮਾਲਵਾ ਕਬੱਡੀ ਕਲੱਬ ਦੀ ਟੀਮ ਵਲੋਂ ਖੇਡਦਾ ਹੈ, ਨੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਮੁਲਾਂਵਾਲ ਵਿੱਚ ਹੋਏ 16ਵੇਂ ਸਾਲਾਨਾ ਕਬੱਡੀ ਕੱਪ ਵਿੱਚ ਟਰੈਕਟਰ (ਫੋਰਡ) ਜਿੱਤ ਕੇ ਆਪਣੇ ਕੋਚ ਡਾਕਟਰ ਬਲਬੀਰ ਸਿੰਘ ਭੈਣੀ ਬਾਂਗਰ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ। ਕਬੱਡੀ ਖਿਡਾਰੀ ਬੈਸਟ ਜਾਫੀ ਖਾਨ ਭੈਣੀ ਵਾਲਾ ਨੇ ਦੱਸਿਆ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਯੂਥ ਕਲੱਬ ਮੁਲਾਂਵਾਲ ਵਲੋਂ ਸਮੂਹ ਪਿੰਡ ਵਾਸੀ ਅਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 16ਵਾਂ ਸਾਲਾਨਾ ਕਬੱਡੀ ਕੱਪ ਵਿੱਚ ਕਰਵਾਇਆ ਗਿਆ। ਜਿਸ ਵਿੱਚ ਬੈਸਟ ਜਾਫੀ ਲਈ ਫੋਰਡ ਟਰੈਕਟਰ ਇਨਾਮ ਰੱਖਿਆ ਗਿਆ। ਇਸ ਕਬੱਡੀ ਕੱਪ ਵਿੱਚ ਫਾਈਨਲ ਮੁਕਾਬਲਾ ਉਨ੍ਹਾਂ ਦੀ ਟੀਮ ਮਾਲਵਾ ਕਬੱਡੀ ਕਲੱਬ ਅਤੇ ਗੁਰੂ ਨਾਨਕ ਸਿੰਘ ਲਾਇਨ ਕਬੱਡੀ ਕਲੱਬ ਗੁਰਦਾਸਪੁਰ ਟੀਮ ਦਰਮਿਆਨ ਹੋਇਆ ਜਿਨ੍ਹਾਂ ਵਿੱਚੋਂ ਮਾਲਵਾ ਕਬੱਡੀ ਕਲੱਬ ਦੀ ਟੀਮ ਜੇਤੂ ਰਹੀ ਅਤੇ ਉਸਨੂੰ ਬੈਸਟ ਜਾਫੀ ਐਲਾਨਿਆ ਗਿਆ। ਕਬੱਡੀ ਟੂਰਨਾਮੈਂਟ ਪ੍ਰਬੰਧਕਾਂ ਵਲੋਂ ਇਸ ਦੌਰਾਨ ਮਾਲਵਾ ਕਬੱਡੀ ਕਲੱਬ ਵੱਲੋਂ ਖੇਡੇ ਬੈਸਟ ਜਾਫੀ ਖਾਨ ਭੈਣੀ ਵਾਲਾ ਨੂੰ ਟਰੈਕਟਰ (ਫੋਰਡ) ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਕਬੱਡੀ ਖਿਡਾਰੀ ਖਾਨ ਭੈਣੀ ਵਾਲਾ ਨੇ ਦੱਸਿਆ ਉਸਨੇ ਦੋ ਮਹੀਨੇ ਪਹਿਲਾਂ ਜਲਾਲਪੁਰ (ਬਲਾਚੌਰ) ਵਿਖੇ ਹੋਏ ਕਬੱਡੀ ਕੱਪ ਵਿੱਚ ਵੀ ਮੋਟਰਸਾਈਕਲ ਜਿੱਤਿਆ ਹੈ। ਹੁਣ ਉਹ ਕੁੱਝ ਦਿਨ ਪਹਿਲਾਂ ਮਾਲਵਾ ਕਲੱਬ ਦੀ ਟੀਮ ਨਾਲ ਨਿਊਜ਼ੀਲੈਂਡ ਵਿੱਚ ਹੋਏ ਕਬੱਡੀ ਟੂਰਨਾਮੈਂਟਾਂ ਵਿੱਚ ਵੀ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਕੇ ਚੰਗਾ ਨਾਮਣਾ ਖੱਟ ਕੇ ਵਾਪਸ ਪਰਤੇ ਹਨ। ਖਾਨ ਭੈਣੀਆਂ ਵਾਲਾ ਨੇ ਕਬੱਡੀ ਖੇਡ ਜਗਤ ਵਿੱਚ ਆਪਣੀਆਂ ਵੱਡੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੇ ਕਬੱਡੀ ਕੋਚ ਡਾਕਟਰ ਬਲਬੀਰ ਸਿੰਘ ਭੈਣੀ ਬਾਂਗਰ ਅਤੇ ਆਪਣੇ ਮਾਤਾ ਪਿਤਾ ਨੂੰ ਦਿੰਦਿਆਂ ਕਿਹਾ ਉਨ੍ਹਾਂ ਦੀ ਪ੍ਰੇਰਨਾ ਅਤੇ ਸਹਿਯੋਗ ਸਦਕਾ ਉਹ ਇਸ ਕਾਬਲ ਹੋਇਆ ਹੈ। ਖਾਨ ਭੈਣੀ ਵਾਲਾ ਨੇ ਕਿਹਾ ਉਸਦਾ ਸਭ ਤੋਂ ਵੱਡਾ ਸੁਪਨਾ ਹੈ ਕਿ ਉਹ ਭਵਿੱਖ ਵਿੱਚ ਭਾਰਤ ਦੀ ਟੀਮ ਵੱਲੋਂ ਖੇਡਦਿਆਂ ਆਪਣੇ ਦੇਸ ਦਾ ਨਾਂਅ ਵਿਦੇਸ਼ਾਂ ਵਿੱਚ ਰੌਸ਼ਨ ਕਰੇ।

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਮਨੁੱਖਤਾ ਦੀ ਵੱਡੀ ਮਿਸਾਲ : ਡਾ. ਵਿਜੇ ਸਤਬੀਰ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦੇ ਜਿਨ੍ਹਾਂ ਨੇ ਛੋਟੀ ਉਮਰ ਵਿੱਚ ਦੇਸ਼ ਅਤੇ ਮਨੁੱਖਤਾ ਦੀ ਖਾਤਰ ਸ਼ਹਾਦਤ ਦਿੱਤੀ ਸੀ, ਦੀ ਸ਼ਹਾਦਤ ਨੂੰ ਮੁੱਖ ਰੱਖਦੇ ਹੋਏ ਆਉਣ ਵਾਲੀ ਪੀੜ੍ਹੀ ਦੇ ਸਨਮੁੱਖ ਮਨੁੱਖਤਾ ਅਤੇ ਦੇਸ਼ ਪ੍ਰੇਮ ਦਾ ਜਜ਼ਬਾ ਕਾਇਮ ਰੱਖਣ ਲਈ ਹਰ ਸਾਲ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ ਪੰਜਪਿਆਰੇ ਸਾਹਿਬਾਨ ਦੀ ਸਰਪ੍ਰਸਤੀ ਹੇਠ 25 ਅਤੇ 26 ਦਸੰਬਰ ਨੂੰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਸਮਾਗਮ ਗੁਰਦੁਆਰਾ ਬੋਰਡ ਵੱਲੋਂ ਆਯੋਜਿਤ ਕੀਤੇ ਜਾਂਦੇ ਹਨ।ਇਸ ਸਾਲ ਵੀ 25 ਦਸੰਬਰ ਨੂੰ ਰਾਤ ਦਰਬਾਰ ਸਾਹਿਬ ਵਿਖੇ 'ਵਿਸ਼ੇਸ਼ ਕੀਰਤਨ ਦਰਬਾਰ' ਅਤੇ ਸਵੇਰੇ 'ਸਦਭਾਵਨਾ ਦੌੜ' ਅਤੇ 26 ਦਸੰਬਰ ਨੂੰ ਸਕੂਲੀ ਵਿਦਿਆਰਥੀਆਂ ਦੀ 'ਸਦਭਾਵਨਾ ਰੈਲੀ' ਕੱਢੀ ਗਈ ਅਤੇ ਸ੍ਰੀ ਦਸਮੇਸ਼ ਹਸਪਤਾਲ ਵਿਖੇ ਵੱਖ-ਵੱਖ ਬਿਮਾਰੀਆਂ ਦੇ ਮੈਡੀਕਲ ਕੈਂਪ ਲਗਾਏ ਗਏ ਅਤੇ 11:30 ਤੋਂ 2 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਵਿਖੇ ਡਾ. ਵਿਜੇ ਸਤਬੀਰ ਸਿੰਘ ਪ੍ਰਸ਼ਾਸਕ ਦੀ ਹਾਜ਼ਰੀ ਵਿੱਚ ਵਿਸ਼ੇਸ਼ 'ਸਦਭਾਵਨਾ ਸੰਮੇਲਨ ਸੈਮੀਨਾਰ' ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੀ ਸ਼ੁਰੂਆਤ ਅਰਦਾਸ ਕਰਕੇ ਆਰੰਭਤਾ ਕੀਤੀ ਗਈ।ਆਈਟੀਆਈ ਹਜ਼ੂਰ ਸਾਹਿਬ ਦੇ ਪ੍ਰਿੰ. ਗੁਰਚਰਨ ਸਿੰਘ ਵੱਲੋਂ ਸਾਹਿਬਜ਼ਾਦਿਆਂ ਦੇ ਜੀਵਨ 'ਤੇ ਪ੍ਰਕਾਸ਼ ਪਾਇਆ ਗਿਆ।ਉਪਰੰਤ ਗਿਆਨੀ ਤਨਵੀਰ ਸਿੰਘ, ਪ੍ਰੋ. ਡਾ. ਪਰਮਿੰਦਰ ਕੌਰ, ਗਿਆਨੀ ਸਰਬਜੀਤ ਸਿੰਘ ਜੀ ਨਿਰਮਲੇ, ਪ੍ਰੋ. ਡਾ. ਪ੍ਰਕਾਸ਼ ਨਿਹਲਾਨੀ, ਗਿਆਨੀ ਅਵਤਾਰ ਸਿੰਘ ਸ਼ੀਤਲ ਨੇ ਸਾਹਿਬਜ਼ਾਦਿਆਂ ਪ੍ਰਤੀ ਸ਼ਰਧਾ ਸਤਿਕਾਰ ਭੇਟ ਕੀਤਾ। ਸਮਾਗਮ ਵਿੱਚ ਗੁਰਦੁਆਰਾ ਬੋਰਡ ਦੇ ਮੁੱਖ ਪ੍ਰਸ਼ਾਸਕ ਡਾ. ਵਿਜੇ ਸਤਬੀਰ ਸਿੰਘ ਨੇ ਵੀ ਆਪਣੇ ਮਨੋਗਤ ਪ੍ਰਗਟ ਕਰਦੇ ਹੋਏ ਸਾਹਿਬਜ਼ਾਦਿਆਂ ਲਈ ਸ਼ਰਧਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਤੋਂ ਆਉਣ ਵਾਲੀ ਪੀੜ੍ਹੀ ਨੂੰ ਪ੍ਰੇਰਨਾ ਲੈਣ ਦੀ ਲੋੜ ਹੈ ਅਤੇ ਜੀਵਨ ਵਿੱਚ ਦੇਸ਼ ਪ੍ਰੇਮ, ਮਨੁੱਖਤਾ ਦਾ ਜਜ਼ਬਾ ਕਾਇਮ ਕਰਨ ਦੀ ਜ਼ਰੂਰਤ ਹੈ। ਇਸ ਸਮਾਗਮ ਵਿੱਚ ਹਰਜੀਤ ਸਿੰਘ ਕੜੇਵਾਲੇ ਸੁਪਰਡੈਂਟ, ਜਸਵੰਤ ਸਿੰਘ ਬੌਬੀ, ਰਵਿੰਦਰ ਸਿੰਘ ਕਪੂਰ, ਜੈਮਲ ਸਿੰਘ ਢਿੱਲੋਂ, ਬਲਵਿੰਦਰ ਸਿੰਘ ਫੌਜੀ, ਗੁਰਬਚਨ ਸਿੰਘ, ਚਾਂਦ ਸਿੰਘ, ਅਨੀਲ ਕੌਰ, ਬਬੀਤਾ ਕੌਰ ਚਾਹਲ ਹਾਜ਼ਰ ਸਨ।

# ਦੰਦਾਂ ਦਾ ਫਰੀ ਚੈੱਕ-ਅੱਪ ਕੈਂਪ ਲਗਾਇਆ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਹਿੰਦੂ ਕੰਨਿਆ ਮਹਾਂਵਿਦਿਆਲਾ ਕਾਲਜ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨਾਗਰਾ ਦੀ ਅਗਵਾਈ ਹੇਠ ਚੱਲ ਰਹੇ ਸੱਤ ਰੋਜ਼ਾ ਐੱਨ. ਐੱਸ. ਐੱਸ. ਕੈਂਪ ਦੇ ਪੰਜਵੇਂ ਦਿਨ ਦੰਦਾਂ ਦਾ ਚੈੱਕ-ਅੱਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਓਰਲ ਐਕਸਪਰਟਸ ਡੈਂਟਲ ਕਲੀਨਿਕ ਧਾਰੀਵਾਲ ਤੋਂ ਦੰਦਾਂ ਦੇ ਮਾਹਿਰ ਡਾ. ਕਵਲਦੀਪ ਕੌਰ (ਬੀ. ਡੀ. ਐੱਸ., ਐੱਮ. ਡੀ. ਐੱਸ.) ਵੱਲੋਂ 100 ਤੋਂ ਵੱਧ ਐੱਨ. ਐੱਸ. ਐੱਸ. ਵਲੰਟੀਅਰਾਂ ਦੇ ਦੰਦਾਂ ਦਾ ਫਰੀ ਚੈੱਕ-ਅੱਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਦੰਦਾਂ ਦੀ ਸਾਂਭ ਸੰਭਾਲ ਤੇ ਦੰਦਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ। ਅੰਤ ਵਿੱਚ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਵੱਲੋਂ ਡਾ. ਕਵਲਜੀਤ ਕੌਰ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

# ਮਾਨ ਸੈਂਡਵਾਲ ਵਿਖੇ ਸੁੱਚਾ ਸਿੰਘ ਦੇ ਪਰਿਵਾਰ ਨੇ ਦੁੱਧ ਦਾ ਲੰਗਰ ਲਾਇਆ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਪਿੰਡ ਮਾਨ ਸੈਂਡਵਾਲ ਵਿਖੇ ਗੁਰਮੇਜ ਸਿੰਘ ਤੇ ਜਰਨੈਲ ਸਿੰਘ ਸਪੁੱਤਰ ਸੁੱਚਾ ਸਿੰਘ ਦੇ ਪਰਿਵਾਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੁੱਧ ਦੇ ਲੰਗਰ ਲਗਾਏ ਗਏ।ਉਨ੍ਹਾਂ ਦੇ ਪਰਿਵਾਰ ਵੱਲੋਂ ਹਰ ਸਾਲ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਇਹ ਲੰਗਰ ਲਗਾਏ ਜਾਂਦੇ ਹਨ।ਇਸ ਮੌਕੇ ਪਰਿਵਾਰ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਦੁੱਧ ਦੇ ਲੰਗਰ ਛਕਾਏ ਗਏ।ਇਸ ਮੌਕੇ ਸੁਖਬੀਰ ਸਿੰਘ ਭੋਪਾਲ, ਬਲਜੀਤ ਸਿੰਘ ਮਾਹਲਾ, ਸੁਖਬੀਰ ਸਿੰਘ ਸੰਧੂ, ਮਨਜੀਤ ਸਿੰਘ ਟੇਲਰ ਮਾਸਟਰ, ਬੂਟਾ ਸਿੰਘ ਬਾਦਸ਼ਾਹ, ਪ੍ਰਦੁਮਣ ਸਿੰਘ ਜੇਈ, ਨਿਰਮਲ ਸਿੰਘ ਤੇ ਰਸ਼ਪਾਲ ਸਿੰਘ ਸੰਧੂ ਹਾਜ਼ਰ ਸਨ।



# ਮਹਾਂਦੇਵ ਕਲਾਂ ਤੇ ਸੋਹਲ ਦੀਆਂ ਸੰਗਤਾਂ ਨੇ ਲਗਾਇਆ ਵਿਸ਼ਾਲ ਲੰਗਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਮਾਤਾ ਗੁਜਰ ਕੌਰ, ਛੋਟੇ ਸਾਹਿਬਜ਼ਾਦਿਆਂ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜ੍ਹੇ ਨੂੰ ਸਮਰਪਿਤ ਪਿੰਡ ਮਹਾਂਦੇਵ ਕਲਾਂ ਅਤੇ ਪਿੰਡ ਸੋਹਲ ਦੀਆਂ ਸੰਗਤਾਂ ਸਮੇਤ ਹੋਰ ਸੇਵਾ ਸੋਸਾਇਟੀਆਂ ਵੱਲੋਂ ਸਾਂਝੇ ਤੌਰ 'ਤੇ ਨੈਸ਼ਨਲ ਹਾਈਵੇ ਕਿਨਾਰੇ ਗੇਟ ਗੁਰਦੁਆਰਾ ਗੜ੍ਹੀ ਬਾਬਾ ਬੰਦਾ ਸਿੰਘ ਬਹਾਦੁਰ ਗੁਰਦਾਸਨੰਗਲ ਨੇੜੇ ਵਿਸ਼ਾਲ ਲੰਗਰ ਲਗਾਇਆ ਗਿਆ। ਇਸ ਮੌਕੇ ਪਿਆਰਾ ਸਿੰਘ, ਰਵਿੰਦਰਜੀਤ ਸਿੰਘ ਮਹਾਂਦੇਵ ਕਲਾਂ, ਜ਼ੈਲਦਾਰ ਜਸਮਿੰਦਰ ਸਿੰਘ ਸੋਹਲ ਅਤੇ ਪੰਚ ਤਲਵਿੰਦਰ ਸਿੰਘ ਸੋਹਲ ਨੇ ਦੱਸਿਆ ਕਿ ਉਕਤ ਦੋਵਾਂ ਪਿੰਡਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹਰ ਸਾਲ ਲੰਗਰ ਲਗਾਇਆ ਜਾਂਦਾ ਹੈ। ਲੰਗਰ ਦੀ ਆਰੰਭਤਾ ਗ੍ਰੰਥੀ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਦੀਆਂ ਲਾਸਾਨੀ ਸ਼ਹਾਦਤਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਪਿਆਰਾ ਸਿੰਘ, ਜ਼ੈਲਦਾਰ ਜਸਮਿੰਦਰ ਸਿੰਘ ਸੋਹਲ, ਤਲਵਿੰਦਰ ਸਿੰਘ ਸੋਹਲ, ਰਵਿੰਦਰਜੀਤ ਸਿੰਘ, ਆਜ਼ਾਦ ਦਵਿੰਦਰ ਸਿੰਘ, ਅਭੀਜੀਤ ਸਿੰਘ, ਸਰਵਨ ਸਿੰਘ, ਗੁਰਨਾਮ ਸਿੰਘ, ਗੁਰਮੁੱਖ ਸਿੰਘ ਮਹਾਂਦੇਵ ਕਲਾਂ, ਸੁਖਵਿੰਦਰ ਸਿੰਘ, ਸੂਬੇਦਾਰ ਗੁਰਦੇਵ ਸਿੰਘ, ਅਵਤਾਰ ਸਿੰਘ ਸੋਹਲ, ਬਿੱਟੂ ਕਵਾੜੀਆ, ਪੰਚ ਰਣਜੀਤ ਸਿੰਘ ਉਰਫ ਮਾਨੂ ਸਮੇਤ ਹੋਰਨਾਂ ਨੇ ਵੀ ਲੰਗਰ ਦੀ ਸੇਵਾ ਨਿਭਾਈ।

# ਫ਼ਲਦਾਰ ਬੂਟਿਆਂ ਦੀ ਕਾਂਟ-ਛਾਂਟ ਸਬੰਧੀ ਪਿੰਡ ਠੀਕਰੀਵਾਲ 'ਚ ਲਾਇਆ ਜਾਗਰੂਕਤਾ ਕੈਂਪ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੀ. ਏ. ਯੂ. ਨਿਰਦੇਸ਼ਕ ਪਸਾਰ ਸਿੱਖਿਆ ਅਤੇ ਫ਼ਲ ਵਿਗਿਆਨ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫ਼ਾਰਮ ਸਲਾਹਕਾਰ ਸੇਵਾ ਕੇਂਦਰ ਗੁਰਦਸਪੁਰ ਵਲੋਂ ਪਿੰਡ ਠੀਕਰੀਵਾਲ ਵਿੱਚ ਫ਼ਲਦਾਰ ਬੂਟਿਆਂ ਦੀ ਕਾਂਟ ਛਾਂਟ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।ਡਾ. ਸਰਵਪ੍ਰੀਆ ਸਿੰਘ (ਜ਼ਿਲ੍ਹਾ ਪਸਾਰ ਮਾਹਿਰ, ਫ਼ਲ ਵਿਗਿਆਨ) ਨੇ ਬਾਗਾਂ ਦੀ ਸਿਧਾਈ ਅਤੇ ਕਾਂਟ-ਛਾਂਟ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਦਾ ਮੁੱਖ ਉਦੇਸ਼ ਫ਼ਲਦਾਰ ਬੂਟਿਆਂ ਨੂੰ ਇਕ ਚੰਗਾ ਢਾਂਚਾ ਪਰਦਾਨ ਕਰਨ ਦੇ ਨਾਲ ਨਾਲ ਫ਼ਸੀਆਂ, ਬਿਮਾਰ ਅਤੇ ਬੇਢੰਗੀਆਂ ਟਾਹਣੀਆਂ ਨੂੰ ਕੱਟਣਾ ਹੈ।ਉਨ੍ਹਾਂ ਨੇ ਕਿਹਾ ਕਿ ਫ਼ਲਦਾਰ ਬੂਟਿਆਂ ਦੀ ਕਾਂਟ-ਛਾਂਟ ਬੂਟਿਆਂ ਦੀ ਕਿਸਮ ਦੇ ਅਨੁਸਾਰ ਕਰਨੀ ਚਾਹੀਦੀ ਹੈ ਜਿਵੇਂ ਕਿ ਪੱਤਝੜ ਫ਼ਲਦਾਰ ਬੂਟੇ, ਨਾਸ਼ਪਾਤੀ, ਆੜੂ, ਅਲੂਚਾ, ਅੰਗੂਰ ਦੀ ਕਾਂਟ ਛਾਂਟ (ਦਸੰਬਰ-ਜਨਵਰੀ) ਤੱਕ ਨਵੀਂ ਪੁੰਗਾਰ ਆਉਣ ਤੋਂ ਪਹਿਲਾਂ ਕਰ ਦੇਣੀ ਚਾਹੀਦੀ ਹੈ।ਜਦਕਿ ਸਦਾਬਹਾਰ ਫਲਦਾਰ ਬੂਟਿਆਂ ਦੀ ਸਿਧਾਈ ਅਤੇ ਕਾਂਟ ਛਾਂਟ (15 ਜਨਵਰੀ -15 ਫ਼ਰਵਰੀ) ਤੱਕ ਕਰ ਦੇਣੀ ਚਾਹੀਦੀ ਹੈ।ਇਸ ਸਮੇਂ ਬੂਟੇ ਸਥਿਰ ਅਵਸਥਾ ਵਿਚ ਹੁੰਦੇ ਹਨ ਜਿਸ ਕਾਰਨ ਬੂਟਿਆਂ ਵਿੱਚ ਰਸ ਘੱਟ ਵਹਿਣਦਾ ਹੈ ਅਤੇ ਬੂਟੇ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ।ਇਸ ਮੌਕੇ ਉਨ੍ਹਾਂ ਨੇ ਕਿਸਾਨ ਵੀਰਾਂ ਨੂੰ ਕਾਂਟ ਛਾਂਟ ਦੀ ਵਿਧੀ ਬਾਰੇ ਲਾਈਵ ਪ੍ਰਦਰਸ਼ਨੀ ਰਾਹੀਂ ਚਾਨਣਾ ਪਾਇਆ।ਡਾ. ਨਵਦੀਪ ਸਿੰਘ (ਬਾਗਬਾਨੀ ਵਿਕਾਸ ਅਫ਼ਸਰ) ਨੇ ਬਾਗਬਾਨੀ ਵਿੱਚ ਚਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਕਿਸਾਨ ਵੀਰਾਂ ਨੂੰ ਜਾਗਰੂਕ ਕਰਵਾਇਆ।ਇਸ ਕੈਂਪ ਵਿੱਚ 25 ਤੋਂ ਵੱਧ ਕਿਸਾਨ ਵੀਰਾਂ ਨੇ ਭਾਗ ਲਿਆ।ਅਖੀਰ ਵਿੱਚ ਹਰਜਿੰਦਰ ਸਿੰਘ ਨੇ ਆਏ ਹੋਏ ਕਿਸਾਨ ਵੀਰਾਂ ਦਾ ਧੰਨਵਾਦ ਕੀਤਾ।

# ਪਿੰਡ ਸੁਲਤਾਨੀ ਦੇ ਖੇਡ ਸਟੇਡੀਅਮ ਦੀ ਹਾਲਤ ਬੇਹੱਦ ਖਸਤਾ, ਖਿਡਾਰੀ ਪ੍ਰੇਸ਼ਾਨ



**ਗੁਰਦਾਸਪੁਰ (ਜਨਕ ਮਹਾਜਨ)**- ਕਸਬਾ ਬਹਿਰਾਮਪੁਰ ਤੋਂ ਗਾਹਲੜੀ ਨੂੰ ਜਾਣ ਵਾਲੀ ਸੜਕ ਕੰਢੇ ਬਣੇ ਪਿੰਡ ਸੁਲਤਾਨੀ ਦੇ ਖੇਡ ਸਟੇਡੀਅਮ ਦੀ ਹਾਲਤ ਖਸਤਾ ਹੋਣ ਕਾਰਨ ਨੌਜਵਾਨ ਬੱਚਿਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਖੇਡ ਸਟੇਡੀਅਮ ਵਿਚ ਜ਼ਿਆਦਾਤਰ ਬੱਚੇ ਕ੍ਰਿਕਟ ਆਦਿ ਖੇਡਦੇ ਹਨ ਪਰ ਖੇਡ ਸਟੇਡੀਅਮ ਮੁੱਢਲੀ ਸਹੂਲਤਾਂ ਤੋਂ ਵਾਂਝਾ ਹੋਣ ਕਾਰਨ ਲੋਕਾਂ ਵਿੱਚ ਕਾਫੀ ਰੋਸ ਹੈ। ਇਸ ਖੇਡ ਸਟੇਡੀਅਮ ਵਿੱਚ ਬੱਚਿਆਂ ਲਈ ਗਰਮੀ ਅਤੇ ਮੀਂਹ ਤੋਂ ਬਚਣ ਲਈ ਕੋਈ ਸ਼ੈਡ ਆਦਿ ਨਹੀਂ ਹੈ ਅਤੇ ਨਾ ਹੀ ਪੀਣ ਵਾਲੇ ਪਾਣੀ ਦਾ ਕੋਈ ਯੋਗ ਪ੍ਰਬੰਧ ਹੈ। ਖੇਡ ਸਟੇਡੀਅਮ ਨੂੰ ਮੇਨ ਗੇਟ ਵੀ ਨਹੀਂ ਹੈ ਜਿਸ ਨਾਲ ਆਵਾਰਾ ਜਾਨਵਰ ਖੇਡ ਸਟੇਡੀਅਮ ਅੰਦਰ ਆਸਾਨੀ ਨਾਲ ਦਾਖਲ ਹੋ ਜਾਂਦੇ ਹਨ। ਇਸ ਖੇਡ ਸਟੇਡੀਅਮ ਵਿੱਚ ਮੌਜੂਦਾ ਸਮੇਂ ਵਿਚ ਕਾਫੀ ਜੰਗਲੀ ਬੂਟੀ ਉਗੀ ਪਈ ਹੈ। ਵਰਖਾ ਦੇ ਦਿਨਾਂ ਵਿੱਚ ਇਸ ਵਿਚ ਜ਼ਹਿਰੀਲੇ ਕੀੜੇ-ਮਕੌੜੇ ਫਿਰਦੇ ਹਨ। ਖੇਡ ਸਟੇਡੀਅਮ ਦੀ ਕਾਫੀ ਖੁੱਲ੍ਹੀ ਗਰਾਊਂਡ ਹੈ ਪਰ ਇਸ ਦੀ ਸਾਂਭ-ਸੰਭਾਲ ਦੀ ਲੋੜ ਹੈ। ਨੌਜਵਾਨ ਬੱਚੇ ਆਪਣੇ ਪੱਧਰ 'ਤੇ ਖੇਡ ਮੈਦਾਨ ਦੀ ਦੇਖ-ਰੇਖ ਕਰਦੇ ਰਹਿੰਦੇ ਹਨ। ਨੌਜਵਾਨਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਪਿੰਡ ਸੁਲਤਾਨੀ ਦੇ ਖੇਡ ਸਟੇਡੀਅਮ ਵੱਲ ਧਿਆਨ ਦੇ ਕੇ ਇਸ ਦੀਆਂ ਕਮੀਆਂ ਨੂੰ ਦੂਰ ਕੀਤਾ ਜਾਵੇ।

# ਆਰਤੀ ਸ਼ਿਵ ਦੁਰਗਾ ਮੰਦਰ ਨੇ ਸ਼ਹੀਦੀ ਹਫ਼ਤੇ 'ਤੇ ਲਗਾਇਆ ਦੁੱਧ ਦਾ ਲੰਗਰ



**ਅੰਮ੍ਰਿਤਸਰ (ਅਰੋੜਾ)**: ਪੂਰੇ ਭਾਰਤ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਹਫ਼ਤੇ ਨੂੰ ਸਮਰਪਿਤ ਕਰਵਾਏ ਜਾ ਰਹੇ ਧਾਰਮਿਕ ਸਮਾਗਮ ਦੇ ਚੱਲਦੇ ਅਤੇ ਵੱਖ-ਵੱਖ ਸੰਸਥਾਵਾਂ ਅਤੇ ਖੇਤਰ ਨਿਵਾਸੀਆਂ ਵੱਲੋਂ ਲਗਾਏ ਜਾ ਰਹੇ ਦੁੱਧ ਦੇ ਲੰਗਰ ਦੀ ਲੜੀ ਦੇ ਚੱਲਦੇ ਪਰਮ ਸੰਤ ਅਦਵੈਤ ਸਵਰੂਪ ਮਾਤਾ ਆਰਤੀ ਦੇਵਾ ਜੀ ਦੀ ਪ੍ਰਧਾਨਗੀ ਵਿੱਚ ਆਰਤੀ ਸ਼ਿਵ ਦੁਰਗਾ ਮੰਦਿਰ ਕਰਤਾਰ ਨਗਰ, ਛੇਹਰਟਾ ਦੇ ਵੱਲੋਂ ਜੀ. ਟੀ. ਰੋਡ, ਛੇਹਰਟਾ ਵਿਖੇ ਵਿਸ਼ਾਲ ਦੁੱਧ ਦਾ ਲੰਗਰ ਲਗਾਇਆ ਗਿਆ।ਭਾਰੀ ਗਿਣਤੀ ਵਿੱਚ ਸੰਗਤ ਅਤੇ ਰਾਹਗੀਰਾਂ ਨੇ ਦੁੱਧ ਦਾ ਪ੍ਰਸ਼ਾਦ ਗ੍ਰਹਿਣ ਕੀਤਾ।ਇਸ ਮੌਕੇ ਆਰਤੀ ਸ਼ਿਵ ਦੁਰਗਾ ਮੰਦਰ ਟਰੱਸਟ ਦੇ ਵੱਲੋਂ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ।ਸਮਾਗਮ ਵਿੱਚ ਭਾਜਪਾ ਦੇ ਸੀਨੀਅਰ ਨੇਤਾ ਅਵਿਨਾਸ਼ ਸ਼ੈਲਾ, ਮੰਦਰ ਦੇ ਮੁੱਖ ਸੇਵਕ ਸੁਮਿਤ ਸ਼ਾਸਤਰੀ, ਸਤੀਸ਼ ਪੁੰਜ, ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਹਰਵਿੰਦਰ ਸਿੰਘ ਸੰਧੂ, ਐਡਵੋਕੇਟ ਕੁਮਾਰ ਅਮਿਤ, ਮਨਜੀਤ ਸਿੰਘ ਮਿੰਟਾ, ਰਮਨ ਕੁਮਾਰ, ਰਕੇਸ਼ ਕੁਮਾਰ ਰਿੰਕੂ, ਸੋਹਣ ਲਾਲ, ਮੋਹਣ ਲਾਲ, ਦਵਿੰਦਰ ਕੁਮਾਰ ਬਿੱਲੂ, ਅਮਿਤ ਕੁਮਾਰ, ਰਘੂ ਸ਼ਰਮਾ, ਸ਼ਿਵ ਖੰਨਾ, ਮੰਦਰ ਟਰੱਸਟ ਦੇ ਪ੍ਰਧਾਨ ਬਾਬੂ ਬਾਲ ਕਿਸ਼ਨ ਸ਼ਰਮਾ, ਅਸ਼ੋਕ ਬਿਜਲੀ ਵਾਲੇ ਸਹਿਤ ਭਾਰੀ ਗਿਣਤੀ ਵਿੱਚ ਖੇਤਰ ਦੇ ਪਤਵੰਤੇ ਵਿਅਕਤੀ ਮੌਜੂਦ ਸਨ।

# ਸ਼ਹੀਦੀ ਸਭਾ ਦੌਰਾਨ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ



**ਸ੍ਰੀ ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਸਭਾ ਦੇ ਦੂਜੇ ਦਿਨ ਦੇਸ਼-ਵਿਦੇਸ਼ ਤੋਂ ਪਹੁੰਚੀਆਂ ਲੱਖਾਂ ਸੰਗਤਾਂ ਨੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ, ਗੁਰਦੁਆਰਾ ਸਾਹਿਬ ਠੰਢਾ ਬੁਰਜ ਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ ਨੇ ਸਾਹਿਬਜ਼ਾਦਿਆਂ ਦੇ ਇਤਿਹਾਸ ਦੀ ਲੜੀਵਾਰ ਕਥਾ ਕੀਤੀ ਅਤੇ ਸਾਰਾ ਦਿਨ ਗੁਰਬਾਣੀ ਕੀਰਤਨ ਦਾ ਪ੍ਰਵਾਹ ਚੱਲਦਾ ਰਿਹਾ।ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਟੋਡਰ ਮੱਲ ਦੀਵਾਨ ਹਾਲ ਅਤੇ ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ ਬਾਹਰਵਾਰ ਖੁੱਲ੍ਹੇ ਪੰਡਾਲ ਵਿਚ ਧਾਰਮਿਕ ਦੀਵਾਨ ਵੀ ਸਜਾਏ ਗਏ, ਜਿਨ੍ਹਾਂ ਵਿਚ ਪੰਥ ਪ੍ਰਸਿੱਧ ਕਥਾਵਾਚਕ, ਢਾਡੀ ਅਤੇ ਕਵੀਸ਼ਰੀ ਜੱਥਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਜੀਵਨ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ।ਇਸੇ ਦੌਰਾਨ ਕਵੀ ਦਰਬਾਰ ਸਮੇਂ ਪੰਥ ਪ੍ਰਸਿੱਧ ਕਵੀਆਂ ਨੇ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਸ਼ਹਾਦਤ ਨਾਲ ਸਬੰਧਤ ਕਵਿਤਾਵਾਂ ਰਾਹੀਂ ਹਾਜ਼ਰੀ ਭਰੀ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਵਿਸ਼ਾਲ ਪੱਧਰ 'ਤੇ ਲੰਗਰ, ਮੈਡੀਕਲ ਸਹੂਲਤ, ਰਿਹਾਇਸ਼, ਧਾਰਮਿਕ ਸਾਹਿਤ ਪ੍ਰਦਰਸ਼ਨੀਆਂ, ਜੋੜਾ ਘਰ, ਗੱਠੜੀ ਘਰ ਆਦਿ ਦੇ ਪ੍ਰਬੰਧ ਕੀਤੇ ਗਏ। ਸੰਗਤਾਂ ਤੇ ਸੇਵਾ ਸੁਸਾਇਟੀਆਂ ਵੱਲੋਂ ਵੀ ਵੱਡੀ ਪੱਧਰ 'ਤੇ ਸੰਗਤ ਦੀ ਸੇਵਾ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਸਨ।ਸ਼ਹੀਦੀ ਸਭਾ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਤੋਂ ਇਲਾਵਾ ਵੱਖ-ਵੱਖ ਧਾਰਮਿਕ, ਰਾਜਸੀ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਹਾਜ਼ਰੀ ਭਰ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਅਵਤਾਰ ਸਿੰਘ ਰਿਆ, ਬਾਬਾ ਗੁਰਪ੍ਰੀਤ ਸਿੰਘ, ਕਰਨੈਲ ਸਿੰਘ ਪੰਜੋਲੀ, ਹਰਪਾਲ ਸਿੰਘ ਜੱਲਾ, ਮਲਕੀਤ ਸਿੰਘ ਚੰਗਾਲ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਇੰਚਾਰਜ ਸਿਮਰਨਜੀਤ ਸਿੰਘ ਕੰਗ, ਚੀਫ ਜਗਦੀਸ਼ ਸਿੰਘ ਬੁੱਟਰ, ਮੈਨੇਜਰ ਗੁਰਿੰਦਰ ਸਿੰਘ ਦੇਵੀਦਾਸਪੁਰ, ਵਧੀਕ ਮੈਨੇਜਰ ਬਲਵਿੰਦਰ ਸਿੰਘ, ਗੁਰਇਕਬਾਲ ਸਿੰਘ ਮਾਨ, ਹਰਮਨਜੀਤ ਸਿੰਘ ਸਮੇਤ ਲੱਖਾਂ ਦੀ ਗਿਣਤੀ ਵਿੱਚ ਦੇਸ਼-ਵਿਦੇਸ਼ਾਂ ਦੀਆਂ ਸੰਗਤਾਂ ਹਾਜ਼ਰ ਸਨ।

# ਵੀਰ ਬਾਲ ਦਿਵਸ 'ਤੇ ਮੁੰਬਈ 'ਚ ਕਰਵਾਇਆ ਕੀਰਤਨ ਸਮਾਗਮ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੀਰ ਬਾਲ ਦਿਵਸ ਗੁਰਦਆਰਾ ਗੁਰੂ ਤੇਗ ਬਹਾਦਰ ਦਰਬਾਰ ਰੌਲੀ ਕੈਂਪ ਪ੍ਰਬੰਧਕ ਕਮੇਟੀ, ਨਵੀਂ ਮੁੰਬਈ ਗੁਰਦਆਰਾ ਸੁਪਰੀਮ ਕੌਂਸਲ ਮਹਾਰਾਸ਼ਟਰ ਸਿੱਖ ਐਸੋਸੀਏਸ਼ਨ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ, 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਮੁੰਬਈ, ਸੇਵਕ ਜੱਥੇ ਅਤੇ ਮੁੰਬਈ ਐੱਮ. ਐੱਮ. ਆਰ. ਸਿੱਖ ਸੰਗਤ ਦੇ ਸਹਿਯੋਗ ਸਦਕਾ ਕੀਰਤਨ ਸਮਾਗਮ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਗੁਰਦਆਰਾ ਤੇਗ ਬਹਾਦਰ ਦਰਬਾਰ ਰੌਲੀ ਕੈਂਪ ਗੁਰੂ ਤੇਗ ਬਹਾਦਰ ਨਗਰ ਮੁੰਬਈ ਵਿਖੇ ਕਰਵਾਇਆ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਬਲਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਿਆ। ਇਸ ਮੌਕੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਮੱਥਾ ਟੇਕਿਆ ਅਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਲਿਆ। ਇਸ ਮੌਕੇ ਬੱਲ ਮਲਕੀਤ ਸਿੰਘ ਚੇਅਰਮੈਨ ਪ੍ਰਬੰਧਕ ਕਮੇਟੀ ਅਤੇ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਅਤੇ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੇ ਸਰਬਉਚ ਬਲੀਦਾਨ ਨੂੰ ਸਮਰਪਿਤ ਹੈ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਵਿਧਾਇਕ ਪ੍ਰਸਾਦ ਲਾਡ, ਵਿਧਾਇਕ ਤਾਮਿਲ ਸੇਲਵਾਨ, ਸ੍ਰੀ ਗੁਰੂ ਤੇਗ ਬਹਾਦਰ ਰਾਮੇਸ਼ਵਰ ਨਾਇਕ 350ਵੇਂ ਸ਼ਹੀਦੀ ਸਮਾਗਮ ਕਮੇਟੀ ਦੇ ਪ੍ਰਧਾਨ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਲਜੀਤ ਸਿੰਘ ਬੱਲ, ਮੈਂਬਰ ਜਸਪਾਲ ਸਿੰਘ ਸਿੱਧੂ, ਹੈਪੀ ਸਿੰਘ, ਗੁਰਦੇਵ ਸਿੰਘ ਸਕੱਤਰ, ਡਾ: ਅਜ਼ੀਜ਼ ਰਾਠੌੜ ਹਾਜ਼ਰ ਸਨ।

# ਦਾਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾ.ਫ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਦੀਨਾਨਗਰ ਪੁਲਸ ਨੇ ਦਾਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾ.ਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਸ਼ਿਕਾਇਤ ਕਰਤਾ ਪੀੜਤ ਲੜਕੀ ਵਾਸੀ ਆਲੇਚੱਕ ਦਾ ਵਿਆਹ 2 ਅਗਸਤ 2025 ਨੂੰ ਦਵਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਸੀ ਘਸੇਲ ਨਾਲ ਹੋਇਆ ਸੀ। ਪੀੜਤਾ ਦਾ ਪਤੀ ਦਵਿੰਦਰ ਸਿੰਘ ਦਹੇਜ ਦੀ ਮੰਗ ਕਰਨ ਤੋਂ ਇਲਾਵਾ ਤੰਗ ਪ੍ਰੇਸ਼ਾਨ ਕਰਨ ਲੱਗ ਪਿਆ। ਪੁਲਸ ਨੇ ਪੀੜਤਾ ਦੇ ਪਤੀ ਖ਼ਿਲਾ.ਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।



ਮਜੀਠਾ ਹਲਕੇ ਦੇ ਪਿੰਡ ਤਾਹਰਪੁਰ ਵਿਖੇ ਬਾਬਾ ਸੁੱਖਾ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਜਿਸ ਵਿੱਚ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਹਾਜ਼ਰੀ ਭਰਦੇ ਹੋਏ, ਨਾਲ ਹਨ ਬਾਬਾ ਸੁੱਖਾ ਸਿੰਘ ਤੇ ਹੋਰ ਸੇਵਾਦਾਰ।
(ਫੋਟੋ ਤੇ ਵੇਰਵਾ: ਤਰਸੇਮ ਸਿੰਘ ਸਾਧਪੁਰ)

# ਡਾਕ ਵਿਭਾਗ ਅੰਮ੍ਰਿਤਸਰ ਨਾਗਰਿਕਾਂ ਨੂੰ ਕਰ ਰਿਹਾ ਬਿਹਤਰ ਸੇਵਾਵਾਂ ਪ੍ਰਦਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਇਹ ਯਕੀਨੀ ਬਣਾਉਣ ਲਈ ਕਿ ਆਮ ਲੋਕਾਂ ਦੇ ਆਧਾਰ ਕਾਰਡ ਵਿੱਚ ਸੁਧਾਰ ਦਾ ਕੰਮ ਜਲਦੀ ਤੋਂ ਜਲਦੀ ਕੀਤਾ ਜਾਵੇ, ਤਾਂ ਜੋ ਆਧਾਰ ਬਣਵਾਉਣ ਲਈ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਨਾ ਹੋਣਾ ਪਵੇ, ਅੰਮ੍ਰਿਤਸਰ ਡਾਕ ਵਿਭਾਗ ਦੇ ਸਾਰੇ ਡਾਕਘਰਾਂ ਵਿੱਚ ਆਧਾਰ ਕਾਊਂਟਰਾਂ ਨੂੰ ਚਾਲੂ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ।ਇਸ ਵੇਲੇ ਮੁੱਖ ਡਾਕਘਰ ਅੰਮ੍ਰਿਤਸਰ ਵਿੱਚ ਦੋ ਕਾਊਂਟਰ ਕੰਮ ਕਰ ਰਹੇ ਹਨ, ਇਸ ਦੇ ਨਾਲ ਹੀ ਅੰਮ੍ਰਿਤਸਰ ਜ਼ਿਲ੍ਹੇ ਦੇ ਅਧੀਨ ਉਪ ਡਾਕਘਰ ਗਾਂਧੀ ਬਾਜ਼ਾਰ, ਛੇਹਰਟਾ, ਗੋਲਡਨ ਟੈਂਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਈਆ, ਅੰਮ੍ਰਿਤਸਰ ਕਚਹਿਰੀ, ਖਾਲਸਾ ਕਾਲਜ, ਮਜੀਠ ਮੰਡੀ, ਅਜਨਾਲਾ ਵਿੱਚ ਆਧਾਰ ਕਾਊਂਟਰ ਸੁਚਾਰੂ ਢੰਗ ਨਾਲ ਕੰਮ ਕਰ ਰਹੇ ਹਨ।ਇਸ ਸੰਦਰਭ ਵਿੱਚ ਡਾਕ ਸੁਪਰਡੈਂਟ (ਹੈੱਡਕੁਆਰਟਰ) ਅੰਮ੍ਰਿਤਸਰ, ਪ੍ਰਵੀਨ ਪ੍ਰਸੂਨ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਵੱਡੇ ਡਾਕਘਰਾਂ ਵਿੱਚ 2-3 ਕਾਊਂਟਰ ਖੋਲ੍ਹੇ ਜਾਣਗੇ ਤਾਂ ਜੋ ਲੋਕਾਂ ਨੂੰ ਆਪਣਾ ਆਧਾਰ ਦਾ ਕੰਮ ਕਰਵਾਉਣ ਵਿੱਚ ਕੋਈ ਮੁਸ਼ਕਲ ਨਾ ਆਵੇ। ਪਾਰਸਲਾਂ ਲਈ ਡਾਕਘਰ ਵਿੱਚ ਦਿੱਤੀ ਜਾ ਰਹੀ ਸਹੂਲਤ ਬਾਰੇ ਉਨ੍ਹਾਂ ਕਿਹਾ ਕਿ ਦੇਸ਼ ਅਤੇ ਵਿਦੇਸ਼ਾਂ ਵਿੱਚ ਪਾਰਸਲ ਭੇਜਦੇ ਸਮੇਂ ਲੋਕਾਂ ਦੇ ਸਾਮਾਨ ਨੂੰ ਸਹੀ ਢੰਗ ਨਾਲ ਪੈਕ ਕਰਨ ਲਈ, ਸਾਰੇ ਡਾਕਘਰਾਂ ਵਿੱਚ ਪਾਰਸਲ ਪੈਕਿੰਗ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ, ਜੋ ਕਿ ਬਹੁਤ ਘੱਟ ਦਰਾਂ ਤੇ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦਾ ਸਾਮਾਨ ਉਨ੍ਹਾਂ ਦੇ ਰਿਸ਼ਤੇਦਾਰਾਂ ਤੱਕ ਸੁਰੱਖਿਅਤ ਅਤੇ ਸਮੇਂ ਸਿਰ ਪਹੁੰਚ ਸਕੇ।ਸੀਨੀਅਰ ਪੋਸਟਮਾਸਟਰ ਅੰਮ੍ਰਿਤਸਰ ਧੀਰਜ ਕੁਮਾਰ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਭੇਜਣ ਲਈ ਵਸਤੂਆਂ ਦੀ ਬੁਕਿੰਗ ਲਈ ਅੰਮ੍ਰਿਤਸਰ ਮੁੱਖ ਡਾਕਘਰ ਵਿੱਚ ਇੱਕ ਵਿਸ਼ੇਸ਼ ਕਾਊਂਟਰ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਲੋਕਾਂ ਨੂੰ ਲੰਬੀਆਂ ਕਤਾਰਾਂ ਵਿੱਚ ਨਾ ਖੜ੍ਹੇ ਹੋਣਾ ਪਵੇ। ਥੋਕ ਬੁਕਿੰਗ ਕਰਨ ਵਾਲੇ ਗਾਹਕਾਂ ਨੂੰ ਪਿਕਅੱਪ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਅਜਿਹੇ ਮਾਮਲਿਆਂ ਵਿੱਚ ਉਨ੍ਹਾਂ ਦੀ ਡਾਕ ਉਨ੍ਹਾਂ ਦੇ ਦਫ਼ਤਰ ਦੇ ਤੋਂ ਇੱਕ ਡਾਕ ਕਰਮਚਾਰੀ ਦੁਆਰਾ ਲਈ ਜਾਵੇਗੀ, ਜੋ ਬੁਕਿੰਗ ਕਰਵਾਕੇ ਰਸੀਦ ਦਫਤਰ ਵਿਚ ਵਾਪਿਸ ਦਿੱਤੀ ਜਾਵੇਗੀ। ਡਾਕ ਵਿਭਾਗ ਆਪਣੇ ਗਾਹਕਾਂ ਨੂੰ ਵੱਧ ਤੋਂ ਵੱਧ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਸਬ-ਇੰਸਪੈਕਟਰ ਮੈਡਮ ਦੀਪਿਕਾ ਨੇ ਬਤੌਰ ਐੱਸਐੱਚਓ ਚਾਰਜ ਸੰਭਾਲਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਸ੍ਰੀ ਆਦਿੱਤਿਆ ਦੇ ਹੁਕਮਾਂ ਅਨੁਸਾਰ ਮਹਿਲਾ ਸਬ ਇੰਸਪੈਕਟਰ ਮੈਡਮ ਦੀਪਿਕਾ ਨੇ ਥਾਣਾ ਧਾਰੀਵਾਲ ਦੇ ਬਤੌਰ ਮੁੱਖ ਅਫਸਰ ਵਜੋਂ ਅਹੁਦਾ ਸੰਭਾਲ ਕੇ ਕੰਮਕਾਜ ਸ਼ੁਰੂ ਕਰ ਦਿੱਤਾ ਹੈ। ਐੱਸਐੱਚਓ ਸਬ ਇੰਸਪੈਕਟਰ ਮੈਡਮ ਦੀਪਿਕਾ ਨੇ ਪਲੇਠੀ ਪ੍ਰੈਸ਼ ਮਿਲਣੀ ਦੌਰਾਨ ਕਿਹਾ ਜ਼ਿਲ੍ਹਾ ਪੁਲੀਸ ਮੁਖੀ ਗੁਰਦਾਸਪੁਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਥਾਣਾ ਧਾਰੀਵਾਲ ਅਧੀਨ ਪੈਂਦੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੂਰੀ ਚੌਕਸੀ ਵਰਤੀ ਜਾਵੇਗੀ। ਗੈਰ ਸਮਾਜਿਕ ਅਨਸਰਾਂ ਤੇ ਪੂਰਾ ਸ਼ਿਕੰਜਾ ਕੱਸਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।ਬਿਨਾਂ ਕਿਸੇ ਪੱਖਪਾਤ ਲੋਕਾਂ ਦੇ ਕੰਮ ਹੋਣਗੇ ਅਤੇ ਉਹ ਕਿਸੇ ਨਾਲ ਬੇਇਨਸਾਫੀ ਨਹੀਂ ਹੋਣ ਦੇਣਗੇ। ਉਨ੍ਹਾਂ ਨੇ ਬੁਲੇਟ ਮੋਟਰਸਾਈਕਲ ਦੇ ਪਟਾਕੇ ਪਾਉਣ ਵਾਲਿਆਂ, ਬਿਨਾਂ ਨੰਬਰੀ ਅਤੇ ਅਧੂਰੇ ਦਸਤਾਵੇਜ਼ ਵਾਲੇ ਵਾਹਨ ਚਾਲਕਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਆਵਾਜਾਈ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਚਾਈਨਾ ਡੋਰ ਵੇਚਣ ਅਤੇ ਵਰਤਣ ਵਾਲਿਆਂ ਨੂੰ ਸਖਤ ਚੇਤਾਵਨੀ ਦਿੱਤੀ ਕਿ ਚਾਈਨਾ ਡੋਰ ਕਾਰਨ ਕਈ ਕੀਮਤੀ ਮਨੁੱਖੀ ਜਾਨਾਂ ਜਾ ਚੁੱਕੀਆਂ ਹਨ।ਇਹ ਪਾਬੰਦੀਸ਼ੁਧਾ ਚਾਈਨਾ ਡੋਰ ਵੇਚਦਾ ਜਾਂ ਵਰਤਦਾ ਕੋਈ ਵੀ ਫੜਿਆ ਗਿਆ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਨੇ ਸ਼ਹਿਰ ਦੇ ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਾਮਾਨ ਸਰਕਾਰੀ ਨਿਯਮਾਂ ਅਨੁਸਾਰ ਆਪਣੀ ਹਦੂਦ ਤੱਕ ਰੱਖਣ ਤਾਂ ਜੋ ਸ਼ਹਿਰ ਵਿੱਚ ਟ੍ਰੈਫਿਕ ਸਮੱਸਿਆ ਨਾ ਆਵੇ ।ਥਾਣਾ ਮੁਖੀ ਸਬ ਇੰਸਪੈਕਟਰ ਮੈਡਮ ਦੀਪਿਕਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਾਨੂੰਨ ਵਿਵਸਥਾ ਬਣਾਈ ਰੱਖਣ, ਨਸ਼ਿਆਂ ਅਤੇ ਗੈਰ ਸਮਾਜਿਕ ਅਨਸਰਾਂ ਨੂੰ ਠੱਲ ਪਾਉਣ ਲਈ ਪੁਲਸ ਦਾ ਸਹਿਯੋਗ ਕਰਨ ਅਤੇ ਪੁਲਸ ਨੂੰ ਹਮੇਸ਼ਾ ਸੱਚੀ ਤੇ ਸਹੀ ਇਤਲਾਹ ਦੇਣ।

# ਦਸਮ ਪਾਤਸ਼ਾਹ ਪਰਵਾਰ ਦੀ ਕੁਰਬਾਨੀ ਰਾਸ਼ਟਰ ਲਈ ਪ੍ਰੇਰਣਾਦਾਇਕ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਦੀ ਕੁਰਬਾਨੀ ਨਾਲ ਜੁੜੀ ਕਹਾਣੀ ਜਿੰਨ੍ਹੀ ਵਾਰ ਪੜਾਂਗੇ, ਸੁਣਾਂਗੇ ਅਤੇ ਜਾਣਾਂਗੇ ਉਨ੍ਹੀ ਵਾਰ ਹੀ ਰਾਸ਼ਟਰ ਹਿੱਤ ਵਿੱਚ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਪ੍ਰੇਰਿਤ ਹੋਵਾਂਗੇ।ਮੁੱਖ ਮੰਤਰੀ ਸ਼ੁਕਰਵਾਰ ਨੂੰ ਸਿਰਸਾ ਵਿੱਚ ਆਯੋਜਿਤ ਰਾਜ ਪੱਧਰੀ ਵੀਰ ਬਾਲ ਦਿਵਸ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਰਾਜ ਦੇ 3450 ਸਕੂਲਾਂ ਦੇ 6 ਲੱਖ ਵਿਦਿਆਰਥੀਆਂ ਨੇ ਹਿੰਦੀ, ਪੰਜਾਬੀ, ਅੰਗ੍ਰੇਜੀ ਤੇ ਸੰਸਕ੍ਰਿਤ ਵਿਸ਼ਿਆਂ 'ਤੇ ਆਯੋਜਿਤ ਲੇਖ ਮੁਕਾਬਲੇ ਵਿੱਚ ਹਿੱਸਾ ਲਿਆ। ਇੰਨ੍ਹਾਂ ਵਿੱਚ ਹਿੰਦੀ ਵਿੱਚ ਜੀਂਦ ਦੀ ਪ੍ਰਿਯੰਕਾ, ਪੰਜਾਬੀ ਵਿੱਚ ਕੈਥਲ ਦੀ ਚਰਣਜੀਤ ਕੌਰ, ਸੰਸਕ੍ਰਿਤ ਵਿੱਚ ਅੰਬਾਲਾ ਦੀ ਸਿਦਵੀ ਅਤੇ ਅੰਗ੍ਰੇਜੀ ਵਿੱਚ ਅੰਬਾਲਾ ਦੀ ਜਸਲੀਨ ਕੌਰ ਅਵੱਲ ਰਹੀ। ਮੁੱਖ ਮੰਤਰੀ ਨੇ ਇੰਨ੍ਹਾਂ ਵਿਦਿਆਰਥੀਆਂ ਨੂੰ 21-21 ਹਜ਼ਾਰ ਰੁਪਏ ਦੀ ਨਗਦ ਰਕਮ ਪ੍ਰਦਾਨ ਕਰ ਸਨਮਾਨਤ ਕੀਤਾ। ਇਸ ਤੋਂ ਇਲਾਵਾ, ਦੂਜੇ ਸਥਾਨ 'ਤੇ ਜੇਤੂਆਂ ਨੂੰ 11-11 ਹਜ਼ਾਰ ਰੁਪਏ ਅਤੇ ਤੀਜੇ ਸਥਾਨ ਦੇ ਜੇਤੂਆਂ ਨੂੰ 5100-5100 ਦੇ ਪੁਰਸਕਾਰ ਵੰਡੇ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੁੱਧ ਦਾ ਲੰਗਰ ਲਗਾਇਆ



**ਬਿਆਸ (ਪਰਮਜੀਤ ਸਿੰਘ ਰੱਖੜਾ)**- ਪਿੰਡ ਵਜ਼ੀਰ ਭੁੱਲਰ ਨੂੰ ਜਾਣ ਵਾਲੀ ਸੜਕ ਉਤੇ ਸਮੂਹ ਚੀਮਾ ਕਲੋਨੀ ਵਾਸੀਆਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸੁਖਵਿੰਦਰ ਸੰਧੂ, ਕੇਵਲ ਮਾਨ, ਡਾਕਟਰ ਜਗਜੀਤ ਸਿੰਘ, ਰਣਜੀਤ ਸਿੰਘ, ਹਰਵੇਲ ਸਿੰਘ, ਕੁਲਦੀਪ ਸਿੰਘ, ਮੁਖਤਾਰ ਸਿੰਘ ਸੋਨੀ, ਅਗਮਜੋਤ ਸਿੰਘ, ਸੁਰਿੰਦਰ ਕੁਮਾਰ ਪੱਪੂ ਅਤੇ ਗੌਰਵ ਆਦਿ ਨੇ ਸੇਵਾ ਨਿਭਾਈ।

## ਹੇਮਕੁੰਟ ਸਕੂਲ 'ਚ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸੰਪੰਨ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਹੇਮਕੁੰਟ ਸੀਨੀ.ਸੰਕੈ.ਸਕੂਲ ਕੋਟ-ਈਸੇ-ਖਾਂ ਵਿਖੇ ਸਹਾਇਕ ਡਾਇਰੈਕਟਰ ਦਵਿੰਦਰ ਸਿੰਘ ਲੋਟੇ ਦੀ ਯੋਗ ਅਗਵਾਈ ਸਦਕਾ ਸੱਤ ਰੋਜ਼ਾ ਐੱਨ.ਐੱਸ ਕੈਂਪ ਲਾਇਅਖ. ਜੋ ਸਜਨੂੰਲਤਾਪੂਰਵਕ ਸੰਪੰਨ ਹੋ ਗਿਆ।ਇਹ ਸੱਤ ਰੋਜ਼ਾ ਕੈਂਪ ਦੌਰਾਨ ਵਿਦਿਆਰਥੀਆਂ ਨੇ ਅਨੁਸ਼ਾਸਨ, ਸਮਾਜਿਕ ਸੇਵਾ, ਸਫ਼ਾਈ ਦੀ ਮਹੱਤਤਾ, ਸਮੇਂ ਦੀ ਕਦਰ ਤੇ ਟੀਮ ਵਰਕ ਵਰਗੀਆਂ ਕਈ ਕੀਮਤੀ ਸਿੱਖਿਆਵਾਂ ਪ੍ਰਾਪਤ ਕੀਤੀਆਂ। ਵਲੰਟੀਅਰਜ਼ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀ ਸਮਝਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਾਈਆਂ ਗਈਆ।ਇਸ ਕੈਂਪ ਦੌਰਾਨ ਸੁਲਤਾਨਪੁਰ ਲੋਧੀ (ਲੜਕੇ) ਅਤੇ ਨਾਨਕਸਰ (ਲੜਕੀਆਂ) ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਵੀ ਗਏ, ਜਿੱਥੇ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਮੱਥਾ ਟੇਕਿਆ ਤੇ ਸੇਵਾ ਦੀ ਮਹੱਤਤਾ ਬਾਰੇ ਜਾਣਕਾਰੀ ਲਈ।ਇਸ ਦੌਰੇ ਦੌਰਾਨ ਵਲੰਟੀਅਰਜ਼ ਵਿੱਚ ਧਾਰਮਿਕ ਤੇ ਨੈਤਿਕ ਮੁੱਲਾਂ ਦਾ ਵਿਕਾਸ ਹੋਇਆਂ।ਐੱਨ.ਐੱਸ.ਐੱਸ ਵਲੰਟੀਅਰਜ਼ ਦੁਆਰਾ ਵੀਰ ਬਾਲ ਦਿਵਸ ਵੀ ਮਨਾਇਆ ਗਿਆ।ਵਲੰਟੀਅਰਜ਼ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਜਾਣੂ ਕਰਾਇਆ ਗਿਆ ਤੇ ਉਨ੍ਹਾਂ ਦੇ ਬਲੀਦਾਨ ਤੋਂ ਪ੍ਰੇਰਨਾ ਲੈਣ ਦਾ ਸੰਦੇਸ਼ ਦਿੱਤਾ ਗਿਆ। ਕੈਂਪ ਦੌਰਾਨ ਡਾ. ਭੁਪਿੰਦਰ ਸਿੰਘ ਵੱਲੋਂ ਐੱਨ.ਐੱਸ.ਐੱਸ ਵਲੰਟੀਅਰਜ਼ ਨੂੰ ਸਿਹਤ ਨਾਲ ਸਬੰਧਤ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਕਿਵੇਂ ਸੰਤੁਲਤ ਆਹਾਰ, ਨਿਯਮਤ ਕਸਰਤ, ਸਫ਼ਾਈ ਤੇ ਸਕਾਰਾਤਮਕ ਸੋਚ ਰਾਹੀਂ ਆਪਣੀ ਸਿਹਤ ਨੂੰ ਠੀਕ ਰੱਖਿਆ ਜਾ ਸਕਦਾ ਹੈ।ਸਮਾਪਤੀ ਸਮਾਰੋਹ ਦੌਰਾਨ ਇਨਾਮ ਵੰਡ ਸਮਾਰੋਹ ਕੀਤਾ ਗਿਆ, ਜਿਸ 'ਚ ਐੱਨ.ਐੱਸ.ਐੱਸ ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ, ਜਿਸ ਨਾਲ ਵਲੰਟੀਅਰਜ਼ ਦਾ ਮਨੋਬਲ ਹੋਰ ਵਧਿਆ।ਇਸ ਦੌਰਾਨ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐੱਮ.ਡੀ.ਮੈਡਮ ਰਣਜੀਤ ਕੌਰ ਨੇ ਵਲੰਟੀਅਰਜ਼ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਐੱਨ.ਐੱਸ.ਐੱਸ ਕੈਂਪ ਵਲੰਟੀਅਰਜ਼ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਰਾਹੀ ਵਲੰਟੀਅਰਜ਼ ਜ਼ਿੰਮੇਵਾਰ ਨਾਗਰਿਕ ਬਣਦੇ ਹਨ ਤੇ ਸਮਾਜ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿੰਦੇ ਹਨ।ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਵਲੰਟੀਅਰਜ਼ ਨੂੰ ਪ੍ਰੇਰਿਤ ਕੀਤਾ ਕਿ ਉਹ ਕੈਂਪ ਦੌਰਾਨ ਸਿੱਖਿਆ ਗੱਲਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ 'ਚ ਅਪਣਾਉਣ ਤੇ ਦੇਸ਼ ਤੇ ਸਮਾਜ ਦੀ ਸੇਵਾ 'ਚ ਯੋਗਦਾਨ ਪਾਉਣ।

## ਰਣਜੀਤ ਕੌਰ ਬਰੇਟਾ ਜ਼ਿਲ੍ਹਾ ਪ੍ਰਧਾਨ ਤੇ ਕਮਲਦੀਪ ਕੌਰ ਝੰਡਾ ਜ਼ਿਲ੍ਹਾ ਸਕੱਤਰ ਨਿਯੁਕਤ

### ਆਂਗਣਵਾੜੀ ਮੁਲਾਜ਼ਮਾਂ ਵੱਲੋਂ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਆਂਗਨਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਮਾਨਸਾ ਦੀ ਸਰਬਸੰਮਤੀ ਨਾਲ ਹੋਈ ਚੋਣ ਦੌਰਨ ਰਣਜੀਤ ਕੌਰ ਬਰੇਟਾ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਸਕੱਤਰ ਕਮਲਦੀਪ ਕੌਰ ਝੰਡਾ ਕਲਾਂ ਤੇ ਜ਼ਿਲ੍ਹਾ ਖਜ਼ਾਨਚੀ ਡੇਜ਼ੀ ਗੁਪਤਾ ਚੁਣੇ ਗਏ।ਇਸ ਮੌਕੇ ਜਥੇਬੰਦੀ ਦੀ ਸੂਬਾਈ ਪ੍ਰਧਾਨ ਸੁਭਾਸ਼ ਰਾਣੀ ਤੇ ਸੂਬਾ ਜਨਰਲ ਸਕੱਤਰ ਹਰਜੀਤ ਕੌਰ ਪੰਜੋਲਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਬਰੇਟਾ ਨੇ ਚੋਣ ਇਜਲਾਸ 'ਚ ਤਿੰਨ ਸਾਲਾਂ 'ਚ ਕੀਤੇ ਕੰਮਾਂ ਸਮੇਤ ਸੰਘਰਸ਼ ਤੇ ਪ੍ਰਾਪਤੀਆਂ ਦੀ ਰਿਪੋਰਟ ਪੇਸ਼ ਕੀਤੀ ਗਈ।ਜ਼ਿਲ੍ਹਾ ਖਜ਼ਾਨਚੀ ਵੱਲੋਂ ਤਿੰਨ ਸਾਲਾਂ ਦੀ ਵਿੱਤੀ ਰਿਪੋਰਟ, ਮੈਂਬਰਸ਼ਿਪ ਤੇ ਖਰਚ ਦਾ ਲੇਖਾ ਜੋਖਾ ਪੇਸ਼ ਕੀਤਾ।ਦੋਵਾਂ ਰਿਪੋਰਟਾਂ ਨੂੰ ਡੈਲੀਗੇਟ ਹਾਊਸ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਆਂਗਨਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਆਗੂਆਂ ਇਸ ਮੌਕੇ ਬੋਲਦਿਆਂ ਕਿਹਾ ਕਿ ਯੂਨੀਅਨ ਦੇਸ਼ ਪੱਧਰ 'ਤੇ ਆਲ ਇੰਡੀਆ ਫੈਡਰੇਸ਼ਨ ਆਫ਼ ਆਂਗਨਵਾੜੀ ਵਰਕਰਜ਼ ਐਂਡ ਹੈਲਪਰਜ਼ ਨਾਲ ਸਬੰਧਤ ਹੈ।ਜਥੇਬੰਦੀ ਦੀ ਚੋਣ ਸਰਕਲ ਪੱਧਰ ਤੋਂ ਕੌਮੀ ਪੱਧਰ 'ਤੇ ਜਮਹੂਰੀ ਤਾਰੀਕੇ ਨਾਲ ਕੀਤੀ ਜਾਂਦੀ ਹੈ, ਨਾ ਕਿ ਅਹੁਦੇਦਾਰ ਥੋਪੇ ਜਾਂਦੇ ਹਨ।ਉਨ੍ਹਾਂ ਇਸ ਮੌਕੇ ਬੋਲਦਿਆਂ ਜਥੇਬੰਦੀ ਦੇ ਵਿਧੀ ਵਿਧਾਨ ਤੇ ਜੇਤੂ ਸੰਘਰਸ਼ਾਂ ਸਬੰਧੀ ਚਾਨਣਾ ਪਾਉਂਦਿਆਂ ਕਿਹਾ ਕਿ ਜਥੇਬੰਦੀ ਬਹੁਤ ਵੱਡੀ ਤਾਕਤ ਹੈ ਤੇ ਸਾਰੀਆਂ ਆਂਗਨਵਾੜੀ ਮੁਲਾਜ਼ਮਾਂ ਨੂੰ ਆਂਗਨਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਅਗਵਾਈ ਵਿੱਚ ਜਥੇਬੰਦ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਆਂਗਨਵਾੜੀ ਮੁਲਾਜ਼ਮ ਪਿਛਲੇ ਪੰਜਾਹ ਸਾਲਾਂ ਤੋਂ ਆਈ.ਸੀ.ਡੀ.ਐੱਸ. ਸਕੀਮ ਅਧੀਨ ਨਿਗੂਣੇ ਜਿਹੇ ਮਾਣਭੱਤੇ 'ਤੇ ਸੇਵਾ ਨਿਭਾਅ ਰਹੀਆਂ ਹਨ।ਕੇਂਦਰ ਤੇ ਪੰਜਾਬ ਸਰਕਾਰ ਦੁਆਰਾ ਮੰਗਾਂ ਨੂੰ ਲੰਬੇ ਸਮੇਂ ਤੋਂ ਅਣਗੌਲਿਆ ਕੀਤਾ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਹੱਕੀ ਤੇ ਜਾਇਜ਼ ਮੰਗਾਂ ਨੂੰ ਪੂਰਾ ਨਾ ਕੀਤਾ ਤਾਂ ਭਗਵੰਤ ਮਾਨ ਸਰਕਾਰ ਵਿਰੁੱਧ ਵਿਰੁੱਧ ਫੈਸਲਾਕੁਨ ਸੰਘਰਸ਼ ਆਰੰਭਿਆ ਜਾਵੇਗਾ।ਇਸ ਮੌਕੇ ਹੋਈ ਜ਼ਿਲ੍ਹਾ ਪੱਧਰ ਦੀ ਚੋਣ ਵਿੱਚ ਸੀਨੀਅਰ ਮੀਤ ਪ੍ਰਧਾਨ ਚਰਨਜੀਤ ਕੌਰ ਮਾਨਸਾ, ਮੀਤ ਪ੍ਰਧਾਨ ਤੇਜਿੰਦਰ ਕੌਰ ਵਾਲੀਆ, ਦਲਜੀਤ ਕੌਰ ਮਾਨਸਾ, ਜੱਸੀ ਬੁਢਲਾਡਾ, ਮਨਪ੍ਰੀਤ ਕੌਰ ਮਾਨਸਾ, ਜ਼ਿਲ੍ਹਾ ਸਕੱਤਰ ਮਨਜੀਤ ਕੌਰ ਬੀਰੋਕੇ, ਸੁਮਨ ਲਤਾ ਬੁਢਲਾਡਾ, ਅਮਨਦੀਪ ਕੌਰ ਮਾਨਸਾ, ਸੰਯੁਕਤ ਸਕੱਤਰ ਅਵਿਨਾਸ਼ ਕੌਰ ਮਾਨਸਾ, ਸਹਾਇਕ ਖਜ਼ਾਨਚੀ ਬਸ਼ੀਰਾ ਬੁਢਲਾਡਾ ਤੋਂ ਇਲਾਵਾ ਸ਼ਿੰਦਰ ਕੌਰ ਬਰੇ, ਕੁਲਵੰਤ ਕੌਰ ਸਰਦੂਲਗੜ੍ਹ, ਪੁਸ਼ਪਾ ਦੇਵੀ ਬੁਢਲਾਡਾ, ਸੁਖਵਿੰਦਰ ਕੌਰ ਬਰੇਟਾ, ਪਰਮਜੀਤ ਕੌਰ ਮਾਨਸਾ ਕਾਰਜਕਾਰੀ ਕਮੇਟੀ ਦੇ ਮੈਂਬਰ ਚੁਣੀਆਂ ਗਈਆਂ।

## ਜੇਲ੍ਹ 'ਚੋਂ 21 ਮੋਬਾਇਲ, 1 ਅਡਾਪਟਰ ਤੇ 3 ਏਅਰਪੋਰਡ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਕੇਂਦਰੀ ਜੇਲ੍ਹ 'ਚੋਂ ਮੋਬਾਇਲ ਫੋਨ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀਤੇ ਦਿਨ ਵੀ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ 'ਚ ਤਲਾਸ਼ੀ ਦੌਰਾਨ 8 ਟੱਚ ਸਕਰੀਨ ਮੋਬਾਇਲ ਫੋਨ ਤੇ 13 ਕੀਪੈਡ ਮੋਬਾਇਲ ਫੋਨ, 1 ਅਡਾਪਟਰ ਤੇ 3 ਏਅਰਪੋਰਡ ਬਰਾਮਦ ਹੋਏ ਹਨ। ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 21 ਹਵਾਲਾਤੀਆਂ ਤੇ ਕੈਦੀਆਂ ਖਿਲਾਫ਼ 52-ਏ ਪਰੀਸੰਨਜ਼ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ। ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 9883 ਮਿਤੀ 24 ਦਸੰਬਰ 2025 ਵੱਲੋਂ ਬਿਨੀ ਟਾਕ ਸਹਾਹਿਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ ਕੇਂਦਰੀ ਜੇਲ੍ਹ 'ਚ ਤਲਾਸ਼ੀ ਦੌਰਾਨ ਹਵਾਲਾਤੀ ਕੁਲਦੀਪ ਸਿੰਘ ਪੁੱਤਰ ਦੇਸ ਸਿੰਘ ਵਾਸੀ ਹੁਜਰਾ ਥਾਣਾ ਸਿੱਧਵਾਂ ਬੇਟ ਜ਼ਿਲ੍ਹਾ ਲੁਧਿਆਣਾ, ਹਵਾਲਾਤੀ ਗੌਰਵ ਪੁੱਤਰ ਮੰਗਲ ਸਿੰਘ ਵਾਸੀ ਬਸਤੀ ਬਾਗ ਸਿੰਘ ਵਾਲੀ ਥਾਣਾ ਸਿਟੀ ਫ਼ਿਰੋਜ਼ਪੁਰ, ਰਛਪਾਲ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਚੋਬਾਲ ਨਿਊ ਡਾਕਖਾਨਾ ਥਾਣਾ ਚੁਬਾਲ ਜ਼ਿਲ੍ਹਾ ਤਰਨਤਾਰਨ, ਹਵਾਲਾਤੀ ਗੁਰਜੰਟ ਸਿੰਘ ਪੁੱਤਰ ਜੱਸਾ ਸਿੰਘ ਵਾਸੀ ਸੀਤੋ ਨੇ ਆਬਾਦ ਥਾਣਾ ਸਦਰ ਪੱਟੀ ਜ਼ਿਲ੍ਹਾ ਤਰਨਤਾਰਨ, ਬੰਦੀ ਗੁਰਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪੈਡੀ ਥੇਟ ਢਿੱਲਵਾਂ ਜ਼ਿਲ੍ਹਾ ਕਪੂਰਥਲਾ, ਹਵਾਲਾਤੀ ਸੰਜੀਵ ਸਿੰਘ ਉਰਫ਼ ਨੰਨ੍ਹੂ ਪੁੱਤਰ ਕੁਲਵਿੰਦਰ ਸਿੰਘ ਵਾਸੀ ਮੱਲੀਆਂ ਥਾਣਾ ਕਰਤਾਰਪੁਰ, ਹਵਾਲਾਤੀ ਗੁਰਵਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਹਾਊਸ ਨੰਬਰ 13978 ਗਲੀ ਨੰਬਰ 03 ਮੁਹੱਲਾ ਪ੍ਰਭਾਤ ਨਗਰ ਢੋਲੇਵਾਲਾ ਥਾਣਾ ਡਵੀਜ਼ਨ ਨੰਬਰ 06 ਲੁਧਿਆਣਾ, ਹਵਾਲਾਤੀ ਲਵਪ੍ਰੀਤ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਨਾਗੋਕੇ ਜ਼ਿਲ੍ਹਾ ਤਰਨਤਾਰਨ, ਹਵਾਲਾਤੀ ਤਰਨਵੀਰ ਪੁੱਤਰ ਨਵਤੇਜ ਵਾਸੀ ਗੁਰੂ ਨਾਨਕ ਮੁਹੱਲਾ ਮਾਛੀਵਾੜਾ ਸਾਹਿਬ ਲੁਧਿਆਣਾ, ਹਵਾਲਾਤੀ ਚਮਕੌਰ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਭੰਬਾ ਲੰਡਾ ਥਾਣਾ ਘੱਲ ਖੁਰਦ ਜ਼ਿਲ੍ਹਾ ਫਿਰੋਜ਼ਪੁਰ, ਹਵਾਲਾਤੀ ਦਵਿੰਦਰ ਸਿੰਘ ਉਰਫ਼ ਸੈਣੀ ਪੁੱਤਰ ਵਿਜੈ ਸੈਣੀ ਵਾਸੀ ਨੇੜੇ ਦੇਵ ਸਕੂਲ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ, ਹਵਾਲਾਤੀ ਅਕਾਸ਼ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਹਾਊਸ ਨੰਬਰ 1515/12 ਗਵਾਲ ਮੰਡੀ ਰਾਮ ਤੀਰਥ ਰੋਡ ਕੰਟੋਨਮੈਂਟ ਅੰਮ੍ਰਿਤਸਰ, ਹਵਾਲਾਤੀ ਰਾਹੁਲ ਪੁੱਤਰ ਗੁਰਦੀਪ ਸਿੰਘ ਵਾਸੀ ਨਵੀਂ ਆਬਾਦੀ ਜ਼ੀਰਾ ਗੇਟ ਸਿਟੀ ਫ਼ਿਰੋਜ਼ਪੁਰ, ਕੈਦੀ ਭੀਮ ਸੈਨ ਉਰਫ਼ ਭੀਮ ਨਾਥ ਪੁੱਤਰ ਚੇਤਨ ਦਾਸ ਜਾਖੜਾ ਵਾਲੀ ਪੀਲੀਆ ਬੰਗਾ ਹਨੂੰਮਾਨਗੜ੍ਹ ਜ਼ਿਲ੍ਹਾ ਰਾਜਸਥਾਨ ਹਾਲ ਵਾਸੀ ਅਰਾਈਆਂ ਵਾਲਾ ਖੁਰਦ ਉਰਫ਼ ਕਿੱਲੀ ਫ਼ਰੀਦਕੋਟ ਰੋਡ ਸਾਦਿਕ, ਕੈਦੀ ਪਰਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਚੱਕ ਬੁੱਧੋ ਕੇ ਥਾਣਾ ਸਦਰ ਜਲਾਲਾਬਾਦ, ਜ਼ਿਲ੍ਹਾ ਫ਼ਾਜ਼ਿਲਕਾ, ਕੈਦੀ ਗੁਰਸੇਵਕ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਪਿਆਰੇਆਣਾ ਬਸਤੀ ਪਲਾਟਾ ਵਾਲੀ ਥਾਣਾ ਕੁੱਲਗੜ੍ਹੀ, ਹਵਾਲਾਤੀ ਜੱਜ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਸਤੀ ਸ਼ਹੀਦ ਸਿੰਘ ਜਰਨੈਲ ਸਿੰਘ ਚੱਕ ਘੁਬਾਈ ਥਾਣਾ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ, ਕੈਦੀ ਘਰਵਿੰਦਰ ਸਿੰਘ ਉਰਫ਼ ਪ੍ਰਿੰਸ ਪੁੱਤਰ ਗੁਰਵਿੰਦਰ ਸਿੰਘ ਵਾਸੀ ਗੁਰੂ ਨਾਨਕ ਐਵੀਨਿਊ ਥਾਣਾ ਸਿਟੀ ਫ਼ਿਰੋਜ਼ਪੁਰ, ਕੈਦੀ ਰਾਹੁਲ ਉਰਫ਼ ਗੋਬਿੰਦ ਪੁੱਤਰ ਮੰਗਤ ਰਾਏ ਵਾਸੀ ਕੈਂਟ ਰੋਡ ਰਾਧਾ ਸੁਆਮੀ ਕਾਲੋਨੀ ਜ਼ਿਲ੍ਹਾ ਫਾਜ਼ਿਲਕਾ, ਕੈਦੀ ਰਮਨ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਬਸਤੀ ਸ਼ੇਖਾਂ ਵਾਲੀ ਥਾਣਾ ਸਿਟੀ ਫ਼ਿਰੋਜ਼ਪੁਰ ਕੋਲੋਂ 8 ਟੱਚ ਸਕਰੀਨ ਮੋਬਾਇਲ ਫੋਨ ਤੇ 13 ਕੀਪੈਡ ਮੋਬਾਇਲ ਫੋਨ, 1 ਅਡਾਪਟਰ, 3 ਏਅਰਪੋਰਡ ਬਰਾਮਦ ਹੋਏ। ਜਾਂਚਕਰਤਾ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਤੇ ਕੈਦੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸਮਰਪਤ ਵਿਸ਼ਾਲ ਧਾਰਮਿਕ ਸਮਾਗਮ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੋਗਿੰਦਰਾ ਕਾਨਵੈਂਟ ਸਕੂਲ 'ਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਮਹਾਨ ਸ਼ਹਾਦਤ ਨੂੰ ਸਮਰਪਤ ਇੱਕ ਸ਼ਰਧਾਮਈ ਸਮਾਗਮ ਤੇ ਸਹਿਜ ਪਾਠ ਦਾ ਆਯੋਜਨ ਕੀਤਾ ਗਿਆ। ਇਸ ਪਾਵਨ ਮੌਕੇ 'ਤੇ ਸਕੂਲ ਕੰਪਲੈਕਸ ਪੂਰੀ ਤਰ੍ਹਾਂ ਅਧਿਆਤਮਕ ਰੰਗ ਵਿੱਚ ਰੰਗਿਆ ਨਜ਼ਰ ਆਇਆ। ਸਮਾਗਮ ਦੌਰਾਨ ਸਕੂਲ ਦੇ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ ਦੇ ਸਵ: ਪਿਤਾ ਜੋਗਿੰਦਰ ਸਿੰਘ ਧਾਲੀਵਾਲ ਜੀ ਦੇ 86ਵੇਂ ਜਨਮ ਦਿਨ ਦੀ ਮਿੱਠੀ ਯਾਦ ਵਿੱਚ ਵਿਸ਼ੇਸ਼ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ। ਸਹਿਜ ਪਾਠ ਦੀ ਸਮਾਪਤੀ ਉਪਰੰਤ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਹੀ ਭਾਵੁਕ ਵਾਤਾਵਰਣ ਵਿੱਚ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸ਼ਬਦ, ਕੀਰਤਨ ਤੇ ਇਤਿਹਾਸਕ ਭਾਸ਼ਣ ਪੇਸ਼ ਕੀਤੇ। ਵਿਦਿਆਰਥੀਆਂ ਦੀਆਂ ਇਨ੍ਹਾਂ ਪੇਸ਼ਕਾਰੀਆਂ ਨੇ ਸਮੂਹ ਸੰਗਤ ਨੂੰ ਭਾਵੁਕ ਕਰ ਦਿੱਤਾ ਅਤੇ ਸ਼ਹਾਦਤ ਦੇ ਮਹਾਨ ਸੰਦੇਸ਼ ਨੂੰ ਮੁੜ ਸੁਰਜੀਤ ਕਰ ਦਿੱਤਾ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸਰਦਾਰ ਸਿਮਰਨਜੀਤ ਸਿੰਘ ਧਾਲੀਵਾਲ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਸਾਨੂੰ ਸੱਚ, ਸਾਹਸ ਤੇ ਧਰਮ ਦੇ ਮਾਰਗ 'ਤੇ ਅਟੱਲ ਰਹਿਣਾ ਸਿਖਾਉਂਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਵਿੱਚ ਸੱਚਾਈ ਤੇ ਸੇਵਾ ਦੇ ਮਾਰਗ ਨੂੰ ਅਪਣਾਉਣ ਦੀ ਪ੍ਰੇਰਨਾ ਦਿੱਤੀ ਤੇ ਸਮਾਗਮ ਵਿੱਚ ਪਹੁੰਚੇ ਸਮੂਹ ਮਾਪਿਆਂ ਦਾ ਧੰਨਵਾਦ ਕੀਤਾ।

## ਤਿੰਨ ਵਿਅਕਤੀਆਂ ਵਿਰੁੱਧ 38 ਲੱਖ ਦੀ ਠੱਗੀ ਦਾ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਮੀਨ ਦਿਵਾਉਣ ਦਾ ਝਾਂਸਾ ਦੇ ਕੇ 38 ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦੇ ਕਥਿਤ ਮਾਮਲੇ 'ਚ ਅਮਲੋਹ ਪੁਲਸ ਵੱਲੋਂ ਇੱਕ ਮਹਿਲਾ ਸਮੇਤ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਦਰਖਾਸਤ 'ਚ ਸ਼ਿਕਾਇਤਕਰਤਾ ਕਮਲਜੀਤ ਸਿੰਘ ਵਾਸੀ ਪਿੰਡ ਚਨਾਰਥਲ ਨੇ ਦੋਸ਼ ਲਗਾਏ ਸਨ ਕਿ ਮਲੇਰਕੋਟਲਾ ਦੇ ਵਸਨੀਕ ਦੋ ਸਕੇ ਭਰਾਵਾਂ ਨਵਨੀਤ ਬਾਂਸਲ ਤੇ ਲੱਕੀ ਨੇ ਅਮਰਜੀਤ ਕੌਰ ਵਾਸੀ ਸ਼ਹਾਦਤਪੁਰ (ਮਲੇਰਕੋਟਲਾ) ਨਾਲ ਮਿਲ ਕੇ ਜ਼ਮੀਨ ਦਵਾਉਣ ਦਾ ਝਾਂਸਾ ਦੇ ਕੇ ਉਸ ਨਾਲ ਕਰੀਬ 38 ਲੱਖ ਰੁਪਏ ਦੀ ਠੱਗੀ ਮਾਰੀ ਹੈ।ਦਰਖਾਸਤ ਦੀ ਪੜਤਾਲ ਡੀ.ਐੱਸ.ਪੀ. ਅਮਲੋਹ ਵੱਲੋਂ ਕੀਤੀ ਗਈ।ਸ਼ਿਕਾਇਤ ਕਰਤਾ ਦੇ ਬਿਆਨਾਂ 'ਤੇ ਨਵਨੀਤ ਬਾਂਸਲ, ਲੱਕੀ ਤੇ ਅਮਰਜੀਤ ਕੌਰ ਵਿਰੁੱਧ ਬੀ.ਐੱਨ.ਐੱਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁੱਕਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਗੁਰਬਾਣੀ ਸ਼ੁੱਧ ਉਚਾਰਨ ਮੁਕਾਬਲੇ ਕਰਵਾਏ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵੱਲੋਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਕਰਵਾਏ ਗਏ ਸਕੂਲ ਵਿਦਿਆਰਥੀਆਂ ਦੇ ਮੁਕਾਬਲਿਆਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਦੱਸਿਆ ਕਿ ਗੁਰਬਾਣੀ ਸ਼ੁੱਧ ਉਚਾਰਣ ਮੁਕਾਬਲੇ ਵਿੱਚ ਪਹਿਲਾ ਸਥਾਨ ਹਰਸਿਮਰਨਪ੍ਰੀਤ ਸਿੰਘ (ਸੇਵਾ ਸੰਗੀਤ ਅਕੈਡਮੀ, ਮਹਿਤਾ ਚੌਂਕ, ਅੰਮ੍ਰਿਤਸਰ) ਤੇ ਦੂਜਾ ਸਥਾਨ ਸੁਖਜਿੰਦਰ ਸਿੰਘ (ਸਰਕਾਰੀ ਹਾਈ ਸਕੂਲ ਮੋਜੀਆ, ਮਾਨਸਾ) ਨੇ ਪ੍ਰਾਪਤ ਕੀਤਾ।ਇਸੇ ਤਰ੍ਹਾਂ ਦਸਤਾਰਬੰਦੀ ਮੁਕਾਬਲੇ ਵਿੱਚ ਪਹਿਲਾ ਸਥਾਨ ਅਮ੍ਰਿਤਪਾਲ ਸਿੰਘ (ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਖਲੌਟੀ, ਲੁਧਿਆਣਾ) ਤੇ ਦੂਜਾ ਸਥਾਨ ਹਰਪ੍ਰੀਤ ਸਿੰਘ (ਗੁਰਪ੍ਰੀਤ ਹੋਲੀ ਹਾਰਟ, ਮਹਲ ਕਲਾਂ, ਬਰਨਾਲਾ) ਨੂੰ ਮਿਲਿਆ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਯੂਨੀਵਰਸਿਟੀ ਦੇ ਵੱਖ-ਵੱਖ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਵਾਲੀ ਸੰਗਤ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀ ਸਰਗਰਮ ਭਾਗੀਦਾਰੀ 'ਤੇ ਤਸੱਲੀ ਪ੍ਰਗਟ ਕੀਤੀ।ਡੀਨ ਫੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਜ਼ ਡਾ. ਹਰਦੇਵ ਸਿੰਘ ਨੇ ਜਾਣਕਾਰੀ ਦਿੱਤੀ ਕਿ ਕੱਲ੍ਹ ਸਕੂਲ ਵਿਦਿਆਰਥੀਆਂ ਲਈ ਭਾਸ਼ਣ ਤੇ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮੁਕਾਬਲਿਆਂ ਲਈ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਕੀਤੀ ਜਾਵੇਗੀ ਤੇ ਮੁਕਾਬਲੇ ਦੁਪਹਿਰ 12 ਵਜੇ ਸ਼ੁਰੂ ਹੋਣਗੇ।ਇਸ ਉਪਰੰਤ ਡਾ. ਨਵ ਸ਼ਗਨ ਦੀਪ ਕੌਰ, ਆਯੋਜਕ, ਵੱਲੋਂ ਸਮਾਗਮ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੇ ਸਭ ਅਧਿਆਪਕਾਂ, ਵਿਦਿਆਰਥੀਆਂ ਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਡਾ. ਅੰਕਦੀਪ ਕੌਰ (ਡਾਇਰੈਕਟਰ ਆਈਕਿਊਐਸੀ ਸੈੱਲ), ਮਿਸ. ਜਸਪ੍ਰੀਤ ਕੌਰ (ਯੂਨੀਵਰਸਿਟੀ ਲੋਕ ਸੰਪਰਕ ਅਫ਼ਸਰ), ਡਾ. ਹਮਨਦੀਪ ਕੌਰ (ਮੁਖੀ ਰਾਜਨੀਤੀ ਸ਼ਾਸਤਰ ਵਿਭਾਗ), ਡਿਪਟੀ ਰਜਿਸਟਰਾਰ ਜਗਜੀਤ ਸਿੰਘ, ਡਾ. ਮੋਨਿਕਾ ਆਇਰੀ, ਡਾ. ਅਮਨਦੀਪ ਕੌਰ ਵਿਰਕ, ਡਾ. ਸਰਪ੍ਰੀਤ ਸਿੰਘ, ਡਾ. ਵਰਿੰਦਰ ਸਿੰਘ ਭੁੱਲਰ (ਮੁਖੀ ਸਿੱਖਿਆ ਵਿਭਾਗ), ਡਾ. ਬਲਜਿੰਦਰ ਸਿੰਘ (ਪੰਜਾਬੀ ਵਿਭਾਗ), ਡਾ. ਪਲਵਿੰਦਰ ਕੌਰ (ਧਰਮ ਅਧਿਐਨ ਵਿਭਾਗ), ਡਾ. ਬਲਜੀਤ ਕੌਰ (ਅੰਗਰੇਜ਼ੀ ਵਿਭਾਗ), ਹਰਪ੍ਰੀਤ ਸਿੰਘ ਨਾਜ਼ ਆਰਟਿਸਟ ਆਦਿ ਹਾਜ਼ਰ ਸਨ।

## ਯੂਰੀਆ ਦੀ ਕਿੱਲਤ ਤੇ ਕਾਲਾਬਾਜ਼ਾਰੀ ਖਿਲਾਫ ਵਫ਼ਦ ਤਹਿਸੀਲਦਾਰ ਨੂੰ ਮਿਲਿਆ



**ਜਗਰਾਓਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਸਿੱਧਵਾਂ ਬੇਟ ਦਾ ਵਫ਼ਦ ਸਥਾਨਕ ਤਹਿਸੀਲਦਾਰ ਵਰਿੰਦਰ ਭਾਟੀਆ ਨੂੰ ਉਨ੍ਹਾਂ ਦੇ ਦਫ਼ਤਰ 'ਚ ਮਿਲਿਆ।ਤਿੰਨ- ਚਾਰ ਘੰਟੇ ਸਥਾਨਕ ਐੱਸ ਡੀ ਐੱਮ ਦੀ ਉਡੀਕ ਕਰਨ ਦੇ ਬਾਵਜੂਦ ਨਾ ਪਰਤਣ 'ਤੇ ਮਜਬੂਰੀ 'ਚ ਤਹਿਸੀਲਦਾਰ ਨੂੰ ਬਲਾਕ ਪ੍ਰਧਾਨ ਜਗਜੀਤ ਸਿੰਘ ਕਲੇਰ ਦੀ ਅਗਵਾਈ ਹੇਠ ਮਿਲੇ ਵਫ਼ਦ ਨੇ ਲਿਖਤੀ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਮਾਰਕੀਟ ਤੇ ਸਹਿਕਾਰੀ ਸਭਾਵਾਂ ਵਿੱਚ ਯੂਰੀਆ ਖਾਦ ਦੀ ਕਿੱਲਤ ਤੁਰੰਤ ਖਤਮ ਕੀਤੀ ਜਾਵੇ।ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਬਜ਼ਾਰ 'ਚ ਯੂਰੀਆ ਖਾਦ ਦੀ ਕਾਲਾਬਾਜ਼ਾਰੀ ਤੇ ਵਪਾਰੀਆਂ ਵੱਲੋਂ ਕਿਸਾਨਾਂ ਉੱਪਰ ਖਾਦ ਦੇ ਨਾਲ ਹੋਰ ਵਾਧੂ ਸਾਮਾਨ ਮੜ੍ਹਨ ਨੂੰ ਸਖ਼ਤੀ ਨਾਲ ਰੋਕਿਆ ਜਾਵੇ।ਉਨ੍ਹਾਂ ਮੰਗ ਕੀਤੀ ਕਿ ਪਿਛਲੇ ਸਮੇਂ ਵਿੱਚ ਆਏ ਹੜ੍ਹਾਂ ਕਾਰਨ ਹੜ੍ਹ-ਪੀੜਤ ਕਿਸਾਨਾਂ, ਮਜ਼ਦੂਰਾਂ ਦੇ ਹੋਏ ਭਾਰੀ ਨੁਕਸਾਨ ਦਾ ਮੁਆਵਜ਼ਾ ਜਲਦੀ ਜਾਰੀ ਕੀਤਾ ਜਾਵੇ।ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਹੜ੍ਹਾਂ ਦੀ ਸੁਨਾਮੀ ਮੌਕੇ ਲੋਕਾਂ ਨੇ ਤਾਂ ਲੋਕਾਂ ਦੀ ਮਦਦ ਕੀਤੀ, ਪਰ ਸਰਕਾਰ ਤੋਂ ਅਜੇ ਤੱਕ ਲਿਸਟਾਂ ਵੀ ਪੂਰੀਆਂ ਨਹੀਂ ਬਣੀਆਂ।ਉਨ੍ਹਾਂ ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਨੂੰ ਸਖਤ ਚਿਤਾਵਨੀ ਦਿੱਤੀ ਕਿ ਜੇਕਰ ਕਣਕ ਦੀ ਪੈਦਾਵਾਰ ਲਈ ਯੂਰੀਆ ਦੀ ਸਮੱਸਿਆ ਦਾ ਤੁਰੰਤ ਕੋਈ ਹੱਲ ਨਾ ਕੀਤਾ ਗਿਆ ਤਾਂ ਐੱਸ ਡੀ ਐੱਮ ਦਫਤਰ ਦਾ ਘਿਰਾਓ ਕੀਤਾ ਜਾਵੇਗਾ।ਇਸ ਸਮੇਂ ਵਫ਼ਦ ਵਿੱਚ ਕੁਲਵੰਤ ਸਿੰਘ ਕਾਂਤਾ ਗਾਲਿਬ ਬਲਾਕ ਸਕੱਤਰ, ਜਸਵਿੰਦਰ ਸਿੰਘ ਭਮਾਲ ਸਹਾਇਕ ਸਕੱਤਰ, ਹਰਜਿੰਦਰ ਸਿੰਘ ਸ਼ੇਰਪੁਰਾ, ਬਲਵੰਤ ਸਿੰਘ ਸ਼ੇਰਪੁਰਾ, ਜਿੰਦਰ ਸਿੰਘ ਭਮਾਲ, ਕੇਵਲ ਸਿੰਘ ਕੀੜੀ ਆਦਿ ਆਗੂ ਹਾਜ਼ਰ ਸਨ।

## ਪੋਹ ਮਹੀਨੇ ਦੇ ਸ਼ਹੀਦਾਂ ਨੂੰ ਸਮਰਪਤ ਸੁੰਦਰ ਦਸਤਾਰ ਮੁਕਾਬਲਾ



**ਦੋਰਾਹਾ (ਹਰਮਿੰਦਰ ਸੇਠ)**-ਪੋਹ ਮਹੀਨੇ ਦੇ ਸ਼ਹੀਦਾਂ ਦੀ ਪਵਿੱਤਰ ਯਾਦ ਨੂੰ ਸਮਰਪਤ ਸੁੰਦਰ ਦਸਤਾਰ ਮੁਕਾਬਲਾ ਸੁਹਾਗ ਜਵੈਲਜ਼ ਵੱਲੋਂ 26 ਦਸੰਬਰ ਨੂੰ ਕਰਾਇਆ ਗਿਆ।ਇਹ ਧਾਰਮਿਕ ਅਤੇ ਸੱਭਿਆਚਾਰਕ ਮੁਕਾਬਲਾ ਸਵੇਰੇ 10 ਵਜੇ ਸੁਹਾਗ ਜਵੈਲਜ਼ ਦੇ ਵਿਹੜੇ ਵਿੱਚ ਆਯੋਜਤ ਕੀਤਾ ਗਿਆ, ਜਿਸ ਦੌਰਾਨ ਭਾਗ ਲੈਣ ਵਾਲਿਆਂ ਅਤੇ ਸੰਗਤ ਲਈ ਗੁਰੂ ਕਾ ਲੰਗਰ ਵੀ ਲਾਇਆ ਗਿਆ।ਉਥੇ ਕਾਰੋਬਾਰੀ ਤੇ ਸਮਾਜ ਸੇਵਕ ਵਿਨੀਤ ਅਸ਼ਟ (ਸੁਹਾਗ ਜਵੈਲਜ਼) ਨੇ ਦੱਸਿਆ ਕਿ ਇਸ ਮੁਕਾਬਲੇ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨਾ ਤੇ ਪੋਹ ਮਹੀਨੇ ਦੇ ਸ਼ਹੀਦਾਂ ਦੀ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਲੈਣ ਦਾ ਸੰਦੇਸ਼ ਦੇਣਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਿੱਖ ਰਿਵਾਇਤਾਂ ਅਤੇ ਸੰਸਕ੍ਰਿਤੀ ਨੂੰ ਸੰਭਾਲਣ ਵਿੱਚ ਅਹੰਕਾਰਪੂਰਕ ਭੂਮਿਕਾ ਨਿਭਾਉਂਦੇ ਹਨ।ਵਿਨੀਤ ਅਸ਼ਟ ਨੇ ਅੱਗੇ ਦੱਸਿਆ ਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ, ਜਦਕਿ ਸ਼੍ਰੇਸ਼ਟ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਲਈ ਆਕਰਸ਼ਕ ਨਕਦ ਇਨਾਮ ਰੱਖੇ ਗਏ। ਦਸਤਾਰ ਮੁਕਾਬਲੇ ਵਿੱਚ ਚੇਤਨਜੋਤ ਸਿੰਘ ਨੇ ਪਹਿਲਾ ਸਥਾਨ, ਗੁਰਕੀਰਤ ਸਿੰਘ ਨੇ ਦੂਜਾ ਸਥਾਨ ਤੇ ਹਰਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਜੇਤੂਆਂ ਨੂੰ ਕ੍ਰਮਵਾਰ 2100 ਰੁਪਏ, 1500 ਰੁਪਏ ਤੇ 1100 ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸ੍ਰੀ ਲਖਵੀਰ ਸਿੰਘ ਲੱਖਾ ਤੇ ਕੋਆਰਡੀਨੇਟਰ ਤੇ ਚੇਅਰਮੈਨ ਬੰਤ ਸਿੰਘ ਦੋਬੁਰਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਮਾਗਮ ਦੀ ਪ੍ਰਸ਼ੰਸਾ ਕੀਤੀ।

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਨੁੱਖਤਾ ਲਈ ਪ੍ਰੇਰਨਾ ਦਾ ਅਟੁੱਟ ਸਰੋਤ : ਅਮਨ ਅਰੋੜਾ

### ਅਮਨ ਅਰੋੜਾ, ਮਲਵਿੰਦਰ ਕੰਗ ਤੇ ਮੀਤ ਹੇਅਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸਾਹਿਬਜ਼ਾਦਿਆਂ ਦਾ ਬਲੀਦਾਨ ਦਿਵਸ ਨਾਮ, ਵੀਰ ਬਾਲ ਦਿਵਸ ਨਾਲੋਂ ਛੋਟੇ ਸਾਹਿਬਜ਼ਾਦਿਆਂ ਦੀ ਲਾਮਿਸਾਲ ਸ਼ਹਾਦਤ ਨੂੰ ਯਾਦ ਕਰਨ ਦਾ ਕਿਤੇ ਵੱਧ ਉਚਿਤ ਤੇ ਮਰਿਆਦਾਪੂਰਨ ਢੰਗ ਹੈ, ਕਿਉਂ ਜੋ ਇਹ ਸਿੱਖ ਸੰਗਤ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਪੂਰੀ ਤਰ੍ਹਾਂ ਸਾਂਝ ਪਾਉਂਦਾ ਹੈ।ਸ੍ਰੀ ਅਮਨ ਅਰੋੜਾ ਨੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਤੇ ਗੁਰਮੀਤ ਸਿੰਘ 'ਮੀਤ ਹੇਅਰ' ਦੇ ਨਾਲ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਸਾਰਕ ਇਤਿਹਾਸ ਦਾ ਇੱਕ ਅਦੁੱਤੀ ਅਧਿਆਇ ਹੈ, ਜੋ ਧਰਮ, ਹਿੰਮਤ ਤੇ ਅਡੋਲਤਾ ਦੇ ਸਰਵਉੱਚ ਆਦਰਸ਼ਾਂ ਨੂੰ ਪ੍ਰਤੀਬਿੰਬਤ ਕਰਦਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਤੇ ਸੰਸਦ ਮੈਂਬਰਾਂ ਵੱਲੋਂ ਵੀ ਵੀਰ ਬਾਲ ਦਿਵਸ ਦਾ ਨਾਂਅ ਬਦਲ ਕੇ ਸਹਿਬਜ਼ਾਦਿਆਂ ਦਾ ਬਲੀਦਾਨ ਦਿਵਸ ਕਰਨ ਦੀ ਲੋੜ ਉੱਤੇ ਪਹਿਲਾਂ ਹੀ ਸਪਸ਼ਟ ਤੌਰ 'ਤੇ ਜ਼ੋਰ ਦਿੱਤਾ ਜਾ ਚੁੱਕਾ ਹੈ, ਤਾਂ ਜੋ ਦੇਸ਼ ਵਿਦੇਸ਼ ਵਸਦੇ ਸਿੱਖ ਭਾਈਚਾਰੇ ਦੀਆਂ ਸਮੂਹਕ ਭਾਵਨਾਵਾਂ ਤੇ ਧਾਰਮਿਕ ਸੰਵੇਦਨਸ਼ੀਲਤਾ ਦਾ ਪੂਰਾ ਆਦਰ ਕੀਤਾ ਜਾ ਸਕੇ।ਅਰੋੜਾ ਨੇ ਕਿਹਾ ਕਿ ਬਹੁਤ ਹੀ ਨਿੱਕੀ ਉਮਰ ਵਿੱਚ ਛੋਟੇ ਸਾਹਿਬਜ਼ਾਦਿਆਂ ਵੱਲੋਂ ਦਿੱਤੀ ਗਈ ਸ਼ਹਾਦਤ ਅੱਜ ਵੀ ਮਨੁੱਖਤਾ ਲਈ ਪ੍ਰੇਰਣਾ ਦਾ ਅਟੁੱਟ ਸਰੋਤ ਹੈ ਅਤੇ ਇਹ ਅਨਿਆਂ ਤੇ ਜ਼ੁਲਮ ਵਿਰੁੱਧ ਡੱਟ ਕੇ ਖੜ੍ਹੇ ਰਹਿਣ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਬਲਿਦਾਨ ਗਾਥਾ ਸਦੀਵਕਾਲੀ ਦੇਸ਼ ਦੀ ਸਾਂਝੀ ਚੇਤਨਾ ਵਿੱਚ ਅੰਕਿਤ ਰਹੇਗੀ।ਉਨ੍ਹਾਂ ਕਿਹਾ ਕਿ ਫਤਹਿਗੜ੍ਹ ਸਾਹਿਬ, ਸਿੱਖ ਇਤਿਹਾਸ ਦਾ ਇਕ ਪਵਿੱਤਰ ਸਥਾਨ ਹੋਣ ਦੇ ਨਾਤੇ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵੱਲੋਂ ਦਿੱਤੀਆਂ ਗਈਆਂ ਅਤੁੱਲ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਦੀ ਧਾਰਮਿਕਤਾ, ਬਹਾਦਰੀ ਤੇ ਨਿਸ਼ਕਾਮਤਾ ਦੀ ਵਿਰਾਸਤ ਅੱਜ ਵੀ ਪੀੜ੍ਹੀ ਦਰ ਪੀੜ੍ਹੀ ਰਾਹ ਦਰਸਾਉਂਦੀ ਹੈ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ, ਰੁਪਿੰਦਰ ਸਿੰਘ ਹੈਪੀ ਤੇ ਦਵਿੰਦਰਜੀਤ ਸਿੰਘ ਲਾਡੀ ਢੋਸ, ਸੈਰ-ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਤੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਵੀ ਹਾਜ਼ਰ ਸਨ।

## ਨਜਾਇਜ਼ ਸ਼ਰਾਬ ਸਣੇ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਨੇ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ।

ਇਸ ਸਬੰਧੀ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਦੇਵ ਰਾਜ ਨੇ ਕਿਹਾ ਕਿ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਰੇਲਵੇ ਸਟੇਸ਼ਨ ਜਲਾਲਾਬਾਦ ਕੋਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਿੱਲੂ ਸਿੰਘ ਪੁੱਤਰ ਗਣੇਸ਼ਾ ਸਿੰਘ ਵਾਸੀ ਪਿੰਡ ਕਮਰੇਵਾਲਾ, ਜੋਕਿ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ ਅਤੇ ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਪਿੰਡ ਕਮਰੇਵਾਲਾ ਤੋਂ ਜਾਂਦਾ ਕੱਚਾ ਰਸਤਾ ਰੇਲਵੇ ਸਟੇਸ਼ਨ ਜਲਾਲਾਬਾਦ ਦੇ ਕੋਲੋਂ ਕਾਬੂ ਆ ਸਕਦਾ ਹੈ, ਇਹ ਇਤਲਾਹ ਠੋਸ ਤੇ ਭਰੋਸੇਯੋਗ ਹੋਣ ਤੇ ਪੁਲਸ ਨੇ ਛਾਪੇਮਾਰੀ ਕਰਕੇ ਬਿੱਲੂ ਸਿੰਘ ਨੂੰ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਹੈ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ 61/1/14 ਆਬਕਾਰੀ ਐਕਟ ਤਹਿਤ ਮੁਕੱਦਮਾ ਨੰਬਰ 178 ਦਰਜ ਕੀਤਾ ਗਿਆ ਹੈ।

## ਮੁਸਕਾਨ ਗਰਗ ਦਾ ਜੱਜ ਬਣਨ 'ਤੇ ਮਾਨਵ ਸੇਵਾ ਉੱਤਮ ਸੇਵਾ ਵੱਲੋਂ ਸਨਮਾਨ

### ਨਾਭੇ ਦੀ ਧੀ ਨੇ ਮਾਤਾ-ਪਿਤਾ ਤੇ ਦੇਸ਼ ਦਾ ਨਾਂਅ ਰੋਸ਼ਨ ਕੀਤਾ : ਮਿੱਤਲ, ਗੁਪਤਾ



**ਨਾਭਾ (ਵਰਿੰਦਰ ਵਰਮਾ)**-ਹਲਕਾ ਨਾਭਾ ਦੀ ਧੀ ਨੇ ਮਾਤਾ-ਪਿਤਾ ਤੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਮਾਨਵ ਸੇਵਾ ਉੱਤਮ ਸੇਵਾ ਸਟੇਟ ਐਵਾਰਡੀ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ, ਸੁਨੀਲ ਗੁਪਤਾ ਨੇ ਨਾਭਾ ਦੀ ਰਹਿਣ ਵਾਲੀ ਧੀ ਦਾ ਜੱਜ ਬਣਨ 'ਤੇ ਵਿਸ਼ੇਸ਼ ਸਨਮਾਨ ਕਰਨ ਉਪਰੰਤ ਪ੍ਰਗਟਾਏ।ਉਨ੍ਹਾਂ ਕਿਹਾ ਕਿ ਇਹ 23 ਸਾਲਾ ਧੀ ਨੇ ਆਪਣੇ ਮਾਤਾ-ਪਿਤਾ, ਹਲਕਾ, ਪੰਜਾਬ ਤੇ ਦੇਸ਼ ਦਾ ਨਾਮ ਚਮਕਾਇਆ ਹੈ।ਸਾਨੂੰ ਸਾਰਿਆਂ ਨੂੰ ਇਸ ਧੀ 'ਤੇ ਮਾਣ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਧੀਆਂ ਵੱਡੇ ਅਹੁਦੇ ਉੱਤੇ ਬਿਰਾਜ਼ਮਾਨ ਹਨ, ਜੋ ਸਾਡੇ ਲਈ ਮਾਣ ਵਾਲੀ ਗੱਲ ਹੈ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਧੀਆਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇ। ਸਨਮਾਨਤ ਹੋਣ ਉਪਰੰਤ ਮੁਸਕਾਨ ਗਰਗ ਨੇ ਕਿਹਾ ਕਿ ਜੇਕਰ ਮਨ ਵਿੱਚ ਕੁਝ ਕਰਨ ਦਾ ਸੱਚਾ ਜਜ਼ਬਾ ਤੇ ਲਗਨ ਹੋਵੇ ਤਾਂ ਦੁਨੀਆ ਦੀ ਕੋਈ ਵੀ ਮੁਸ਼ਕਲ ਤੁਹਾਨੂੰ ਮੰਜ਼ਿਲ ਤੱਕ ਪਹੁੰਚਣ ਤੋਂ ਨਹੀਂ ਰੋਕ ਸਕਦੀ।ਮੁਸਕਾਨ ਗਰਗ ਨੇ ਕਿਹਾ ਕਿ ਉਹ ਆਪਣੇ ਮਾਤਾ-ਪਿਤਾ ਦੀ ਮਿਹਨਤ ਸਦਕਾ ਅੱਜ ਇਸ ਮੁਕਾਮ 'ਤੇ ਪਹੁੰਚੀ ਹੈ।ਉਸ ਦੇ ਜੱਜ ਬਣਨ ਦਾ ਸੁਪਨਾ ਅੱਜ ਪੂਰਾ ਹੋ ਗਿਆ।ਇਸ ਮੌਕੇ ਮੁਸਕਾਨ ਦੇ ਪਿਤਾ ਵਿਜੇ ਕੁਮਾਰ ਤੇ ਮਾਤਾ ਰੀਮਾ ਗਰਗ ਨੇ ਕਿਹਾ ਕਿ ਅਸੀਂ ਬਹੁਤ ਖੁਸ਼ ਹਾਂ ਕਿ ਸਾਡੀ ਬੱਚੀ ਨੇ ਅੱਜ ਵੱਡਾ ਮੁਕਾਮ ਹਾਸਲ ਕੀਤਾ ਹੈ।ਉਹ ਸ਼ੁਰੂ ਤੋਂ ਪੜ੍ਹਨ ਵਿੱਚ ਹੁਸ਼ਿਆਰ ਸੀ। ਮਾਪਿਆਂ ਨੇ ਕਿਹਾ ਕਿ ਸਾਡੇ ਕੋਲੋਂ ਇਸ ਨੇ ਕਦੇ ਕੁਝ ਨਹੀਂ ਮੰਗਿਆ ਅਤੇ ਨਾ ਕਿਸੇ ਚੀਜ਼ ਦੀ ਡਿਮਾਂਡ ਕੀਤੀ।ਉਸ ਨੇ ਜੱਜ ਬਣ ਕੇ ਅੱਜ ਸਾਡਾ ਸਿਰ ਉੱਚਾ ਕਰ ਦਿੱਤਾ ਹੈ।ਇਸ ਮੌਕੇ ਅੰਕੁਰ ਸਿੰਗਲਾ, ਵਰੁਣ ਸਿੰਗਲਾ, ਸਾਹਿਲ ਗੁਪਤਾ, ਦੀਪਕ ਕੁਮਾਰ ਜੌਲੀ ਆਦਿ ਹਾਜ਼ਰ ਸਨ।

## ਸ਼ਹੀਦਾਂ ਦੀ ਯਾਦ 'ਚ ਬੱਲਮਗੜ੍ਹ ਵਿਖੇ ਚੌਲਾਂ ਤੇ ਚਾਹ ਦਾ ਲੰਗਰ ਲਗਾਇਆ




**ਧੂਰੀ (ਮਨੋਹਰ ਸਿੰਘ ਸੱਗੂ)**-ਨੇੜਲੇ ਪਿੰਡ ਬੱਲਮਗੜ੍ਹ ਵਿਖੇ ਨਗਰ ਨਿਵਾਸੀਆਂ ਵੱਲੋਂ ਮਾਤਾ ਗੁਜਰ ਕੌਰ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਚੌਲਾਂ ਤੇ ਚਾਹ ਦਾ ਅਟੁੱਟ ਲੰਗਰ ਲਗਾਇਆ ਗਿਆ।ਇਸ ਮੌਕੇ ਸੇਵਾ ਨਿਭਾਉਂਦਿਆਂ ਸਾਬਕਾ ਸਰਪੰਚ ਪਰਮਜੀਤ ਸਿੰਘ, ਹਰਪਾਲ ਸਿੰਘ, ਸੁਖਵਿੰਦਰ ਸਿੰਘ, ਕੇਵਲ ਸਿੰਘ, ਮੇਜ਼ਰ ਸਿੰਘ, ਮੰਗਲ ਸਿੰਘ, ਗੁਰਸਿਮਰਨ ਸਿੰਘ, ਜਸਵਿੰਦਰ ਸਿੰਘ ਲੱਖੀ, ਦਰਸ਼ਨ ਸਿੰਘ, ਕੁਲਵੰਤ ਸਿੰਘ, ਪਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਵੱਲੋਂ ਸ਼ਰਧਾ ਭਾਵਨਾ ਨਾਲ ਰਾਹਗੀਰਾਂ ਨੂੰ ਲੰਗਰ ਛਕਾਇਆ ਗਿਆ।

## ਨਸ਼ਾ ਕਰਦਾ ਪੁਲਸ ਵੱਲੋਂ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਪਿੰਡ ਅਮੀਰ ਖਾਸ ਨਹਿਰ ਦੇ ਪੁਲ ਕੋਲ ਨਸ਼ੇ ਦਾ ਸੇਵਨ ਕਰਦੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਚ. ਸੀ. ਮਿਲਖ ਰਾਜ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਗਸ਼ਤ ਕਰਦੇ ਹੋਏ ਪਿੰਡ ਅਮੀਰ ਖਾਸ ਨਹਿਰ ਦੇ ਪੁਲ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਲਦੇਵ ਸਿੰਘ ਪੁੱਤਰ ਫੁੰਮਣ ਸਿੰਘ ਵਾਸੀ ਖੈਰੇ ਕੇ ਉਤਾੜ/ਹਿਠਾੜ, ਜੋਕਿ ਚਿੱਟਾ (ਨਸ਼ੇ) ਦਾ ਸੇਵਨ ਕਰਨ ਦਾ ਆਦੀ ਹੈ ਅਤੇ ਜੋ ਅੱਜ ਵੀ ਐੱਫ.ਐੱਫ. ਰੋਡ ਅਮੀਰ ਖਾਸ ਦੇ ਨਾਲ ਲਹਿੰਦੇ ਪਾਸੇ ਨਹਿਰ ਦੀ ਪੱਟੜ ਤੇ ਬੈਠ ਕੇ ਨਸ਼ੇ ਦਾ ਸੇਵਨ ਕਰ ਰਿਹਾ ਹੈ, ਇਹ ਇਤਲਾਹ ਠੋਸ ਅਤੇ ਭਰੋਸੇਯੋਗ ਹੋਣ ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਬਲਦੇਵ ਸਿੰਘ ਨੂੰ ਸਿਲਵਰ ਪੰਨੀ, ਅੱਗ ਲਗਾਉਣ ਵਾਲੀ ਲਾਈਟਰ ਤੇ 20 ਰੁਪਏ ਦਾ ਸਿਗਰਟਨੁਮਾ ਨੋਟ ਸਣੇ ਕਾਬੂ ਕੀਤਾ ਗਿਆ ਹੈ। ਥਾਣਾ ਅਮੀਰ ਖਾਸ ਵਿਖੇ ਪੁਲਸ ਨੇ ਬਲਦੇਵ ਸਿੰਘ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੀ ਜੀ ਆਈ ਦਾ ਡਾ. ਪਾਰਥ ਲਾਲ ਅਮਰੀਕਨ ਐਪਿਲੈਪਸੀ ਸੋਸਾਇਟੀ ਦੇ ਐਵਾਰਡ ਨਾਲ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਨੇ ਵਿਸ਼ਵ ਪੱਧਰੀ ਅਕਾਦਮਿਕ ਉਤਕ੍ਰਿਸ਼ਟਤਾ ਦੀ ਆਪਣੀ ਵਧਦੀ ਵਿਰਾਸਤ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਸਥਾਪਤ ਕੀਤਾ।ਡਾ. ਪਾਰਥ ਲਾਲ ਪੀਡੀਆਟ੍ਰਿਕਸ ਰੈਜ਼ੀਡੈਂਟ ਨੂੰ ਅਮਰੀਕਨ ਐਪਿਲੈਪਸੀ ਸੋਸਾਇਟੀ ਵੱਲੋਂ 2025 ਸੁਜ਼ਾਨ ਤੇ ਪੀਟਰ ਬੈਰੀ ਇੰਟਰਨੈਸ਼ਨਲ ਟ੍ਰੈਵਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ।ਮਿਰਗੀ (ਐਪਿਲੈਪਸੀ) ਦੇ ਖੋਜ ਤੇ ਇਲਾਜ ਨਾਲ ਜੁੜੀ ਦੁਨੀਆ ਦੀਆਂ ਸਭ ਤੋਂ ਪ੍ਰਤੀਸ਼ਠਤ ਪੇਸ਼ਾਵਰ ਸੰਸਥਾਵਾਂ ਵਿੱਚੋਂ ਇੱਕ ਹੈ।ਇਹ ਐਵਾਰਡ ਹਰ ਸਾਲ ਏਸ਼ੀਆ, ਅਫਰੀਕਾ, ਓਸ਼ੀਨੀਆ, ਮਿਡਲ ਈਸਟ ਜਾਂ ਲੈਟਿਨ ਅਮਰੀਕਾ ਤੋਂ ਸਿਰਫ਼ ਦੋ ਉਤਕ੍ਰਿਸ਼ਟ ਨੌਜਵਾਨ ਖੋਜਕਾਰਾਂ ਨੂੰ ਦਿੱਤਾ ਜਾਂਦਾ ਹੈ, ਜੋ ਮਿਰਗੀ ਨਾਲ ਸੰਬੰਧਤ ਕਲੀਨੀਕਲ ਨਿਊਰੋਸਾਇੰਸ ਖੋਜ ਵਿੱਚ ਵਿਸ਼ੇਸ਼ ਯੋਗਦਾਨ ਲਈ ਸਨਮਾਨਤ ਹੁੰਦੇ ਹਨ।1,500 ਤੋਂ ਵੱਧ ਅੰਤਰਰਾਸ਼ਟਰੀ ਅਰਜ਼ੀਆਂ ਵਿੱਚੋਂ ਡਾ. ਪਾਰਥ ਲਾਲ ਦੀ ਚੋਣ ਉਸ ਦੇ ਕੰਮ ਦੀ ਵਿਗਿਆਨਕ ਮਹੱਤਤਾ ਤੇ ਵਿਸ਼ਵ ਪੱਧਰੀ ਪ੍ਰਸੰਗਿਕਤਾ ਨੂੰ ਦਰਸਾਉਂਦੀ ਹੈ। ਡਾ. ਪਾਰਥ ਲਾਲ ਨੂੰ ਆਪਣੇ ਮੂਲ ਖੋਜ ਪੇਪਰ ਰੋਧੀ ਇੰਫੈਂਟਾਈਲ ਐਪਿਲੈਪਟਿਕ ਸਪਾਜ਼ਮਜ਼ ਸਿੰਡਰੋਮ ਵਿੱਚ ਨਾਇਟ੍ਰਾਜ਼ੈਪਾਮ ਅਤੇ ਟੋਪੀਰੇਮੇਟ ਦੀ ਪ੍ਰਭਾਵਸ਼ੀਲਤਾ ਤੇ ਸੁਰੱਖਿਆ ਦੀ ਤੁਲਨਾ : ਇੱਕ ਓਪਨ-ਲੇਬਲ, ਰੈਂਡਮਾਈਜ਼ਡ ਕੰਟਰੋਲਡ ਟ੍ਰਾਇਲ ਲਈ ਮਾਨਤਾ ਮਿਲੀ।ਇਹ ਅਧਿਐਨ ਇੰਫੈਂਟਾਈਲ ਐਪਿਲੈਪਟਿਕ ਸਪਾਜ਼ਮਜ਼ ਸਿੰਡਰੋਮ 'ਤੇ ਕੇਂਦ੍ਰਿਤ ਹੈ, ਜੋ ਬੱਚਿਆਂ ਵਿੱਚ ਮਿਰਗੀ ਦੇ ਸਭ ਤੋਂ ਗੰਭੀਰ ਤੇ ਇਲਾਜ ਲਈ ਮੁਸ਼ਕਲ ਰੂਪਾਂ ਵਿੱਚੋਂ ਇੱਕ ਹੈ, ਜਿਸ ਨਾਲ ਉੱਚ ਬੀਮਾਰੀ ਦਰ ਤੇ ਲੰਬੇ ਸਮੇਂ ਦੇ ਨਿਊਰੋ-ਡਿਵੈਲਪਮੈਂਟਲ ਚੁਣੌਤੀਆਂ ਜੁੜੀਆਂ ਹੁੰਦੀਆਂ ਹਨ।ਇਹ ਖੋਜ ਡਾ. ਪਾਰਥ ਲਾਲ ਦੀ ਡਿਸਰਟੇਸ਼ਨ ਦਾ ਹਿੱਸਾ ਸੀ ਤੇ ਇਸ ਦੇ ਉਹ ਮੁੱਖ ਲੇਖਕ ਸਨ, ਜੋ ਪੋਸਟਗ੍ਰੈਜੂਏਟ ਪੱਧਰ 'ਤੇ ਅਕਾਦਮਿਕ ਗਹਿਰਾਈ ਤੇ ਮਜ਼ਬੂਤ ਕਲੀਨੀਕਲ ਲਾਗੂਪਣ ਦਾ ਵਿਲੱਖਣ ਸੰਯੋਗ ਦਰਸਾਉਂਦਾ ਹੈ।ਇਸ ਸਨਮਾਨ ਤਹਿਤ ਡਾ. ਪਾਰਥ ਲਾਲ ਨੂੰ ਅਮਰੀਕਨ ਐਪਿਲੈਪਸੀ ਸੋਸਾਇਟੀ ਦੀ ਸਾਲਾਨਾ ਮੀਟਿੰਗ ਵਿੱਚ ਆਪਣਾ ਕੰਮ ਪੇਸ਼ ਕਰਨ ਲਈ ਸੱਦਾ ਦਿੱਤਾ ਗਿਆ, ਜੋ ਇਸ ਸਾਲ ਅਟਲਾਂਟਾ, ਅਮਰੀਕਾ ਵਿੱਚ ਹੋਈ।ਇਸ ਨਾਲ ਉਨ੍ਹਾਂ ਨੂੰ ਦੁਨੀਆ ਭਰ ਦੇ ਪ੍ਰਮੁੱਖ ਕਲੀਨੀਸ਼ਨਾਂ ਤੇ ਨਿਊਰੋਸਾਇੰਟਿਸਟਾਂ ਦੇ ਸਾਹਮਣੇ ਪੀਜੀਆਈ ਦੀ ਖੋਜੀ ਉਤਕ੍ਰਿਸ਼ਟਤਾ ਦਰਸਾਉਣ ਦਾ ਵਿਸ਼ਵ ਪੱਧਰੀ ਮੰਚ ਮਿਲਿਆ।ਡਾ. ਪਾਰਥ ਲਾਲ ਨੇ ਕਿਹਾ ਕਿ ਅਮਰੀਕਨ ਐਪਿਲੈਪਸੀ ਸੋਸਾਇਟੀ ਵੱਲੋਂ ਮਿਲੀ ਇਹ ਮਾਨਤਾ ਮੇਰੇ ਲਈ ਬਹੁਤ ਹੀ ਨਿਮਰਤਾ ਭਰੀ ਹੈ।ਉਨ੍ਹਾਂ ਕਿਹਾ ਕਿ ਉਸਦੇ ਸਹਾਇਕ ਅਕਾਦਮਿਕ ਮਾਹੌਲ ਤੇ ਆਪਣੇ ਮਾਰਗਦਰਸ਼ਕਾਂ ਦੀ ਲਗਾਤਾਰ ਰਹਿਨੁਮਾਈ ਲਈ ਦਿਲੋਂ ਧੰਨਵਾਦੀ ਹੈ।

## ਮਾਤਾ ਗੁਜਰੀ ਸਕੂਲ ਦੀ ਕਿੰਜਲ ਨੇ ਮੈਗਾ ਓਲੰਪਿਆਡ ਕੰਬੈਟ 'ਚ ਪਹਿਲਾ ਸਥਾਨ ਜਿੱਤਿਆ



**ਦੇਵੀਗੜ੍ਹ (ਰਾਜਿੰਦਰ ਸਿੰਘ ਬਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੀ ਕਲਾਸ ਚੌਥੀ ਦੀ ਹੋਣਹਾਰ ਵਿਦਿਆਰਥਣ ਕਿੰਜਲ ਸੈਨੀ ਨੇ ਮੈਗਾ ਓਲੰਪਿਆਡ ਕੰਬੈਟ (ਐੱਮਓਸੀ-2025) ਵਿੱਚ ਵਿਸ਼ਾ ਸਾਇੰਸ ਵਿੱਚ ਪੰਜਾਬ ਰਾਜ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਸਕੂਲ, ਮਾਪਿਆਂ ਤੇ ਇਲਾਕੇ ਦਾ ਨਾਮ ਮਾਣ ਨਾਲ ਉੱਚਾ ਕੀਤਾ ਹੈ।ਕਿੰਜਲ ਦੀ ਇਸ ਸ਼ਾਨਦਾਰ ਉਪਲਬਧੀ 'ਤੇ ਸਕੂਲ ਦੇ ਨਿਰਦੇਸ਼ਕ ਸ੍ਰ. ਭੁਪਿੰਦਰ ਸਿੰਘ, ਪ੍ਰਧਾਨ ਮੈਡਮ ਰਵਿੰਦਰ ਕੌਰ, ਪ੍ਰਿੰਸੀਪਲ ਮੈਡਮ ਮਮਤਾ ਮੱਕੜ ਤੇ ਅਧਿਆਪਕਾਂ ਵੱਲੋਂ ਉਸ ਨੂੰ ਦਿਲੋਂ ਵਧਾਈ ਦਿੱਤੀ ਗਈ।ਪ੍ਰਿੰਸੀਪਲ ਸਾਹਿਬਾਨ ਨੇ ਕਿਹਾ ਕਿ ਇਹ ਸਫਲਤਾ ਵਿਦਿਆਰਥਣ ਦੀ ਮਿਹਨਤ, ਲਗਨ ਤੇ ਅਧਿਆਪਕਾਂ ਦੇ ਯੋਗ ਮਾਰਗਦਰਸ਼ਨ ਦਾ ਨਤੀਜਾ ਹੈ।ਸਕੂਲ ਪ੍ਰਬੰਧਨ ਨੇ ਕਿੰਜਲ ਦੇ ਮਾਪਿਆਂ ਨੂੰ ਵੀ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਉਪਲਬਧੀਆਂ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੀਆਂ ਹਨ।

## ਪ੍ਰਦਰਸ਼ਨੀ ਦੌਰਾਨ ਬੂਟਿਆਂ ਦਾ ਪ੍ਰਸ਼ਾਦ ਦੀ ਵੰਡਿਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸਾਲਾਨਾ ਸ਼ਹੀਦੀ ਸਭਾ ਦੇ ਅੰਤਿਮ ਦਿਨ ਵਣ ਵਿਭਾਗ ਵੱਲੋਂ ਲਗਾਈ ਗਈ ਵਿਸ਼ੇਸ਼ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ।ਇਸ ਮੌਕੇ ਵਿਭਾਗ ਵੱਲੋਂ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਨੂੰ ਸ਼ਰਧਾ ਵਜੋਂ 'ਬੂਟਾ ਪ੍ਰਸਾਦ' ਮੁਫਤ ਵੰਡਿਆ ਗਿਆ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵੱਖ ਵੱਖ ਸਰਕਾਰੀ ਵਿਭਾਗਾਂ ਤੇ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਲਗਾਈਆਂ ਵਿਕਾਸ ਪ੍ਰਦਰਸ਼ਨੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਦੇਖਿਆ।ਇਸ ਦੌਰਾਨ ਵਣ ਵਿਭਾਗ ਨੇ ਸੰਗਤਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕੀਤੀ।ਇਸ ਦੌਰਾਨ ਸੰਗਤਾਂ ਵਿੱਚ ਫਲਦਾਰ, ਛਾਂਦਾਰ ਤੇ ਦਵਾਈਆਂ ਵਾਲੇ ਬੂਟੇ (ਜਿਵੇਂ ਨਿੰਮ, ਅਮਰੂਦ, ਅੰਬ ਤੇ ਜਾਮਣ) ਪ੍ਰਸਾਦ ਦੇ ਰੂਪ ਵਿੱਚ ਵੰਡੇ ਗਏ।ਸੰਗਤਾਂ ਵਿੱਚ ਬੂਟੇ ਪ੍ਰਾਪਤ ਕਰਨ ਲਈ ਭਾਰੀ ਉਤਸ਼ਾਹ ਦੇਖਿਆ ਗਿਆ।ਲੋਕਾਂ ਨੇ ਵਣ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਪ੍ਰਣ ਕੀਤਾ ਕਿ ਉਹ ਇਨ੍ਹਾਂ ਬੂਟਿਆਂ ਨੂੰ ਆਪਣੇ ਘਰਾਂ ਤੇ ਖੇਤਾਂ ਵਿੱਚ ਲਗਾ ਕੇ ਇਨ੍ਹਾਂ ਦੀ ਪਾਲਣਾ ਕਰਨਗੇ।ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਯਾਦ ਵਿੱਚ ਬੂਟੇ ਲਗਾਉਣਾ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨ ਦੇ ਬਰਾਬਰ ਹੈ।

## ਲਾਲਾ ਜਗਤ ਨਾਰਾਇਣ ਕਾਲਜ ਵਿਖੇ ਐਕਸਟੈਨਸ਼ਨ ਲੈਕਚਰ ਲਗਾਇਆ



**ਜਲਾਲਾਬਾਦ (ਜੀਤ ਕੁਮਾਰ)**-ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਜਲਾਲਾਬਾਦ ਵਿਖੇ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਸ਼ੋਕ ਕੁਮਾਰ ਅਨੇਜਾ, ਪ੍ਰਧਾਨ ਪ੍ਰਦੀਪ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੁੰਬਰ, ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ, ਪ੍ਰਿੰਸੀਪਲ ਡਾ. ਨੀਤਿਕਾ ਦੀ ਯੋਗ ਅਗਵਾਈ ਹੇਠ ਕਾਲਜ ਵਿੱਚ ਸ਼ੁੱਕਰਵਾਰ ਨੂੰ ਐਕਸਟੈਨਸ਼ਨ ਲੈਕਚਰ ਲਗਾਇਆ ਗਿਆ, ਜਿਸ ਵਿੱਚ ਐੱਮ ਐੱਡ ਦੇ ਵਿਦਿਆਰਥੀਆਂ ਨੂੰ ਰਿਸਰਚ ਸਾਇਨੋਪੋਸ਼ਸ ਤਿਆਰ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਨੀਤਿਕਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਰਿਸਰਚ ਸਾਇਨੋਪੋਸ਼ਸ ਨੂੰ ਤਰਤੀਬਵਾਰ ਕਰਨਾ ਹੁੰਦਾ ਹੈ, ਜਿਸ ਦੀ ਸਮੁੱਚੇ ਢੰਗ ਨਾਲ ਜਾਣਕਾਰੀ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈ ਗਈ। ਇਸ ਤੋਂ ਇਲਾਵਾ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਨਰਿੰਦਰ ਸਿੰਘ ਤੇ ਅਮਨਦੀਪ ਹਾਂਡਾ ਨੇ ਵਿਦਿਆਰਥੀਆਂ ਨੂੰ ਬਣਦੀ ਜਾਣਕਾਰੀ ਦਿੱਤੀ। ਇਸ ਤਰ੍ਹਾਂ ਇਹ ਐਕਸਟੈਨਸ਼ਨ ਲੈਕਚਰ ਵਿਦਿਆਰਥੀਆਂ ਲਈ ਕਾਫੀ ਲਾਹੇਵੰਦ ਸਾਬਿਤ ਰਿਹਾ।

## ਸ਼ਹੀਦੀ ਸਭਾ-2025 ਦੀ ਦੂਸਰੀ ਸ਼ਾਮ; 'ਸਰਬੰਸਦਾਨੀ' ਮਹਾਂਨਾਟਕ ਨੇ ਸੰਗਤ 'ਚ ਭਰਿਆ ਜੋਸ਼

### ਵਿਧਾਇਕ ਰਾਏ, ਰੁਪਿੰਦਰ ਸਿੰਘ ਹੈਪੀ ਤੇ ਡੀ ਸੀ ਥਿੰਦ ਵੱਲੋਂ ਕਲਾਕਾਰਾਂ ਦੀ ਹੌਸਲਾ-ਅਫਜ਼ਾਈ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਜੁੜੀ ਸਾਲਾਨਾ ਸ਼ਹੀਦੀ ਸਭਾ-2025 ਦੀ ਦੂਸਰੀ ਸ਼ਾਮ ਵੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਆਰਟ ਥੀਏਟਰ ਦੇ ਸਹਿਯੋਗ ਨਾਲ ਇੱਥੇ ਆਮ ਖਾਸ ਬਾਗ ਵਿਖੇ ਸਾਈਟ ਐਂਡ ਸਾਊਂਡ ਪੈਨੋਰਮਾ 'ਸਰਬੰਸਦਾਨੀ' ਦੀ ਵਿਲੱਖਣ ਪੇਸ਼ਕਾਰੀ ਕੀਤੀ ਗਈ।ਸਵਰਗੀ ਡਾ. ਹਰਚਰਨ ਸਿੰਘ ਲਾਟਾ ਤੇ ਅਸ਼ਵਨੀ ਸਾਵਨ ਦੇ ਲਿਖੇ ਇਸ ਪੈਨੋਰਮਾ 'ਸਰਬੰਸਦਾਨੀ' ਨੂੰ ਪ੍ਰਸਿੱਧ ਨਿਰਦੇਸ਼ਕ ਤੇ ਨਿਰਮਾਤਾ ਸ੍ਰ. ਹਰਬਖ਼ਸ਼ ਸਿੰਘ ਲਾਟਾ ਦੀ ਨਿਰਦੇਸ਼ਨਾਂ ਹੇਠ ਮੰਚਿਤ ਕੀਤਾ ਗਿਆ।

ਜੈਕਾਰਿਆਂ ਦੀ ਗੂੰਜ 'ਚ ਇਸ ਮਹਾਂਨਾਟਕ ਰਾਹੀਂ ਸਿੱਖ ਇਤਿਹਾਸ ਦੇ ਅਹਿਮ ਪਹਿਲੂਆਂ ਨੂੰ ਦਿਖਾਉਣ ਦੀ ਸ਼ਲਾਘਾ ਕਰਦਿਆਂ ਸੰਗਤ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ।ਇਹ ਪੈਨੋਰਮਾ ਦੇਖਣ ਉਪਰੰਤ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੰਗਤ ਨੂੰ ਗੁਰੂ ਇਤਿਹਾਸ ਦੇ ਰੂਬਰੂ ਕਰਵਾਉਣ ਲਈ ਇਹ ਅਹਿਮ ਉਪਰਾਲਾ ਕੀਤਾ ਹੈ।ਇਸ ਮੌਕੇ ਵਿਧਾਇਕ ਬਸੀ ਪਠਾਣਾ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਜਿਹੀ ਮਿਸਾਲ ਦੁਨੀਆ ਵਿੱਚ ਹੋਰ ਕਿਧਰੇ ਨਹੀਂ ਮਿਲਦੀ ਤੇ ਅਜਿਹੇ ਨਾਟਕਾਂ ਰਾਹੀਂ ਮਹਾਨ ਸ਼ਹੀਦਾਂ ਦੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਉਣਾ ਸ਼ਲਾਘਾਯੋਗ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਅਜਿਹੇ ਇਤਿਹਾਸਕ ਨਾਟਕ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਸਰੋਤ ਹਨ ਤੇ ਇਨ੍ਹਾਂ ਨਾਟਕਾਂ ਨਾਲ ਜਿੱਥੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਹੀ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਨਤਮਸਤਕ ਹੋਣ ਦਾ ਮੌਕਾ ਵੀ ਮਿਲਦਾ ਹੈ।ਇਸ ਸ਼ੋਅ ਵਿੱਚ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਖੇ ਸ਼ਹਾਦਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਦੇ ਬਿਰਤਾਂਤ, 1699 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਾਜਨਾ, ਪਰਿਵਾਰ ਵਿਛੋੜਾ, ਚਮਕੌਰ ਦੀ ਗੜ੍ਹੀ ਦੀ ਜੰਗ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਗ੍ਰਿਫਤਾਰੀ ਅਤੇ ਉਨ੍ਹਾਂ ਦੀ ਸ਼ਹਾਦਤ ਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਹਿ ਕਰਨ ਦੇ ਇਤਿਹਾਸ ਨੂੰ ਲਾਈਟ, ਆਵਾਜ਼, ਰੋਸ਼ਨੀ ਸਮੇਤ ਤੇ 28 ਦੇ ਕਰੀਬ ਪ੍ਰਸਿੱਧ ਕਲਾਕਾਰਾਂ ਵੱਲੋਂ ਦਿਲਕਸ਼ ਤੇ ਖੂਬਸੂਰਤੀ ਨਾਲ ਸੰਗਤ ਸਾਹਮਣੇ ਰੂਪਮਾਨ ਕੀਤਾ ਗਿਆ ਹੈ।

## ਸ਼ੂਗਰ ਤੇ ਬੀ ਪੀ ਦੀ ਦਵਾਈ ਆਪਣੇ ਆਪ ਬੰਦ ਨਾ ਕਰੋ : ਤਿਉਣਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸ਼ੁਰੂ ਕੀਤੇ ਗਏ ਨਵੇਂ ਪ੍ਰੋਗਰਾਮ ਅਧੀਨ ਸਿਵਲ ਸਰਜਨ ਡਾਕਟਰ ਤਪਿੰਦਰ ਜੋਤ ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਸੀ ਐੱਚ ਸੀ ਭਗਤਾ ਭਾਈਕਾ ਵਿਖੇ ਸ਼ੂਗਰ ਤੇ ਬਲੱਡ ਪ੍ਰੈਸ਼ਰ ਦੀ ਬਿਮਾਰੀ ਸਬੰਧੀ ਜਾਗ੍ਰਿਤ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦੇ ਹੋਏ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਅਧੀਨ ਮਰੀਜ਼ਾਂ ਤੇ ਉਸ ਦੇ ਨਾਲ ਆਏ ਵਾਰਸਾਂ ਨੂੰ ਐੱਨ ਸੀ ਡੀ ਬਿਮਾਰੀਆਂ ਸਬੰਧੀ ਜਾਗਰੂਕ ਕਰਨਾ ਹੈ।ਉਨ੍ਹਾਂ ਸੂਗਰ ਦੀਆਂ ਨਿਸ਼ਾਨੀਆਂ ਬਾਰੇ ਦੱਸਦਿਆਂ ਕਿਹਾ ਕਿ ਸਿਰ ਭਾਰਾ ਹੋਣਾ, ਨਜ਼ਰ ਧੁੰਦਲੀ ਹੋਣੀ, ਚੱਕਰ ਆਉਣੇ, ਦਿਲ ਦੀ ਧੜਕਣ ਮਹਿਸੂਸ ਕਰਨਾ, ਵਾਰ-ਵਾਰ ਪਿਸ਼ਾਬ ਦਾ ਆਉਣਾ, ਹੱਥ-ਪੈਰ ਸੁੰਨ ਹੋਣਾ ਆਦਿ ਵਿੱਚੋਂ ਕੋਈ ਵੀ ਅਲਾਮਤ ਨਜ਼ਰ ਆਉਣ 'ਤੇ ਤੁਰੰਤ ਨੇੜਲੇ ਸਰਕਾਰੀ ਹਸਪਤਾਲ ਵਿਖੇ ਪਹੁੰਚ ਕੇ ਆਪਣੇ ਸਰੀਰ ਦੀ ਜਾਂਚ ਕਰਵਾਈ ਜਾਵੇ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੇ ਆਮ ਆਦਮੀ ਕਲੀਨਿਕਾਂ ਵਿੱਚ ਸ਼ੂਗਰ, ਬੀ ਪੀ ਦੇ ਮਰੀਜ਼ਾਂ ਨੂੰ ਮੁਫਤ ਦਵਾਈ ਦਿੱਤੀ ਜਾਂਦੀ ਹੈ ਅਤੇ ਟੈਸਟ ਵੀ ਮੁਫਤ ਕੀਤੇ ਜਾਂਦੇ ਹਨ, ਇਸ ਲਈ ਇਸ ਸੈਂਟਰ ਦਾ ਲਾਭ ਉਠਾਇਆ ਜਾਵੇ।ਉਨ੍ਹਾਂ ਕਿਹਾ ਕਿ ਆਪਣੇ ਆਪ ਸ਼ੂਗਰ ਤੇ ਬੀ ਪੀ ਦੀ ਦਵਾਈ ਕਦੇ ਵੀ ਬੰਦ ਨਾ ਕੀਤੀ ਜਾਵੇ, ਕਿਉਂਕਿ ਅਜਿਹਾ ਕਰਨਾ ਉਸ ਦੀ ਜ਼ਿੰਦਗੀ ਉੱਪਰ ਭਾਰੀ ਪੈ ਸਕਦਾ ਹੈ।ਇਸ ਮੌਕੇ ਸਟਾਫ ਨਰਸ, ਗੁਰਵਿੰਦਰ ਸਿੰਘ, ਹਰਪਾਲ ਕੌਰ ਤੇ ਹੋਰ ਸਟਾਫ ਮੌਜੂਦ ਸੀ।

# ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਅਰਦਾਸ ਉਪਰੰਤ 3 ਦਿਨਾ ਸ਼ਹੀਦੀ ਸਭਾ ਸੰਪੰਨ

**■ ਸ਼ਹੀਦੀ ਨਗਰ ਕੀਰਤਨ 'ਚ ਲੱਖਾਂ ਦੀ ਗਿਣਤੀ 'ਚ ਸੰਗਤ ਨੇ ਪਾਲਕੀ ਸਾਹਿਬ ਦੇ ਕੀਤੇ ਦਰਸ਼ਨ ■ ਡੀ ਸੀ ਤੇ ਐੱਸ ਐੱਸ ਪੀ ਵੱਲੋਂ ਸਮਾਗਮਾਂ 'ਚ ਸੰਗਤਾਂ ਵੱਲੋਂ ਸਵੈ-ਅਨੁਸ਼ਾਸਨ ਬਣਾਈ ਰੱਖਣ ਦੀ ਸ਼ਲਾਘਾ ਤੇ ਧੰਨਵਾਦ**



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਇਤਿਹਾਸਕ ਤੇ ਪਵਿੱਤਰ ਅਸਥਾਨ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਜੁੜੀ ਤਿੰਨ ਰੋਜ਼ਾ ਸਾਲਾਨਾ ਸ਼ਹੀਦੀ ਸਭਾ ਇਤਿਹਾਸਕ ਤੇ ਸ਼ਹੀਦੀ ਨਗਰ ਕੀਰਤਨ ਦੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪੁੱਜਣ 'ਤੇ ਅਰਦਾਸ ਉਪਰੰਤ ਰਸਮੀ ਤੌਰ 'ਤੇ ਸੰਪੰਨ ਹੋਈ।ਇਸ ਦੌਰਾਨ ਫਤਹਿਗੜ੍ਹ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਵਿੱਚੋਂ ਪਹੁੰਚੀ ਸੰਗਤ ਨੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ।ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ, ਹਲਕਾ ਬੱਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਸਿੰਘ ਲਿਬੜਾ ਨੇ ਨਤਮਸਤਕ ਹੋ ਕੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਅਜ਼ੀਮ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ।ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਤੇ ਐੱਸ ਐੱਸ ਪੀ ਸ਼ੁਭਮ ਅਗਰਵਾਲ, ਏ ਡੀ ਸੀ ਪੂਜਾ ਸਿਆਲ ਗਰੇਵਾਲ ਤੇ ਹੋਰ ਅਧਿਕਾਰੀਆਂ ਨੇ ਪਾਲਕੀ ਸਾਹਿਬ ਦੇ ਦਰਸ਼ਨ ਕੀਤੇ।ਸ਼ਹੀਦੀ ਸਭਾ ਦੀ ਸਮਾਪਤੀ ਦੀ ਅਰਦਾਸ ਸਮੇਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਇਰਨ ਵਜਾਇਆ ਗਿਆ।ਇਸ ਸ਼ਹੀਦੀ ਸਭਾ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਆਪਕ ਪ੍ਰਬੰਧਾਂ ਤੇ ਪੁਲਸ ਵੱਲੋਂ ਕੀਤੇ ਸੁਰੱਖਿਆ ਇੰਤਜ਼ਾਮਾਂ ਦੀ ਸ਼ਰਧਾਲੂਆਂ ਨੇ ਸ਼ਲਾਘਾ ਕਰਦਿਆਂ ਕਿਹਾ ਕਿ ਬਿਹਤਰੀਨ ਪ੍ਰਬੰਧਾਂ ਦੇ ਚਲਦਿਆਂ ਸਭਾ ਸ਼ਾਂਤਮਈ ਤੇ ਸਫਲਤਾਪੂਰਵਕ ਸੰਪੰਨ ਹੋ ਗਈ ਹੈ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਤੇ ਐੱਸ ਐੱਸ ਪੀ ਸ਼ੁਭਮ ਅਗਰਵਾਲ ਨੇ ਸਮੁੱਚੀ ਸੰਗਤ, ਅਧਿਕਾਰੀਆਂ, ਕਰਮਚਾਰੀਆਂ ਤੇ ਗੁਰਦੁਆਰਾ ਪ੍ਰਬੰਧਕਾਂ ਸਮੇਤ ਵੱਖ-ਵੱਖ ਸੇਵਾ ਜਥੇਬੰਦੀਆਂ ਤੇ ਸ਼ਰਧਾਲੂਆਂ ਵੱਲੋਂ ਨਿਭਾਈਆਂ ਸੇਵਾਵਾਂ ਤੇ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਮਾਗਮਾਂ ਦੌਰਾਨ ਸੰਗਤਾਂ ਵੱਲੋਂ ਸਵੈ-ਅਨੁਸ਼ਾਸਨ ਬਣਾਈ ਰੱਖਣ ਦੀ ਸ਼ਲਾਘਾ ਕਰਦਿਆਂ ਸੰਗਤਾਂ ਦਾ ਧੰਨਵਾਦ ਪ੍ਰਗਟਾਇਆ।ਨਗਰ ਕੀਰਤਨ ਦੀ ਅਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰ ਤੇ ਸ਼ਹੀਦੀ ਨਗਰ ਕੀਰਤਨ ਦੀ ਅਰੰਭਤਾ ਦੀ ਅਰਦਾਸ ਕੀਤੀ।ਇਸ ਦੌਰਾਨ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ ਨੇ ਸੰਗਤੀ ਰੂਪ ਵਿੱਚ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਅਰਦਾਸ ਉਪਰੰਤ ਹੁਕਮਨਾਮਾ ਲਿਆ।ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਤੇ ਪੰਜ ਪਿਆਰਿਆਂ ਤੇ ਪੰਜ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਸ਼ਰਧਾਲੂ ਸੰਗਤਾਂ ਦੀ ਵਿਸ਼ਾਲ ਸ਼ਮੂਲੀਅਤ ਨਾਲ ਸ਼ਹੀਦੀ ਨਗਰ ਕੀਰਤਨ ਅਰੰਭ ਹੋਇਆ, ਜੋ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸਮਾਪਤੀ ਸਮੇਂ ਸੋਹਿਲਾ ਸਾਹਿਬ ਦੀ ਬਾਣੀ ਦੇ ਪਾਠ ਉਪਰੰਤ ਸ਼ਹੀਦੀ ਸਭਾ ਦੀ ਸਮਾਪਤੀ ਦੀ ਅਰਦਾਸ ਗਿਆਨੀ ਹਰਪਾਲ ਸਿੰਘ ਨੇ ਕੀਤੀ ਅਤੇ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ ਨੇ ਹੁਕਮਨਾਮਾ ਲਿਆ।

# ਰਿਟਾਇਰਡ ਆਈ ਜੀ ਚਾਹਲ ਦੇ 3 ਕਰੋੜ ਫ੍ਰੀਜ਼, ਠੱਗੀ ਤੋਂ ਬਾਅਦ 25 ਬੈਂਕ ਖਾਤੇ ਸੀਲ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸੇਵਾਮੁਕਤ ਪੰਜਾਬ ਇੰਸਪੈਕਟਰ ਜਨਰਲ (ਆਈ ਜੀ) ਅਮਰ ਸਿੰਘ ਚਾਹਲ ਨਾਲ ਜੁੜੇ ਇੱਕ ਬਹੁ-ਕਰੋੜੀ ਸਾਈਬਰ ਧੋਖਾਧੜੀ ਮਾਮਲੇ ਵਿੱਚ ਪੁਲਸ ਨੇ ਹੁਣ ਤੱਕ ਲਗਭਗ 25 ਬੈਂਕ ਖਾਤਿਆਂ ਨੂੰ ਫ੍ਰੀਜ਼ ਕਰ ਦਿੱਤਾ ਹੈ।ਇੰਸਪੈਕਟਰ ਜਨਰਲ (ਆਈ ਜੀ) ਅਮਰ ਸਿੰਘ ਚਾਹਲ ਨਾਲ ਜੁੜੇ ਇੱਕ ਬਹੁ-ਕਰੋੜੀ ਸਾਈਬਰ ਧੋਖਾਧੜੀ ਮਾਮਲੇ ਵਿੱਚ ਪੁਲਸ ਨੇ ਹੁਣ ਤੱਕ ਲਗਭਗ 25 ਬੈਂਕ ਖਾਤਿਆਂ ਨੂੰ ਫ੍ਰੀਜ਼ ਕਰ ਦਿੱਤਾ ਹੈ ਅਤੇ 810 ਕਰੋੜ ਰੁਪਏ (ਲਗਭਗ 30 ਮਿਲੀਅਨ ਡਾਲਰ) ਵਿੱਚੋਂ ਲਗਭਗ 3 ਕਰੋੜ ਰੁਪਏ (ਲਗਭਗ 30 ਮਿਲੀਅਨ ਡਾਲਰ) ਦੇ ਲੈਣ-ਦੇਣ ਨੂੰ ਰੋਕ ਦਿੱਤਾ ਹੈ।ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਧੋਖਾਧੜੀ ਨੈੱਟਵਰਕ ਦੇ ਤਾਰ ਮਹਾਰਾਸ਼ਟਰ ਨਾਲ ਜੁੜੇ ਹੋਏ ਹਨ।ਪੁਲਸ ਅਧਿਕਾਰੀਆਂ ਅਨੁਸਾਰ, ਦੋਸ਼ੀਆਂ ਦੀ ਪਛਾਣ ਕਰ ਲਈ ਗਈ ਹੈ ਤੇ ਇੱਕ ਉੱਚ-ਪੱਧਰੀ ਜਾਂਚ ਟੀਮ ਉਨ੍ਹਾਂ ਨੂੰ ਫੜਨ ਲਈ ਲਗਾਤਾਰ ਤਕਨੀਕੀ ਤੇ ਬੈਂਕਿੰਗ ਟ੍ਰੇਲ ਦੀ ਪਾਲਣਾ ਕਰ ਰਹੀ ਹੈ।

ਪੁਲਸ ਨੇ ਅਜੇ ਤੱਕ ਅਮਰ ਸਿੰਘ ਚਾਹਲ ਦਾ ਬਿਆਨ ਦਰਜ ਨਹੀਂ ਕੀਤਾ ਹੈ।ਅਧਿਕਾਰੀਆਂ ਦਾ ਕਹਿਣਾ ਹੈ ਕਿ ਡਾਕਟਰਾਂ ਤੋਂ ਇਜਾਜ਼ਤ ਮਿਲਣ ਤੋਂ ਬਾਅਦ ਐਤਵਾਰ ਨੂੰ ਹਸਪਤਾਲ ਵਿੱਚ ਉਨ੍ਹਾਂ ਦਾ ਬਿਆਨ ਦਰਜ ਕੀਤਾ ਜਾ ਸਕਦਾ ਹੈ।ਬਿਆਨ ਦਰਜ ਕਰਨ ਨਾਲ ਜਾਂਚ ਵਿੱਚ ਹੋਰ ਮਹੱਤਵਪੂਰਨ ਵੇਰਵਿਆਂ ਦਾ ਖੁਲਾਸਾ ਹੋਣ ਦੀ ਉਮੀਦ ਹੈ।ਜਾਂਚ ਏਜੰਸੀਆਂ ਨੇ ਹੁਣ ਤੱਕ ਤਿੰਨ ਮੁੱਖ ਦੋਸ਼ੀਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਬਾਰੇ ਦੇਖਿਆ ਜਾ ਰਿਹਾ ਹੈ ਕਿ ਉਹ ਮਹਾਰਾਸ਼ਟਰ ਤੋਂ ਹਨ।ਪੁਲਸ ਦਾ ਕਹਿਣਾ ਹੈ ਕਿ ਧੋਖਾਧੜੀ ਕਰਨ ਵਾਲਿਆਂ ਨੇ ਸੇਵਾਮੁਕਤ ਆਈ ਜੀ ਦੇ ਖਾਤੇ ਵਿੱਚੋਂ ਪੈਸੇ ਕਢਵਾਏ ਤੇ ਇਸ ਨੂੰ ਕਈ ਵੱਖ-ਵੱਖ ਖਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤਾ ਤਾਂ ਜੋ ਰਕਮ ਦਾ ਪਤਾ ਲਗਾਉਣਾ ਮੁਸ਼ਕਲ ਹੋ ਸਕੇ।ਪੁਲਸ ਟੀਮਾਂ ਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਪੂਰੇ ਸਾਈਬਰ ਧੋਖਾਧੜੀ ਨੈੱਟਵਰਕ ਵਿੱਚ ਘੱਟੋ-ਘੱਟ 10 ਲੋਕਾਂ ਦੀ ਸ਼ਮੂਲੀਅਤ ਹੈ।ਧੋਖਾਧੜੀ ਕਰਨ ਵਾਲਿਆਂ ਨੇ ਕਥਿਤ ਤੌਰ 'ਤੇ ਲੋਕਾਂ ਨੂੰ ਸ਼ੇਅਰ ਬਾਜ਼ਾਰ ਵਿੱਚ ਭਾਰੀ ਮੁਨਾਫ਼ੇ ਦਾ ਵਾਅਦਾ ਕਰਕੇ ਫਸਾਇਆ ਸੀ।ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਮੁਲਜ਼ਮ ਜਾਅਲੀ ਪਛਾਣਾਂ ਦੀ ਵਰਤੋਂ ਕਰ ਰਹੇ ਸਨ ਅਤੇ ਪੁਲਸ ਤੋਂ ਬਚਣ ਲਈ ਵੱਖ-ਵੱਖ ਮੋਬਾਈਲ ਨੰਬਰਾਂ, ਬੈਂਕ ਖਾਤਿਆਂ ਤੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਕਰ ਰਹੇ ਸਨ।ਪੁਲਸ ਇਹ ਵੀ ਜਾਂਚ ਕਰ ਰਹੀ ਹੈ ਕਿ ਕੀ ਇਸ ਗਰੋਹ ਨੇ ਦੂਜੇ ਰਾਜਾਂ ਵਿੱਚ ਵੀ ਲੋਕਾਂ ਨਾਲ ਧੋਖਾ ਕੀਤਾ ਹੈ।

# ਲੋਕ ਮੋਰਚਾ ਪੰਜਾਬ ਵੱਲੋਂ ਨਿੱਜੀਕਰਨ ਦੇ ਹਮਲਿਆਂ ਖ਼ਿਲਾਫ਼ ਕਨਵੈਨਸ਼ਨ



ਸਮਰਾਲਾ (ਸੁਰਜੀਤ ਸਿੰਘ)-ਲੋਕ ਮੋਰਚਾ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਨਿੱਜੀਕਰਨ ਦੀ ਨੀਤੀ ਰੱਦ ਕਰਨ ਤੇ ਦੇਸੀ ਵਿਦੇਸ਼ੀ ਕਾਰਪੋਰੇਟਾਂ ਦੀ ਲੁੱਟ ਖਿਲਾਫ ਕਨਵੈਨਸ਼ਨ ਕਰਨ ਉਪਰੰਤ ਸ਼ਹਿਰ ਅੰਦਰ ਮੁਜ਼ਾਹਰਾ ਕੀਤਾ ਗਿਆ।ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਜਗਮੇਲ ਸਿੰਘ ਤੇ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਨਿੱਜੀਕਰਨ ਦੇ ਹਮਲੇ ਨੂੰ ਹੋਰ ਤੇਜ਼ ਕਰਦੇ ਹੋਏ ਕੇਂਦਰ ਤੇ ਪੰਜਾਬ ਸਰਕਾਰ ਲੋਕਾਂ ਤੋਂ ਸਬਸਿਡੀਆਂ ਤੇ ਸਸਤੀ ਬਿਜਲੀ ਦੀ ਸਹੂਲਤ ਖੋਹਣ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਵੱਡੇ ਮੁਨਾਫ਼ੇ ਬਖ਼ਸ਼ਣ ਲਈ ਬਿਜਲੀ ਸੋਧ ਬਿੱਲ-2025 ਲਿਆਉਣ ਜਾ ਰਿਹਾ ਹੈ।ਮਜ਼ਦੂਰਾਂ ਦੀਆਂ ਉਜਰਤਾਂ, ਸਹੂਲਤਾਂ, ਕਿਰਤ ਹਾਲਤਾਂ ਤੇ ਰੁਜ਼ਗਾਰ ਸੁਰੱਖਿਆ ਦੀ ਬਲੀ ਦਿੰਦੇ ਤੇ ਵੱਡੀਆਂ ਕੰਪਨੀਆਂ ਨੂੰ ਕਿਰਤ ਦੀ ਲੁੱਟ ਦੀਆਂ ਖੁੱਲ੍ਹਾਂ ਬਖ਼ਸ਼ਦੇ 4 ਕਿਰਤ ਕੋਡ ਲਾਗੂ ਕਰ ਦਿੱਤੇ ਗਏ ਹਨ।ਬੀਜਾਂ ਉੱਤੇ ਵੀ ਕਾਰਪੋਰੇਟ ਕੰਟਰੋਲ ਕਾਇਮ ਕਰਨ ਖਾਤਰ ਬੀਜ ਬਿੱਲ 2025 ਲਿਆਂਦਾ ਜਾ ਰਿਹਾ ਹੈ।ਮਾਲੀਆ ਜੁਟਾਉਣ ਦੇ ਨਾਂ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਜਾਇਦਾਦ ਬਣਦੀਆਂ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਤੇ ਹੋਰ ਜਨਤਕ ਜਾਇਦਾਦਾਂ ਨੂੰ ਵੇਚਿਆ ਜਾ ਰਿਹਾ ਹੈ।ਪੰਜਾਬ ਦੀ ਸਰਕਾਰੀ ਟਰਾਂਸਪੋਰਟ ਅੰਦਰ ਠੇਕਾ ਅਧਾਰਤ ਕਿਲੋਮੀਟਰ ਸਕੀਮ ਰਾਹੀਂ ਨਿੱਜੀਕਰਨ ਨੂੰ ਤਕੜਾ ਕੀਤਾ ਜਾ ਰਿਹਾ ਹੈ।ਸਰਕਾਰੀ ਹਸਪਤਾਲਾਂ ਵਿੱਚ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਸਕੀਮ ਰਾਹੀਂ ਨਿੱਜੀ ਕਾਰੋਬਾਰੀਆਂ ਦੀ ਦਖ਼ਲਅੰਦਾਜ਼ੀ ਬਣਾਈ ਜਾ ਰਹੀ ਹੈ।ਇਨ੍ਹਾਂ ਕਦਮਾਂ ਦਾ ਇਲਾਵਾ ਵੀ ਹਰ ਖੇਤਰ ਅੰਦਰ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ, ਪੱਕਾ ਸਰਕਾਰੀ ਰੁਜ਼ਗਾਰ ਖ਼ਤਮ ਕਰਨ ਤੇ ਨਿੱਜੀ ਪੂੰਜੀ ਨੂੰ ਉਤਸ਼ਾਹਤ ਕਰਨ ਦੇ ਕਦਮ ਲਗਾਤਾਰ ਲਏ ਜਾ ਰਹੇ ਹਨ। ਇਹ ਕਦਮ ਅਮਰੀਕਾ ਤੇ ਹੋਰਨਾਂ ਸਾਮਰਾਜੀ ਮੁਲਕਾਂ ਤੇ ਸੰਸਾਰ ਬੈਂਕ, ਆਈ.ਐੱਮ.ਐੱਫ. ਵਰਗੀਆਂ ਉਨ੍ਹਾਂ ਦੀਆਂ ਸੰਸਥਾਵਾਂ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਲਏ ਜਾ ਰਹੇ ਹਨ।ਇਨ੍ਹਾਂ ਦੇਸ਼ਾਂ ਦੀਆਂ ਵੱਡੀਆਂ ਸਾਮਰਾਜੀ ਕੰਪਨੀਆਂ ਤੇ ਦੇਸੀ ਕਾਰਪੋਰੇਟਾਂ ਨੂੰ ਮੁਨਾਫਿਆਂ ਲਈ ਭਾਰਤ ਦੀਆਂ ਜ਼ਮੀਨਾਂ, ਖਣਿਜ ਪਦਾਰਥ, ਪਾਣੀ, ਬਿਜਲੀ, ਜੰਗਲ, ਅਨਾਜ ਵਰਗੇ ਸਾਧਨ ਵੀ ਚਾਹੀਦੇ ਹਨ ਅਤੇ ਸਸਤੀ ਕਿਰਤ ਸ਼ਕਤੀ ਵੀ ਚਾਹੀਦੀ ਹੈ।ਉਨ੍ਹਾਂ ਨੂੰ ਇਹ ਵੀ ਚਾਹੀਦਾ ਹੈ ਕਿ ਉਨ੍ਹਾਂ ਦੀ ਲੁੱਟ ਦੇ ਰਾਹ ਵਿੱਚ ਮਾੜਾ ਮੋਟਾ ਵੀ ਅੜਿੱਕਾ ਪਾਉਂਦੇ ਹਰ ਪ੍ਰਕਾਰ ਦੇ ਕਾਨੂੰਨ ਖ਼ਤਮ ਕੀਤੇ ਜਾਣ।

ਬੁਲਾਰਿਆਂ ਨਿੱਜੀਕਰਨ ਦੀ ਨੀਤੀ ਮੁਕੰਮਲ ਤੌਰ 'ਤੇ ਰੱਦ ਕਰਨ, ਨਿੱਜੀਕਰਨ ਕੀਤੇ ਗਏ ਅਦਾਰਿਆਂ ਨੂੰ ਮੁੜ ਸਰਕਾਰੀ ਕੰਟਰੋਲ ਹੇਠ ਲੈਣ, ਸਾਮਰਾਜੀ ਤੇ ਭਾਰਤੀ ਵੱਡੇ ਕਾਰਪੋਰੇਟਾਂ ਦੀਆਂ ਕੰਪਨੀਆਂ ਨੂੰ ਲੁੱਟ ਦੀਆਂ ਖੁੱਲ੍ਹਾਂ ਦੇਣੀਆਂ ਬੰਦ ਕਰਨ, ਲੋਕਾਂ ਦੀ ਲੁੱਟ ਦੇ ਸਿਰ 'ਤੇ ਇਕੱਠੀ ਕੀਤੀ ਇਨ੍ਹਾਂ ਦੀ ਪੂੰਜੀ ਜ਼ਬਤ ਕਰਨ, ਵੱਡੇ ਧਨਾਢਾਂ, ਕਾਰਪੋਰੇਟਾਂ ਤੇ ਵੱਡੇ ਜ਼ਮੀਨ ਮਾਲਕਾਂ ਉੱਤੇ ਭਾਰੀ ਟੈਕਸ ਲਾ ਕੇ ਸਰਕਾਰੀ ਅਦਾਰਿਆਂ ਲਈ ਪੂੰਜੀ ਜੁਟਾਉਣ, ਵੱਡੇ ਕਾਰਪੋਰੇਟਾਂ ਨੂੰ ਦਿੱਤੀਆਂ ਜਾਂਦੀਆਂ ਸਭ ਰਿਆਇਤਾਂ/ਛੋਟਾਂ ਰੱਦ ਕਰਨ ਅਤੇ ਲੋਕਾਂ ਨੂੰ ਵਧੇਰੇ ਸਹੂਲਤਾਂ ਦੇਣ, ਭਾਰਤ ਅਮਰੀਕਾ ਵਪਾਰ ਵਾਰਤਾ ਬੰਦ ਕਰੋ।ਸਾਮਰਾਜੀਆਂ ਨਾਲ ਕੀਤੇ ਸਭ ਸਮਝੌਤੇ ਸੰਧੀਆਂ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ।ਅਜਿਹਾ ਕਰਨ ਲਈ ਲੋਕਾਂ ਨੂੰ ਬੁਰਜੂਆ ਪਾਰਲੀਮੈਂਟ ਪਾਰਟੀਆਂ ਤੋਂ ਭਲੇ ਦੀ ਝਾਕ ਛੱਡ ਕੇ ਇਨਕਲਾਬੀ ਜਥੇਬੰਦੀਆਂ ਵੱਲੋਂ ਨਵਾਂ ਸਮਾਜ ਸਿਰਜਣ ਦੇ ਸੰਘਰਸ਼ ਲਈ ਅੱਗੇ ਆਉਣ ਦਾ ਸੱਦਾ ਦਿੱਤਾ।ਸਟੇਜ ਸਕੱਤਰ ਦੇ ਭੂਮਿਕਾ ਕੁਲਵੰਤ ਤਰਕ ਨੇ ਬਾਖ਼ੂਬੀ ਨਿਭਾਈ ਤੇ ਹਰਜਿੰਦਰ ਸਿੰਘ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

## ਕਾਤਰਾਂ

### ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਟੈਨਿਸ ਟੂਰਨਾਮੈਂਟ ਭਲਕ ਤੋਂ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਅਮਰ ਸ਼ਹਾਦਤ ਨੂੰ ਸਮਰਪਤ ਇਲਾਈਟ ਲਾਨ ਟੈਨਿਸ ਵੱਲੋਂ ਬਿਨਾਂ ਕਿਸੇ ਫੀਸ ਤੋਂ ਤੀਜਾ ਓਪਨ ਲਾਨ ਟੈਨਿਸ ਟੂਰਨਾਮੈਂਟ 29 ਤੋਂ 30 ਦਸੰਬਰ 2025 ਤੱਕ ਅਰਬਨ ਅਸਟੇਟ ਫੇਸ 3 ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਬਾਰੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਟੈਨਿਸ ਕੋਚ ਗੁਰਬਾਜ ਸਿੰਘ ਨੇ ਦੱਸਿਆ ਕਿ ਟੂਰਨਾਮੈਂਟ ਦੇ ਉਦਘਾਟਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਹਲਕਾ ਇੰਚਾਰਜ ਸਨੌਰ ਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਸਿੰਘ ਹਡਾਣਾ, ਗੁਰਲਾਲ ਸਿੰਘ ਘਨੌਰ ਐੱਮਐੱਲਏ ਘਨੌਰ, ਇੰਜੀਨੀਅਰ ਅਮਿਤ ਰਤਨ ਕੋਟਫੱਤਾ ਐੱਮਐੱਲਏ ਬਠਿੰਡਾ ਰੂਰਲ ਤੇ ਹਰਪਿੰਦਰ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।ਪ੍ਰਬੰਧਕਾਂ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਟੈਨਿਸ ਕੋਚ ਗੁਰਬਾਜ ਸਿੰਘ ਨਾਲ 95928-80860 'ਤੇ ਸੰਪਰਕ ਕਰਕੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ।

### ਪੱਪੂ ਪ੍ਰਧਾਨ ਨੂੰ ਸਦਮਾ, ਭਣਵੱਈਏ ਦਾ ਦੇਹਾਂਤ



ਬਠਿੰਡਾ (ਰਾਜੀਵ ਗੋਇਲ)-ਕਸਬਾ ਭਗਤਾ ਭਾਈ ਨਾਲ ਸੰਬੰਧਤ ਆੜ੍ਹਤੀਆ ਯੂਨੀਅਨ ਦੇ ਆਗੂ ਵਿਜੈ ਕੁਮਾਰ ਪੱਪੂ ਪ੍ਰਧਾਨ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਫਤਿਆਬਾਦ (ਹਰਿਆਣਾ) ਰਹਿੰਦੇ ਉਨ੍ਹਾਂ ਦੇ ਭਣਵੱਈਏ ਪਵਨ ਕੁਮਾਰ ਦਾ ਅਚਾਨਕ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਸਮੂਹ ਕੇਸਰਵਾਲੀਆ ਪਰਿਵਾਰ ਨਾਲ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਨਗਰ ਪੰਚਾਇਤ ਭਗਤਾ ਦੇ ਪ੍ਰਧਾਨ ਬੂਟਾ ਸਿੰਘ ਸਿੱਧੂ, ਪਰਮਜੀਤ ਸਿੰਘ ਬਿਦਰ, ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੱਧੂ, ਸਰਕਲ ਪ੍ਰਧਾਨ ਬਬਲੇਸ਼ ਕੁਮਾਰ ਬੌਬੀ ਸਿੰਗਲਾ, ਇੰਦਰਜੀਤ ਨਾਗਪਾਲ, ਭੁੱਮਣ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ, ਅਚੱਲ ਕੁਮਾਰ, ਆਪ ਆਗੂ ਜਗਸੀਰ ਸਿੰਘ ਪੂੰਨੂ, ਸੁਰੇਸ਼ ਕੁਮਾਰ ਸੇਤੀਆ (ਕਾਲਾ ਕਬਾੜੀਆ), ਸੁਨੀਲ ਕੁਮਾਰ ਭਦੌੜੀਆ, ਰਾਕੇਸ਼ ਕੁਮਾਰ ਸਿੰਗਲਾ ਸਮੇਤ ਸਮੂਹ ਸਿਆਸੀ ਤੇ ਵਪਾਰੀ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

### ਗੋਪਾਲ ਕਾਂਡਾ ਦੇ ਜਨਮ ਦਿਨ 'ਤੇ ਖ਼ੂਨਦਾਨ ਕੈਂਪ ਅੱਜ

ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)-ਹਰਿਆਣਾ ਲੋਕਹਿਤ ਪਾਰਟੀ ਦੇ ਹਲਕਾ ਕਾਲਾਂਵਾਲੀ ਦੇ ਪ੍ਰਧਾਨ ਤੇ ਆੜ੍ਹਤੀ ਐਸੋਸੀਏਸ਼ਨ ਸਿਰਸਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਜੈਨ ਦਾ ਕਹਿਣਾ ਹੈ ਕਿ ਖ਼ੂਨਦਾਨ ਇੱਕ ਮਹਾਨ ਦਾਨ ਹੈ, ਜਿਸ ਨਾਲ ਅਨੇਕਾਂ ਅਣਮੁੱਲੀਆਂ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਸਮਾਜ ਸੇਵਕ ਪ੍ਰਦੀਪ ਜੈਨ ਨੇ ਦੱਸਿਆ ਕਿ ਪਾਰਟੀ ਸੁਪਰੀਮੋ ਤੇ ਸਾਬਕਾ ਗ੍ਰਹਿ ਮੰਤਰੀ ਸ੍ਰੀ ਗੋਪਾਲ ਕਾਂਡਾ ਦੁਆਰਾ ਕੀਤੇ ਗਏ ਸਮਾਜ ਸੇਵੀ ਕਾਰਜਾਂ ਤੇ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਟੀ ਸੁਪਰੀਮੋ ਗੋਪਾਲ ਕਾਂਡਾ ਦੇ ਜਨਮ ਦਿਨ 'ਤੇ 28 ਦਸੰਬਰ ਨੂੰ ਕਾਲਾਂਵਾਲੀ ਦੀ ਅਨਾਜ ਮੰਡੀ ਦੀ ਦੁਕਾਨ ਨੰਬਰ 36 'ਤੇ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧੈਰਿਆ ਕਾਂਡਾ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਤੇ ਉਹ ਖ਼ੂਨਦਾਨੀਆਂ ਨੂੰ ਉਤਸ਼ਾਹਤ ਵੀ ਕਰਨਗੇ। ਪ੍ਰਧਾਨ ਜੈਨ ਨੇ ਕਿਹਾ ਕਿ ਇਸ ਕੈਂਪ ਵਿੱਚ ਸ਼ਿਵ ਸ਼ਕਤੀ ਬਲੱਡ ਬੈਂਕ ਸਿਰਸਾ ਦੇ ਡਾਕਟਰਾਂ ਦੀ ਟੀਮ ਵਿਸ਼ੇਸ਼ ਸਹਾਇਤਾ ਪ੍ਰਦਾਨ ਕਰੇਗੀ।

# ਗੋਲੀਆਂ ਚਲਾਉਣ ਤੇ ਝਗੜਾ ਕਰਨ 'ਤੇ 8 ਵਿਰੁੱਧ ਕੇਸ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਜਲਾਲਾਬਾਦ ਵਿਖੇ ਬਲੈਕ ਟੈਪਲ ਟੈਟੂ ਦੀ ਦੁਕਾਨ ਕੋਲ ਲੜਾਈ ਝਗੜਾ ਕਰਨ ਅਤੇ ਗੋਲੀਆਂ ਚਲਾਉਣ ਦੇ ਦੋਸ਼ ਵਿੱਚ 8 ਲੋਕਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ. ਆਈ. ਅਮਨਦੀਪ ਕੌਰ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੰਦੀਪ ਸਿੰਘ ਪੁੱਤਰ ਪੰਜੂ ਸਿੰਘ ਵਾਸੀ ਦੋਨਾ ਮੱਤੜ (ਥਾਣਾ ਗੁਰੂ ਹਰਸਹਾਏ) ਵੱਲੋਂ ਸੰਦੀਪ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਅਤੇ 5-7 ਵਿਅਕਤੀਆਂ ਦੇ ਵਿਰੁੱਧ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ, ਜਿਸ ਵਿੱਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਡੀ ਐੱਸ ਪੀ ਦਫਤਰ ਕੋਲ ਉਸ ਦੀ (ਮੁਦੱਈ ਸੰਦੀਪ ਸਿੰਘ) ਦੀ ਦੁਕਾਨ ਬਲੈਕ ਟੈਪਲ ਟੈਟੂ ਵਾਲੀ ਹੈ, ਜਿਸ 'ਤੇ ਸੰਦੀਪ ਸਿੰਘ ਵਾਸੀ ਫਲੀਆਂਵਾਲਾ ਅਤੇ 5-7 ਵਿਅਕਤੀਆਂ ਨੇ ਆ ਕੇ ਲੜਾਈ ਝਗੜਾ ਕੀਤਾ ਅਤੇ ਗੋਲੀਆਂ ਚਲਾਈਆਂ ਹਨ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਸ਼ਿਕਾਇਤਕਰਤਾ ਸੰਦੀਪ ਸਿੰਘ ਵਾਸੀ ਦੋਨਾ ਮੱਤੜ ਦੇ ਬਿਆਨਾਂ ਦੇ ਅਧਾਰ 'ਤੇ ਸੰਦੀਪ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਚੱਕ ਅਰਾਈਆਂਵਾਲਾ ਤੇ 5-7 ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 125 ਬੀ.ਐੱਨ.ਐੱਸ. ਤੇ 25/27 ਅਸਲਾ ਐਕਟ ਅਧੀਨ ਮੁਕੱਦਮਾ ਨੰਬਰ 179 ਦਰਜ ਕੀਤਾ ਗਿਆ ਹੈ।

# ਐਡਵੋਕੇਟ ਧਾਮੀ ਵੱਲੋਂ ਸ਼ਹੀਦੀ ਸਭਾ ਨੂੰ ਸਮਰਪਤ ਪੁਸਤਕ ਮੇਲੇ ਦੀ ਭਰਪੂਰ ਸ਼ਲਾਘਾ

**■ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਨਗਰ ਕੀਰਤਨ 'ਚ ਵੀ ਕੀਤੀ ਸ਼ਮੂਲੀਅਤ**



ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)
ਸ਼ਰਧਾ, ਆਤਮਿਕ ਸਮਰਪਣ ਤੇ ਵਿੱਦਿਅਕ ਚਿੰਤਨ ਦੇ ਮਾਹੌਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵੱਲੋਂ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਅਮਰ ਸ਼ਹਾਦਤ ਨੂੰ ਸਮਰਪਤ ਬਹੁ-ਦਿਨਾ ਸ਼ਹੀਦੀ ਸਭਾ ਦੀਆਂ ਸੇਵਾਵਾਂ ਸਫ਼ਲਤਾਪੂਰਵਕ ਸੰਪੰਨ ਹੋਈਆਂ।ਸ਼ਹੀਦੀ ਸਭਾ ਦੌਰਾਨ ਆਯੋਜਿਤ ਚੌਥੇ ਸਾਲਾਨਾ ਸ਼ਹੀਦੀ ਸਭਾ ਨੂੰ ਸਮਰਪਤ ਪੁਸਤਕ ਮੇਲੇ ਵਿੱਚ ਸ਼ਮੂਲੀਅਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਵਿੱਦਿਅਕ, ਆਤਮਿਕ ਤੇ ਸਮਾਜਿਕ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਪੁਸਤਕ ਮੇਲੇ ਵਿੱਚ ਸ਼ਾਮਲ ਵੱਖ-ਵੱਖ ਪ੍ਰਕਾਸ਼ਕਾਂ ਨਾਲ ਸੰਵਾਦ ਕਰਦਿਆਂ ਸੰਗਤ ਵਿੱਚ ਕਿਤਾਬ ਪੜ੍ਹਨ ਦੇ ਵਧ ਰਹੇ ਰੁਝਾਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਕਿਹਾ ਕਿ ਨੌਜਵਾਨ ਪੀੜ੍ਹੀ ਦਾ ਗੁਰਮਤਿ ਸਾਹਿਤ ਵੱਲ ਮੁੜਨਾ ਬਹੁਤ ਵੱਡਾ ਸ਼ੁਭ ਸ਼ਗਨ ਹੈ, ਜੋ ਸਿੱਖ ਸਮਾਜ ਦੇ ਬੌਧਿਕ ਤੇ ਆਤਮਿਕ ਭਵਿੱਖ ਲਈ ਉਮੀਦਜਨਕ ਸੰਕੇਤ ਹੈ।ਇਸ ਮੌਕੇ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਸੰਗਤ ਨੂੰ ਗੁਰ ਇਤਿਹਾਸ ਤੇ ਗੁਰਮਤਿ ਸਾਹਿਤ ਨਾਲ ਜੋੜਨ ਲਈ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।ਸਿੰਘ ਸਾਹਿਬ ਗਿਆਨੀ ਟੇਕ ਸਿੰਘ ਧਨੌਲਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਨੇ ਵੀ ਪੁਸਤਕ ਮੇਲੇ ਪ੍ਰਤੀ ਸੰਗਤ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ।ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ 30 ਤੋਂ ਵੱਧ ਪ੍ਰਕਾਸ਼ਕ ਗੁਰਮਤਿ ਸਾਹਿਤ, ਗੁਰਬਾਣੀ ਵਿਆਖਿਆ ਤੇ ਗੁਰ ਇਤਿਹਾਸ ਨਾਲ ਸੰਬੰਧਤ ਮਹੱਤਵਪੂਰਨ ਪੁਸਤਕਾਂ ਲੈ ਕੇ ਸ਼ਾਮਲ ਹੋਏ।ਉਨ੍ਹਾਂ ਦੱਸਿਆ ਕਿ ਪੁਸਤਕ ਮੇਲੇ ਦੇ ਨਾਲ-ਨਾਲ ਗੁਰਬਾਣੀ ਸ਼ੁੱਧ ਉਚਾਰਨ, ਦਸਤਾਰਬੰਦੀ, ਭਾਸ਼ਣ, ਕਵਿਤਾ ਪਾਠ ਤੇ ਅਕਾਦਮਿਕ ਕਵੀਜ਼ ਵਰਗੇ ਵਿਦਿਆਰਥੀ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ ਤੋਂ 200 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਯੂਨੀਵਰਸਿਟੀ ਟਰੱਸਟ ਦੇ ਮੈਂਬਰ ਐਡਵੋਕੇਟ ਸ. ਅਮਰਦੀਪ ਸਿੰਘ ਧਾਰਨੀ ਨੇ ਵੀ ਯੂਨੀਵਰਸਿਟੀ ਵੱਲੋਂ ਸ਼ਹੀਦੀ ਸਭਾ ਦੇ ਅਵਸਰ 'ਤੇ ਕੀਤੇ ਗਏ ਪੁਸਤਕ ਮੇਲੇ, ਵਿਦਿਆਰਥੀ ਮੁਕਾਬਲਿਆਂ, ਐੱਨਐੱਸਐੱਸ ਕੈਂਪ ਤੇ ਫਿਜ਼ਿਓਥੈਰਪੀ ਕੈਂਪਾਂ ਵਰਗੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਰਾਹੀਂ ਯੂਨੀਵਰਸਿਟੀ ਸਮਾਜਿਕ ਤੇ ਆਤਮਿਕ ਜ਼ਿੰਮੇਵਾਰੀ ਨੂੰ ਬਖ਼ੂਬੀ ਨਿਭਾਅ ਰਹੀ ਹੈ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਸੰਗਤ ਤੇ ਵਿਦਿਆਰਥੀਆਂ ਦੀ ਕਿਤਾਬਾਂ ਪ੍ਰਤੀ ਵਧਦੀ ਰੁਚੀ ਨੂੰ ਦੇਖਦਿਆਂ ਅਗਲੇ ਸਾਲ ਤੋਂ ਪੁਸਤਕ ਮੇਲੇ ਨੂੰ ਹੋਰ ਵੀ ਵਿਸ਼ਾਲ ਪੱਧਰ 'ਤੇ ਕਰਵਾਇਆ ਜਾਵੇਗਾ ਤੇ ਇਸ ਵਿੱਚ ਕੌਮੀ ਪੱਧਰ ਦੇ ਅਹਿਮ ਪ੍ਰਕਾਸ਼ਕਾਂ ਨੂੰ ਸ਼ਾਮਲ ਕੀਤਾ ਜਾਵੇਗਾ।ਸ਼ਹੀਦੀ ਸਭਾ ਦੀਆਂ ਸੇਵਾਵਾਂ ਦਾ ਸਮਾਪਨ ਵਿਸ਼ਾਲ ਨਗਰ ਕੀਰਤਨ ਨਾਲ ਹੋਇਆ, ਜਿਸ ਵਿੱਚ ਵਾਇਸ-ਚਾਂਸਲਰ ਦੀ ਅਗਵਾਈ ਹੇਠ ਯੂਨੀਵਰਸਿਟੀ ਦੇ ਸਮੂਹ ਸਟਾਫ, ਵਿਦਿਆਰਥੀਆਂ ਤੇ ਸੰਗਤ ਨੇ ਸ਼ਰਧਾ ਨਾਲ ਭਾਗ ਲਿਆ।ਅੰਤ ਵਿੱਚ ਪੁਸਤਕ ਮੇਲੇ ਦੇ ਕਨਵੀਨਰ ਡਾ. ਹਰਦੇਵ ਸਿੰਘ ਡੀਨ ਫੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਨੇ ਪੁਸਤਕ ਮੇਲੇ ਤੇ ਸ਼ਹੀਦੀ ਸਭਾ ਦੀਆਂ ਸੇਵਾਵਾਂ ਵਿੱਚ ਪਹੁੰਚੀਆਂ ਸਾਰੀਆਂ ਪੰਥਕ ਸ਼ਖ਼ਸੀਅਤਾਂ, ਸੰਗਤ, ਅਧਿਆਪਕ ਵਰਗ ਤੇ ਵਿਦਿਆਰਥੀਆਂ ਦਾ ਹਾਰਦਿਕ ਧੰਨਵਾਦ ਕੀਤਾ।

# ਹਤਿਆਰੇ ਤੇ ਬਲਾਤਕਾਰੀ ਕੁਲਦੀਪ ਸੇਂਗਰ ਦੀ ਸਜ਼ਾ ਮਾਫ਼ੀ ਵਿਰੁੱਧ ਪ੍ਰਦਰਸ਼ਨ



ਲੁਧਿਆਣਾ (ਐੱਮ ਐੱਸ ਭਾਟੀਆ)
ਇੱਥੇ ਆਰਤੀ ਚੌਕ ਲੁਧਿਆਣਾ ਵਿਖੇ ਪੰਜਾਬ ਇਸਤਰੀ ਸਭਾ, ਸੋਸ਼ਲ ਥਿੰਕਰਜ਼ ਫੋਰਮ ਤੇ ਭਾਰਤ ਜਨ ਗਿਆਨ ਵਿਗਿਆਨ ਜਥਾ ਵੱਲੋਂ ਪ੍ਰਦਰਸ਼ਨ ਕਰਕੇ ਹੱਤਿਆਰੇ ਤੇ ਬਲਾਤਕਾਰੀ ਭਾਰਤੀ ਜਨਤਾ ਪਾਰਟੀ ਦੇ ਆਗੂ ਕੁਲਦੀਪ ਸੇਂਗਰ ਦੀ ਦਿੱਲੀ ਦੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਮਾਫ਼ੀ ਤੇ ਜਮਾਨਤ ਦੇਣ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ।ਬੁਲਾਰਿਆਂ ਨੇ ਬੋਲਦੇ ਹੋਏ ਕਿਹਾ ਕਿ ਇਹ ਗੱਲ ਹੁਣ ਪ੍ਰਤੱਖ ਹੋ ਗਈ ਹੈ ਕਿ ਮੌਜੂਦਾ ਮੋਦੀ ਸਰਕਾਰ ਬਲਾਤਕਾਰੀਆਂ ਤੇ ਹਤਿਆਰਿਆਂ ਦੇ ਨਾਲ ਸਿੱਧਮ ਸਿੱਧਾ ਖੜੀ ਹੈ, ਜਿਸ ਢੰਗ ਦੇ ਨਾਲ ਕੌਮਾਂਤਰੀ ਪੱਧਰ ਤੇ ਪੁਰਸਕਾਰ ਜੇਤੂ ਇਸਤਰੀ ਪਹਿਲਵਾਨਾਂ ਦੇ ਨਾਲ ਦੁਰਵਿਹਾਰ ਕੀਤਾ ਗਿਆ, ਜੋ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਕਾਰਵਾਈ ਦੀ ਮੰਗ ਕਰ ਰਹੀਆਂ ਸਨ ਤੇ ਹੁਣ ਕੁਲਦੀਪ ਸੈਂਗਰ, ਜੋ ਕਿ ਉਨਾਓ ਦੇ ਬਲਾਤਕਾਰ ਤੇ ਹੱਤਿਆ ਦੇ ਦੋਸ਼ਾਂ ਵਿੱਚ ਉਮਰ ਕੈਦ ਕੱਟ ਰਿਹਾ ਹੈ, ਦੀ ਸਜ਼ਾ ਮਾਫ਼ੀ ਤੇ ਭਾਜਪਾ ਆਗੂ ਖੁਸ਼ੀਆਂ ਮਨਾ ਰਹੇ ਹਨ, ਇਹ ਉਨ੍ਹਾਂ ਦੀ ਮੰਸ਼ਾ ਨੂੰ ਸਾਫ਼ ਜ਼ਾਹਿਰ ਕਰਦਾ ਹੈ।ਜੇਲ੍ਹ ਵਿੱਚ ਬੰਦ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣਾ ਉਸੇ ਹੀ ਸੋਚ ਦਾ ਨਤੀਜਾ ਹੈ।ਇਹ ਆਮ ਚਰਚਾ ਵਿੱਚ ਹੈ ਕਿ ਸੈਂਗਰ ਤੋਂ ਵੀ ਯੂਪੀ ਦੀਆਂ ਚੋਣਾਂ ਵਿੱਚ ਵੋਟਾਂ ਪਾਉਣ ਦੇ ਲਈ ਉਸ ਨੂੰ ਜੇਲ੍ਹ 'ਚੋਂ ਛੁਡਾਇਆ ਗਿਆ ਹੈ।ਜੱਜ ਦਬਾਅ ਹੇਠ ਕੰਮ ਕਰ ਰਹੇ ਹਨ ਤੇ ਨਿਆ ਪਾਲਿਕਾ ਦੀ ਖ਼ੁਦਮੁਖਤਾਰੀ ਖਤਮ ਕਰ ਦਿੱਤੀ ਗਈ ਹੈ।ਇਕੱਤਰ ਪ੍ਰਦਰਸ਼ਨਕਾਰੀਆਂ ਨੇ ਸੈਂਗਰ ਨੂੰ ਦੁਬਾਰਾ ਜੇਲ੍ਹ ਵਿੱਚ ਸੁੱਟਣ ਤੇ ਹੋਰ ਵੀ ਸਖਤ ਸਜ਼ਾ ਦੇਣ ਦੀ ਮੰਗ ਕੀਤੀ।ਇਹ ਬੜੀ ਦੁੱਖਦਾਈ ਗੱਲ ਹੈ ਕਿ ਪੀੜਤਾ ਵੱਲੋਂ ਜਦੋਂ ਦਿੱਲੀ ਵਿੱਚ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਤਾਂ ਦਿੱਲੀ ਦੀ ਪੁਲਸ ਨੇ ਉਹਦੇ ਨਾਲ ਖਿੱਚ ਧੂਅ ਕੀਤੀ।ਇਸ ਮੌਕੇ ਬੋਲਣ ਵਾਲਿਆਂ ਵਿੱਚ ਡਾ. ਗੁਰਚਰਨ ਕੌਰ ਕੋਚਰ ਪ੍ਰਧਾਨ ਇਸਤਰੀ ਸਭਾ ਲੁਧਿਆਣਾ, ਡਾ. ਅਰੁਣ ਮਿੱਤਰਾ ਕਨਵੀਨਰ ਸੋਸ਼ਲ ਥਿੰਕਰਜ਼ ਫ਼ੋਰਮ, ਡਾ. ਰਣਜੀਤ ਸਿੰਘ ਪ੍ਰਧਾਨ ਭਾਰਤ ਜਨ ਗਿਆਨ ਵਿਗਿਆਨ ਜੱਥਾ, ਐੱਮ ਐੱਸ ਭਾਟੀਆ ਸਹਿ-ਕਨਵੀਨਰ ਸੋਸ਼ਲ ਥਿੰਕਰਜ਼ ਫ਼ੋਰਮ, ਡਾਕਟਰ ਪਰਮ ਸੈਣੀ, ਡਾ. ਗੁਲਜ਼ਾਰ ਪੰਧੇਰ ਜਨਰਲ ਸਕੱਤਰ ਪੰਜਾਬੀ ਸਾਹਿਤ ਅਕੈਡਮੀ, ਚਮਕੌਰ ਸਿੰਘ ਜਨਰਲ ਸਕਤਰ ਆਲ ਇੰਡੀਆ ਕਿਸਾਨ ਸਭਾ ਲੁਧਿਆਣਾ 1936 ਆਦਿ ਸ਼ਾਮਲ ਸਨ।ਇਨ੍ਹਾਂ ਤੋਂ ਇਲਾਵਾ ਡਾ. ਤੇਜਿੰਦਰ ਸਿੰਘ ਤੂਰ, ਅਨੂ ਬਾਲਾ ਭੱਟੀ, ਮਲਕੀਤ ਸਿੰਘ ਮਾਲੜਾ, ਵਿਜੇ ਕੁਮਾਰ, ਕੇਵਲ ਸਿੰਘ ਬਣਵੈਤ, ਸਤਨਾਮ ਸਿੰਘ, ਡਾਕਟਰ ਸੁਧੀਰ ਘਈ, ਕਾਮੇਸ਼ਵਰ ਯਾਦਵ, ਸਵਰੂਪ ਸਿੰਘ, ਇੱਕਬਾਲ ਸਿੰਘ, ਰਾਮ ਆਧਾਰ ਸਿੰਘ, ਅਨੋਦ ਕੁਮਾਰ ਹਾਜ਼ਰ ਸਨ।

# ਸ਼ਹਿਰ ਵਾਸੀਆਂ ਨੂੰ ਮਿਲੇਗੀ ਟ੍ਰੈਫ਼ਿਕ ਦੀ ਸਮੱਸਿਆ ਤੋਂ ਨਿਜਾਤ : ਮੇਅਰ

**ਕਈ ਮਹੱਤਵਪੂਰਨ ਸੜਕਾਂ 'ਤੇ ਹੋਣਗੇ ਵੱਡੇ ਬਦਲਾਅ : ਮੇਅਰ, ਟ੍ਰੈਫਿਕ ਇੰਚਾਰਜ**



ਪਟਿਆਲਾ (ਰਾਜਿੰਦਰ ਸਿੰਘ ਥਿੰਦ)
ਸ਼ਹਿਰ ਵਿੱਚ ਲਗਾਤਾਰ ਵਧ ਰਹੀ ਟ੍ਰੈਫ਼ਿਕ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਟ੍ਰੈਫ਼ਿਕ ਸਿਟੀ ਇੰਚਾਰਜ-1 ਜਪਨਾਮ ਸਿੰਘ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਸੁਚੱਜੇ ਟ੍ਰੈਫ਼ਿਕ ਪ੍ਰਬੰਧ ਲਈ ਕਈ ਨਵੇਂ ਫ਼ੈਸਲੇ ਲਏ ਗਏ।ਇਸ ਮੀਟਿੰਗ ਦਾ ਮੁੱਖ ਮਕਸਦ ਟ੍ਰੈਫ਼ਿਕ ਜਾਮ ਕਾਰਨ ਲੋਕਾਂ ਨੂੰ ਹੋ ਰਹੀਆਂ ਦਿਨ-ਰਾਤ ਦੀਆਂ ਮੁਸ਼ਕਲਾਂ ਦਾ ਹੱਲ ਲੱਭਣਾ ਤੇ ਆਉਣ ਵਾਲੇ ਸਮੇਂ ਵਿੱਚ ਸਫ਼ਰ ਨੂੰ ਹੋਰ ਸੌਖਾ ਬਣਾਉਣਾ ਸੀ।

ਮੇਅਰ ਨੇ ਦੱਸਿਆ ਕਿ ਸ਼ਹਿਰ ਦੇ ਮਹੱਤਵਪੂਰਨ ਰੂਟਾਂ 'ਤੇ ਆਵਾਜਾਈ ਨੂੰ ਕੰਟਰੋਲ ਕਰਨ ਲਈ ਖ਼ਾਸ ਪਲੈਨ ਤਿਆਰ ਕੀਤਾ ਗਿਆ ਹੈ।ਲੀਲਾ ਭਵਨ ਤੋਂ ਅਮਰ ਹਸਪਤਾਲ ਵਾਲੀ ਸੜਕ, ਲੀਲਾ ਭਵਨ ਤੋਂ ਫ਼ਵਾਰਾ ਚੌਕ ਰਾਹੀਂ ਬੈਕ ਸਾਈਡ ਸਰਕਾਰੀ ਰਜਿੰਦਰਾ ਹਸਪਤਾਲ, ਬਡੂੰਗਰ ਰੋਡ ਖਾਲਸਾ ਕਾਲਜ ਨੂੰ ਜਾਂਦੀ ਸੜਕ, ਪੁਰਾਣੇ ਬੱਸ ਸਟੈਂਡ ਤੋਂ ਲਾਹੌਰੀ ਗੇਟ ਵੱਲ ਸਰਕਾਰੀ ਮਾਤਾ ਕੁਸ਼ੱਲਿਆ ਹਸਪਤਾਲ ਵਾਲੀ ਸੜਕ, ਤੇ ਸ਼ਹਿਰ ਦੀਆਂ ਹੋਰ ਨਾਮਵਰ ਸੜਕਾਂ ਨੂੰ ਖ਼ਾਸ ਤੌਰ 'ਤੇ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਖੇਤਰਾਂ ਵਿੱਚ ਲੰਬੇ ਸਮੇਂ ਤੋਂ ਜਾਮ ਦੀ ਸਮੱਸਿਆ ਕਾਰਨ ਐਮਰਜੈਂਸੀ ਸੇਵਾਵਾਂ ਨੂੰ ਵੀ ਅਕਸਰ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ।ਟ੍ਰੈਫ਼ਿਕ ਇੰਚਾਰਜ-1 ਜਪਨਾਮ ਸਿੰਘ ਨੇ ਮੀਟਿੰਗ ਦੌਰਾਨ ਜਾਣਕਾਰੀ ਦਿੱਤੀ ਕਿ ਸੜਕਾਂ ਦੇ ਦੋਨੋਂ ਪਾਸਿਆਂ ਗ਼ੈਰ-ਕਾਨੂੰਨੀ ਪਾਰਕਿੰਗ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਕਈ ਸਥਾਨਾਂ 'ਤੇ ਨੋ-ਪਾਰਕਿੰਗ ਜ਼ੋਨ, ਨਵੀਆਂ ਬੈਰੀਕੇਡਿੰਗ ਤੇ ਨਵੇਂ ਟ੍ਰੈਫ਼ਿਕ ਸਿਗਨਲ ਸਿਸਟਮ ਲਗਾਉਣ ਦੀ ਯੋਜਨਾ ਬਣਾਈ ਗਈ ਹੈ।ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਸਵੇਰ ਸਕੂਲ ਸਮੇਂ ਤੇ ਸ਼ਾਮ ਦਫ਼ਤਰੀ ਸਮੇਂ ਦੌਰਾਨ ਖਾਸ ਰੂਟਾਂ ਨੂੰ ਸਮਾਰਟ ਟ੍ਰੈਫ਼ਿਕ ਮੈਨੇਜਮੈਂਟ ਸਿਸਟਮ ਹੇਠ ਲਿਆ ਜਾਵੇ, ਤਾਂ ਜੋ ਇਨ੍ਹਾਂ ਘੰਟਿਆਂ ਵਿੱਚ ਵਾਹਨ ਚਲਾਉਣਾ ਸੌਖਾ ਹੋ ਸਕੇ।ਇਸੇ ਨਾਲ ਵਪਾਰੀ ਐਸੋਸੀਏਸ਼ਨਾਂ ਤੇ ਬਜ਼ਾਰ ਕਮੇਟੀਆਂ ਨਾਲ ਵੀ ਸਹਿਯੋਗ ਲਈ ਗੱਲਬਾਤ ਕੀਤੀ ਜਾਵੇਗੀ, ਤਾਂ ਜੋ ਦੁਕਾਨਦਾਰਾਂ ਤੇ ਵਾਹਨ ਚਾਲਕਾਂ ਨੂੰ ਨਿਯਮਾਂ ਦੀ ਪਾਲਣਾ ਲਈ ਜਾਗਰੂਕ ਕੀਤਾ ਜਾ ਸਕੇ।

ਮੇਅਰ ਨੇ ਕਿਹਾ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਟਰੈਫ਼ਿਕ ਯੋਜਨਾ ਨੂੰ ਬਹੁਤ ਜਲਦ ਹੀ ਲਾਗੂ ਕੀਤਾ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਸਾਡਾ ਟੀਚਾ ਸ਼ਹਿਰ ਵਾਸੀਆਂ ਨੂੰ ਸੁਚੱਜੀ ਟ੍ਰੈਫ਼ਿਕ ਦੀ ਸਹੂਲਤ ਦੇਣਾ ਹੈ, ਤਾਂ ਜੋ ਹਰ ਸਫ਼ਰ ਬਿਨਾਂ ਰੁਕਾਵਟ ਦੇ ਮੁਕੰਮਲ ਹੋ ਸਕੇ।

# ਅੱਜ ਬਿਜਲੀ ਬੰਦ ਰਹੇਗੀ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਨਿਹਾਲ ਸਿੰਘ ਵਾਲਾ 66 ਕੇਵੀ ਸ/ਸ ਗਰਿੱਡ ਪੱਤੋਂ ਹੀਰਾ ਸਿੰਘ ਤੋਂ ਚਲਦੇ 11ਕੇਵੀ ਸਨਅਤੀ ਆਰਬਨ ਫੀਡਰ ਦੀ ਸਪਲਾਈ ਮਿਤੀ 28-12-2025 ਨੂੰ ਜ਼ਰੂਰੀ ਮੇਨਟੀਨੈਂਸ ਲਈ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਬੰਦ ਰਹੇਗੀ। ਪ੍ਰੈੱਸ ਨੂੰ ਇਸ ਦੀ ਜਾਣਕਾਰੀ ਐੱਸ ਡੀ ਓ ਕਿਰਪਾਲ ਸਿੰਘ ਪੱਤੋਂ ਹੀਰਾ ਸਿੰਘ ਤੇ ਰਾਜੇਸ਼ ਪੱਤੋਂ ਹੀਰਾ ਸਿੰਘ ਵੱਲੋਂ ਦਿੱਤੀ ਗਈ।

# 5 ਕਿਲੋ ਚੂਰਾ ਪੋਸਤ ਸਮੇਤ ਕਾਬੂ

ਸਮਾਣਾ (ਇਕਬਾਲ ਸਿੰਘ ਬੱਲ)-ਸਮਾਣਾ ਦੇ ਡੀ ਐੱਸ ਪੀ ਫਤਹਿ ਸਿੰਘ ਬਰਾੜ ਦੀ ਨਿਗਰਾਨੀ ਹੇਠ ਸਮਾਣਾ ਸਬ ਡਵੀਜ਼ਨ ਅੰਦਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਤੇ ਭੈੜੇ ਪੁਰਸ਼ਾਂ ਨੂੰ ਪੜ੍ਹਨ ਸਬੰਧੀ ਵੱਡੀ ਮੁਹਿੰਮ ਤਹਿਤ ਥਾਣਾ ਸਦਰ ਸਮਾਣਾ ਦੀ ਇੰਚਾਰਜ ਅਜੇ ਪਰੋਚਾ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਹਰਬੰਸ ਸਿੰਘ ਦੀ ਪੁਲਸ ਪਾਰਟੀ ਨੇ ਸ਼ੱਕੀ ਤੇ ਭੈੜੇ ਪੁਰਸ਼ਾਂ ਨੂੰ ਫੜਨ ਲਈ ਗਸ਼ਤ ਕਰਦਿਆਂ ਪਿੰਡ ਤਲਵੰਡੀ ਮਲਿਕ ਮੌਜੂਦ ਸੀ ਤਾਂ ਪੁਲਸ ਨੂੰ ਇਤਲਾਹ ਮਿਲੀ ਕਿ ਇੱਕ ਵਿਅਕਤੀ ਭੱਟੀਵਾਲ ਖੁਰਦ ਨੂੰ ਜਾਂਦੀ ਸੜਕ 'ਤੇ ਸੂਏ ਦੀ ਪਟੜੀ 'ਤੇ ਬੈਠਾ ਭੁੱਕੀ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਸ ਵੱਲੋਂ ਰੇਡ ਕਰਨ 'ਤੇ ਉਕਤ ਵਿਅਕਤੀ ਪਾਸੋਂ 5 ਕਿੱਲੋ ਚੂਰਾ ਪੋਸਤ (ਭੁੱਕੀ) ਬਰਾਮਦ ਕੀਤਾ।

ਪੁਲਸ ਵੱਲੋਂ ਫੜੇ ਗਏ ਵਿਅਕਤੀ ਦੀ ਪਹਿਚਾਣ ਲਖਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਪਿੰਡ ਤਲਵੰਡੀ ਮਲਿਕ ਥਾਣਾ ਸਦਰ ਸਮਾਣਾ ਵਜੋਂ ਹੋਈ। ਪੁਲਸ ਨੇ ਉਸ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਐੱਸ ਕੇ ਐੱਮ ਵੱਲੋਂ ਲੋਕ ਵਿਰੋਧੀ ਕਾਨੂੰਨਾਂ ਦੇ ਖਿਲਾਫ 29-30 ਨੂੰ ਮੋਟਰਸਾਈਕਲ ਮਾਰਚ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 28 ਦਸੰਬਰ ਤੋਂ 4 ਜਨਵਰੀ ਤੱਕ ਮਿੱਥੇ ਪ੍ਰੋਗਰਾਮ ਦੇ ਸੱਦੇ 'ਤੇ ਐੱਸ ਕੇ ਐੱਮ ਨਿਹਾਲ ਸਿੰਘ ਵਾਲਾ ਦੀ ਮੀਟਿੰਗ ਨਾਜਰ ਸਿੰਘ ਖਾਈ ਤੇ ਗੁਰਮੁੱਖ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਸੈਕਟਰੀ ਜਗਜੀਤ ਸਿੰਘ ਨੇ ਦੱਸਿਆ ਕਿ ਬਿਜਲੀ ਬਿੱਲ 2025, ਬੀਜ ਸੋਧ ਬਿੱਲ ਤੇ ਨਰੇਗਾ ਕਾਨੂੰਨ ਦੇ ਕੰਮ ਵਿੱਚ ਫੇਰਬਦਲ ਕਰਨ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਨੇ ਲੋਕਾਂ ਵਿੱਚ ਜਾਣ ਦਾ ਪ੍ਰੋਗਰਾਮ ਮਿੱਥਿਆ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਲੋਕਾਂ ਦਾ ਜਿਉਣਾ ਦੁੱਭਰ ਕਰ ਰਹੀ ਹੈ, ਜਿੱਥੇ ਪਿਛਲੇ ਸਮੇਂ ਵਿੱਚ ਕਿਰਤ ਕਾਨੂੰਨਾਂ ਨੂੰ ਤੋੜ ਕੇ ਸਿਰਫ ਕਿਰਤ ਵਿਰੋਧੀ 4 ਕਾਨੂੰਨ ਧੱਕੇ ਨਾਲ ਪਾਸ ਕਰ ਦਿੱਤੇ ਸਨ।ਹੁਣ ਫਿਰ ਸਰਕਾਰ ਲਗਾਤਾਰ ਲੋਕਾਂ ਦੀ ਜ਼ਿੰਦਗੀ ਨੂੰ ਨਪੀੜਨ ਵਾਲੇ ਪਾਸੇ ਹੈ।ਪਿਛਲੇ ਸਮੇਂ ਤੋਂ ਸਰਕਾਰ ਪਬਲਿਕ ਅਦਾਰਿਆਂ ਨੂੰ ਵੇਚਣ ਵੱਲ ਹੋਈ ਹੈ। ਅੱਜ ਬਿਜਲੀ ਬੋਰਡ ਵੀ ਖਤਰੇ ਵਿੱਚ ਲਿਆ ਖੜਾ ਕਰ ਦਿੱਤਾ ਹੈ, ਜਿਸ ਨਾਲ ਹਰ ਵਰਗ ਪ੍ਰਭਾਵਿਤ ਹੋਵੇਗਾ।ਐੱਸ ਕੇ ਐੱਮ ਇਨ੍ਹਾਂ ਲੋਕ ਵਿਰੋਧੀ ਕਾਨੂੰਨਾਂ ਦਾ ਵਿਰੋਧ ਕਰਦਾ ਹੈ, ਜਿਸ ਸੰਬੰਧ ਵਿੱਚ 2 ਦਿਨ 29/30 ਦਸੰਬਰ ਨੂੰ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੀਤਾ ਜਾਵੇਗਾ।ਸਮੂਹ ਲੋਕਾਂ ਨੂੰ ਸੱਦਾ ਦਿੰਦੇ ਹਾਂ ਕਿ ਇਸ ਦੋ ਰੋਜ਼ਾ ਮਾਰਚ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇ।ਇਸ ਮੌਕੇ ਡੀ ਟੀ ਐੱਫ ਤੋਂ ਅਮਨਦੀਪ ਮਾਛੀਕੇ ਨੇ ਗੱਲ ਕਰਦਿਆਂ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਪਿਛਲੇ ਦਿਨੀਂ ਚੋਣ ਡਿਊਟੀ ਦੌਰਾਨ ਦੋ ਹੋਣਹਾਰ ਅਧਿਆਪਕ ਮਾਸਟਰ ਜਸਕਰਨ ਸਿੰਘ ਤੇ ਮੈਡਮ ਕਮਲਜੀਤ ਕੌਰ ਦੀ ਪ੍ਰਸ਼ਾਸਨਕ ਅਣਗਹਿਲੀ ਕਰਕੇ ਮੌਤ ਹੋ ਗਈ ਸੀ, ਜਿਸ ਵਿੱਚ ਅੱਜ ਸਰਕਾਰ ਨੇ ਪਰਿਵਾਰ ਦੀ ਕੋਈ ਬਾਂਹ ਨਹੀਂ ਫੜੀ।ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਪਰਿਵਾਰ ਨੂੰ ਦੋ-ਦੋ ਕਰੋੜ ਰੁਪਏ ਤੇ ਬੱਚਿਆਂ ਦੀ ਨੌਕਰੀ ਦਾ ਸਰਕਾਰ ਐਲਾਨ ਕਰੇ।ਅਸੀਂ ਇਸ ਨੂੰ ਘੋਲ ਦਾ ਰੂਪ ਦੇਣਾ ਹੈ, ਪਿੰਡਾਂ ਵਿੱਚ ਕੈਂਡਲ ਮਾਰਚ ਤੋਂ ਲੈ ਕੇ ਵੱਡੀਆਂ ਰੈਲੀਆਂ ਤੱਕ ਕਰਾਂਗੇ। ਉਨ੍ਹਾਂ ਐੱਸ ਕੇ ਐੱਮ ਤੋਂ ਹਮਾਇਤ ਦੀ ਮੰਗ ਕੀਤੀ ਹੈ।ਇਸ ਮੌਕੇ ਡੀ ਟੀ ਐੱਫ ਵੱਲੋਂ ਰੱਖੀਆਂ ਮੰਗਾਂ ਦੀ ਪ੍ਰਧਾਨਗੀ ਮੰਡਲ ਨੇ ਡੱਟ ਕੇ ਹਮਾਇਤ ਕਰਨ ਦਾ ਭਰੋਸਾ ਦਿਵਾਇਆ।ਇਸ ਮੌਕੇ ਬੂਟਾ ਸਿੰਘ ਭਾਗੀਕੇ, ਗੁਰਦਿੱਤ ਸਿੰਘ ਦੀਨਾ, ਗੁਰਚਰਨ ਸਿੰਘ ਰਾਮਾ, ਪਰਮਜੀਤ ਸਿੰਘ ਮਾਛੀਕੇ, ਮਹਿੰਦਰ ਸਿੰਘ ਧੂੜਕੋਟ, ਜਗਸੀਰ ਸਿੰਘ, ਕੇਵਲ ਸਿੰਘ, ਨਿਰਮਲ ਸਿੰਘ, ਕਰਨਵੀਰ ਸਿੰਘ, ਸੁਖਚੈਨ ਸਿੰਘ, ਜੀਵਨ ਸਿੰਘ, ਅਮਨਦੀਪ ਸਿੰਘ ਮਾਛੀਕੇ ਆਦਿ ਆਗੂ ਹਾਜ਼ਰ ਹੋਏ।

# ਆਈ ਟੀ ਆਈਜ਼ ਦੇ ਕੱਚੇ ਇੰਸਟਰਕਟਰਾਂ ਦਾ ਚੰਡੀਗੜ੍ਹ ਵਿਖੇ ਪੱਕਾ ਧਰਨਾ ਜਾਰੀ

**■ ਮੁੱਖ ਮੰਤਰੀ ਦੇ ਹਲਕਾ ਧੂਰੀ 'ਚ 5 ਨੂੰ ਸੂਬਾ ਪੱਧਰੀ ਰੈਲੀ ਕਰਨ ਦਾ ਐਲਾਨ**



ਜਲਾਲਾਬਾਦ (ਜੀਤ ਕੁਮਾਰ)-ਇਥੇ ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਆਗੂ ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਗੁਰਪਾਲ ਸਿੰਘ, ਗੁਰਲਾਭ ਸਿੰਘ, ਮਨਜੀਤ ਕੁਮਾਰ, ਦੇਸ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਵਾਅਦੇ ਅਨੁਸਾਰ ਪੂਰਾ ਨਹੀਂ ਕੀਤਾ, ਜਿਸਦੇ ਰੋਸ ਵਜੋਂ ਸੰਸਥਾਵਾਂ ਦਾ ਕੰਮ (ਟ੍ਰੇਨਿੰਗ ਦਾ ਕੰਮ, ਸਾਰੇ ਪੋਰਟਲਾਂ ਦਾ ਕੰਮ, ਵੈਰੀਫਿਕੇਸ਼ਨਾਂ ਦਾ ਕੰਮ, ਦਫਤਰੀ ਕੰਮ, ਈ ਐੱਮ ਸੀ ਐਪ ਦਾ ਕੰਮ) ਬਿਲਕੁੱਲ ਬੰਦ ਕਰਕੇ ਮੁੱਖ ਦਫ਼ਤਰ ਤਕਨੀਕੀ ਸਿੱਖਿਆ ਵਿਭਾਗ ਚੰਡੀਗੜ੍ਹ ਵਿਖੇ 22 ਦਸੰਬਰ 2025 ਤੋਂ ਪੱਕਾ ਧਰਨਾ ਸ਼ੁਰੂ ਕੀਤਾ ਹੋਇਆ ਹੈ, ਜੋ ਲਗਾਤਾਰ ਜਾਰੀ ਹੈ, ਪ੍ਰੰਤੂ ਅੱਜ ਤੱਕ ਕਿਸੇ ਵੀ ਅਧਿਕਾਰੀ ਨੇ ਗੱਲਬਾਤ ਕਰਨ ਦੀ ਕੋਸ਼ਿਸ਼ ਤੱਕ ਨਹੀਂ ਕੀਤੀ, ਜਿਸ ਦੇ ਰੋਸ ਵਜੋਂ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਹੁਣ ਉਹ 5 ਜਨਵਰੀ 2026 ਨੂੰ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਧੂਰੀ ਵਿੱਚ ਰੋਸ ਰੈਲੀ ਕਰਨਗੇ। ਆਗੂਆਂ ਨੇ ਦੱਸਿਆ ਕਿ ਉਹ ਲੰਬੇ ਸਮੇਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਜ਼ ਵਿੱਚ ਗਰੁੱਪ ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਉੱਪਰ ਆਪਣਾ ਸ਼ੋਸ਼ਣ ਕਰਵਾ ਰਹੇ ਹਨ। ਸਾਡੀ ਭਰਤੀ ਵਿਭਾਗ ਵੱਲੋਂ ਸਮੇਂ ਸਮੇਂ ਉੱਪਰ ਜਾਰੀ ਹਦਾਇਤਾਂ ਰਾਹੀਂ ਪਾਰਦਰਸ਼ੀ ਤਰੀਕੇ ਨਾਲ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ, ਰੋਜ਼ਗਾਰ ਦਫ਼ਤਰਾਂ ਰਾਹੀਂ ਕੀਤੀ ਗਈ ਹੈ। ਅਸੀਂ ਡੀ ਜੀ ਟੀ ਭਾਰਤ ਸਰਕਾਰ ਵੱਲੋਂ ਮੰਗੀਆਂ ਜਾਂਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ, ਪ੍ਰੰਤੂ ਫਿਰ ਵੀ ਸਾਡੇ ਨਾਲ ਪੰਜਾਬ ਸਰਕਾਰ ਸ਼ਰੇਆਮ ਧੱਕਾ ਕਰ ਰਹੀ ਹੈ। ਅਸੀਂ ਇਸ ਸਰਕਾਰ ਵਿੱਚ ਪਿਛਲੇ ਸਾਢੇ 3 ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲੇ, ਪਰ ਪੰਜਾਬ ਸਰਕਾਰ ਨੇ ਸਾਡੀਆਂ ਮੰਗਾਂ ਦਾ ਹੱਲ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਉਹ ਆਮ ਲੋਕਾਂ ਦੇ ਮੁੱਖ ਮੰਤਰੀ ਕਹਾਉਣ ਵਾਲੇ ਭਗਵੰਤ ਮਾਨ ਦੀ ਸਰਕਾਰੀ ਕੋਠੀ ਦੇ 50-60 ਗੇੜੇ ਲਗਾ ਚੁੱਕੇ ਹਨ, ਪ੍ਰੰਤੂ ਉਨ੍ਹਾਂ ਵੱਲੋਂ ਅੱਜ ਤੱਕ ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ। ਸੋ ਜੇਕਰ ਹੁਣ ਵੀ ਸਰਕਾਰ ਨੇ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਸਰਕਾਰੀ ਆਈ ਟੀ ਆਈਜ਼ ਵਿੱਚ ਇਸ ਸਮੇਂ ਠੇਕੇ ਉੱਪਰ ਕੰਮ ਕਰ ਰਹੇ ਸਾਰੇ 700 ਕਰਾਫਟ ਇੰਸਟਰਕਟਰਜ਼ ਨੂੰ ਬੇਸਿਕ ਤਨਖ਼ਾਹ 35400 ਉੱਪਰ ਵਿਭਾਗ ਅਧੀਨ ਖਾਲੀ ਪਈਆਂ ਅਸਾਮੀਆਂ ਵਿਰੁੱਧ ਰੈਗੂਲਰ ਜਾਂ ਠੇਕੇ ਉੱਪਰ ਮਰਜ਼ ਕਰਕੇ ਕੀਤਾ ਜਾਵੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਕੋਲ ਤਨਖ਼ਾਹ ਤੇ ਛੁੱਟੀਆਂ ਸਬੰਧੀ ਪੈਂਡਿੰਗ ਪਈ ਈ-ਫਾਈਲ ਤੁਰੰਤ ਅਪਰੂਵ ਕਰਕੇ ਅਗਸਤ 2024 ਤੋਂ ਬਣਦਾ ਏਰੀਅਰ ਦਿੱਤਾ ਜਾਵੇ। ਨੌਕਰੀ ਤੋਂ ਕੱਢੇ ਗਏ ਮੁਲਾਜ਼ਮ ਤੁਰੰਤ ਜੁਆਇੰਨ ਕਰਵਾਏ ਜਾਣ। 700 ਕਰਾਫਟ ਇੰਸਟਰਕਟਰਜ਼ ਨੂੰ ਪੱਕਾ ਕਰਨ ਤੱਕ ਸੰਸਥਾਵਾਂ ਵਿੱਚ ਚੱਲ ਰਹੀ ਗੈਸਟ ਫੈਕਲਟੀ ਦੀ ਭਰਤੀ ਤੁਰੰਤ ਬੰਦ ਕੀਤੀ ਜਾਵੇ। ਸਰਵਿਸ ਬੁੱਕ ਲਾਗੂ ਕੀਤੀ ਜਾਵੇ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 40 ਅੰਗਹੀਣ ਵਿਅਕਤੀਆਂ ਨੂੰ ਵਿੱਤੀ ਸਹਾਇਤਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 40 ਅੰਗਹੀਣ ਵਿਅਕਤੀਆਂ ਨੂੰ ਤੇਤੀ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਕੰਮ ਕਰਨ ਤੋਂ ਅਸਮਰਥ ਅੰਗਹੀਣਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣ ਕੇ ਸਾਡੇ ਨਾਲ ਖੜਦੇ ਹਨ ਅਤੇ ਸਮੇਂ ਸਮੇਂ 'ਤੇ ਲੋੜ ਅਨੁਸਾਰ ਸਾਨੂੰ ਦਵਾਈਆਂ ਤੇ ਲੋੜੀਂਦੀਆਂ ਵਸਤਾਂ ਭੇਜਦੇ ਰਹਿੰਦੇ ਹਨ।

ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾ. ਏ ਐੱਸ ਆਈ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਸੋਮ ਨਾਥ, ਰਣਧੀਰ ਸਿੰਘ ਸਾਗੂ ਮੀਡੀਆ ਇੰਚਾਰਜ, ਗੁਰਜੀਤ ਸਿੰਘ ਜੀਤਾ, ਜਤਿੰਦਰ ਸਿੰਘ ਕੈਂਥ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਕਾਲਾ ਖੱਪਿਆਂਵਾਲ਼ੀ ਆਦਿ ਹਾਜ਼ਰ ਸਨ।

# ਸਮਰਾਲਾ ਨਗਰ ਕੌਂਸਲ ਦੀ ਨਵੀਂ ਵਾਰਡਬੰਦੀ 'ਤੇ ਕਾਂਗਰਸ ਨੇ ਚੁੱਕੇ ਸਵਾਲ



ਸਮਰਾਲਾ (ਸੁਰਜੀਤ ਸਿੰਘ)
ਪੰਚਾਇਤ ਸੰਮਤੀ ਤੇ ਬਲਾਕ ਸੰਮਤੀ ਚੋਣਾਂ ਉਪਰੰਤ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਈਆਂ ਹਨ।ਸਰਕਾਰ ਵੱਲੋਂ ਸਮਰਾਲਾ ਨਗਰ ਕੌਂਸਲ ਦੀਆਂ ਚੋਣਾਂ ਦੀ ਤਿਆਰੀ ਵਿੱਚ ਕੀਤੀ ਗਈ ਨਵੀਂ ਵਾਰਡਬੰਦੀ ਨੂੰ ਲੈ ਕੇ ਕਾਂਗਰਸ ਪਾਰਟੀ ਵੱਲੋਂ ਗੰਭੀਰ ਸ਼ੰਕੇ ਪ੍ਰਗਟ ਕੀਤੇ ਗਏ ਹਨ।

ਯੂਥ ਕਾਂਗਰਸ ਪ੍ਰਧਾਨ (ਸ਼ਹਿਰੀ) ਸਮਰਾਲਾ ਦੇ ਪ੍ਰਧਾਨ ਵਿਸ਼ਾਲ ਭਾਰਤੀ ਨੇ ਇਥੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਨਵੀਂ ਵਾਰਡਬੰਦੀ ਦਾ ਨੋਟੀਫਿਕੇਸ਼ਨ ਲੋਕਾਂ ਤੇ ਉਮੀਦਵਾਰਾਂ ਲਈ ਭੁਲੇਖਾ ਪਾਊ ਹੈ, ਜਿਸ ਵਿੱਚ ਕੁਝ ਵੀ ਸਪੱਸ਼ਟ ਨਹੀਂ ਹੈ।ਉਨ੍ਹਾਂ ਕਿਹਾ ਕਿ ਸੱਤਾਧਾਰੀ ਧਿਰ ਨੂੰ ਆਪਣੀ ਹਾਰ ਸਾਫ ਨਜ਼ਰ ਆ ਰਹੀ ਹੈ, ਜਿਸ ਕਾਰਨ ਉਨ੍ਹਾਂ ਸਮਰਾਲਾ ਦੀ ਜਨਤਾ ਨਾਲ ਇਹ ਧ੍ਰੋਹ ਕੀਤਾ ਹੈ।ਉਨ੍ਹਾਂ ਕਿਹਾ ਕਿ ਜਾਰੀ ਨੋਟੀਫਿਕੇਸ਼ਨ ਵਿੱਚ ਸਿਰਫ ਗਲੀਆਂ ਹੀ ਦੱਸੀਆਂ ਗਈਆਂ ਹਨ, ਪਰ ਗਲੀਆਂ ਦਾ ਵੇਰਵਾ ਨਹੀਂ ਪਾਇਆ ਗਿਆ, ਜਿਸ ਨਾਲ ਭਰਮ ਭੁਲੇਖੇ ਤੇ ਸਰਕਾਰ ਦੀ ਬੇਈਮਾਨੀ ਸਾਫ ਨਜ਼ਰ ਆ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਕਾਂਗਰਸ ਦੀਆਂ ਵੋਟਾਂ ਨੂੰ ਖੇਰੂੰ-ਖੇਰੂੰ ਕਰਨ ਦੀ ਗੁੱਝੀ ਸਾਜ਼ਿਸ਼ ਹੈ।ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਨੂੰ ਆਪਣੀ ਹਾਰ ਕੰਧਾਂ 'ਤੇ ਲਿਖੀ ਨਜ਼ਰ ਆ ਰਹੀ ਹੈ, ਜਿਸ ਕਾਰਨ ਉਹ ਘਟੀਆ ਹੱਥਕੰਡਿਆਂ 'ਤੇ ਉੱਤਰ ਆਈ ਹੈ।

ਉਨ੍ਹਾਂ ਕਿਹਾ ਕਿ 18 ਦਸੰਬਰ ਨੂੰ ਜਾਰੀ ਪੱਤਰ ਵਿੱਚ ਇਤਰਾਜ਼ ਲਈ 7 ਦਿਨ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ, ਜਦਕਿ ਲੋਕਾਂ ਨੂੰ ਮਿੱਥਿਆ ਸਮਾਂ ਲੰਘ ਜਾਣ ਉਪਰੰਤ ਹੀ ਇਸ ਪੱਤਰ ਬਾਰੇ ਜਾਣਕਾਰੀ ਮਿਲੀ ਹੈ।ਵਿਸ਼ਾਲ ਭਾਰਤੀ ਨੇ ਕਿਹਾ ਕਿ ਨਗਰ ਕੌਂਸਲ ਦੇ ਦਫਤਰ ਵਿੱਚ ਨਾ ਤਾਂ ਕੋਈ ਨੋਟਿਸ ਬੋਰਡ ਹੀ ਹੈ ਅਤੇ ਨਾ ਹੀ ਕੋਈ ਇਤਰਾਜ਼ ਕਾਊਂਟਰ ਹੀ ਸਥਾਪਤ ਕੀਤਾ ਗਿਆ ਹੈ।ਉਨ੍ਹਾਂ ਐੱਸਡੀਐੱਮ ਤੇ ਕਾਰਜ ਸਾਧਕ ਅਫਸਰ ਸਮਰਾਲਾ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀਆਂ ਸ਼ੰਕਾਵਾਂ ਦਾ ਤੁਰੰਤ ਸਮਾਧਾਨ ਕੀਤਾ ਜਾਵੇ।ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਵਿੱਚ ਧੱਕੇਸ਼ਾਹੀ ਕੀਤੀ ਹੈ, ਪਰ ਹੁਣ ਕਿਸੇ ਕੀਮਤ 'ਤੇ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਉਹ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਗੇ।ਇਸ ਮੌਕੇ ਮੰਡਲ ਪ੍ਰਧਾਨ ਤਰਸੇਮ ਕੁਮਾਰ ਸ਼ਰਮਾ, ਸਾਬਕਾ ਨਗਰ ਕੌਂਸਲ ਪ੍ਰਧਾਨ ਮਿੱਤਰਪਾਲ ਸਿੰਘ ਲਵਲੀ, ਮਨਦੀਪ ਕੁਮਾਰ ਖੁੱਲਰ, ਰਵੀ ਕਲਿਆਣ, ਗਗਨ ਕੁਮਾਰ, ਨਰਿੰਦਰ ਸਿੰਘ, ਸੁਖਰਾਜ ਤੂਰ, ਪਵਨਦੀਪ ਸਿੰਘ ਤੇ ਅਜੇ ਖੁੱਲਰ ਆਦਿ ਹਾਜ਼ਰ ਸਨ।

# ਜੇ ਪੀ ਐੱਮ ਓ ਦੀ ਅੱਜ ਦੀ ਕਨਵੈਨਸ਼ਨ 'ਚ ਮੁਲਾਜ਼ਮ ਕਰਨਗੇ ਭਾਰੀ ਸ਼ਮੂਲੀਅਤ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਅਤੇ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ



ਕਿਹਾ ਹੈ ਕਿ ਜਨਤਕ ਜੱਥੇਬੰਦੀਆਂ ਦੇ ਸਾਂਝੇ ਮੋਰਚੇ (ਜੇ.ਪੀ.ਐਮ.ਓ.) ਵਲੋਂ ਜਲੰਧਰ ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ 28 ਦਸੰਬਰ ਨੂੰ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਵਿੱਚ ਮੁਲਾਜ਼ਮ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਜੱਥੇਬੰਦੀ ਦੇ ਆਗੂਆਂ ਕਰਮਜੀਤ ਬੀਹਲਾ, ਸੁਖਵਿੰਦਰ ਚਾਹਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਦੇਸ਼ ਭਰ ਦੇ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਹੋਰ ਮਿਹਨਤਕਸ਼ ਵਰਗ ਵਿਰੋਧੀ ਨੀਤੀਆਂ ਨੂੰ ਬੜੀ ਤੇਜ਼ੀ ਨਾਲ ਲਾਗੂ ਕਰਕੇ ਕਾਰਪੋਰੇਟਾਂ ਨੂੰ ਬੇਲੋੜੀਆਂ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦੇ ਵਿਰੁੱਧ ਦੇਸ਼ ਭਰ ਅੰਦਰ ਸੰਘਰਸ਼ ਹੋ ਰਹੇ ਹਨ ਅਤੇ ਪੰਜਾਬ ਅੰਦਰ ਵੀ ਜੇ.ਪੀ.ਐਮ.ਓ. ਵਲੋਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕਰਨ ਲਈ ਇਹ ਕਨਵੈਨਸ਼ਨ ਕੀਤੀ ਜਾ ਰਹੀ ਹੈ । ਪ.ਸ.ਸ.ਫ. ਦੇ ਵੱਖ-ਵੱਖ ਜ਼ਿਲਿਆਂ ਦੇ ਪ੍ਰਧਾਨ ਗੁਰਦੀਪ ਸਿੰਘ ਬਾਜਵਾ ਅੰਮ੍ਰਿਤਸਰ, ਅਨਿਲ ਕੁਮਾਰ ਗੁਰਦਾਸਪੁਰ, ਰਵੀ ਦੱਤ ਸ਼ਰਮਾ ਪਠਾਨਕੋਟ, ਬਲਜਿੰਦਰ ਸਿੰਘ ਤਰਨਤਾਰਨ, ਪੁਸ਼ਪਿੰਦਰ ਪਿੰਕੀ ਜਲੰਧਰ, ਮੱਖਣ ਸਿੰਘ ਵਾਹਿਦਪੁਰੀ ਹੁਸ਼ਿਆਰਪੁਰ, ਸੁਰਿੰਦਰਪਾਲ ਨਵਾਂਸ਼ਹਿਰ, ਕਰਮਾਪੁਰੀ ਮੁਹਾਲੀ, ਜਸਵਿੰਦਰਪਾਲ ਕਾਂਗੜ ਰੋਪੜ, ਰਜਿੰਦਰ ਸਿੰਘ ਰਿਆੜ ਮੋਗਾ, ਲਖਵਿੰਦਰ ਸਿੰਘ ਖਾਨਪੁਰ ਪਟਿਆਲਾ, ਜਗਤਾਰ ਸਿੰਘ ਫਤਿਹਗੜ੍ਹ ਸਾਹਿਬ, ਸੁਖਦੇਵ ਸਿੰਘ ਚੰਗਾਲੀਵਾਲਾ ਸੰਗਰੂਰ, ਦਰਸ਼ਣ ਚੀਮਾ ਬਰਨਾਲਾ, ਜੱਗਾ ਸਿੰਘ ਅਲੀਸ਼ੇਰ ਮਾਨਸਾ, ਮੱਖਣ ਸਿੰਘ ਖਗਨਵਾਲ ਬਠਿੰਡਾ, ਗੁਰਦੇਵ ਸਿੰਘ ਸਿੱਧੂ ਫਿਰੋਜ਼ਪੁਰ, ਪੂਰਨ ਸਿੰਘ ਸੰਧੂ ਫਾਜ਼ਿਲਕਾ, ਮੁਕੇਸ਼ ਕੁਮਾਰ ਮੁਕਤਸਰ ਸਾਹਿਬ, ਗੁਰਤੇਜ ਸਿੰਘ ਖਹਿਰਾ ਫਰੀਦਕੋਟ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਕੀਤੀ ਜਾ ਰਹੀ ਸੂਬਾ ਪੱਧਰੀ ਕਨਵੈਨਸ਼ਨ ਵਿੱਚ ਪੰਜਾਬ ਦੇ ਸਾਰੇ ਹੀ ਜ਼ਿਲਿਆਂ ਵਿੱਚੋਂ ਮੁਲਾਜ਼ਮ ਵੱਡੀ ਗਣਤੀ ਵਿੱਚ ਪਹੁੰਚ ਰਹੇ ਹਨ ਅਤੇ ਜ਼ਿਲਿਆਂ ਅੰਦਰ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

# ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਮਿਲ ਰਿਹੈ ਭਰਪੂਰ ਹੁੰਗਾਰਾ : ਨੀਰਜ ਗੋਇਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ



ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰਨਾਂ ਅਲਾਮਤਾਂ ਤੋਂ ਦੂਰ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਵੱਖ-ਵੱਖ ਪਿੰਡਾਂ, ਜਿਵੇਂ ਕਿ ਗ੍ਰਾਮ ਪੰਚਾਇਤ ਗੋਬਿੰਦਪੁਰ ਖੁਨ-ਖੁਨ, ਗ੍ਰਾਮ ਪੰਚਾਇਤ ਹਾਜੀ ਖ਼ਾਨਪੁਰ, ਗ੍ਰਾਮ ਪੰਚਾਇਤ ਝੰਡੀ, ਗ੍ਰਾਮ ਪੰਚਾਇਤ ਪਿੱਪਲਾਂਵਾਲਾ, ਗ੍ਰਾਮ ਪੰਚਾਇਤ ਭਵਾਨੀਪੁਰ, ਗ੍ਰਾਮ ਪੰਚਾਇਤ ਚੱਬੇਵਾ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਆਹ ਮੁਕਤ ਭਾਰਤ' ਮੁਹਿੰਮ ਸੰਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋਂ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲੱਗਦੀਆਂ ਹਨ। ਇਸ ਤੋਂ ਇਲਾਵਾ ਐਚ.ਆਈ.ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਪ੍ਰਚਾਰ ਸਮੱਗਰੀ ਵੰਡੀ ਗਈ।

# ਗੁਰਦੁਆਰਾ ਹਲਟੀ ਸਾਹਿਬ ਖੁਰਮਪੁਰ ਤੋਂ ਨਗਰ ਕੀਰਤਨ ਸਜਾਏ

**ਮਹਿਤਪੁਰ (ਰਾਜਾ)**- ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਹਲਟੀ ਸਾਹਿਬ ਤੋਂ ਸਮੂਹ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਸ਼ਾਹਪੁਰ-ਖੁਰਮਪੁਰ (ਮਹਿਤਪੁਰ), ਐਨ.ਆਰ.ਆਈ ਵੀਰਾਂ ਅਤੇ ਇਲਾਕਾ ਨਿਵਾਸੀ



ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਨਗਰ ਕੀਰਤਨ ਫੁੱਲਾਂ ਨਾਲ ਸੱਜੀ ਪਾਲਕੀ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪ੍ਰਕਾਸ਼ ਕਰਨ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ 'ਚ ਜੈਕਾਰਿਆਂ ਦੀ ਗੂੰਜ ਨਾਲ ਸ਼ੁਰੂ ਕੀਤਾ ਗਿਆ, ਜੋ ਦਸ਼ਮੇਸ਼ ਕਲੋਨੀ, ਮਾਡਲ ਟਾਊਨ, ਕਵਾਟਰਾਂ ਸ਼ਾਹਪੁਰ, ਖੁਰਮਪੁਰ ਆਦਿ ਵੱਖ ਵੱਖ ਥਾਵਾਂ ਤੇ ਪੜਾਅ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਕੀਤਾ ਗਿਆ। ਨਗਰ ਕੀਰਤਨ ਦੌਰਾਨ ਬੈਂਡ ਵਜਾਉਣ ਦੀ ਸੇਵਾ ਗੋਬਿੰਦ ਸਰਵਰ ਸਕੂਲ ਬੁਲੰਦਪੁਰੀ ਸਾਹਿਬ ਦੇ ਬੱਚਿਆ ਵਲੋਂ ਕੀਤੀ ਗਈ। ਵੱਖ-ਵੱਖ ਪੜਾਵਾਂ ਤੇ ਇੰਟਰਨੈਸ਼ਨਲ ਪੰਥਕ ਬੀਬੀਆਂ ਦਾ ਢਾਡੀ ਜਥਾ ਬੀਬੀ ਜਸਵੀਰ ਕੌਰ ਜੱਸ, ਢਾਡੀ ਹਰਦੀਪ ਸਿੰਘ ਦੀਪ ਸਿੱਧਵਾਂ ਸਟੇਸ਼ਨ, ਢਾਡੀ ਰਛਪਾਲ ਕੌਰ ਸ਼ਹੀਰ, ਏਕਮ ਪਬਲਿਕ ਸਕੂਲ ਦੇ ਬੱਚਿਆਂ ਵਲੋਂ ਕੀਰਤਨ ਅਤੇ ਹੋਰ ਬੱਚਿਆਂ ਵੱਲੋਂ ਕਵਿਤਾਵਾਂ ਗਾਈਆਂ ਗਈਆਂ। ਥਾਂ-ਥਾਂ ਗੁਰੂ ਕੇ ਲੰਗਰ ਲਗਾਏ ਗਏ। ਸ਼ਾਹਪੁਰ ਦੀਆਂ ਬੀਬੀਆਂ ਵਲੋਂ ਸ਼ਬਦ ਗਾਉਣ ਦੀ ਸੇਵਾ ਕੀਤੀ ਗਈ। ਪ੍ਰਬੰਧਕ ਕਮੇਟੀ ਵਲੋਂ ਸੇਵਾਦਾਰਾਂ ਤੇ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਟ੍ਰੈਫਿਕ ਅਤੇ ਸੁਰੱਖਿਆ ਦੇ ਪ੍ਰਬੰਧ ਪੁਲਸ ਵਲੋਂ ਸੁਚਾਰੂ ਢੰਗ ਨਾਲ ਚਲਾਏ ਗਏ। ਇਸ ਦੌਰਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਅਰਦਾਸ ਬੇਨਤੀ ਕੀਤੀ ਗਈ ਤੇ ਸ਼ਬਦ ਗਾਇਨ ਕੀਤੇ ਗਏ। ਸਟੇਜ ਸਕੱਤਰ ਦੀ ਭੂਮਿਕਾ ਸੁਖਵਿੰਦਰ ਸਿੰਘ ਵਲੋਂ ਨਿਭਾਈ ਗਈ। ਇਸ ਮੌਕੇ ਪ੍ਰਧਾਨ ਸਾਧੂ ਸਿੰਘ ਗੁਰਦੁਆਰਾ ਬੇਰ ਸਾਹਿਬ, ਸੁਖਵਿੰਦਰ ਸਿੰਘ ਫੌਜੀ ਸਾਬੂ, ਰਛਪਾਲ ਸਿੰਘ, ਨਰਿੰਦਰ ਸਿੰਘ ਬਾਜਵਾ, ਸਤਨਾਮ ਸਿੰਘ, ਸੋਨੂੰ, ਗੁਰਮੁੱਖ ਸਿੰਘ, ਬਿਕਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਗੁੰਬੀ ਅਮਰਪਾਲ ਸਿੰਘ, ਗੁੰਬੀ ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ ਜੋਸਨ, ਬਲਜੀਤ ਸਿੰਘ ਸਾਬੀ, ਹਰਪ੍ਰੀਤ ਸਿੰਘ ਜੱਸੀ ਦੇਵਗਨ, ਹਰਬੰਸ ਸਿੰਘ, ਸੰਜੀਵ ਪ੍ਰਿੰਸ, ਸੁਖਜੀਤ ਸਿੰਘ, ਜਗਦੀਪ ਸਿੰਘ, ਲਖਜੀਤ ਸਿੰਘ ਸ਼ੇਰੀ, ਮਹਿੰਦਰਪਾਲ ਸਿੰਘ, ਮਨੋਜ ਕੁਮਾਰ ਚੋਪੜਾ, ਅਸ਼ੋਕ ਚੌਹਾਨ, ਰਾਜਿੰਦਰ ਸਿੰਘ ਸੋਨੂੰ, ਰਣਜੀਤ ਸਿੰਘ, ਸੰਤੋਖ ਸਿੰਘ, ਨਿਰਮਲ ਸਿੰਘ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਸਿਹਤ ਯੋਜਨਾ ਦੀ ਰਜਿਸਟ੍ਰੇਸ਼ਨ 8 ਤੋਂ

**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਮਹੱਤਵਪੂਰਣ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਜਲੰਧਰ ਜ਼ਿਲ੍ਹੇ ਵਿੱਚ ਰਜਿਸਟ੍ਰੇਸ਼ਨ ਦੀ ਸ਼ੁਰੂਆਤ 8 ਜਨਵਰੀ 2026 ਤੋਂ ਹੋਣ ਜਾ ਰਹੀ ਹੈ, ਜਿਸ ਤਹਿਤ ਸਰਕਾਰੀ ਅਤੇ ਪ੍ਰਾਈਵੇਟ ਇੰਪੈਨਲਡ ਹਸਪਤਾਲਾਂ ਵਿੱਚ ਪ੍ਰਤੀ ਪਰਿਵਾਰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੇ ਨਗਦੀ ਰਹਿਤ ਇਲਾਜ ਦੀ ਸਹੂਲਤ ਮਿਲੇਗੀ।ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਸਿਵਲ ਸਰਜਨ ਡਾ. ਰਾਜੇਸ਼ ਗਰਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਾ. ਅਗਰਵਾਲ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਸੰਬੰਧੀ ਮੈਪਿੰਗ ਸਮੇਤ ਹੋਰ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ ਵਿਅਕਤੀ ਦਾ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ। ਕਾਰਡ ਆਪਣੇ ਪਿੰਡ ਜਾਂ ਸ਼ਹਿਰ ਦੇ ਕਿਸੇ ਵੀ ਨੇੜਲੇ ਕਾਮਨ ਸਰਵਿਸ ਸੈਂਟਰ (ਸੀ ਐੱਸ ਸੀ) ਵਿਖੇ ਬਣਾਏ ਜਾ ਸਕਦੇ ਹਨ ਅਤੇ ਸਕੀਮ ਅਧੀਨ ਰਜਿਸਟਰ ਕਰਨ ਲਈ ਨਿਵਾਸੀ ਕੋਲ ਰਿਹਾਇਸ਼ ਦੇ ਸਬੂਤ ਵਜੋਂ ਆਧਾਰ ਕਾਰਡ ਅਤੇ ਵੋਟਰ ਕਾਰਡ ਹੋਣਾ ਲਾਜ਼ਮੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਯੋਜਨਾ ਦਾ ਲਾਭ ਲੈਣ ਲਈ ਹਰੇਕ ਵਿਅਕਤੀ ਲਈ ਇਹ ਕਾਰਡ ਬਣਾਉਣਾ ਜ਼ਰੂਰੀ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਲਾਭਪਾਤਰੀ ਲਈ ਕਾਰਡ ਬਣਾਉਣ ਲਈ ਆਪਣਾ ਆਧਾਰ ਕਾਰਡ ਅਤੇ ਮਾਪਿਆਂ ਵਿੱਚੋਂ ਕਿਸੇ ਇੱਕ ਦਾ ਵੋਟਰ ਕਾਰਡ ਜਾਂ ਪੰਜਾਬ ਵਿੱਚ ਰਹਿਣ ਵਾਲੇ ਸਰਪ੍ਰਸਤ ਦਾ ਵੋਟਰ ਕਾਰਡ ਲੋੜੀਂਦਾ ਹੋਵੇਗਾ।

# ਪ੍ਰਕਾਸ਼ ਪੁਰਬ ਸੰਬੰਧੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਆਰੰਭ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਵੇਂ ਪਾਤਸ਼ਾਹ ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੀ ਅਰੰਭਤਾ ਕੀਤੀ ਗਈ। ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਅਰੰਭਤਾ ਦੀ ਅਰਦਾਸ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਲਗਭਗ 29 ਸਾਲ ਦੇ ਕਰੀਬ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਰਹੇ। ਜਿੱਥੇ ਉਹਨਾਂ ਦੀਆਂ ਸ਼ਾਦੀਆਂ ਹੋਈਆਂ ਅਤੇ ਸਾਹਿਬਜ਼ਾਦਿਆਂ ਦਾ ਜਨਮ ਹੋਇਆ। ਇਸ ਪਾਵਨ ਧਰਤੀ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਨ ਦੇ ਨਾਲ ਨਾਲ ਹੋਲੇ ਮੁਹੱਲੇ ਵਰਗੇ ਕੌਮੀ ਤਿਉਹਾਰ ਦੀ ਅਰੰਭਤਾ ਵੀ ਕੀਤੀ। ਉਹਨਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੋ ਦਿਨ ਗੁਰਮਤਿ ਸਮਾਗਮ ਚੱਲਣਗੇ । ਜਿਸ ਵਿੱਚ ਸੱਚਖੰਡ ਸ੍ਰੀ



ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਤੋਂ ਇਲਾਵਾ ਪੰਥ ਪ੍ਰਸਿੱਧ ਰਾਗੀ,ਢਾਡੀ,ਕਵੀਸ਼ਰ ਅਤੇ ਕਵੀ ਸੱਜਣ ਹਾਜ਼ਰੀ ਭਰਨਗੇ ।ਸੰਗਤਾਂ ਨੂੰ ਸ਼ਸਤਰਾ ਦੇ ਦਰਸ਼ਨ ਵੀ ਕਰਵਾਏ ਜਾਣਗੇ । ਭਾਈ ਚਾਵਲਾ ਨੇ ਦੱਸਿਆ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਿੱਖ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੀਆਂ ਵਧਾਈਆਂ ਦੇਣਗੇ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ ।ਇਸ ਮੌਕੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ,ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ, ਐਡਸ਼ੀਨਲ ਮੈਨੇਜਰ ਹਰਦੇਵ ਸਿੰਘ, ਮੀਤ ਮੈਨੇਜਰ ਜਸਵੀਰ ਸਿੰਘ ਸੁਰੇਵਾਲ, ਮੀਤ ਮੈਨੇਜਰ ਭੁਪਿੰਦਰ ਸਿੰਘ ਬੀਕਾਪੁਰ, ਇੰਚਾਰਜ ਸਰਬਜੀਤ ਸਿੰਘ, ਸੂਚਨਾ ਅਫ਼ਸਰ ਹਰਪ੍ਰੀਤ ਸਿੰਘ, ਕਥਾ ਵਾਚਕ ਸਤਵਿੰਦਰ ਸਿੰਘ,ਪੰਜ ਪਿਆਰੇ ਸਹਿਬਾਨ ਭਾਈ ਗੁਰਮੀਤ ਸਿੰਘ ਅਤੇ ਭਾਈ ਸਰਬਜੀਤ ਸਿੰਘ ਆਦਿ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਤ ਦੁੱਧ ਦੇ ਲੰਗਰ ਸ਼ੁਰੂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਬਡੇਸਰੋਂ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਅੱਡਾ ਬਡੇਸਰੋਂ ਵਿਖੇ ਤਿੰਨ ਦਿਨਾਂ ਲੰਗਰ ਅਤੇ ਦੁੱਧ ਦਾ ਲੰਗਰ ਸ਼ੁਰੂ ਹੋਇਆ ਜੋ ਕਿ ਲਗਾਤਾਰ ਤਿੰਨ ਦਿਨ ਚਲਾਇਆ ਜਾਵੇਗਾ। ਇਸ ਮੌਕੇ ਪਦਰਾਣਾ ਜੋਨ ਤੋਂ ਬਲਾਕ ਸੰਮਤੀ ਦੀ ਚੋਣ ਜਿੱਤੇ ਪ੍ਰਿੰਸੀਪਲ ਸੁਰਜੀਤ ਕੁਮਾਰ ਵੱਲੋਂ ਦੁੱਧ ਦੀ ਸੇਵਾ ਕਰਨ ਉਪਰੰਤ ਉੱਥੇ ਪਹੁੰਚੇ ਅਤੇ ਸਮੂਹ ਮੈਂਬਰਾਂ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਚਰਨਜੀਤ ਸਿੰਘ, ਪ੍ਰਿੰਸੀਪਲ ਸੁਰਜੀਤ ਕੁਮਾਰ, ਚੂਹੜ ਸਿੰਘ,ਵਿਵੇਕ ਕੰਡਾ, ਕਿਸ਼ਨ ਦੇਵ, ਹਰਭਜਨ ਰਾਮ, ਕੁਲਦੀਪ ਕੁਮਾਰ, ਧਰਮਪਾਲ,ਅਸ਼ੋਕ ਬਡੇਸਰੋਂ, ਸੰਦੀਪ ਲੈਬੋਰਟਰੀ ਸਤਨੌਰ,ਸੰਦੀਪ ਕੁਮਾਰ, ਮਾਨਵ ਆਦਿ ਸਮੂਹ ਸੇਵਾਦਾਰ ਹਾਜ਼ਰ ਸਨ।

## ਖਾਲਸਾ ਫਾਰਮ ਤੇ ਸੂਰੀ ਹਸਪਤਾਲ ਵਲੋਂ ਸ਼ਹਾਦਤ ਨੂੰ ਸਮਰਪਤ ਲੰਗਰ ਤੇ ਮੈਡੀਕਲ ਕੈਂਪ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਵਿੱਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ, ਬਲਾਚੌਰ-ਚੰਡੀਗੜ੍ਹ ਨੈਸ਼ਨਲ ਹਾਈਵੇ 'ਤੇ ਸਥਿਤ ਖਾਲਸਾ ਫਾਰਮ ਵਿਖੇ ਵਿਸ਼ਾਲ ਲੰਗਰ ਅਤੇ ਮੈਡੀਕਲ ਸੇਵਾਵਾਂ ਦਾ ਆਯੋਜਨ ਕੀਤਾ ਗਿਆ। ਇਹ ਸੇਵਾ ਕਾਰਜ ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲਿਆਂ ਅਤੇ ਸੂਰੀ ਹਸਪਤਾਲ ਬਲਾਚੌਰ ਦੇ ਸਾਂਝੇ ਸਹਿਯੋਗ ਨਾਲ ਨੇਪਰੇ ਚੜ੍ਹਿਆ।ਸਮਾਗਮ ਦੀ ਸ਼ੁਰੂਆਤ ਇਲਾਹੀ ਅਰਦਾਸ ਨਾਲ ਹੋਈ, ਜਿਸ ਉਪਰੰਤ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਜਾ ਰਹੀਆਂ ਸੰਗਤਾਂ ਅਤੇ ਆਮ ਰਾਹਗੀਰਾਂ ਲਈ ਚਾਹ-ਪਕੌੜਿਆਂ ਦਾ ਅਟੁੱਟ ਲੰਗਰ ਵਰਤਾਇਆ ਗਿਆ।



ਇਸ ਮੌਕੇ ਬਲਾਚੌਰ-ਰੋਪੜ ਰੋਡ 'ਤੇ ਸਥਿਤ ਸੂਰੀ ਹਸਪਤਾਲ ਵੱਲੋਂ ਵਿਸ਼ੇਸ਼ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਸੰਗਤਾਂ ਦੀ ਜਾਂਚ ਕੀਤੀ ਗਈ ਅਤੇ ਜ਼ਰੂਰੀ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ, ਤਾਂ ਜੋ ਸ਼ਹੀਦੀ ਸਭਾ ਨੂੰ ਜਾਣ ਵਾਲੇ ਸ਼ਰਧਾਲੂਆਂ ਨੂੰ ਰਸਤੇ ਵਿੱਚ ਕੋਈ ਸਿਹਤ ਸਬੰਧੀ ਦਿੱਕਤ ਨਾ ਆਵੇ। ਇਸ ਸੇਵਾ ਸਮਾਗਮ ਵਿੱਚ ਡਾਕਟਰ ਭੁਪਿੰਦਰ ਸਿੰਘ ਸੂਰੀ, ਡਾਕਟਰ ਅਮਨਦੀਪ ਕੌਰ ਸੂਰੀ, ਗੁਰਸਹਿਰ ਕੌਰ, ਹਰਦੀਪ ਸਿੰਘ, ਤਰਨਜੋਤ ਸਿੰਘ, ਮਨਜੋਤ ਕੌਰ, ਪਰਮਜੀਤ ਸਿੰਘ, ਐਡਵੋਕੇਟ ਅੰਮ੍ਰਿਤ ਪਾਲ, ਅਮਨਦੀਪ ਕੌਰ ਅਤੇ ਸਮੂਹ ਸੇਵਾਦਾਰਾਂ ਨੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ।

# ਬਲਾਕ ਸੰਮਤੀ ਮੈਂਬਰ ਨੇ ਵੋਟਰਾਂ ਦਾ ਧੰਨਵਾਦ ਕੀਤਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪਦਰਾਣਾ ਜੋਨ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਪ੍ਰਿੰਸੀਪਲ ਸੁਰਜੀਤ ਕੁਮਾਰ ਦੇ ਘਰ ਲੋਕਾਂ ਦਾ ਧੰਨਵਾਦ ਕਰਨ ਲਈ ਪ੍ਰੋਗਰਾਮ ਰੱਖਿਆ ਗਿਆ। ਇਸ ਮੌਕੇ ਬਲਦੇਵ ਰਾਜ ਖੇਪੜ ( ਪ੍ਰਧਾਨ ਬਲਾਕ ਕਾਂਗਰਸ ਕਮੇਟੀ ਗੜ੍ਹਸ਼ੰਕਰ) ਅਮਰਪ੍ਰੀਤ ਸਿੰਘ ਲਾਲੀ ਹਲਕਾ ਇੰਚਾਰਜ ਕਾਂਗਰਸ ਪਾਰਟੀ ਗੜ੍ਹਸ਼ੰਕਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਹਨਾਂ ਪ੍ਰਿੰਸੀਪਲ ਸੁਰਜੀਤ



ਕੁਮਾਰ ਨੂੰ ਜਿੱਤਾਉਣ ਲਈ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਬੀਤ ਇਲਾਕੇ ਤੋਂ ਗੜ੍ਹਸ਼ੰਕਰ ਵਿੱਚ ਪੰਜ ਜੋਨਾ ਵਿਚੋਂ ਚਾਰ ਸੀਟਾਂ ਹਾਸਲ ਕੀਤੀਆਂ ਅਤੇ ਕਾਂਗਰਸੀ ਉਮੀਦਵਾਰਾਂ ਨੇ ਵੱਡੀ ਲੀਡ ਨਾਲ ਜਿੱਤ ਹਾਸਿਲ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ 2027 ਦੀਆਂ ਚੋਣਾਂ ਵਿੱਚ ਲੋਕ ਕਾਂਗਰਸ ਦੀ ਸਰਕਾਰ ਬਣਾਉਣਗੇ। ਇਸ ਮੌਕੇ ਪ੍ਰਿੰਸੀਪਲ ਸ਼੍ਰੀ ਸੁਰਜੀਤ ਕੁਮਾਰ,ਜਸਕਰਨ ਸਿੰਘ ਜੈਲਦਾਰ, ਗੁਰਦੀਪ ਸਿੰਘ, ਚਰਨਜੀਤ ਥਿੰਦ, ਜਸਵਿੰਦਰ ਕੁਮਾਰ ਬਿੰਦਾ,ਸ, ਗਿਆਨ ਸਿੰਘ, ਰਾਮ ਪਾਲ, ਵਿਵੇਕ ਕੰਡਾ, ਸ. ਕਾਬਲ ਸਿੰਘ ਬਡੇਸਰੋਂ, ਕਮਲਜੀਤ ਸਿੰਘ, ਅਮਰਜੀਤ ਸਿੰਘ ਪਟਵਾਰੀ, ਗੁਰਪਾਲ ਸਿੰਘ ਆਦਿ ਸਮੂਹ ਪਿੰਡ ਵਾਸੀ ਹਾਜ਼ਰ ਸਨ।



# ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਯਾਤਰਾ ਹੋਈ ਰਵਾਨਾ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਜੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਦੀ ਕਿਰਪਾ ਸਦਕਾ ਨਾਲ ਤੇ ਸ਼੍ਰੀ ਸ਼੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਗੱਦੀਨਸ਼ੀਨ ਪ੍ਰਾਚੀਨ ਮੰਦਿਰ ਲੋਹੀਆਂ ਖਾਸ ਦੇ ਆਸ਼ੀਰਵਾਦ ਤੇ ਪ੍ਰੇਰਨਾ ਦੇ ਨਾਲ ਮਹਾਂਦੇਵ ਸੇਵਾ ਦਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਵੈਸ਼ਨੋ ਦੇਵੀ ਦੀ ਯਾਤਰਾ ਪੂਜਾ ਅਰਚਨਾ ਕਰਨ ਤੋਂ ਬਾਅਦ ਬਹੁਤ ਹੀ ਸ਼ਰਧਾ, ਉਤਸ਼ਾਹ ਤੇ ਭਾਵਨਾ ਨਾਲ ਲੋਹੀਆਂ ਖਾਸ ਤੋਂ ਰਵਾਨਾ ਹੋਈ। ਇਸ ਮੌਕੇ ਯਾਤਰਾ ਨੂੰ ਰਵਾਨਾ ਕਰਨ ਵਾਲਿਆਂ 'ਚ ਵਿਸ਼ੇਸ਼ ਤੌਰ 'ਤੇ ਮਹੰਤ ਸ੍ਰੀ ਜੈ ਰਾਮ ਜੀ ਮਹਾਰਾਜ, ਪੰਡਿਤ ਵਿਸ਼ਨੂੰ, ਮਹੰਤ ਕਮਲੇਸ਼ ਸਮੇਤ ਹੋਰ ਧਾਰਮਿਕ ਸਖਸ਼ੀਅਤਾਂ ਹਾਜ਼ਰ ਸਨ। ਯਾਤਰਾ 'ਚ 110 ਯਾਤਰੀ ਸ਼ਾਮਲ ਹਨ। ਇਸ ਮੌਕੇ ਪੰਡਿਤ ਧਰਮਰਾਜ, ਰਾਜਵੀਰ ਕੁਮਾਰ ਬੱਬੂ, ਸ਼ਾਲੂ ਸੱਦੀ, ਮੁਨੀਤ ਗਾਂਧੀ, ਰੁਪੇਸ਼ ਕੁਮਾਰ ਸੱਦੀ, ਬੌਬੀ ਕੰਡਾ, ਮਨੀਸ਼ ਕੁਮਾਰ ਮੰਗਾ, ਲਖਨ ਵਰਮਾ, ਵਿੱਕੀ, ਸੌਰਵ, ਵਿਸ਼ਾਲ ਗੁਪਤਾ, ਅਤੁੱਲ ਗੁਪਤਾ, ਪ੍ਰਦੀਪ ਕੁਮਾਰ ਟੀਟਾ, ਨਵਾਲ ਖੇੜਾ, ਵਿਨੈ, ਗੌਰਵ ਗੁਪਤਾ, ਸਾਹਿਲ ਸ਼ਰਮਾ, ਕੇਸ਼ਵ ਗੁਪਤਾ, ਬੈਨੀ, ਦਕਸ਼ ਅਰੋੜਾ, ਸ਼ਿਵ ਕੁਮਾਰੀ, ਗੀਟਾ ਸੱਦੀ, ਕ੍ਰਿਸ਼ ਸਮੇਤ ਹੋਰ ਯਾਤਰੀ ਹਾਜ਼ਰ ਸਨ।

# ਚੰਡੀਗੜ੍ਹ ਫੋਟੋਗ੍ਰਾਫਰਜ਼ ਐਸੋਸੀਏਸ਼ਨ ਨੇ ਸਾਹਿਬਜ਼ਾਦਿਆਂ ਦੀ ਯਾਦ 'ਚ ਲਗਾਇਆ ਲੰਗਰ



**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ)**- ਚੰਡੀਗੜ੍ਹ ਫੋਟੋਗ੍ਰਾਫਰਜ਼ ਐਸੋਸੀਏਸ਼ਨ ਵੱਲੋਂ ਮਾਤਾ ਗੁਜਰੀ ਜੀ, ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਯਾਦ ਵਿੱਚ ਸਜਾਏ ਜਾਣ ਵਾਲੇ ਸਫ਼ਰ-ਏ-ਸ਼ਹਾਦਤ ਸਮਾਗਮ ਮੌਕੇ ਨਤਮਸਤਕ ਹੋਣ ਲਈ ਆਉਣ ਵਾਲੀਆਂ ਸੰਗਤਾਂ ਲਈ ਲਾਂਡਰਾ-ਫਤਿਹਗੜ੍ਹ ਸਾਹਿਬ ਰੋਡ ਤੇ ਸਥਿਤ ਪਿੰਡ ਝੰਝੇੜੀ ਵਿਖੇ ਲੰਗਰ ਲਗਾਇਆ ਗਿਆ। ਇਸ ਮੌਕੇ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਚੇਅਰਮੈਨ ਜੇ.ਪੀ. ਗਰਚਾ, ਪ੍ਰਧਾਨ ਸਰੋਜ ਚੌਹਾਨ, ਜਨਰਲ ਸਕੱਤਰ ਸੁਨੀਲ ਭੱਟ, ਗੁਰਚਰਨ ਸਿੰਘ (ਬਿੱਲਾ) ਸਾਬਕਾ ਪ੍ਰਧਾਨ ਸੀ.ਪੀ.ਏ. ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਟੁੱਟ ਲੰਗਰ ਦੀ ਸੇਵਾ ਨਿਭਾਈ ਗਈ। ਸਵੇਰ ਵੇਲੇ ਅਰਦਾਸ ਕਰਨ ਉਪਰੰਤ ਚਾਹ, ਪਾਣੀ ਅਤੇ ਪਰਸ਼ਾਦੇ ਦਾ ਅਟੁੱਟ ਲੰਗਰ ਪ੍ਰੇਮ ਅਤੇ ਸ਼ਰਧਾਨਾਲ ਵਰਤਾਇਆ ਗਿਆ।

## ਜਲੰਧਰ 'ਚ ਕੌਂਸਲਰ ਪਰਮਜੀਤ ਕੌਰ ਆਮ ਆਦਮੀ ਪਾਰਟੀ 'ਚ ਸ਼ਾਮਲ

**ਜਲੰਧਰ** : ਜਲੰਧਰ ਵਿੱਚ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਵਾਰਡ ਨੰਬਰ 23 ਤੋਂ ਮੌਜੂਦਾ ਕੌਂਸਲਰ ਪਰਮਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਹਰਪਾਲ ਮਿੰਟੂ ਨੇ ਕਾਂਗਰਸ



ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ। ਇਨ੍ਹਾਂ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਉਣ ਵਿੱਚ ਅਹਿਮ ਭੂਮਿਕਾ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐਸ ਡੀ ਰਾਜਬੀਰ ਸਿੰਘ ਅਤੇ ਜਲੰਧਰ ਸੈਂਟਰਲ ਹਲਕੇ ਦੇ ਇੰਚਾਰਜ ਨਿਤਿਨ ਕੋਹਲੀ ਨੇ ਨਿਭਾਈ। ਇਸ ਮੌਕੇ ਵਾਰਡ ਨੰਬਰ 23 ਤੋਂ ਸਨੀ ਤੇ ਚੰਦ ਅਤੇ ਵਾਰਡ ਨੰਬਰ 22 ਤੋਂ ਰਾਹੁਲ ਸ਼ਰਮਾ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਰਾਜਬੀਰ ਸਿੰਘ ਅਤੇ ਨਿਤਿਨ ਕੋਹਲੀ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਆਗੂਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਪਰਮਜੀਤ ਕੌਰ ਅਤੇ ਹਰਪਾਲ ਮਿੰਟੂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਜਨਹਿੱਤ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਤੋਂ ਬੇਹੱਦ ਪ੍ਰਭਾਵਿਤ ਹਨ।

## ਚਿੱਪ ਵਾਲੇ ਮੀਟਰਾਂ ਵਿਰੁੱਧ ਮਜ਼ਦੂਰ ਜਥੇਬੰਦੀ ਵੱਲੋਂ ਰੋਸ ਪ੍ਰਦਰਸ਼ਨ 16 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬੀਤੇ ਦਿਨੀਂ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਚੀਮਾ ਕਲਾਂ ਵਿਖੇ ਭਰਵੀਂ ਮੀਟਿੰਗ ਕੀਤੀ ਗਈ। ਇਸ ਮੌਕੇ ਯੂਨੀਅਨ ਦੇ ਆਗੂ ਹੰਸ ਰਾਜ ਪਬਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਲਗਾਏ ਜਾ ਰਹੇ ਬਿਜਲੀ ਦੇ ਚਿੱਪ ਵਾਲੇ ਮੀਟਰਾਂ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਲੋਕ ਸਰਕਾਰ ਦੀ ਇਸ ਯੋਜਨਾ ਦੇ ਵਿਰੋਧ ਵਿੱਚ ਪੂਰੀ ਤਰਾਂ ਲਾਮਬੰਦ ਹੋ ਰਹੇ ਹਨ। ਉਹਨਾਂ ਕਿਹਾ ਕਿ ਨਰੇਗਾ ਸਕੀਮ ਖਤਮ ਕਰਕੇ ਉਸ ਤਹਿਤ ਮਜ਼ਦੂਰਾਂ ਨੂੰ ਮਿਲ ਰਹੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ । ਹੰਸ ਰਾਜ ਨੇ ਕਿਹਾ ਕਿ ਕੇਂਦਰ ਸਰਕਾਰ ਅਡਾਨੀ ਅੰਬਾਨੀ ਦੇ ਹੱਥਾਂ ਵਿੱਚ ਖੇਡ ਰਹੀ ਹੈ, ਉਹਨਾਂ ਦੇ ਕਰਜੇ ਤਾਂ



ਸਰਕਾਰ ਨੇ ਮੁਆਫ ਕਰ ਦਿੱਤੇ ਪਰ ਗਰੀਬ ਮਜ਼ਦੂਰਾਂ ਦੇ ਕਰਜੇ ਜਬਰੀ ਵਸੂਲ ਕੀਤੇ ਜਾ ਰਹੇ ਹਨ। ਉਹਨਾਂ ਐਲਾਨ ਕੀਤਾ ਕਿ 16 ਜਨਵਰੀ ਨੂੰ ਮਜ਼ਦੂਰਾਂ ਵੱਲੋਂ ਐਸ ਸੀ ਦਫਤਰਾਂ ਅੱਗੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੀਟਿੰਗ ਨੂੰ ਗੁਰਨਾਮ ਸਿੰਘ ਤੱਗੜ, ਪ੍ਰੀਤਮ ਦਾਸ ਚੀਮਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜੋਗਾ ਸਿੰਘ ਚੀਮਾ, ਸਰਵਣ ਸਿੰਘ, ਅਮਰੀਕ ਸਿੰਘ, ਗੁਰਦਿਆਲ ਸਿੰਘ, ਸੁਰਿੰਦਰ ਸਿੰਘ, ਗੁਰਨਾਮ ਸਿੰਘ, ਅਤੇ ਭਾਰੀ ਗਿਣਤੀ ਵਿੱਚ ਔਰਤਾਂ ਸ਼ਾਮਲ ਸਨ।

# ਭੁੰਗਰਨੀ ਵਿਖੇ ਮੁਫਤ ਡਾਕਟਰੀ ਕੈਂਪ ਲਗਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਭੁੰਗਰਨੀ ਵਿਖੇ ਸਮੂਹ ਨਗਰ ਨਿਵਾਸੀ ਭੁੰਗਰਨੀ ,ਜਨ ਕਲਿਆਣ ਸੁਸਾਇਟੀ , ਮਾਤਾ ਅਮਰ ਕੌਰ ਚਰਨ ਕੌਰ ਵੈਲਫੇਅਰ ਸੋਸਾਇਟੀ ,ਮਾਤਾ ਰਾਮ ਕੌਰ ਹੈਰੀਟੇਜ ਸੈਂਟਰ ਅਤੇ ਵਰਧਮਾਨ ਗਰੁੱਪ ਦੇ ਵਿਸ਼ੇਸ਼ ਸਹਿਯੋਗ ਦੇ ਨਾਲ ਕੈਂਸਰ ਦੀ ਰੋਕਥਾਮ ਅਤੇ ਅੱਖੇ ਦੇ ਚੈੱਕਅਪ ਲਈ ਫਰੀ ਮੈਡੀਕਲ ਕੈਂਪ ਡਾਕਟਰ ਕੁਲਵੰਤ ਸਿੰਘ ਧਾਲੀਵਾਲ ਅਤੇ ਡਾਕਟਰ ਧਰਮਿੰਦਰ ਸਿੰਘ ਢਿੱਲੋਂ ਦੀ ਪੂਰੀ ਟੀਮ ਵੱਲੋਂ ਸਵੇਰੇ 9 ਵਜੇ ਤੋਂ 4 ਵਜੇ ਤੱਕ ਲਗਾਇਆ ਗਿਆ, ਜਿਸ ਵਿੱਚ ਬਲੱਡ ਪ੍ਰੈਸ਼ਰ ਹੱਡੀਆਂ ਅਤੇ ਜੋੜਾਂ ਦਾ ਅਤੇ ਅੱਖਾਂ ਦਾ ਮੈਡੀਕਲ ਚੈਕ ਅਪ ਕਰਕੇ ਦਵਾਈਆਂ ਅਤੇ ਐਨਕਾਂ ਫਰੀ ਵੰਡੀਆਂ ਗਈਆਂ, ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਨਗਰ ਦੇ ਮੋਹਤਵਾਰ ਸਰਦਾਰ ਧਰਮ ਸਿੰਘ ਜੰਜੂਆ ਨੇ ਦੱਸਿਆ ਕਿ ਮੈਡੀਕਲ ਕੈਂਪ ਦੀ ਪੂਰੀ ਟੀਮ ਨੂੰ ਨਗਰ ਨੇ ਪੂਰਾ ਸਹਿਯੋਗ ਦਿੱਤਾ। ਕੈਂਪ ਦੀ ਪੂਰੀ ਵਿਵਸਥਾ ਸਕੂਲ ਵਿੱਚ ਕੀਤੀ ਹੋਈ ਸੀ! ਦੂਰ ਦੁਰਾਡੇ ਤੋਂ ਪਹੁੰਚੇ ਹੋਏ ਮਰੀਜ਼ਾਂ ਦੇ ਲਈ ਚਾਹ ਅਤੇ ਲੰਗਰ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ! ਕੈਂਪ ਦਾ ਉਦਘਾਟਨ ਹਲਕੇ ਦੇ ਐਮ ਐਲ ਏ ਡਾਕਟਰ ਇਸ਼ਾਕ ਕੁਮਾਰ ਚੱਬੇਵਾਲ ਅਤੇ ਨਗਰ ਪੰਚਾਇਤ ਨੇ ਸਾਂਝੇ ਤੌਰ 'ਤੇ ਕੀਤਾ! ਇਸ ਮੌਕੇ ਡਾਕਟਰ ਅਮਰਜੀਤ ਸਿੰਘ ਬਲਗੀਰ,ਧਰਮ ਸਿੰਘ ਜੰਜੂਆ,ਸਰਪੰਚ ਗੁਰਦੀਪ ਕੌਰ, ਐਸ ਐਚ ਓ ਮੇਹਟੀਆਣਾ ਇੰਸਪੈਕਟਰ ਰਾਜਿੰਦਰ ਸਿੰਘ,ਪ੍ਰਧਾਨ ਸੁਰਜੀਤ ਸਿੰਘ ਮਸੂਤਾ,ਜਗਤਾਰ ਸਿੰਘ ਭੁੰਗਰਨੀ, ਰਤੀਸ਼ ਸਿੰਘ ਸਰੋਆ,ਸੁਰਿੰਦਰ ਸਿੰਘ, ਦਵਿੰਦਰ ਸਿੰਘ ਖਾਲਸਾ ਪੰਚ ,ਇੰਦਰਜੀਤ ਕੌਰ ਪੰਚ , ਵਿੱਕੀ ਪੰਚ, ਨਰਿੰਦਰ ਕੌਰ ਪੰਚ , ਸੁਖਵਿੰਦਰ ਸਿੰਘ ਸੁੱਖਾ ਪੰਚ ,ਅਮਰਜੀਤ ਸਿੰਘ ਲਾਡੀ,ਜਸਵੀਰ ਸਿੰਘ, ਕੁਲਵੀਰ ਸਿੰਘ,ਰਘਵੀਰ ਸਿੰਘ ਸਰੋਆ,ਮਨਪ੍ਰੀਤ ਸਿੰਘ,ਬਲਵੀਰ ਸਿੰਘ ਪੁਰੀਆ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨਗਰ ਨਿਵਾਸੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



# ਗੁਰਦੁਆਰਾ ਟਿੱਬਾ ਸਾਹਿਬ ਤੋਂ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਏ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਾਹਿਬ-ਏ-ਕਮਾਲ ਦਸ਼ਮੇਸ਼ ਪਿਤਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਟਿੱਬਾ ਸਾਹਿਬ ਹੁਸ਼ਿਆਰਪੁਰ ਤੋਂ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸਜਾਇਆ ਗਿਆ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਤੋਂ ਅਰਦਾਸੀਆ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਨਗਰ ਕੀਰਤਨ ਦੀ ਅਗਵਾਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਆਏ ਪੰਜ ਪਿਆਰਿਆਂ ਨੇ ਕੀਤੀ। ਗੁਰਦੁਆਰਾ ਟਿੱਬਾ ਸਾਹਿਬ ਦੇ ਮੁਖੀ ਸੰਤ ਬਾਬਾ ਕਰਮਜੀਤ ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਦੀ ਦੇਖਰੇਖ ਹੇਠ ਸਜਾਏ ਗਏ ਇਸ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਉਚੇਚੇ ਤੌਰ 'ਤੇ ਫੁੱਲਾਂ ਨਾਲ ਸਜਾਈ ਹੋਈ ਵਿਸ਼ੇਸ਼ ਪਾਲਕੀ ਸਾਹਿਬ ਵਾਹਨ ਵਿੱਚ ਸੁਸ਼ੋਭਿਤ ਕੀਤੇ ਗਏ ਸਨ। ਇਸ ਮੌਕੇ ਸਰਦਾਰ ਹਰੀ ਸਿੰਘ ਨਲੂਆ ਜੀ ਗੱਤਕਾ ਅਖਾੜਾ ਦੇ ਸਿੰਘਾਂ ਅਤੇ ਭੁਝੰਗੀਆਂ ਵੱਲੋਂ ਖ਼ਾਲਸਾਈ ਜੰਗਜੂ ਕਰਤੱਬਾਂ ਦੀ ਖੂਬਸੂਰਤ ਪੇਸ਼ਕਾਰੀ ਕੀਤੀ ਗਈ। ਗੁਰਦੁਆਰਾ ਟਿੱਬਾ ਸਾਹਿਬ ਤੋਂ ਆਰੰਭ ਹੋਇਆ ਇਹ ਨਗਰ ਕੀਰਤਨ ਪ੍ਰਭਾਤ ਚੌਕ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ, ਬੱਸ ਸਟੈਂਡ, ਡਾ.ਬੀ.ਆਰ ਅੰਬੇਡਕਰ ਚੌਕ, ਕਮਾਲਪੁਰ ਚੌਕ, ਘੰਟਾ ਘਰ ਚੌਕ, ਰੇਲਵੇ ਰੋਡ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਸ਼ਨ ਚੌਕ, ਫ਼ਤਹਿਗੜ੍ਹ ਰੋਡ, ਰਹੀਮਪੁਰ ਰੋਡ, ਗੁਰਦੁਆਰਾ ਜ਼ਾਹਰਾ ਜ਼ਹੂਰ ਪੁਰਹੀਰਾਂ, ਪਿੱਪਲਾਂਵਾਲਾ, ਡਗਾਣਾ ਰੋਡ, ਦਸਮੇਸ਼ ਨਗਰ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਟਿੱਬਾ ਸਾਹਿਬ ਵਿਖੇ ਜੈਕਾਰਿਆਂ ਦੀ ਗੂੰਜ ਵਿਚ ਸੰਪੰਨ ਹੋਇਆ। ਸੰਤ ਬਾਬਾ ਕਰਮਜੀਤ ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ 27 ਜਨਵਰੀ ਨੂੰ ਗੁਰਦੁਆਰਾ ਟਿੱਬਾ ਸਾਹਿਬ ਵਿਖੇ ਮਨਾਏ ਜਾਣਗੇ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਇਸ ਨਗਰ ਕੀਰਤਨ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਅਜੀਤ ਸਿੰਘ ਮਿੱਠਾ ਟਿਵਾਣਾ, ਸੰਤ ਜੀਤ ਸਿੰਘ ਜੌਹਲਾਂ ਵਾਲੇ, ਸੰਤ ਅਮਰੀਕ ਸਿੰਘ ਹਰਖੋਵਾਲ, ਅਮਰਜੀਤ ਸਿੰਘ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਪੰਜ ਪਿਆਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਤ੍ਰਿਲੋਚਨ ਸਿੰਘ ਗੁਰਦੁਆਰਾ ਅੰਗੀਠਾ ਸਾਹਿਬ ਬਰਖਤਾਂ, ਸੰਤ ਬਾਬਾ ਮਹਾਵੀਰ ਸਿੰਘ ਤਾਜੇਵਾਲ, ਗੁਰਪ੍ਰੀਤ ਸਿੰਘ ਪ੍ਰਧਾਨ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ, ਜਤਿੰਦਰ ਸਿੰਘ ਲਾਲੀ ਬਾਜਵਾ ਜ਼ਿਲਾ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਰਿੰਦਰ ਸਿੰਘ, ਸਤਵੰਤ ਸਿੰਘ ਸਿਆਣ ਸੂਬਾ ਸਕੱਤਰ ਆਪ, ਮਨਮੀਤ ਕੌਰ ਤੁਲੀ ਕੌਂਸਲਰ, ਹਰਭਗਤ ਸਿੰਘ ਤੁਲੀ, ਪ੍ਰਧਾਨ ਨਰਿੰਦਰ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਨਰਿੰਦਰ ਸਿੰਘ ਸਾਬਕਾ ਕੌਂਸਲਰ ਸਤਵਿੰਦਰ ਸਿੰਘ ਅਹਲੂਵਾਲੀਆ, ਅਵਤਾਰ ਸਿੰਘ ਜੌਹਲ, ਸਤਵਿੰਦਰ ਸਿੰਘ ਪਾਲ ਸਮੇਤ ਵੱਡੀ ਗਿਣਤੀ ਵਿਚ ਸ਼ਹਿਰ ਦੇ ਪਤਵੰਤੇ ਸੱਜਣ ਅਤੇ ਸੰਗਤਾਂ ਹਾਜ਼ਰ ਹੋਈਆਂ।

## ਤਿੰਨ ਰੋਜ਼ਾ ਟ੍ਰੇਨਿੰਗ ਪ੍ਰੋਗਰਾਮ

**ਬਲਾਚੌਰ (ਜਸਵਿੰਦਰ ਬੈਂਸ)**- ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਮੋਹਾਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਐਸ ਬੀ ਐਸ ਨਗਰ ਵਿਖੇ ਡਿਪਟੀ ਸੀ.ਈ.ਓ ਮੋਹਿਤ ਕਲਿਆਣ ਦੀ ਸਰਪ੍ਰਸਤੀ ਹੇਠ ਜਿਲ੍ਹੇ ਦੇ ਸਰਪੰਚਾਂ/ ਪੰਚਾਂ ,ਐਸ.ਐਚ.ਜੀ.ਐਸ ਅਤੇ ਲਾਈਨ ਵਿਭਾਗਾਂ ਦੇ ਅਧਿਕਾਰੀਆਂ / ਕਰਮਚਾਰੀਆਂ ਲਈ ਥੀਮੈਟਿਕ ਜੀ.ਪੀ.ਡੀ.ਪੀ ਤਿੰਨ ਰੋਜ਼ਾ ਸਿਖਲਾਈ ਪ੍ਰੋਗਰਾਮ ਹੋਇਆ । ਪਿੰਡਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਗ੍ਰਾਮ ਪੰਚਾਇਤਾਂ ਨੂੰ ਕਾਨੂੰਨੀ, ਪ੍ਰਸ਼ਾਸਕੀ ਅਤੇ ਵਿਕਾਸੀ



ਮਾਮਲਿਆਂ ਵਿੱਚ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਗ੍ਰਾਮ ਪੰਚਾਇਤ ਲਈ ਤਿੰਨ ਰੋਜ਼ਾ ਟ੍ਰੇਨਿੰਗ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਸਰਪੰਚ, ਪੰਚ, ਪੰਚਾਇਤ ਸਕੱਤਰ, ਸੈਲਫ ਹੈਲਪ ਗਰੁੱਪ ਦੇ ਮੈਂਬਰ,ਆਸ਼ਾ ਵਰਕਰ,ਆਂਗਣਵਾੜੀ ਵਰਕਰ ਤੇ ਸਕੂਲ ਟੀਚਰ ਅਤੇ ਹੋਰ ਸੰਬੰਧਿਤ ਅਧਿਕਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

## ਸੁਸ਼ਾਸਨ ਵਿਕਸਤ ਭਾਰਤ ਤੇ ਵਿਕਸਤ ਹਰਿਆਣਾ ਦੇ ਨਿਰਮਾਣ ਲਈ ਸਭ ਤੋਂ ਮਜ਼ਬੂਤ ਥੰਮ੍ਹ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇੱਕ ਪਾਰਦਰਸ਼ੀ, ਜਵਾਬਦੇਹ ਅਤੇ ਨਾਗਰਿਕ-ਕੇਂਦ੍ਰਿਤ ਪ੍ਰਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਸੁਸ਼ਾਸਨ ਇੱਕ ਵਿਕਸਤ ਭਾਰਤ ਅਤੇ ਵਿਕਸਤ ਹਰਿਆਣਾ ਦੇ ਨਿਰਮਾਣ ਲਈ ਸਭ ਤੋਂ ਮਜ਼ਬੂਤ ਥੰਮ੍ਹ ਹੈ। ਸੂਬਾ ਸਰਕਾਰ ਆਪਣੀਆਂ ਸੇਵਾਵਾਂ ਨੂੰ ਇੱਕ ਮਿਸ਼ਨ ਵਜੋਂ ਲੈ ਰਹੀ ਹੈ ਅਤੇ ਇੱਕ ਅਜਿਹਾ ਹਰਿਆਣਾ ਬਣਾਉਣ ਲਈ ਵਚਨਬੱਧ ਹੈ ਜਿੱਥੇ ਨਿਆਂ ਪਹੁੰਚਯੋਗ ਹੋਵੇ, ਸੇਵਾਵਾਂ ਤੁਰੰਤ ਹੋਣ ਅਤੇ ਹਰ ਨਾਗਰਿਕ ਸਸ਼ਕਤ ਹੋਵੇ। ਇਹੀ ਸੱਚਾ ਸੁਸ਼ਾਸਨ ਹੈ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ, ਰਾਜ ਭਰ ਵਿੱਚ 'ਸੁਸ਼ਾਸਨ ਦਿਵਸ' ਮਨਾਇਆ ਜਾ ਰਿਹਾ ਹੈ। ਪੰਚਕੂਲਾ ਵਿੱਚ ਇਸ ਰਾਜ ਪੱਧਰੀ ਸਮਾਰੋਹ ਸਮੇਤ ਸਾਰੇ 23 ਜ਼ਿਲ੍ਹਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਦੋ ਦਿਨ ਪਹਿਲਾਂ ਹੀ ਨਵੇਂ ਬਣੇ ਜ਼ਿਲ੍ਹੇ ਹਾਂਸੀ ਵਿੱਚ ਇੱਕ ਸ਼ਾਨਦਾਰ ਸੁਸ਼ਾਸਨ ਦਿਵਸ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ। 23ਵਾਂ ਜ਼ਿਲ੍ਹਾ ਇਸ ਲਈ ਬਣਾਇਆ ਗਿਆ ਸੀ ਤਾਂ ਜੋ ਲੋਕਾਂ ਨੂੰ ਪ੍ਰਸ਼ਾਸਨਿਕ ਕੰਮਾਂ ਲਈ ਦੂਰ ਯਾਤਰਾ ਨਾ ਕਰਨੀ ਪਵੇ ਅਤੇ ਖੇਤਰ ਤੇਜ਼ੀ ਨਾਲ ਵਿਕਾਸ ਕਰ ਸਕੇ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਦੁੱਧ ਦਾ ਲੰਗਰ ਲਗਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕੁਲਾਮ ਰੋਡ ਵਿਖੇ ਆਪਣਾ ਚੁੱਲਾ ਅਤੇ ਸੰਗਤ ਸਮੂਹ ਦੇ ਸਹਿਯੋਗ ਨਾਲ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕੁਲਾਮ ਰੋਡ ਦੁਕਾਨਦਾਰਾਂ ਵੱਲੋਂ ਦੁੱਧ ਦਾ ਲੰਗਰ ਲਗਾਇਆ ਗਿਆ। ਦੁਕਾਨਦਾਰਾਂ ਜਸਕਰਨ ਸਿੰਘ ਕਰਨੀ, ਤਰਲੋਚਨ ਸਿੰਘ,ਅਜੇ ਕੁਮਾਰ ਨੇ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹ ਇੱਕ ਨਾ ਇੱਕ ਦਿਨ ਖਤਮ ਹੋ ਜਾਂਦੀਆਂ ਹਨ। ਸਾਨੂੰ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲ ਕੇ ਬਾਣੀ ਤੇ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ। ਇਸ ਮੌਕੇ ਸੇਵਾਦਾਰ ਲੰਬੜਦਾਰ ਸਤਪਾਲ, ਸੁਰਿੰਦਰ ਕੁਮਾਰ ਹੈਪੀ, ਨਰਿੰਦਰ ਕੁਮਾਰ, ਰਛਪਾਲ ਸਿੰਘ ਗੱਭਰ, ਕਾਲਾ, ਸਰਬਜੀਤ, ਮਨਜੀਤ ਸਿੰਘ ਨੇ ਸੇਵਾ ਕੀਤੀ।

# ਕੀਰਤਨ ਤੇ ਢਾਡੀ ਦਰਬਾਰ ਸ਼ਰਧਾ ਨਾਲ ਕਰਵਾਇਆ

**ਫਗਵਾੜਾ (ਡਾ. ਰਮਨ)**- ਧੰਨ ਧੰਨ ਬਾਬਾ ਦੀਪ ਸਿੰਘ ਜੀ ਵੈਲਫੇਅਰ ਸੁਸਾਇਟੀ ਅਤੇ ਐੱਨ ਆਰ ਆਈ ਸਭਾ ਫਗਵਾੜਾ ਵਲੋਂ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ, ਮਾਤਾ ਗੁਜਰ ਕੌਰ ਜੀ, ਚਾਰੇ ਸਾਹਿਬਜਾਦੇ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਸਮਰਪਿਤ 11ਵਾਂ ਸਲਾਨਾ ਮਹਾਨ ਕੀਰਤਨ ਅਤੇ ਢਾਡੀ ਦਰਬਾਰ ਐੱਨ ਆਰ ਆਈ ਜਗਤਾਰ ਸਿੰਘ ਜੱਸੀ, ਮਨਜੀਤ ਸਿੰਘ ਜੱਸਾ ਯੂ ਐੱਸ ਏ ਅਤੇ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਫਤਿਹ ਸਿੰਘ ਨਗਰ ਗਲੀ ਨੰਬਰ 6 ਸੁਖਚੈਨਆਣਾ ਸਾਹਿਬ ਰੋਡ ਫਗਵਾੜਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੜੀ ਸ਼ਰਧਾ ਪੂਰਵਕ ਕਰਵਾਇਆ ਗਿਆ। ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੰਪੂਰਨਤਾ ਉਪਰੰਤ ਧਾਰਮਿਕ ਦੀਵਾਨ ਸਜਾਇਆ ਗਿਆ। ਉਪਰੰਤ ਸਰਬੱਤ ਦੇ ਭਲੇ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਖੁੱਲ੍ਹੇ ਪੰਡਾਲ 'ਚ ਸਜਾਏ ਧਾਰਮਿਕ ਦੀਵਾਨ ਵਿਚ ਭਾਈ ਮਨਿੰਦਰ ਸਿੰਘ ਹਜ਼ੂਰੀ ਜੱਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਢਾਡੀ ਭਾਈ ਗੁਰਪਾਲ ਸਿੰਘ ਮਰੂੜ ਸਮਾਧ ਭਾਈ ਵਾਲੀਆਂ ਬੀਬੀਆਂ, ਭਾਈ ਗੁਰਮੁਖ ਸਿੰਘ ਜੀ ਹੁਸ਼ਿਆਰਪੁਰ ਵਾਲੇ,



ਇੰਟਰਨੈਸ਼ਨਲ ਪੰਥਕ ਢਾਡੀ ਜੱਥਾ ਭਾਈ ਕੁਲਬੀਰ ਸਿੰਘ ਕਮਾਲ ਪਿੰਡ ਮੱਦੂਛਾਂਗਾ ਅਤੇ ਭਾਈ ਜਤਿੰਦਰ ਸਿੰਘ ਮਲਕਪੁਰ ਵਾਲਿਆਂ ਨੇ ਕਥਾ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਦੇ ਨਾਲ ਜੋੜਿਆ। ਸਮਾਗਮ ਦੌਰਾਨ ਧਾਰਮਿਕ ਸਮਾਜਿਕ ਅਤੇ ਸਿਆਸੀ ਆਗੂਆਂ ਤੋਂ ਇਲਾਵਾ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਨੇ ਵੀ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ। ਪ੍ਰਬੰਧਕਾਂ ਨੇ ਸਮੂਹ ਸਹਿਯੋਗੀਆਂ, ਪਤਵੰਤਿਆਂ ਅਤੇ ਸੇਵਾਦਾਰਾਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਕਿੰਦਾ ਵਲੋਂ ਨਿਭਾਈ ਗਈ। ਚਾਹ ਪਕੌੜਿਆਂ ਦੀ ਸੇਵਾ ਅਤੇ ਗੁਰੂ ਕੇ ਲੰਗਰ ਸੇਵਾਦਾਰਾਂ ਵੱਲੋਂ ਅਤੁੱਟ ਵਰਤਾਏ ਗਏ। ਸਮਾਗਮ ਦੌਰਾਨ ਫਰੀ ਮੈਡੀਕਲ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਬਾਪੂ ਸੋਹਨ ਸਿੰਘ ਯੂ ਐੱਸ ਏ, ਦਲਜੀਤ ਸਿੰਘ, ਜੋਗਿੰਦਰ ਸਿੰਘ ਯੂ ਐੱਸ ਏ, ਹਰਭਜਨ ਸਿੰਘ ਕਲੇਰ, ਨਿਰਮਲ ਸਿੰਘ, ਮਾਸਟਰ ਕੇਵਲ ਸਿੰਘ, ਉਮੇਸ਼ ਸ਼ਰਮਾ, ਕੁਲਦੀਪ ਸਿੰਘ, ਸਤੀਸ਼ ਸ਼ਰਮਾ, ਜਤਿੰਦਰ ਕੁਮਾਰ ਸੋਨੀ, ਗੁਰਪਾਲ ਸਿੰਘ ਪਾਲਾ, ਸਰਬਜੀਤ ਸਿੰਘ ਸਾਬੀ, ਜੈਵਿਸ਼, ਸ਼ੀਤਲ ਸਿੰਘ ਯੂ.ਐਸ.ਏ., ਜਸਬੀਰ ਸਿੰਘ ਚਾਨਾ, ਆਸ਼ੂ ਸਾਂਪਲਾ ਤੋਂ ਇਲਾਵਾ ਸਮੂਹ ਕਮੇਟੀ ਮੈਂਬਰ ਅਤੇ ਪਤਵੰਤੇ ਹਾਜਰ ਸਨ।

## ਨਸ਼ਿਆਂ ਵਿਰੁੱਧ ਵਿਆਪਕ ਲੋਕ ਲਹਿਰ ਬਣੀ : ਕਰਮਜੀਤ ਕੌਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ 1 ਮਾਰਚ, 2025 ਨੂੰ ਸ਼ੁਰੂ ਕੀਤੀ ਗਈ ਇਤਿਹਾਸਕ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅੱਜ ਆਪਣੇ 300 ਦਿਨ ਪੂਰੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਸਿਰਫ਼ ਕਾਨੂੰਨ ਵਿਵਸਥਾ ਤੱਕ ਸੀਮਤ ਨਹੀਂ ਹੈ, ਸਗੋਂ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਇੱਕ ਵਿਆਪਕ ਲੋਕ ਲਹਿਰ ਬਣ ਗਈ ਹੈ। ਉਨ੍ਹਾਂ ਦੱਸਿਆ ਕਿ 23 ਦਸੰਬਰ, 2025 ਤੱਕ ਸੂਬੇ ਵਿੱਚ 28,485 ਨਸ਼ਾ ਤਸਕਰੀ ਦੇ ਮਾਮਲੇ ਦਰਜ ਕੀਤੇ ਗਏ ਹਨ ਅਤੇ 41,517 ਦੋਸ਼ੀਆਂ ਨੂੰ ਸਜ਼ਾ ਦੇ ਕਾਬਲ ਠਹਿਰਾਇਆ ਗਿਆ ਹੈ। ਇਹ ਅੰਕੜੇ ਸਰਕਾਰ ਅਤੇ ਪੁਲਿਸ ਵੱਲੋਂ ਕੀਤੀ ਗਈ ਸਖ਼ਤ



ਅਤੇ ਪ੍ਰਭਾਵਸ਼ਾਲੀ ਕਾਰਵਾਈ ਨੂੰ ਦਰਸਾਉਂਦੇ ਹਨ। ਪੰਜਾਬ ਪੁਲਿਸ ਨੇ ਹੈਰੋਇਨ, ਅਫੀਮ, ਭੁੱਕੀ, ਭੰਗ, ਕੋਕੀਨ ਅਤੇ ਆਈਸ ਡਰੱਗਜ਼ ਸਮੇਤ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ, ਨਾਲ ਹੀ ਲੱਖਾਂ ਗੋਲੀਆਂ, ਕੈਪਸੂਲ, ਟੀਕੇ ਅਤੇ ਨਸ਼ੀਲੇ ਪਾਊਡਰ ਵੀ ਜ਼ਬਤ ਕੀਤੇ ਹਨ। 15 ਕਰੋੜ ਰੁਪਏ ਤੋਂ ਵੱਧ ਦੀ ਨਸ਼ੀਲੇ ਪਦਾਰਥਾਂ ਦੀ ਰਕਮ ਜ਼ਬਤ ਕੀਤੀ ਗਈ ਹੈ ਅਤੇ ਕਰੋੜਾਂ ਰੁਪਏ ਦੀ ਗੈਰ-ਕਾਨੂੰਨੀ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਦੂਜੇ ਪੜਾਅ ਵਿੱਚ 7 ਜਨਵਰੀ ਤੋਂ 25 ਜਨਵਰੀ ਤੱਕ ਬਲਾਕ ਪੱਧਰ 'ਤੇ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣਗੇ, ਜਿਸ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਸਮਾਜ ਸੇਵਕ ਅਤੇ ਵਲੰਟੀਅਰ ਇਕੱਠੇ ਕੰਮ ਕਰਨਗੇ।

## ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਧਾਰਮਿਕ ਸਮਾਗਮ

**ਫਿਲੌਰ (ਨਿਰਮਲ)**- ਨਜ਼ਦੀਕੀ ਪਿੰਡ ਮਨਸੂਰਪੁਰ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਬੱਚਿਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ , ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਗਿਆ ਅਤੇ ਧਾਰਮਿਕ ਦੀਵਾਨ ਲਗਾਏ ਗਏ। ਇਹ ਸਮਾਗਮ 28 ਦਸੰਬਰ ਤੱਕ ਚੱਲਣਗੇ। ਇਸ ਮੌਕੇ ਸੰਗਤਾਂ ਲਈ ਰੋਜ਼ਾਨਾ ਬਾਬਾ ਮੋਤੀ ਰਾਮ ਮਹਿਰਾ ਦੀ ਯਾਦ ਚ ਦੁੱਧ ਦੇ ਲੰਗਰ ਲਗਾਏ ਜਾ ਰਹੇ ਹਨ। ਇਸ ਮੌਕੇ ਜਸਵੀਰ ਸਿੰਘ, ਸੁਰਜੀਤ ਸਿੰਘ ਧਾਲੀਵਾਲ, ਦਲਜੀਤ ਸਿੰਘ ਫੌਜੀ, ਕੁਲਵੰਤ ਸਿੰਘ ਕਾਂਤਾ, ਜੁਝਾਰ ਸਿੰਘ ਰਾਣਾ, ਹਰਪ੍ਰੀਤ ਸਿੰਘ ਪੀਤਾ, ਬਲਦੇਵ ਸਿੰਘ, ਜਸਵਿੰਦਰ ਸਿੰਘ ਬਾਬਾ, ਜਸਕਰਨ ਸਿੰਘ, ਜਸਕੀਰਤ ਸਿੰਘ , ਤਰਨਜੀਤ ਸਿੰਘ ਤੰਨਾ ਅਤੇ ਹੋਰ ਹਾਜਰ ਸਨ।



## ਸੂਬਾ ਤੇ ਕੇਂਦਰ ਸਰਕਾਰ ਦੀ ਜ਼ਮੀਨ ਵਾਹ ਰਹੇ ਕਿਸਾਨਾਂ ਨੂੰ ਵੀ ਹੜ੍ਹਾਂ ਦਾ ਮੁਆਵਜ਼ਾ ਦੇਣ ਦੀ ਮੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਕਿਸਾਨਾਂ ਨੂੰ ਦਿੱਤਾ ਤੇ ਦਿੱਤਾ ਜਾ ਰਿਹਾ ਮੁਆਵਜ਼ਾ ਸੂਬਾ ਸਰਕਾਰ ਅਤੇ ਸੈਂਟਰ ਸਰਕਾਰ ਦੀ ਮਾਲਕੀ ਹੇਠਲੀ ਜ਼ਮੀਨ ਉਪਰ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਨਾ ਦਿੱਤੇ ਜਾਣ ਅਤੇ ਇਸ ਮੁਆਵਜ਼ੇ ਦੀ ਪ੍ਰਾਪਤੀ ਲਈ ਸੰਘਰਸ਼ ਦੀ ਵਿਉਂਤਬੰਦੀ ਕਰਨ ਲਈ ਇਨ੍ਹਾਂ ਹੜ੍ਹ ਪੀੜਤ ਕਿਸਾਨਾਂ ਨੇ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਇਥੋਂ ਨੇੜਲੇ ਸਰਹੱਦੀ ਪਿੰਡ ਧਰਮਕੋਟ ਰੰਧਾਵਾ ਦੇ ਗੁਰਦੁਆਰਾ ਸਾਹਿਬ ਵਿਖੇ ਇੱਕ ਭਰਵੀਂ ਮੀਟਿੰਗ ਕੀਤੀ। ਮੀਟਿੰਗ ਵਿੱਚ ਇਲਾਕੇ ਭਰ ਦੇ ਸਮੂਹ ਪ੍ਰਭਾਵਿਤ ਕਿਸਾਨ ਸ਼ਾਮਿਲ ਹੋਏ।ਮੀਟਿੰਗ ਵਿੱਚ ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਸੂਬਾ ਸਰਕਾਰ ਜਾਂ ਸੈਂਟਰ ਸਰਕਾਰ ਦੀ ਜ਼ਮੀਨ ਉਪਰ ਖੇਤੀ ਕਰ ਰਹੇ ਕਿਸਾਨਾਂ ਨੂੰ ਵੀ ਹੜ੍ਹ ਪੀੜਤ ਕਿਸਾਨਾਂ ਨੂੰ ਦਿੱਤੇ ਤੇ ਦਿੱਤੇ ਜਾ ਰਹੇ ਮੁਆਵਜ਼ੇ ਦਾ ਹੱਕਦਾਰ ਮੰਨ ਕੇ ਇਸ ਮੁਆਵਜ਼ੇ ਦੀ ਅਦਾਇਗੀ ਕਰਨ ਦੀ ਮੰਗ ਨੂੰ ਲੈ ਕੇ ਐੱਸਡੀਐੱਮ ਦਫਤਰ ਡੇਰਾ ਬਾਬਾ ਨਾਨਕ ਦੇ ਸਾਹਮਣੇ ਅਣਮਿਥੇ ਸਮੇਂ ਦਾ ਧਰਨਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ।ਇਹ ਧਰਨਾ ਸ਼ੁਰੂ ਕਰਨ ਤੋਂ ਪਹਿਲਾਂ 30 ਦਸੰਬਰ ਨੂੰ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਡੀਸੀ ਗੁਰਦਾਸਪੁਰ ਨੂੰ ਮਿਲ ਕੇ ਇੱਕ ਵਾਰ ਫਿਰ ਤੋਂ ਸਾਰੀਆਂ ਮਹਿਕਮਾਨਾ ਰੁਕਾਵਟਾਂ ਨੂੰ ਦੂਰ ਕਰਕੇ ਸੂਬਾ ਜਾਂ ਸੈਂਟਰ ਸਰਕਾਰ ਦੀ ਜ਼ਮੀਨ ਵਾਹ ਰਹੇ ਕਿਸਾਨਾਂ ਨੂੰ ਇਹ ਮੁਆਵਜ਼ਾ ਅਦਾ ਕਰਨ ਦੀ ਮੰਗ ਕੀਤੀ ਜਾਵੇਗੀ ।ਮੀਟਿੰਗ ਵਿੱਚ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਸ: ਅਵਤਾਰ ਸਿੰਘ ਰੰਧਾਵਾ, ਜੋਗਿੰਦਰ ਸਿੰਘ ਖੰਨਾ ਚਮਾਰਾਂ, ਸਰਬਜੀਤ ਸਿੰਘ ਤਲਵੰਡੀ ਹਿੰਦੂਆਂ, ਹਰਜੀਤ ਸਿੰਘ ਠੇਠਰਕੇ, ਨਰਿੰਦਰ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ ਖੋਦੇ ਬੇਟ, ਗੁਰਮੀਤ ਸਿੰਘ ਮੇਘਾ, ਝਿਰਮਲ ਸਿੰਘ ਝੰਗੀ, ਹਰਜੀਤ ਸਿੰਘ ਖੋਦੇ ਬੇਟ, ਮੋਹਣ ਸਿੰਘ ਕਮਲਬੀਰ ਸਿੰਘ, ਬਲਰਾਜ ਸਿੰਘ ਧਰਮਕੋਟ ਰੰਧਾਵਾ ਅਤੇ ਪ੍ਰਭਾਵਿਤ ਕਿਸਾਨਾਂ 'ਚੋਂ ਡਾ: ਸਰਵਣ ਸਿੰਘ ਧਰਮਕੋਟ ਪੱਤਣ ਮੈਂਬਰ ਬਲਾਕ ਸੰਮਤੀ ਦੀ ਅਗਵਾਈ ਹੇਠ ਕਈ ਦਰਜਨ ਕਿਸਾਨ ਸ਼ਾਮਿਲ ਹੋਏ।

## ਸਫ਼ਾਈ ਦੀ ਮੰਦੀ ਹਾਲਤ ਨੂੰ ਲੈ ਕੇ ਰੋਸ ਪ੍ਰਦਰਸ਼ਨ ਦੀ ਦਿੱਤੀ ਚਿਤਾਵਨੀ

ਛੇਹਰਟਾ (ਮਨੋਜ ਕੁਮਾਰ)-ਕਟੜਾ ਭਾਈ ਸੰਤ ਸਿੰਘ ਮੰਡਲ ਦੇ ਭਾਜਪਾ ਪ੍ਰਧਾਨ ਰੋਮੀ ਚੋਪੜਾ ਤੇ ਇਲਾਕਾ ਵਾਸੀਆਂ ਨੇ ਸ਼ਹਿਰ ਵਿਚ ਸਾਫ਼-ਸਫ਼ਾਈ ਦੀ ਮੰਦੀ ਹਾਲਤ ਤੇ ਥਾਂ-ਥਾਂ ਲੱਗੇ ਕੂੜੇ ਦੇ ਢੇਰਾਂ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟਾਈ ਹੈ। ਮੰਡਲ ਪ੍ਰਧਾਨ ਰੋਮੀ ਚੋਪੜਾ ਨੇ ਕਿਹਾ ਕਿ ਕਟੜਾ ਭਾਈ ਸੰਤ ਸਿੰਘ, ਕੂਚਾ ਟਾਹਲੀ ਮੱਲ, ਕਟੜਾ ਸਫ਼ੈਦ ਤੇ ਸ਼ਹਿਰ ਦੇ ਹੋਰ ਇਲਾਕਿਆਂ ਵਿਚ ਸਫ਼ਾਈ ਦਾ ਕੋਈ ਪ੍ਰਬੰਧ ਨਹੀਂ ਹੈ। ਹਰ ਇਕ ਬਾਜ਼ਾਰ ਵਿਚ ਤੇ ਗਲੀ ਅੱਗੇ ਕੂੜੇ ਦੇ ਢੇਰ ਲੱਗੇ ਹੋਏ ਹਨ। ਉਪਰੋਕਤ ਇਲਾਕਿਆਂ ਦੇ ਬਾਜ਼ਾਰਾਂ ਵਿਚ ਸੂਈ ਤੋਂ ਲੈ ਕੇ ਸੂਟਕੇਸ, ਸੋਨੇ ਦੇ ਗਹਿਣੇ, ਕੱਪੜੇ, ਚੱਪਲਾਂ ਵੇਚਣ ਵਾਲੀਆਂ ਅਤੇ ਖਾਣ-ਪੀਣ ਦੇ ਸਾਮਾਨ ਦੀਆਂ ਦੁਕਾਨਾਂ ਹਨ। ਪਰ ਖ੍ਰੀਦੋ-ਫਰੋਖਤ ਲਈ ਆਉਣ ਵਾਲੇ ਗਾਹਕ ਜਿਨ੍ਹਾਂ ਵਿਚ ਧੀਆਂ-ਭੈਣਾਂ ਵੀ ਸ਼ਾਮਲ ਹਨ, ਗੰਦਗੀ ਕਾਰਨ ਇਨ੍ਹਾਂ ਇਲਾਕਿਆਂ ਵਿਚ ਨਹੀਂ ਆਉਂਦੇ। ਜੇਕਰ ਆਉਂਦੇ ਵੀ ਹਨ ਤਾਂ ਕੂੜੇ ਦੇ ਢੇਰਾਂ ਤੋਂ ਆਉਣ ਵਾਲੀ ਬਦਬੂ ਕਾਰਨ ਅੱਧੇ ਰਸਤੇ ਤੋਂ ਹੀ ਵਾਪਸ ਮੁੜ ਜਾਂਦੇ ਹਨ। ਇਸ ਕਾਰਨ ਦੁਕਾਨਦਾਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ।

ਲੋਕਾਂ ਵਿਚ ਸਫ਼ਾਈ ਨੂੰ ਲੈ ਕੇ ਨਿਗਮ ਖ਼ਿਲਾਫ਼ ਭਾਰੀ ਰੋਸ ਹੈ। ਉਨ੍ਹਾਂ ਨਗਮ ਨਿਗਮ ਅੰਮ੍ਰਿਤਸਰ ਦੇ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਸ਼ਹਿਰ ਦੀ ਸਫ਼ਾਈ ਵਿਵਸਥਾ ਵੱਲ ਧਿਆਨ ਦਿੱਤਾ ਜਾਵੇ ਅਤੇ ਬਾਜ਼ਾਰਾਂ ਤੇ ਗਲੀਆਂ ਵਿਚੋਂ ਕੂੜਾ ਰੋਜ਼ਾਨਾ ਚੁੱਕਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ



ਨਗਰ ਨਿਗਮ ਨੇ ਇਸ ਪਾਸੇ ਜਲਦੀ ਧਿਆਨ ਨਾ ਦਿੱਤਾ ਤਾਂ ਉਪਰੋਕਤ ਇਲਾਕੇ ਦੇ ਲੋਕਾਂ ਤੇ ਦੁਕਾਨਦਾਰਾਂ ਨੂੰ ਨਾਲ ਲੈ ਕੇ ਕਮਿਸ਼ਨਰ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਅਸ਼ੋਕ ਕੁਮਾਰ, ਵਰਿੰਦਰ ਮਹਿਰਾ, ਅਤੁਲ ਖੰਨਾ, ਸ਼ਿਵਮ ਖੰਨਾ, ਸਤਪਾਲ, ਤੀਰਥ ਰਾਮ, ਪਵਨ ਲੁਥਰਾ, ਗੌਰਵ, ਅਮਿਤ, ਅਨਿਲ ਮਲਹੋਤਰਾ, ਰਜਤ ਚੋਪੜਾ, ਪੰਕਜ, ਰਮਨ ਕਪੂਰ, ਅਨਿਲ ਖੰਨਾ, ਕਾਲਾ ਤਾਇਆ, ਅਜੈ ਬਹਿਲ, ਕਿਸ਼ਨ ਲਾਲ, ਭਜਨ ਲਾਲ, ਅਤੁਲ ਵਰਮਾ, ਅੰਕੁਸ਼ ਆਦਿ ਇਲਾਕਾ ਵਾਸੀ ਹਾਜ਼ਰ ਸਨ।

## ਸ਼ਰਧਾ ਤੇ ਬੜੇ ਸਤਿਕਾਰ ਨਾਲ ਮਨਾਇਆ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਹਾੜਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਵ. ਮੇਜਰ ਸਤਿੰਦਰ ਪਾਲ ਸਿੰਘ ਬੇਦੀ ਦੇ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਯੋਗੇਸ਼ਵਰ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਹਾੜਾ ਉਨ੍ਹਾਂ ਦੇ ਗ੍ਰਹਿ ਗਲੀ ਆਰੀਆ ਸਮਾਜ ਮੰਦਿਰ ਡੇਰਾ ਬਾਬਾ ਨਾਨਕ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਸ਼ਾਮ ਸਿੰਘ ਜੋੜੀਆਂ ਕਲਾਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਕੀਰਤਨੀ ਜਥੇ ਵੱਲੋਂ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਸੰਗਤਾਂ ਲਈ ਲੰਗਰ ਭੰਡਾਰਾ ਲਗਾਇਆ ਗਿਆ।ਇਸ ਮੌਕੇ ਪਰਿਵਾਰ ਦੇ ਮੁਖੀ ਪਰਮਿੰਦਰ ਸਿੰਘ ਬੇਦੀ, ਮਨਿੰਦਰ ਸਿੰਘ ਬੇਦੀ, ਕਮਲੇਸ਼ਵਰ ਸਿੰਘ ਬੇਦੀ, ਐਡਵੋਕੇਟ ਰਾਜਨ ਬੇਦੀ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ।ਇਸ ਮੌਕੇ ਡਾ. ਆਦਿਤਿਆ ਸ਼ਰਮਾ ਐੱਸਡੀਐੱਮ ਡੇਰਾ ਬਾਬਾ ਨਾਨਕ, ਤਹਿਸੀਲਦਾਰ ਲਛਮਣ ਸਿੰਘ, ਸਾਬਕਾ ਐੱਸਐੱਸਪੀ ਪੁਲਸ ਮਨਿੰਦਰ ਸਿੰਘ ਬੇਦੀ, ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ, ਸਰਬਜੀਤ ਸਿੰਘ ਆਰ ਸੀ, ਜਗਜੀਤ ਸਿੰਘ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ, ਭਾਜਪਾ ਆਗੂ ਰਾਜੂ ਪੰਡਿਤ, ਮਹੰਤ ਬਾਬਾ ਮੇਜਰ ਦਾਸ, ਪੰਡਿਤ ਸੱਤ ਪ੍ਰਕਾਸ਼, ਜਗਦੀਸ਼ ਮਿੱਤਰ, ਮਾਸਟਰ ਸੁਰਿੰਦਰ ਸਿੰਘ, ਮਾਸਟਰ ਅਸ਼ੋਕ ਕੁਮਾਰ, ਕਾਂਗਰਸੀ ਆਗੂ ਪਾਲੀ ਬੇਦੀ, ਡੀਪੀ ਰਾਮ ਸਰੂਪ, ਤੇਜਿੰਦਰ ਜੀਤ ਸਿੰਘ ਪ੍ਰੁੰਨੀ, ਮਾਸਟਰ ਗੁਰਮਿੰਦਰ ਸਿੰਘ, ਮਾਸਟਰ ਗੁਰਪ੍ਰੀਤ ਸਿੰਘ, ਸੁਭਾਸ਼ ਚੰਦਰ ਮਰਵਾਹਾ, ਪ੍ਰਮੋਦ



ਕੁਮਾਰ ਭੰਡਾਰੀ, ਐਡਵੋਕੇਟ ਅਸ਼ਵਨੀ ਪੁਰੀ, ਰੁਪੇਸ਼ ਬੇਦੀ, ਸ਼ੁਭਆਗਮਨ ਸਿੰਘ ਬੇਦੀ, ਸੰਜੀਵ ਸੋਂਧੀ, ਬਾਰ ਐਸੋਸੀਏਸ਼ਨ ਗੁਰਦਾਸਪੁਰ ਦੇ ਸਾਬਕਾ ਪ੍ਰਧਾਨ ਨਰੇਸ਼ ਸਿੰਘ ਠਾਕੁਰ, ਨਰਿੰਦਰ ਭੰਡਾਰੀ, ਰਾਹੁਲ ਮਰਵਾਹਾ, ਐਡਵੋਕੇਟ ਦਵਿੰਦਰ ਪਾਲ ਸਿੰਘ ਸਮਰਾ, ਐਡਵੋਕੇਟ ਅਭਿਸ਼ੇਕ ਪੁਰੀ, ਅੰਜੂ ਮਰਵਾਹਾ, ਸੁਨੀਤਾ ਪੁਰੀ, ਸੰਗੀਤਾਂ ਭੰਡਾਰੀ, ਨਿਸ਼ਕਾਮਨੀ ਬੇਦੀ, ਮਹਿਮਾ ਬੇਦੀ, ਪ੍ਰਤਿਸ਼ਟਾ ਬੇਦੀ, ਸ਼ਕਤੀ ਸੰਪੰਨ ਬੇਦੀ, ਸੁਖਪ੍ਰੀਤ ਕੌਰ, ਅਨੀਤਾ ਬੇਦੀ, ਆਭਾ ਬੇਦੀ, ਡਾਕਟਰ ਸੁਸ਼ਾਂਤ ਖੋਸਲਾ, ਅੰਕੁਸ਼ ਸੋਢੀ, ਰਾਹੁਲ ਮਰਵਾਹਾ, ਸਰਵ ਸਰੇਸ਼ਟ ਬੇਦੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੇਡ ਕਿੱਟਾਂ ਵੰਡੀਆਂ



ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)-ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਅਤੇ ਖੇਡਾਂ ਨਾਲ ਜੋੜਨ ਲਈ ਐੱਨਆਰਆਈ ਜਗਦੀਪ ਸਿੰਘ ਮਾਂਗਟ ਦੇ ਸਹਿਯੋਗ ਨਾਲ ਗ੍ਰਾਮ ਪੰਚਾਇਤ ਤਰਸਿੱਕਾ ਅਤੇ ਗ੍ਰਾਮ ਪੰਚਾਇਤ ਕਰਤਾਰ ਸਿੰਘ ਨਗਰ ਦੇ ਸਰਪੰਚ ਜਗਦੀਪ ਸਿੰਘ ਤਰਸਿੱਕਾ, ਕਰਤਾਰ ਸਿੰਘ ਨਗਰ ਦੇ ਸਰਪੰਚ ਜਰਮਨਜੀਤ ਸਿੰਘ ਬਾਠ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਤੇ ਐੱਨਆਰਆਈ ਵੀਰਾਂ ਦੇ ਸਹਿਯੋਗ ਸਦਕਾ ਖਿਡਾਰੀਆਂ ਨੂੰ ਹਾਕੀ ਟਰੈਕ ਸੂਟ ਤੇ ਹੋਰ ਖੇਡਾਂ ਦੇ ਸਾਮਾਨ ਦੀ ਵੰਡ ਕੀਤੀ ਗਈ ਤਾਂ ਜੋ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਨਾਲ ਜੁੜਨ।

ਇਸ ਮੌਕੇ ਸਾਬਕਾ ਸਰਪੰਚ ਗੁਰਦੇਵ ਸਿੰਘ ਤਰਸਿੱਕਾ, ਸੀਨੀਅਰ ਵਿਸ਼ਾਲ ਸ਼ਰਮਾ, ਮੈਂਬਰ ਪੰਚਾਇਤ ਬਲਕਾਰ ਸਿੰਘ, ਮੈਂਬਰ ਪੰਚਾਇਤ ਦਿਲਬਾਗ ਸਿੰਘ, ਬਾਵਾ ਸਿੰਘ ਆੜ੍ਹਤੀਆ, ਸਤਨਾਮ ਸਿੰਘ ਭਿੰਡਰ, ਮੈਂਬਰ ਪੰਚਾਇਤ ਗੁਰਮੀਤ ਸਿੰਘ ਤਰਸਿੱਕਾ, ਮੈਂਬਰ ਪੰਚਾਇਤ ਲਵਪ੍ਰੀਤ ਸਿੰਘ ਕਰਤਾਰ ਸਿੰਘ ਨਗਰ ਵੀ ਹਾਜ਼ਰ ਸਨ।

## ਭਾਜਪਾ ਦੇ ਦੀਪਕ ਰਾਜ ਸਾਥੀਆਂ ਸਮੇਤ ਕਾਂਗਰਸ 'ਚ ਸ਼ਾਮਲ

ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਹਲਕੇ ਅੰਦਰ ਕਾਂਗਰਸ ਪਾਰਟੀ ਨੂੰ ਉਸ ਵੇਲੇ ਭਾਰੀ ਬਲ ਮਿਲਿਆ ਜਦੋਂ ਬਲਾਕ ਦੋਰਾਂਗਲਾ ਦੇ ਡੁੱਗਰੀ ਜ਼ੋਨ ਤੋਂ ਬਲਾਕ ਸੰਮਤੀ ਦੀ ਚੋਣ ਲੜਣ ਵਾਲੇ ਭਾਜਪਾ ਉਮੀਦਵਾਰ ਦੀਪਕ ਰਾਜ ਆਪਣੇ ਵੱਡੀ ਗਿਣਤੀ ਸਾਥੀਆਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ।ਉਨ੍ਹਾਂ ਦੇ ਇਸ ਫ਼ੈਸਲੇ ਨਾਲ ਬਲਾਕ ਦੋਰਾਂਗਲਾ ਅੰਦਰ ਭਾਰਤੀ ਜਨਤਾ ਪਾਰਟੀ ਨੂੰ ਤਕੜੀ ਸੱਟ ਵੱਜੀ ਹੈ ਕਿਉਂਕਿ ਦੀਪਕ ਰਾਜ ਨੇ ਚੋਣਾਂ ਦੌਰਾਨ ਡੁੱਗਰੀ ਪਿੰਡ 'ਚੋਂ ਸਭ ਤੋਂ ਵੱਧ ਵੋਟਾਂ ਲੈ ਕੇ ਵਿਰੋਧੀ ਉਮੀਦਵਾਰਾਂ ਨੂੰ ਪਛਾੜਿਆ ਸੀ ਅਤੇ ਆਪਣੇ ਤਮਾਮ ਵੋਟਰਾਂ ਸਪੋਰਟਰਾਂ ਸਮੇਤ ਉਸ ਵੱਲੋਂ ਕਾਂਗਰਸ ਜੁਆਇਨ ਕਰਨ ਨਾਲ ਵਿਧਾਇਕਾ ਅਰੁਣਾ ਚੌਧਰੀ ਦੀ ਤਾਕਤ ਵਿੱਚ ਹੋਰ ਵਾਧਾ ਹੋਇਆ ਹੈ, ਜਿਸਦਾ ਸਿੱਧਾ ਫ਼ਾਇਦਾ ਉਨ੍ਹਾਂ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹੋਵੇਗਾ।ਦੀਪਕ ਰਾਜ ਦੇ ਨਾਲ ਭਾਜਪਾ ਵਰਕਰ ਜਗੀਰ ਮਸੀਹ, ਪਲਵਿੰਦਰ ਸਿੰਘ ਰਿੰਕੂ, ਅਮਨਜੀਤ ਸਿੰਘ, ਬਿਆਸ ਮਸੀਹ, ਲਵਲੀਨ ਸਿੰਘ ਅਤੇ ਜਤਿੰਦਰ ਸਿੰਘ ਸੋਨੂੰ ਨੇ ਵੀ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਦਾ ਪੱਲਾ ਫੜਿਆ ਹੈ।ਇਸ ਦੌਰਾਨ ਵਿਧਾਇਕਾ ਅਰੁਣਾ ਚੌਧਰੀ ਅਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਤਮਾਮ ਆਗੂਆਂ ਅਤੇ ਵਰਕਰਾਂ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਅੰਦਰ ਬਣਦਾ ਮਾਣ-ਸਨਮਾਨ ਦਿੱਤੇ



ਜਾਣ ਦਾ ਭਰੋਸਾ ਦਿੱਤਾ।ਇਸ ਮੌਕੇ ਬਲਾਕ ਸੰਮਤੀ ਦੀਨਾਨਗਰ ਦੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਸਾਬਕਾ ਚੇਅਰਮੈਨ ਦੋਰਾਂਗਲਾ ਅਮਰਜੀਤ ਸਿੰਘ ਬਹਿਰਾਮਪੁਰ, ਜ਼ੋਨ ਇੰਚਾਰਜ ਵਰਿੰਦਰ ਸਿੰਘ ਨੌਸ਼ਹਿਰਾ, ਬਲਾਕ ਸੰਮਤੀ ਮੈਂਬਰ ਜਸਵੀਰ ਸਿੰਘ ਜੱਸਾ ਕਠਿਆਲੀ, ਸੰਮਤੀ ਮੈਂਬਰ ਲਖਵਿੰਦਰ ਸਿੰਘ ਦੋਰਾਂਗਲਾ, ਸਾਬਕਾ ਵਿਸ਼ੇਸ਼ ਸਹਾਇਕ ਅਤੇ ਮੀਡੀਆ ਇੰਚਾਰਜ ਦੀਪਕ ਭੱਲਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦਰਸ਼ਨ ਸਿੰਘ ਰੰਧਾਵਾ, ਬਲਾਕ ਸੰਮਤੀ ਮੈਂਬਰ ਦਿਨੇਸ਼ ਸ਼ਰਮਾ ਛੱਦੀ, ਬਲਾਕ ਸੰਮਤੀ ਮੈਂਬਰ ਬਲਬੀਰ ਚੰਦ, ਵਰਿੰਦਰ ਭਿੰਦਾ ਦੋਰਾਂਗਲਾ, ਪ੍ਰਭ ਧਾਰੋਚੱਕ, ਡਾ. ਸਤਨਾਮ ਸਿੰਘ ਵਜ਼ੀਰਪੁਰ, ਸਰਪੰਚ ਮਨਜੀਤ ਸਿੰਘ ਬਹਿਲੋਲਪੁਰ, ਹਰਜਿੰਦਰ ਸਿੰਘ ਗਵਾਲੀਆ, ਡਾ. ਅਸ਼ੋਕ ਕੁਮਾਰ ਨੋਨੀ ਅਤੇ ਮੁਕਲ ਦੋਰਾਂਗਲਾ ਤੋਂ ਇਲਾਵਾ ਹੋਰ ਕਾਂਗਰਸੀ ਵਰਕਰ ਹਾਜ਼ਰ ਸਨ।

## ਬਾਬਾ ਮਹਾਂਕਾਲੇਸ਼ਵਰ ਮੰਦਰ 'ਚ ਨਤਮਸਤਕ ਹੋਏ ਤਰੁਣ ਚੁੱਘ



**ਛੇਹਰਟਾ, (ਮਨੋਜ ਕੁਮਾਰ)** : ਮੱਧ ਪ੍ਰਦੇਸ਼ ਦੀ ਫੇਰੀ ਦੌਰਾਨ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਉਜੈਨ ਵੀ ਗਏ ਅਤੇ ਪਵਿੱਤਰ ਬਾਬਾ ਮਹਾਕਾਲੇਸ਼ਵਰ ਮੰਦਰ ਵਿਚ ਨਤਮਸਤਕ ਹੋਏ ਤੇ ਪ੍ਰਾਰਥਨਾ ਕੀਤੀ।

ਚੁੱਘ ਨੇ ਦੱਸਿਆ ਕਿ ਉਨ੍ਹਾਂ ਨੇ ਮੰਦਰ ਵਿਚ ਮੱਥਾ ਟੇਕਦੇ ਹੋਏ ਦੇਸ਼ ਵਾਸੀਆਂ ਦੀ ਖੁਸ਼ਹਾਲੀ ਤੇ ਦੇਸ਼ ਦੀ ਤਰੱਕੀ ਲਈ ਪ੍ਰਾਰਥਨਾ ਕੀਤੀ। ਚੁੱਘ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਦੇਸ਼ ਆਪਣੀ ਸੱਭਿਆਚਾਰਕ ਸ਼ਾਨ ਤੇ ਅਧਿਆਤਮਿਕ ਵਿਰਾਸਤ ਨੂੰ ਨਵੇਂ ਯੁੱਗ ਵਿਚ ਮੁੜ ਬਹਾਲ ਕਰ ਰਿਹਾ ਹੈ। ਉਜੈਨ ਵਿਚ ਬਣਿਆ ਮਹਾਕਾਲ ਕੋਰੀਡੋਰ ਇਸ ਦੀ ਜਿਉਂਦੀ ਜਾਗਦੀ ਉਦਾਹਰਣ ਹੈ, ਜੋ ਸ਼ਰਧਾਲੂਆਂ ਨੂੰ ਆਧੁਨਿਕ ਸਹੂਲਤਾਂ ਦੇ ਨਾਲ ਦੇਸ਼ ਦੀਆਂ ਪ੍ਰਾਚੀਨ ਪ੍ਰੰਪਰਾਵਾਂ ਦਾ ਸ਼ਾਨਦਾਰ ਅਨੁਭਵ ਪ੍ਰਦਾਨ ਕਰਦਾ ਹੈ। ਚੁੱਘ ਨੇ ਕਿਹਾ ਕਿ ਬਾਬਾ ਮਹਾਕਾਲ ਦੇ ਆਸ਼ੀਰਵਾਦ ਨਾਲ ਦੇਸ਼ ਹੋਰ ਸੁਰੱਖਿਅਤ, ਖੁਸ਼ਹਾਲ ਤੇ ਸ਼ਕਤੀਸ਼ਾਲੀ ਬਣੇਗਾ ਅਤੇ ਹਰ ਨਾਗਰਿਕ ਦੇ ਜੀਵਨ ਵਿਚ ਸ਼ਾਂਤੀ, ਸਦਭਾਵਨਾ ਤੇ ਤਰੱਕੀ ਦੀ ਰੌਸ਼ਨੀ ਫੈਲੇਗੀ।

## 'ਮੁਸਲਿਮ ਜਮਾਤ ਅਹਿਮਦੀਆ ਦਾ ਸਾਲਾਨਾ ਜਲਸਾ ਸਾਰੇ ਧਰਮਾਂ ਦੀ ਏਕਤਾ ਦਾ ਅਲੰਬਰਦਾਰ'

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੁਸਲਿਮ ਜਮਾਤ ਅਹਿਮਦੀਆ ਦਾ ਦੂਸਰੇ ਦਿਨ ਦਾ ਜਲਸਾ ਸਾਲਾਨਾ ਪਵਿੱਤਰ ਕੁਰਾਨ ਸ਼ਰੀਫ ਦੀ ਤਿਲਾਵਤ ਦੇ ਨਾਲ ਆਰੰਭ ਹੋ ਗਿਆ। ਇਹ ਜਲਸਾ ਸਾਰੇ ਧਰਮਾਂ ਦੀ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਦਾ ਇੱਕ ਅਜ਼ੀਮੁਸ਼ਾਨ ਨਜ਼ਾਰਾ ਪੇਸ਼ ਕਰਦਾ ਹੈ। ਇਸ ਖਾਲਸ ਰੂਹਾਨੀ ਜਲਸੇ ਬਾਰੇ ਬਾਨੀ ਮੁਸਲਿਮ ਜਮਾਤ ਅਹਿਮਦੀਆ ਹਜ਼ਰਤ ਅਕਦਸ ਮਸੀਹੇ ਮਾਉਦ ਅਲੈਹ ਸਲਾਮ ਨੇ ਸਾਰੇ ਧਰਮਾਂ ਦਾ ਸਤਿਕਾਰ ਅਤੇ ਉਨ੍ਹਾਂ ਦੇ ਧਾਰਮਿਕ ਜਜ਼ਬਾਤ ਦਾ ਧਿਆਨ ਰੱਖਣ ਵੱਲ ਵਿਸ਼ੇਸ਼ ਧਿਆਨ ਦਿਵਾਇਆ ਹੈ ।ਬਾਨੀ ਮੁਸਲਿਮ ਜਮਾਤ ਅਹਿਮਦੀਆ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਅਲੈਹ ਸਲਾਮ ਫਰਮਾਉਂਦੇ ਹਨ ਕਿ ਐ ਹਮ ਵਤਨੋ, ਉਹ ਦੀਨ ਦੀਨ ਨਹੀਂ ਹੈ ਜਿਸ ਵਿੱਚ ਆਮ ਹਮਦਰਦੀ ਦੀ ਸਿੱਖਿਆ ਨਾ ਹੋਵੇ ।ਨਾ ਉਹ ਇਨਸਾਨ ਇਨਸਾਨ ਹੈ ਜਿਸ ਵਿੱਚ ਹਮਦਰਦੀ ਦਾ ਮਾਦਾ ਨਾ ਹੋਵੇ। ਸਾਡੇ ਖੁਦਾ ਨੇ ਕਿਸੇ ਕੌਮ ਨਾਲ ਫਰਕ ਨਹੀਂ ਕੀਤਾ। ਸਭ ਦੇ ਲਈ ਖੁਦਾ ਦੀ ਜ਼ਮੀਨ ਫਰਸ਼ ਦਾ ਕੰਮ ਦਿੰਦੀ ਹੈ ਅਤੇ ਸਭ ਦੇ ਲਈ ਉਸ ਦਾ ਸੂਰਜ ਅਤੇ ਚੰਨ ਅਤੇ ਕਈ ਸਿਤਾਰੇ ਰੌਸ਼ਨ ਚਿਰਾਗ ਦਾ ਕੰਮ ਦੇ ਰਹੇ ਹਨ। ਓਸ ਖੁਦਾ ਦੇ ਪੈਦਾ ਕੀਤੇ ਅਨਾਸਰ ਯਾਨੀ ਹਵਾ ਅਤੇ ਪਾਣੀ ਅਤੇ ਅੱਗ ਅਤੇ ਖਾਕ ਅਤੇ ਐਸਾ ਹੀ ਉਸ ਦੀਆਂ ਪੈਦਾ ਕੀਤੀਆਂ ਚੀਜ਼ਾਂ ਅਨਾਜ ਅਤੇ ਫਲ ਅਤੇ ਜੜੀ ਬੂਟੀਆਂ ਵਗੈਰਾ ਤੋਂ ਸਾਰੀਆਂ ਕੌਮਾਂ ਫਾਇਦਾ ਉਠਾ




ਰਹੀਆਂ ਹਨ ।ਬਸ ਇਹ ਇਖਲਾਕੇ ਰੱਬਾਨੀ ਸਾਨੂੰ ਸਿੱਖਿਆ ਦਿੰਦੇ ਹਨ ਕਿ ਅਸੀਂ ਵੀ ਇਨਸਾਨਾਂ ਨਾਲ ਮੁਰੱਵਤ ਅਤੇ ਸਲੂਕ ਨਾਲ ਪੇਸ਼ ਆਈਏ ਅਤੇ ਤੰਗ ਦਿਲ ਅਤੇ ਤੰਗ ਜਰਫ ਨਾ ਬਣੀਏ।ਜਮਾਤ ਅਹਿਮਦੀਆ ਦੀ ਇਹੀ ਵਿਸ਼ੇਸ਼ਤਾ ਹੈ ਕਿ ਜਿਸ ਹੱਦ ਤੱਕ ਸਮਰਥਾ ਹੈ ਖਿਦਮਤੇ ਖਲਕ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦੀ ਹੈ ਅਤੇ ਜੋ ਵਸੀਲੇ ਪ੍ਰਾਪਤ ਹਨ ਉਨ੍ਹਾਂ ਦੇ ਅੰਦਰ ਰਹਿ ਕੇ ਜਿੰਨੀ ਖਿਦਮਤ ਖਲਕ ਅਤੇ ਖਿਦਮਤ ਇਨਸਾਨੀਅਤ ਹੋ ਸਕਦੀ ਹੈ ਉਹ ਇਨਫਰਾਦੀ ਤੌਰ 'ਤੇ ਵੀ ਅਤੇ ਜਮਾਤੀ ਤੌਰ 'ਤੇ ਵੀ ਕੀਤੀ ਜਾਂਦੀ ਹੈ।ਜਮਾਤ ਅਹਿਮਦੀਆ ਨੂੰ ਜਿਸ ਹੱਦ ਤੱਕ ਸਮਰਥਾ ਹੈ ਉਹ ਲੋਕਾਂ ਦੀ ਭੁੱਖ ਮਿਟਾਉਣ ਦੇ ਲਈ ਗਰੀਬਾਂ ਦੇ ਇਲਾਜ, ਸਿੱਖਿਆ ਦੇ ਲਈ ਕੋਸ਼ਿਸ਼ਾਂ ਕਰਦੀ ਹੈ।

# ਹਰਚੰਦ ਸਿੰਘ ਬਰਸਟ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੀਤਾ ਨਮਨ

ਸਮਾਣਾ (ਇਕਬਾਲ ਸਿੰਘ ਬੱਲ)-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਨਮਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਬੇਮਿਸਾਲ ਤੇ ਅਦੁੱਤੀ ਕੁਰਬਾਨੀ ਸਿਰਫ਼ ਪੰਜਾਬੀਆਂ ਤੇ ਭਾਰਤ ਵਾਸੀਆਂ ਲਈ ਹੀ ਨਹੀਂ, ਸਗੋਂ ਸੰਸਾਰ ਭਰ ਦੀ ਮਨੁੱਖਤਾ ਲਈ ਵੀ ਪ੍ਰੇਰਣਾ ਦਾ ਸਰੋਤ ਹੈ।ਉਨ੍ਹਾਂ ਕਿਹਾ ਕਿ ਇਹ ਮਹਾਨ ਸ਼ਹਾਦਤਾਂ ਇਤਿਹਾਸ ਵਿੱਚ ਅਦੁਤੀ ਸਥਾਨ ਰੱਖਦੀਆਂ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜ਼ੁਲਮ, ਤਾਨਾਸ਼ਾਹੀ ਤੇ ਬੇਇਨਸਾਫੀ ਦੇ ਖ਼ਿਲਾਫ਼ ਡਟ ਕੇ ਖੜ੍ਹਨ ਤੇ ਲੜਨ ਲਈ ਪ੍ਰੇਰਿਤ ਕਰਦੀਆਂ ਰਹਿਣਗੀਆਂ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਤੇ ਧਰਮ ਦੀ ਰੱਖਿਆ ਲਈ ਆਪਣਾ ਪੂਰਾ ਪਰਿਵਾਰ ਕੁਰਬਾਨ ਕਰ ਦਿੱਤਾ ਅਤੇ ਸੰਸਾਰ ਨੂੰ ਜ਼ੁਲਮਾਂ ਦੇ ਖ਼ਿਲਾਫ਼ ਨਿਡਰ ਹੋ ਕੇ ਖੜ੍ਹਨ ਦਾ ਰਾਹ ਦਿਖਾਇਆ।

ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਧਰਮ, ਹਿੰਮਤ ਤੇ ਅਡੋਲਤਾ ਦੇ ਸਰਵਉੱਚ ਆਦਰਸ਼ਾਂ ਦੀ ਪ੍ਰਤੀਕ ਹੈ। ਚੇਅਰਮੈਨ ਨੇ ਕਿਹਾ ਕਿ ਜ਼ੁਲਮੀ ਸ਼ਾਸਨ ਅੱਗੇ ਨਾ ਝੁੱਕ ਕੇ ਛੋਟੇ ਸਾਹਿਬਜ਼ਾਦਿਆਂ ਵੱਲੋਂ ਮਨੁੱਖਤਾ ਨੂੰ ਬੇਇਨਸਾਫ਼ੀ ਤੇ ਜਬਰ-ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਦਿੱਤੀ ਗਈ।

ਬਰਸਟ ਨੇ ਕਿਹਾ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੰਸਾਰਕ ਇਤਿਹਾਸ ਦਾ ਇੱਕ ਅਦੁੱਤੀ ਅਧਿਆਇ ਹੈ, ਜੋ ਧਰਮ, ਹਿੰਮਤ ਤੇ ਅਡੋਲਤਾ ਦੇ ਸਰਵਉੱਚ ਆਦਰਸ਼ਾਂ ਨੂੰ ਪ੍ਰਤੀਬਿੰਬਤ ਕਰਦਾ ਹੈ।ਉਨ੍ਹਾਂ ਪ੍ਰਮਾਤਮਾ ਤੋਂ ਪੰਜਾਬ ਦੀ ਚੜ੍ਹਦੀਕਲਾ, ਸਦਭਾਵਨਾ, ਸ਼ਾਂਤੀ ਤੇ ਭਾਈਚਾਰਕ ਸਾਂਝ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਮਜ਼ਬੂਤ ਕਰਨ ਦੀ ਅਰਦਾਸ ਕੀਤੀ ਹੈ।

## 32 ਬੋਰ ਦੇਸੀ ਪਿਸਟਲ, 2 ਮੈਗਜ਼ੀਨ ਤੇ 5 ਜ਼ਿੰਦਾ ਕਾਰਤੂਸ ਸਮੇਤ ਦੋਸ਼ੀ ਗ੍ਰਿਫ਼ਤਾਰ

ਡੇਰਾਬੱਸੀ (ਵਿਨੈ ਕੁਮਾਰ ਜੈਨ)-ਪੰਜਾਬ 'ਚ ਗੈਂਗਸਟਰਵਾਦ ਅਤੇ ਅਪਰਾਧਕ ਗਤੀਵਿਧੀਆਂ 'ਤੇ ਨਕੇਲ ਕੱਸਣ ਲਈ ਪੁਲਸ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਲਾਲੜੂ ਪੁਲਸ ਨੇ 32 ਬੋਰ ਦੇਸੀ ਪਿਸਟਲ, 2 ਮੈਗਜ਼ੀਨ ਅਤੇ 5 ਜ਼ਿੰਦਾ ਕਾਰਤੂਸ ਸਮੇਤ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕਰਕੇ ਉਸ ਖ਼ਿਲਾਫ਼ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀਆਂ ਦੱਸਿਆ ਕਿ ਡਾ. ਹਰਮਨਦੀਪ ਸਿੰਘ ਹਾਂਸ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ.ਏ.ਐਸ. ਨਗਰ ਵੱਲੋਂ ਪੰਜਾਬ ਵਿੱਚ ਗੈਂਗਸਟਰਵਾਦ ਦੇ ਖ਼ਾਤਮੇ ਅਤੇ ਸ਼ਹੀਦੀ ਦਿਹਾੜਿਆਂ ਤੇ ਨਵੇਂ ਸਾਲ ਦੇ ਸਮਾਗਮਾਂ ਦੌਰਾਨ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਸਪਸ਼ਟ ਹੁਕਮ ਜਾਰੀ ਕੀਤੇ ਗਏ ਹਨ।ਉਨ੍ਹਾਂ ਹੁਕਮਾਂ ਦੇ ਅਧੀਨ ਮਨਪ੍ਰੀਤ ਸਿੰਘ ਕਪਤਾਨ ਪੁਲਸ ਦਿਹਾਤੀ ਅਤੇ ਨਵੀਨ ਪਾਲ ਸਿੰਘ ਲਹਿਲ, ਡੀ.ਐਸ.ਪੀ. ਸਰਕਲ ਡੇਰਾਬੱਸੀ ਦੀ ਯੋਗ ਰਹਿਨੁਮਾਈ ਹੇਠ ਅਤੇ ਇੰਸਪੈਕਟਰ ਰਣਬੀਰ ਸਿੰਘ ਸੰਧੂ, ਮੁੱਖ ਅਫ਼ਸਰ ਥਾਣਾ ਲਾਲੜੂ ਦੀ ਨਿਗਰਾਨੀ ਹੇਠ ਲਾਲੜੂ ਪੁਲਸ ਵੱਲੋਂ ਵਿਸ਼ੇਸ਼ ਗਸ਼ਤ ਅਤੇ ਨਾਕਾਬੰਦੀ ਕੀਤੀ ਜਾ ਰਹੀ ਸੀ।ਪੁਲਿਸ ਮੁਤਾਬਕ 26 ਦਸੰਬਰ ਨੂੰ ਦੌਰਾਨੇ ਗਸ਼ਤ ਸਰਸੀਣੀ ਬੱਸ ਸਟੈਂਡ ਨੇੜੇ ਸ਼ਾਮ ਕਰੀਬ 4.50 ਵਜੇ ਵਾਹਨਾਂ ਅਤੇ ਆਉਣ-ਜਾਣ ਵਾਲੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਇੱਕ ਵਿਅਕਤੀ ਪਿਠੂ ਬੈਗ ਸਮੇਤ ਪੁਲਸ ਪਾਰਟੀ ਨੂੰ ਦੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ, ਜਿਸ 'ਤੇ ਪੁਲਸ ਨੂੰ ਸ਼ੱਕ ਹੋਇਆ।ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਘੇਰ ਕੇ ਕਾਬੂ ਕਰ ਲਿਆ। ਜਦੋਂ ਉਸ



ਨੂੰ ਰੋਕ ਕੇ ਨਾਂਅ-ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਸੁਨੀਲ ਪੁੱਤਰ ਵਿਸ਼ਵਨਾਥ ਸਾਹਨੀ ਵਾਸੀ ਪਿੰਡ ਭਚੋੜਾ, ਥਾਣਾ ਬਾਵਵਈ, ਜ਼ਿਲ੍ਹਾ ਮਧੁਵਨੀ (ਬਿਹਾਰ) ਦੱਸਿਆ, ਜੋ ਕਿ ਮੌਜੂਦਾ ਸਮੇਂ ਮਕਾਨ ਨੰਬਰ 41-ਡੀ, ਚੰਡੀਗੜ੍ਹ ਵਿਖੇ ਰਹਿ ਰਿਹਾ ਸੀ।ਉਕਤ ਦੇ ਪਿੱਠੂ ਬੈਗ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਇੱਕ .32 ਬੋਰ ਦੇਸੀ ਪਿਸਟਲ, 2 ਮੈਗਜ਼ੀਨ ਅਤੇ 5 ਜ਼ਿੰਦਾ ਕਾਰਤੂਸ ਬਰਾਮਦ ਹੋਏ। ਇਸ ਸਬੰਧੀ ਥਾਣਾ ਲਾਲੜੂ ਵਿੱਚ ਮੁਕੱਦਮਾ ਦਰਜ ਕਰ ਲਿਆ ਗਿਆ। ਮੁਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਇਹ ਨਾਜਾਇਜ਼ ਅਸਲਾ ਯੂ.ਪੀ. ਤੋਂ ਲੈ ਕੇ ਆਇਆ ਸੀ ਅਤੇ ਇਸ ਨੂੰ ਪੰਜਾਬ ਵਿੱਚ ਕਿਸੇ ਗੰਭੀਰ ਅਪਰਾਧਕ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤਿਆ ਜਾਣਾ ਸੀ।

## ਦਾਲ, ਪ੍ਰਸ਼ਾਦੇ ਤੇ ਦੁੱਧ ਦੇ ਲੰਗਰ ਲਗਾਏ

ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਪਿੰਡ ਮਾਨ ਸੈਂਡਵਾਲ ਵਿਖੇ ਸਾਬਕਾ ਸਰਪੰਚ ਪ੍ਰੇਮ ਸਿੰਘ ਮਾਨ ਦੇ ਗ੍ਰਹਿ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਾਲ ਪ੍ਰਸ਼ਾਦੇ ਤੇ ਦੁੱਧ ਦੇ ਲੰਗਰ ਲਗਾਏ ਗਏ।ਇਸ ਮੌਕੇ ਬੀਬੀਆਂ ਵੱਲੋਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਬੜੀ ਸ਼ਰਧਾ ਭਾਵਨਾ ਨਾਲ ਲੰਗਰ ਤਿਆਰ ਕੀਤੇ ਗਏ।ਮਾਨ ਪਰਿਵਾਰ ਵੱਲੋਂ ਪਿੰਡ ਦੀਆਂ ਸੰਗਤਾਂ ਨੂੰ ਬੜੀ ਸ਼ਰਧਾ ਸਤਿਕਾਰ ਨਾਲ ਲੰਗਰ ਛਕਾਇਆ ਗਿਆ।



## ਨੌਜਵਾਨ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਵਾਲਾ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਬਲੀਬੇਗ ਬਸਤੀ ਦੇ ਵਸਨੀਕ ਨੌਜਵਾਨ ਅਕਾਸ਼ ਕੁਮਾਰ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਵਾਲੇ ਮੁਲਜ਼ਮ ਪੰਕਜ ਕੁਮਾਰ ਵਾਸੀ ਬਲੀਬੇਗ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ। ਪੁਲਸ ਨੂੰ ਬਿਆਨ ਦਰਜ ਕਰਵਾਉਂਦਿਆਂ ਅਕਾਸ਼ ਕੁਮਾਰ ਨੇ ਦੱਸਿਆ ਕਿ ਉਹ ਮਜ਼ਦੂਰੀ ਕਰਦਾ ਹੈ ਤੇ ਰਾਜੇਸ਼ ਕਰਿਆਨਾ ਸਟੋਰ ਕੋਲ ਖੜ੍ਹਾ ਸੀ ਤਾਂ ਪੰਕਜ ਕੁਮਾਰ ਆਉਂਦੇ ਸਾਰੇ ਮੈਨੂੰ ਗਾਲੀ-ਗਲੋਚ ਕਰਨ ਲੱਗਾ, ਜਿਸ ਤੋਂ ਬਾਅਦ ਸਾਡੀ ਹੱਥੋਪਾਈ ਵੀ ਹੋ ਗਈ। ਮੋਹਤਬਰਾਂ ਵੱਲੋਂ ਸਾਨੂੰ ਸਮਝਾ ਕੇ ਘਰ ਭੇਜ ਦਿੱਤਾ ਗਿਆ ਤਾਂ ਪੰਕਜ ਕੁਮਾਰ 11 ਵਜੇ ਦੁਬਾਰਾ ਚਾਕੂ ਲੈ ਕੇ ਆਇਆ ਤੇ ਮੈਨੂੰ ਮਾਰ ਦੇਣ ਦੀ ਨੀਅਤ ਨਾਲ ਮੇਰੀ ਗਰਦਨ 'ਤੇ ਵਾਰ ਕੀਤਾ, ਦੂਸਰਾ ਵਾਰ ਕਰਨ 'ਤੇ ਮੈਂ ਦੋਵੇਂ ਹੱਥ ਅੱਗੇ ਕਰ ਲਏ ਜੋ ਮੇਰੇ ਸੱਜੇ ਹੱਥ ਦੇ ਅੰਗੂਠੇ ਕੋਲ ਤੇ ਖੱਬੇ ਹੱਥ ਦੀ ਉਂਗਲ 'ਤੇ ਲੱਗਾ। ਮੇਰੇ ਵੱਲੋਂ ਰੌਲਾ ਪਾਉਣ 'ਤੇ ਪੰਕਜ ਮੌਕੇ ਤੋਂ ਫ਼ਰਾਰ ਹੋ ਗਿਆ। ਲੜਾਈ ਦੀ ਵਜ੍ਹਾ ਰੰਜਿਸ਼ ਇਹ ਹੈ ਕਿ ਪੰਕਜ ਕੁਮਾਰ ਮੈਨੂੰ ਕਰਿਆਨੇ ਦੀ ਦੁਕਾਨ 'ਤੇ ਬੈਠਣ ਤੋਂ ਰੋਕਦਾ ਸੀ ਤੇ ਗਾਲੀ-ਗਲੋਚ ਕਰ



ਮੈਨੂੰ ਮਾਰ ਦੇਣ ਦੀਆਂ ਧਮਕੀਆਂ ਦਿੰਦਾ ਸੀ। ਇਲਾਜ ਲਈ ਮੈਨੂੰ ਮੇਰੀ ਚਾਚੀ ਰਾਜੂ ਦੇਵੀ ਨੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ। ਪੁਲਸ ਵੱਲੋਂ ਅਕਾਸ਼ ਕੁਮਾਰ ਵੱਲੋਂ ਦਿੱਤੇ ਬਿਆਨਾਂ 'ਤੇ ਅਧਾਰ 'ਤੇ ਪੰਕਜ ਕੁਮਾਰ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਉਸ ਨੂੰ ਕਾਬੂ ਕਰ ਲਿਆ ਹੈ।

# ਪੀਰ ਮੁਛੱਲਾ 'ਚ ਲਗਾਇਆ ਦੰਦਾਂ ਦਾ ਕੈਂਪ


ਜ਼ੀਰਕਪੁਰ (ਵਿਨੈ ਕੁਮਾਰ ਜੈਨ)-ਬੁਰਸ਼ ਕਰਨ ਦੇ ਸਹੀ ਢੰਗ ਨਾਲ ਹੀ ਦੰਦਾਂ ਦੀ ਉਮਰ ਵਧਾਈ ਜਾ ਸਕਦੀ ਹੈ। ਚਿਹਰੇ ਦੀ ਦਿੱਖ ਦੰਦਾਂ



ਦੀ ਸੁੰਦਰਤਾ 'ਤੇ ਨਿਰਭਰ ਕਰਦੀ ਹੈ। ਉਕਤ ਵਿਚਾਰ ਇੰਡੀਅਨ ਡੈਂਟਲ ਐਸੋਸੀਏਸ਼ਨ ਮੋਹਾਲੀ ਦੀ ਸਾਬਕਾ ਪ੍ਰਧਾਨ ਡਾ. ਰੋਮਿਕਾ ਵਢੇਰਾ ਨੇ ਪ੍ਰਯੋਗ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟ ਆਪ੍ਰੇਸ਼ਨ ਦੰਤ ਰਕਸ਼ਕ ਦੇ ਤਹਿਤ ਵੈਲਨੈੱਸ ਵੁੱਡਸ, ਪੀਰ ਮੁਛੱਲਾ ਵਿਖੇ ਲਗਾਏ ਗਏ ਕੈਂਪ ਦੌਰਾਨ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ 12 ਤੋਂ 60 ਸਾਲ ਦੀ ਉਮਰ ਦੇ ਲੋਕਾਂ ਨੂੰ ਦੰਦਾਂ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਡਾ. ਕਵਿਤਾ ਸ਼ਰਮਾ ਨੇ ਕਿਹਾ ਕਿ ਖਾਣ-ਪੀਣ ਦੀਆਂ ਆਦਤਾਂ ਵਿੱਚ ਬਦਲਾਅ ਕਾਰਨ ਦੰਦਾਂ ਦੀਆਂ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ। ਡਾ. ਦਿਵਿਆ ਸਿੰਗਲਾ ਨੇ ਕਿਹਾ ਕਿ ਜੀਵਨ ਸ਼ੈਲੀ ਵਿੱਚ ਬਦਲਾਅ ਕਾਰਨ ਦੰਦਾਂ ਦੀ ਐਕਸਰਸਾਈਜ਼ ਬੰਦ ਹੋ ਗਈ ਹੈ, ਜਿਸ ਕਾਰਨ ਨੌਜਵਾਨਾਂ ਵਿੱਚ ਦੰਦਾਂ ਦੇ ਟੇਢੇ-ਮੇਢੇ ਹੋਣ ਦੀ ਸਮੱਸਿਆ ਲਗਾਤਾਰ ਵਧ ਰਹੀ ਹੈ। ਵੈਲਨੈੱਸ ਵੁੱਡਸ ਅਤੇ ਓਜ ਫਿਟਨੈਸ ਕਲੀਨਿਕ ਅਤੇ ਐਜੂਕੇਸ਼ਨ ਸੈਂਟਰ ਦੀ ਡਾਇਰੈਕਟਰ ਡਾ. ਵਿਭਾ ਬਾਵਾ ਨੇ ਲੋਕਾਂ ਨੂੰ ਹੈਲਥ ਐਂਡ ਵੈੱਲਨੈਸ ਬਾਰੇ ਜਾਗਰੂਕ ਕੀਤਾ। ਕੈਂਪ ਦੌਰਾਨ ਡਾ. ਪ੍ਰਤਿਭਾ ਦੀ ਮਦਦ ਨਾਲ ਲਗਭਗ ਸੌ ਲੋਕਾਂ ਦੀ ਜਾਂਚ ਕੀਤੀ ਗਈ ਅਤੇ ਮੁਫਤ ਸਲਾਹ-ਮਸ਼ਵਰਾ ਦਿੱਤਾ ਗਿਆ।ਪ੍ਰਯੋਗ ਫਾਊਂਡੇਸ਼ਨ ਦੇ ਪ੍ਰਧਾਨ ਸੰਜੀਵ ਸ਼ਰਮਾ ਨੇ ਦੱਸਿਆ ਕਿ ਸੰਸਥਾ ਨੇ ਆਪ੍ਰੇਸ਼ਨ ਦੰਤ ਰਕਸ਼ਕ ਦੇ ਤਹਿਤ ਅੱਜ 47ਵਾਂ ਕੈਂਪ ਲਗਾਇਆ ਹੈ। ਇਸ ਤੋਂ ਇਲਾਵਾ, ਲਗਭਗ 50 ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ ਹਨ। ਇਸ ਮੌਕੇ ਪ੍ਰਯੋਗ ਫਾਊਂਡੇਸ਼ਨ ਦੀ ਬੋਰਡ ਮੈਂਬਰ ਅਤੇ ਪ੍ਰਸਿੱਧ ਲੇਖਿਕਾ ਸੀਮਾ ਗੁਪਤਾ, ਉਪ ਪ੍ਰਧਾਨ ਨਵਨੀਤ ਸ਼ਰਮਾ, ਪ੍ਰੋਜੈਕਟ ਇੰਚਾਰਜ ਸ਼ਿਵਾਂਗੀ ਬਾਂਸਲ ਅਤੇ ਕਾਵਯਾਂਸ਼ ਬਾਵਾ ਸਮੇਤ ਕਈ ਹੋਰ ਪਤਵੰਤੇ ਮੌਜੂਦ ਸਨ।

## ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨਣ ਸਮੇਤ ਡੀ ਏ ਦੇਣ ਤੋਂ ਵੀ ਭੱਜੀ ਸਰਕਾਰ : ਪ ਸ ਸ ਫ

ਫਿਰੋਜ਼ਪੁਰ (ਗੁਰਬਚਨ ਸਿੰਘ)-ਸਾਲ 2025 ਵਿੱਚ ਮੁਲਾਜ਼ਮਾਂ ਦੀ ਮੁੱਖ ਮੰਗ ਡੀ ਏ (ਮਹਿੰਗਾਈ ਭੱਤੇ) ਦੀ ਕਿਸ਼ਤ ਜਾਰੀ ਕਰਨ ਸਮੇਤ ਪਿਛਲੀਆਂ ਪੰਜ ਕਿਸ਼ਤਾਂ 16 ਫੀਸਦੀ ਜੁਲਾਈ 2023 ਤੋਂ ਪੰਜਾਬ ਸਰਕਾਰ ਰੋਕੀ ਬੈਠੀ ਹੈ, ਜਿਸ ਨੂੰ ਲਾਗੂ ਕਰਵਾਉਣ ਲਈ ਮੁਲਾਜ਼ਮ ਵਰਗ ਨੇ ਛੋਟੇ ਵੱਡੇ ਐਕਸ਼ਨ ਕੀਤੇ, ਸਬ ਕਮੇਟੀ ਮੀਟਿੰਗਾਂ ਵਿੱਤ ਮੰਤਰੀ ਨਾਲ ਹੋਣ ਦੇ ਬਾਵਜੂਦ ਸਰਕਾਰ ਨੇ ਡੀ ਏ ਦੀਆਂ ਰੁਕੀਆਂ ਕਿਸ਼ਤਾਂ ਵਿੱਚੋਂ ਇੱਕ ਵੀ ਕਿਸ਼ਤ ਜਾਰੀ ਨਹੀਂ ਕੀਤੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਤੇ ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ-ਫੀਮੇਲ ਯੂਨੀਅਨ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਮੰਗਵਾਲ, ਕਨਵੀਨਰਾਂ ਹਰਵਿੰਦਰ ਸਿੰਘ ਛੀਨਾ, ਮਨਜੀਤ ਕੌਰ ਬਾਜਵਾ, ਜਨਰਲ ਸਕੱਤਰ ਸੁਖਜਿੰਦਰ ਸਿੰਘ ਫਾਜ਼ਿਲਕਾ, ਗੁਰਦੇਵ ਸਿੰਘ ਢਿੱਲੋਂ, ਵਿਰਸਾ ਸਿੰਘ ਪੰਨੂੰ, ਨਰਿੰਦਰ ਸ਼ਰਮਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਸੁਖਜੀਤ ਸਿੰਘ ਸੇਖੋਂ, ਅਵਤਾਰ ਸਿੰਘ ਗੰਢੂਆ, ਹਰਜੀਤ ਪੋਹਵਿੰਡ, ਸੁਰਿੰਦਰਪਾਲ ਸਿੰਘ ਸੋਨੀ, ਜਸਵਿੰਦਰ ਸਿੰਘ ਪੰਧੇਰ ਨਿਗਾਹੀ ਰਾਮ, ਬਲਜਿੰਦਰ ਸਿੰਘ ਬਰਨਾਲਾ, ਹਰਪ੍ਰੀਤ ਸਿੰਘ ਮਾਨਸਾ, ਦਲਜੀਤ ਢਿੱਲੋਂ, ਸਰਬਜੀਤ ਸਿੰਘ ਤਰਨਤਾਰਨ, ਮੈਡਮ ਕਵਿਤਾ, ਪਰਮਜੀਤ ਕੌਰ ਜਲੰਧਰ ਸਮੇਤ ਹੋਰ ਆਗੂਆਂ ਨੇ ਇੱਕ



ਮੀਟਿੰਗ ਪਿੱਛੋਂ ਕੀਤਾ। ਆਗੂਆਂ ਨੇ ਦੱਸਿਆ ਕਿ ਡੀ ਏ ਸਮੇਤ ਸਤੰਬਰ 2021 ਤੋਂ ਰੈਸ਼ਨੇਲਾਈਜ਼ੇਸ਼ਨ ਦੇ ਨਾਮ 'ਤੇ ਰੋਕੇ ਭੱਤੇ ਬਹਾਲ ਕਰਨ, ਏ ਸੀ ਪੀ ਸਕੀਮ 4,9,14 ਦੀ ਬਹਾਲੀ, ਕੇਂਦਰੀ ਸਕੇਲ ਦੀ ਥਾਂ ਪੰਜਾਬ ਸਕੇਲ ਲਾਗੂ ਕਰਨ, ਬਰਾਬਰ ਕੰਮ ਬਰਾਬਰ ਤਨਖਾਹ ਮਾਨਯੋਗ ਅਦਾਲਤਾਂ ਦੇ ਫੈਸਲੇ ਲਾਗੂ ਕਰਨ ਸਮੇਤ ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਤੋਂ ਇਲਾਵਾ ਵਿਭਾਗੀ ਮੰਗਾਂ ਜਿਉਂ ਦੀਆਂ ਤਿਉਂ ਹਨ, ਇਸ ਕਾਰਨ ਮੁਲਾਜ਼ਮ ਵਰਗ ਵਿੱਚ ਵਿਆਪਕ ਨਿਰਾਸ਼ਾ ਹੈ। ਆਉਂਦੇ ਦਿਨਾਂ ਵਿੱਚ ਸਾਂਝੇ ਫਰੰਟ ਹੇਠ ਸਮੁੱਚੇ ਮੁਲਾਜ਼ਮ ਵਰਗ ਨੂੰ ਇੱਕਠਾ ਕਰਕੇ ਵੱਡਾ ਘੋਲ ਮੁਲਾਜ਼ਮ ਵਰਗ ਦੀ ਹੋਂਦ ਨੂੰ ਬਚਾਉਣ ਲਈ ਲੜਿਆ ਜਾਵੇਗਾ। ਇਸ ਮੌਕੇ ਜਥੇਬੰਦੀ ਦੇ ਹੋਰ ਆਗੂ ਵੀ ਹਾਜ਼ਰ ਸਨ।

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ

ਮੋਹਾਲੀ (ਗੁਰਜੀਤ ਬਿੱਲਾ)-ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਿਹ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ 'ਅਕਾਲ ਸੇਵਾ' ਵੱਲੋਂ ਡੀਪਲਾਸ ਚੌਂਕ ਫੇਜ਼-1 ਮੋਹਾਲੀ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬ ਯੂਥ ਕਲੱਬ ਵੱਲੋਂ ਗੁਰੂ ਕਾ ਲੰਗਰ ਵੀ ਲਗਾਇਆ ਗਿਆ। ਇਹ ਸਮਾਜ ਸੇਵੀ ਕਾਰਜ ਅਕਾਲ ਸੇਵਾ ਦੇ ਪ੍ਰਧਾਨ ਤਰਨਪ੍ਰੀਤ ਸਿੰਘ ਧਾਲੀਵਾਲ ਅਤੇ ਪੰਜਾਬ ਯੂਥ ਕਲੱਬ ਦੇ ਪ੍ਰਧਾਨ ਜਸਕਰਨ ਸਿੰਘ ਕਰਨ ਦੀ ਅਗਵਾਈ ਹੇਠ ਸੰਪੰਨ ਹੋਇਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਖ਼ੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਭਰਵਾਂ ਯੋਗਦਾਨ ਪਾਇਆ। ਇਸ ਮੌਕੇ ਜ਼ਿਲ੍ਹਾ ਮੋਹਾਲੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਸਰਟੀਫਿਕੇਟ ਵੀ ਵੰਡੇ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਅਕਸਰ ਹਸਪਤਾਲਾਂ ਵਿੱਚ ਖ਼ੂਨ ਦੀ ਘਾਟ ਸਾਹਮਣੇ ਆਉਂਦੀ ਰਹਿੰਦੀ ਹੈ ਅਤੇ ਅਜਿਹੇ ਖ਼ੂਨਦਾਨ ਕੈਂਪ ਸਮਾਜ ਲਈ ਵਰਦਾਨ ਸਾਬਤ ਹੁੰਦੇ ਹਨ। ਉਨ੍ਹਾਂ ਆਖਿਆ ਕਿ ਨੌਜਵਾਨਾਂ ਵੱਲੋਂ ਖ਼ੂਨਦਾਨ ਵਿੱਚ ਭਰਵਾਂ



ਸਹਿਯੋਗ ਦੇਣਾ ਇਹ ਦਰਸਾਉਂਦਾ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਸਮਾਜਕ ਜ਼ਿੰਮੇਵਾਰੀਆਂ ਨੂੰ ਸਮਝਦੀ ਹੈ ਅਤੇ ਸੇਵਾ ਦੇ ਰਾਹ 'ਤੇ ਅੱਗੇ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਸਾਨੂੰ ਸੇਵਾ, ਸਹਿਣਸ਼ੀਲਤਾ, ਤਿਆਗ ਅਤੇ ਪਰਉਪਕਾਰ ਦੀ ਪ੍ਰੇਰਣਾ ਦਿੰਦੀ ਹੈ, ਜਿਸਨੂੰ ਅਜਿਹੇ ਸਮਾਜਕ ਕਾਰਜਾਂ ਰਾਹੀਂ ਅਮਲ ਵਿੱਚ ਲਿਆਉਣਾ ਸਾਡਾ ਨੈਤਿਕ ਫਰਜ਼ ਹੈ। ਅੰਤ ਵਿੱਚ ਆਯੋਜਕਾਂ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਸਦਾ ਸੇਵਾ ਅਤੇ ਕੁਰਬਾਨੀ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ ਦਿੰਦੀ ਰਹੇਗੀ।

# ਕਲਾਸੀਫਾਈਡ ਇਸ਼ਤਿਹਾਰ


### Public Notice

I, Satinder Kaur wife of Salwinder Singh resident of 1085, Navroop Nagar, Batala, Tehsil Batala, District Gurdaspur, Punjab declare that my son Sukhpinder Singh is out of my control. So I disinherit him from all my moveable and Immoveable properties. The person transacting with him himself will be responsible. I and my family will not have any responsibility. Concerned Note.

I, Sulvinder Singh Hajar Hasan son of Hazara Singh resident of Village Loh Chap, Tehsil Batala, District Gurdaspur, Punjab declare that my son Sukhpinder Singh is out of my control. So I disinherit him from all my moveable and Immoveable properties. The person transacting with him himself will be responsible. I and my family will not have any responsibility. Concerned Note.

### ਆਮ ਸੂਚਨਾ

ਮੈਂ, ਸ਼ਾਂਤੀ ਦੇਵੀ ਪੁੱਤਰੀ ਬੰਤ ਰਾਮ ਪੁੱਤਰ ਗੁਜਰ ਮੱਲ ਪਿੰਡ ਲੋਧੀ ਚੱਕ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਵਿਆਹ ਪਿਛੋਂ ਨਾਮ ਬਦਲ ਕੇ ਸਤਨਾਮ ਕੌਰ ਪਤਨੀ ਬਲਵੰਤ ਸਿੰਘ ਵਾਸੀ ਡੱਲਾ ਜ਼ਿਲ੍ਹਾ ਜਲੰਧਰ ਰੱਖ ਲਿਆ ਹੈ। ਮੇਰਾ ਮਾਲ ਮਹਿਕਮੇ 'ਚ ਨਾਮ ਸ਼ਾਂਤੀ ਦੇਵੀ ਲਿਖਿਆ ਹੈ। ਹੁਣ ਮੈਨੂੰ ਸਤਨਾਮ ਕੌਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮੇਰੇ ਨਾਮ ਦੀ ਦਰੁਸਤੀ ਕੀਤੀ ਜਾਵੇ। (ਆਰ)

### ਬੇਦਖਲੀ ਨੋਟਿਸ

ਮੈਂ, ਪ੍ਰੀਤੋ ਪਤਨੀ ਸ੍ਰੀ ਸੋਮ ਵਾਸੀ ਅਕਾਲਸਰ ਰੋਡ ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਅਤੇ ਮੇਰੀ ਨੂੰਹ ਦਰਸ਼ਨਾ ਰਾਣੀ ਅਤੇ ਮੇਰੇ ਪੋਤਰੇ ਅਮਨ ਅਤੇ ਨੇਸੂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਲਾਲ ਸਿੰਘ ਪੁੱਤਰ ਮੋਹਨ ਸਿੰਘ, ਵਾਸੀ ਮਕਾਨ ਨੰਬਰ 179 , ਸੰਗਤ ਸਿੰਘ ਨਗਰ , ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਯਾਦਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ, ਦਲੀਪ ਕੁਮਾਰ ਪੁੱਤਰ ਰਜਿੰਦਰ ਨਾਥ ਵਾਸੀ ਮਕਾਨ ਨੰ. 893, ਨੇੜੇ ਪਾਰਕ ਨੰ. 16, ਮਾਡਲ ਟਾਊਨ, ਫੇਸ 4-5, ਬਠਿੰਡਾ ਹਾਲ ਵਾਸੀ 112-ਸੀ, ਸੰਧੂ ਕਾਲੋਨੀ, ਨੇੜੇ ਓ ਸੀ ਐੱਮ ਖੰਡਵਾਲਾ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨੀਸ਼ ਕੁਮਾਰ ਅਤੇ ਉਸ ਦੀ ਪਤਨੀ ਯਾਚਨਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ ਤਾਨੀਆ ਪੁੱਤਰੀ ਚਰਨ ਸਿੰਘ ਵਾਸੀ ਪਿੰਡ ਭੇਡੀਆਂ, ਡਾਕਖਾਨਾ ਕਾਠਗੜ੍ਹ, ਤਹਿ. ਬਲਾਚੌਰ ਜ਼ਿਲ੍ਹਾ ਐੱਸ ਬੀ ਐੱਸ ਨਗਰ ਪੰਜਾਬ। ਮੈਂ ਆਪਣਾ ਨਾਂਅ ਬਦਲ ਕੇ ਤਾਨੀਆ ਰਾਣੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਜੋਬਨਜੀਤ ਸਿੰਘ ਬਮਰਾਹ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਨੀਲੇਵਾਲਾ, ਡਾਕਖਾਨਾ ਕੱਸੋਆਣਾ, ਤਹਿ: ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਨੇ ਆਪਣਾ ਨਾਮ ਬਦਲ ਕੇ ਜੋਬਨਜੀਤ ਸਿੰਘ ਰੱਖ ਲਿਆ ਹੈ।

ਮੈਂ, ਬਲਬੀਰ ਸਿੰਘ ਉਰਫ ਬੀਰਾ ਸਿੰਘ ਪੁੱਤਰ ਗੋਰਾ ਸਿੰਘ ਵਾਸੀ ਮਕਾਨ ਨੰਬਰ 199, ਇੰਦਰਾ ਕਲੋਨੀ, ਵੇਰਕਾ, ਅੰਮ੍ਰਿਤਸਰ ਪੰਜਾਬ ਸੂਚਿਤ ਕਰਦਾ ਹਾਂ ਕਿ ਬਲਬੀਰ ਸਿੰਘ ਅਤੇ ਬੀਰਾ ਸਿੰਘ ਦੋਨੋਂ ਨਾਮ ਮੇਰੇ ਹਨ ਅਤੇ ਮੈਨੂੰ ਮੇਰੇ ਦੋਵੇਂ ਨਾਮਾਂ ਤੋਂ ਜਾਣਿਆ ਜਾਵੇ।

### CHANGE OF NAME

I Lakhwinder Kaur W/O Ram Pal R/O Vill Jandi Po Kathagarh Teh Balachaur Distt Sbs Nagar Punjab Have Changed My Name To Kaur Lakhwinder. All Please Note

I, Amritpal Singh Gulati S/O Surjit Singh R/O B-306, B Block, Ranjeet Avenue, Amritsar,Punjab have changed my name from Amritpal Singh Gulati to Amritpal Singh. Concerned note.

I, Hardeep Kaur Kaura D/O Ajit Singh W/O Aman Preet Singh R/O T-2/278,Gali Mangal Singh,Chowk Prag Dass Near Sita Niwas Hotel, Amritsar, Punjab have changed my name from Hardeep Kaur Kaura to Hardeep Kaur. Concerned note.

It is for general information that I, Piya Verma D/O Ravi Kant Verma R/O H NO-156-A, St NO-04, Near GRD Nagar, New Guru Nanak Nagar Jamalpur, Ludhiana, Punjab 141010, declare that the name of mine has been wrongly written as Diya Verma in my passport no L8901127. The actual name of mine is Piya Verma which may be amended accordingly.

It is for general information that I, Yaksh Verma S/O Ravi Kant Verma R/O H NO-156-A, St NO-04, Near GRD Nagar, New Guru Nanak Nagar Jamalpur, Ludhiana, Punjab 141010, declare that the name of mine has been wrongly written as Krrish Verma in my passport no L8901115. The actual name of mine is Yaksh Verma which may be amended accordingly.

I, Harjeet Kaur W/o Sunil Dutt R/o L-2/333, Gali No. 5, Gurnam Nagar, Sultanwind Road, PO Gandhi, Amritsar have changed my name from Harjeet Kaur to Harjit Kaur. All concerns please note.

I, Raman Kumar Sharma S/o Ram Prakash Naaz R/o H.No. 3591/10, Gali Sewa Syal Kt. Dulo, Lahori Gate, Amritsar have changed my name from Raman Kumar Sharma to Raman Sharma Naaz and address H.No. 2, Silver Lane Palam Grove, Near Akam Dhaba, VPO Heir, Teh. & Distt. Amritsar.

I, Paramjit Kaur W/o Nirmal Singh R/o V.P.O. Bishankot, Distt. Gurdaspur, Punjab, India, have changed my name from Paramjit Kaur to Pramjit Kaur.

I, Gurmej Singh S/o Sukhwant Singh R/o Dyal Rajputan District Tarn Taran have declare that Gurmej is my Given name and Singh is my Surname.

I, Ranjit son of Balkar Masih resident of Village Taragarh, Post Office Dharam Kot Bagga, Tehsil Batala, Distt. Gurdaspur, Punjab have changed my name from Ranjit to Ranjit Masih. Concerned Note.

I, Rajvinder Singh, S/o Gurmukh Singh, R/o House No. 260, Kalia Colony, Jalandhar, Punjab, have structured my name as "Rajvinder" (given name) and "Singh" (surname). All concerned may please note the same.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਸਹੁਰੇ ਵੱਲੋਂ ਨੂੰਹ ਦਾ ਬੇਰਹਿਮੀ ਨਾਲ ਕਤਲ

**ਸਨੌਰ (ਰਾਜਿੰਦਰ ਥਿੰਦ)**-ਸਨੌਰ ਦੇ ਕਸਾਬੀਆਂ ਵਾਲੇ ਮਹੁੱਲੇ ਵਿੱਚ ਬੀਤੇ ਦਿਨੀ ਇੱਕ ਦਿਲ ਦਹਿਲਾ ਦੇਣ ਵਾਲਾ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨਾਲ ਪੂਰੇ ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।



ਇਸ ਸਬੰਧੀ ਥਾਣਾ ਮੁੱਖੀ ਸਨੌਰ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਦੱਸਿਆ ਕਿ ਰਜਿੰਦਰਾ ਹਸਪਤਾਲ ਪਟਿਆਲਾ ਦੇ ਡਾਕਟਰ ਵੱਲੋਂ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਇੱਕ ਵਿਆਹੀ ਲੜਕੀ ਅੰਜੂ ਦੀ ਮੌਤ ਹੋ ਚੁੱਕੀ ਹੈ, ਜਦਕਿ ਉਸਦੀ ਸੱਸ ਮਲਕੀਤ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਇਲਾਜ ਅਧੀਨ ਹੈ।

ਪੁਲਸ ਵੱਲੋਂ ਮ੍ਰਿਤਕਾ ਅੰਜੂ ਦੇ ਦਾਦਾ ਬਲਦੇਵ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਲੜਕੀ ਦੇ ਸਹੁਰੇ ਪ੍ਰਕਾਸ਼ ਚੰਦ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਥਾਣਾ ਮੁੱਖੀ ਦੇ ਮੁਤਾਬਕ ਪ੍ਰਕਾਸ਼ ਚੰਦ ਕੋਈ ਕੰਮਕਾਰ ਨਹੀਂ ਕਰਦਾ ਸੀ ਅਤੇ ਅਕਸਰ ਆਪਣੀ ਨੂੰਹ ਅੰਜੂ ਅਤੇ ਆਪਣੀ ਘਰਵਾਲੀ ਮਲਕੀਤ ਕੌਰ ਤੋਂ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ।ਪੈਸਿਆਂ ਦੀ ਮੰਗ ਨੂੰ ਲੈ ਕੇ ਘਰ ਵਿੱਚ ਅਕਸਰ ਲੜਾਈ-ਝਗੜੇ ਹੁੰਦੇ ਰਹਿੰਦੇ ਸਨ, ਜੋ ਆਖ਼ਰਕਾਰ ਇਸ ਦਰਦਨਾਕ ਘਟਨਾ ਦਾ ਕਾਰਨ ਬਣੇ।

## ਪ੍ਰਭਾਤ ਫੇਰੀਆਂ ਦੌਰਾਨ ਘੁੱਪ ਹਨੇਰਾ ਬਣ ਸਕਦਾ ਹੈ ਵੱਡੇ ਹਾਦਸੇ ਦਾ ਕਾਰਨ : ਪਾਹਵਾ

**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਫਗਵਾੜਾ ਦੇ ਪ੍ਰਧਾਨ ਹਰਜੋਤ ਸਿੰਘ ਪਾਹਵਾ ਨੇ ਪੰਜਾਬ ਸਰਕਾਰ ਦੇ ਵਿਕਾਸ ਸਬੰਧੀ ਦਾਅਵਿਆਂ ਨੂੰ ਝੂਠ ਦੀ ਪੰਡ ਦੱਸਦਿਆਂ ਕਿਹਾ ਕਿ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੇ ਪਾਵਨ ਦਿਨਾਂ ਦੌਰਾਨ ਜਿੱਥੇ ਰੋਜ਼ਾਨਾ ਸਵੇਰ ਸਮੇਂ ਗੁਰਦੁਆਰਾ ਸਾਹਿਬ ਤੋਂ ਪ੍ਰਭਾਤ ਫੇਰੀਆਂ ਨਿੱਕਲਦੀਆਂ ਹਨ, ਉੱਥੇ ਨਗਰ ਨਿਗਮ ਦੀ ਲਾਪਰਵਾਹੀ ਲੋਕਾਂ ਦੀ ਜਾਨ ਲਈ ਖ਼ਤਰਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਪੋਹ ਮਹੀਨੇ ਦੀ ਹੱਡ ਕੰਬਾਉਂਦੀ ਠੰਢ, ਸਵੇਰ ਦੇ ਸਮੇਂ ਘਣੀ ਧੁੰਦ ਅਤੇ ਹਨ੍ਹੇਰਾ ਹੁੰਦਾ ਹੈ ਪਰ ਇਸਦੇ ਬਾਵਜੂਦ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਸਟਰੀਟ ਲਾਈਟਾਂ ਬੰਦ ਪਈਆਂ ਹਨ, ਜਿਸ ਕਾਰਨ ਘੁੱਪ ਹਨ੍ਹੇਰਾ ਛਾਇਆ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਸ਼ਰਧਾਲੂਆਂ ਨਾਲ ਕੋਈ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ। ਹਰਜੋਤ ਸਿੰਘ ਪਾਹਵਾ ਨੇ ਨਗਰ ਨਿਗਮ ਫਗਵਾੜਾ, ਮੇਅਰ ਰਾਮਪਾਲ ਉੱਪਲ ਅਤੇ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਤੋਂ ਜ਼ੋਰਦਾਰ ਮੰਗ ਕੀਤੀ ਕਿ ਸ਼ਹਿਰ ਵਿੱਚ ਤੁਰੰਤ ਪ੍ਰਭਾਵ ਨਾਲ ਸਾਰੀਆਂ ਬੰਦ ਸਟਰੀਟ ਲਾਈਟਾਂ ਚਾਲੂ ਕਰਵਾਈਆਂ ਜਾਣ।


### ਜਨਮ ਦਿਨ ਮੁਬਾਰਕ



ਸੁੱਖਜੋਤ ਕੌਰ
ਪਿੰਡ ਖੋਜਕੀਪੁਰ, ਜ਼ਿਲ੍ਹਾ ਜਲੰਧਰ



ਅਯਾਨ ਚੌਧਰੀ, ਅੰਮ੍ਰਿਤਸਰ

## ਬਿਆਸ ਪਿੰਡ 'ਚ ਪਰਵਾਰ ਨੂੰ ਬੰਧਕ ਬਣਾ ਕੇ ਲੁਟੇਰਿਆਂ 10 ਤੋਲੇ ਸੋਨਾ ਤੇ ਨਕਦੀ ਲੁੱਟੀ

**ਆਦਮਪੁਰ, ਕਿਸ਼ਨਗੜ੍ਹ (ਮਦਨ ਬੰਗੜ, ਸੁਖਜੀਤ ਕੁਮਾਰ)**- ਬਿਆਸ ਪਿੰਡ ਵਿਖੇ ਇੱਕ ਪਰਵਾਰ ਨੂੰ ਬੰਧਕ ਬਣਾ ਕੇ ਲੁਟੇਰਿਆਂ ਵੱਲੋਂ ਘਰ ਵਿੱਚੋਂ ਨਕਦੀ ਅਤੇ ਸੋਨਾ ਲੁੱਟੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਿਆਸ ਪਿੰਡ ਵਿਖੇ ਰੇਲਵੇ ਲਾਈਨਾਂ ਨਜ਼ਦੀਕ ਖੇਤਾਂ ਵਿੱਚ ਬਣੇ ਹੋਏ ਮਕਾਨ 'ਚ ਰਹਿੰਦੇ ਨੰਬਰਦਾਰ ਲਖਵਿੰਦਰ ਸਿੰਘ ਪੁੱਤਰ ਸ਼ਿਵ ਸਿੰਘ ਦੇ ਘਰ ਬੀਤੀ ਰਾਤ ਪੰਜ ਤੋਂ ਸੱਤ ਲੁਟੇਰਿਆਂ ਵੱਲੋਂ ਕੀਤੀ ਗਈ ਲੁੱਟ ਸਬੰਧੀ ਜਾਣਕਾਰੀ ਦਿੰਦੇ ਹੋਏ ਪਰਵਾਰਕ ਮੈਂਬਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਸਵਾ ਇਕ ਵਜੇ ਦੇ ਕਰੀਬ ਉਨ੍ਹਾਂ ਦੇ ਘਰ ਦਾ ਪਿਛਲੇ ਪਾਸੇ ਦਾ ਦਰਵਾਜ਼ਾ ਜ਼ੋਰ-ਜ਼ੋਰ ਦੀ ਖੜਕ ਰਿਹਾ ਸੀ ਤਾਂ ਉਨ੍ਹਾਂ ਸੋਚਿਆ ਕਿ ਉਹਨਾਂ ਦਾ ਕੋਈ ਪਸ਼ੂ ਖੁੱਲ੍ਹ ਕੇ ਘਰ ਦੇ ਦਰਵਾਜ਼ੇ ਨੂੰ ਟੱਕਰ ਰਿਹਾ ਹੈ। ਜਦੋਂ ਉਹਨਾਂ ਨੇ ਆਪਣੇ ਘਰ ਦੀ ਮੇਨ ਗਰਿਲ ਦਾ ਦਰਵਾਜ਼ਾ ਖੋਲ੍ਹਿਆ ਤਾਂ ਬਾਹਰ ਖੜ੍ਹੇ ਲੁਟੇਰਿਆਂ ਨੇ ਜ਼ਬਰਦਸਤੀ ਘਰ ਅੰਦਰ ਵੜ ਕੇ ਤੇਜ਼ਧਾਰ ਹਥਿਆਰ ਦੀ ਨੋਕ 'ਤੇ ਪਰਵਾਰ ਵਿੱਚ ਮੌਜੂਦ ਲਖਵਿੰਦਰ ਸਿੰਘ, ਉਹਨਾਂ ਦੀ ਪਤਨੀ ਅਤੇ ਬੇਟੇ ਨੂੰ ਬੰਧਕ ਬਣਾ ਕੇ ਇੱਕ ਕਮਰੇ ਦੇ ਵਿੱਚ ਡੱਕ ਦਿੱਤਾ। ਮਨਪ੍ਰੀਤ ਨੇ ਦੱਸਿਆ ਕਿ ਲੁਟੇਰੇ ਵਾਰ ਵਾਰ ਗੋਲੀ ਮਾਰਨ ਦੀ ਧਮਕੀ ਦੇ ਰਹੇ ਸਨ । ਉਹ ਘਰ ਵਿੱਚ



ਲਗਭਗ 45 ਮਿੰਟ ਤੱਕ ਲੁੱਟ ਕਰਦੇ ਰਹੇ।ਉਹਨਾਂ ਆਪਣਾ ਮੂੰਹ ਸਿਰ ਢਕਿਆ ਹੋਇਆ ਸੀ ਅਤੇ ਪੰਜਾਬੀ ਬੋਲਦੇ ਸਨ। ਸਾਰੇ ਲੁਟੇਰੇ ਪੈਰਾਂ ਤੋਂ ਨੰਗੇ ਸਨ।ਘਰ ਦੇ ਸਾਰੇ ਕਮਰਿਆਂ ਦੀ ਫਰੋਲਾ ਫਰਾਲੀ ਕਰਨ ਤੋਂ ਬਾਅਦ ਲੁਟੇਰੇ ਲਗਭਗ ਇੱਕ ਲੱਖ ਰੁਪਏ ਦੀ ਨਕਦੀ ਅਤੇ 10 ਤੋਲੇ ਸੋਨਾ, ਚਾਰ ਮੋਬਾਇਲ ਲੁੱਟ ਕੇ ਲੈ ਗਏ। ਘਟਨਾ ਤੋਂ ਕੁਝ ਸਮਾਂ ਬਾਅਦ ਹੀ ਦੋ ਮੋਬਾਇਲ ਰੇਲਵੇ ਲਾਈਨਾਂ ਦੇ ਨਜ਼ਦੀਕ ਉਹਨਾਂ ਨੂੰ ਰੇਲਵੇ ਵਿਭਾਗ ਵੱਲੋਂ ਸੂਚਨਾ ਦੇਣ ਤੋਂ ਬਾਅਦ ਦੋ ਮੋਬਾਇਲ ਪ੍ਰਾਪਤ ਹੋ ਗਏ। ਚੋਰ ਵਾਰ ਵਾਰ ਪਰਵਾਰ ਵਿੱਚ ਹੋਏ ਪਿਛਲੇ ਦਿਨੀ ਇੱਕ ਵਿਆਹ ਸਬੰਧੀ ਪੁੱਛ ਰਹੇ ਸਨ ਕਿ ਤੁਸੀਂ ਵਿਆਹ ਬਹੁਤ ਧੂਮਧਾਮ ਨਾਲ ਕੀਤਾ ਹੈ ਤੇ ਬਹੁਤ ਪੈਸਾ ਖਰਚਿਆ ਹੈ। ਵਿਆਹਿਆ ਹੋਇਆ ਜੋੜਾ ਕਿੱਥੇ ਹੈ ? ਲੁਟੇਰੇ ਘਰ ਦੀ ਲੁੱਟ ਖਸੁੱਟ ਕਰਨ ਤੋਂ ਬਾਅਦ ਘਰਦਿਆਂ ਨੂੰ ਧਮਕੀ ਦੇ ਕੇ ਗਏ ਕਿ ਅਗਰ ਪੁਲਸ ਨੂੰ ਸੂਚਨਾ ਦਿੱਤੀ ਤਾਂ ਇਸ ਦਾ ਬੁਰਾ ਨਤੀਜਾ ਅੰਜਾਮ ਤੁਹਾਨੂੰ ਭੁਗਤਣਾ ਪਵੇਗਾ। ਲੁਟੇਰੇ ਲਗਭਗ ਸਵਾ ਦੋ ਵਜੇ ਘਰ ਤੋਂ ਬਾਹਰ ਨਿਕਲ ਗਏ। ਪਰਵਾਰਕ ਮੈਂਬਰਾਂ ਨੇ ਘਰ ਦੇ ਨਜ਼ਦੀਕ ਰਹਿੰਦੇ ਇੱਕ ਪ੍ਰਵਾਸੀ ਤੋਂ ਮੋਬਾਇਲ ਫੋਨ ਲੈ ਕੇ ਪੁਲਸ ਨੂੰ ਸੂਚਨਾ ਦਿੱਤੀ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਤੜਕੇ 3 ਵਜੇ ਦੇ ਕਰੀਬ 100 ਨੰਬਰ 'ਤੇ ਫੋਨ ਕਰਨ ਤੋਂ ਬਾਅਦ ਲਗਭਗ 4:30 ਵਜੇ ਦੇ ਕਰੀਬ ਪੁਲਸ ਪਾਰਟੀ ਮੌਕੇ 'ਤੇ ਪਹੁੰਚੀ। ਉਸ ਤੋਂ ਬਾਅਦ ਡੀ ਐਸ ਪੀ ਆਦਮਪੁਰ ਦਿਹਾਤੀ ਰਾਜੀਵ ਕੁਮਾਰ, ਥਾਣਾ ਮੁਖੀ ਆਦਮਪੁਰ ਰਵਿੰਦਰ ਪਾਲ ਸਿੰਘ ਵੀ ਪੁਲਸ ਪਾਰਟੀ ਸਮੇਤ ਪਹੁੰਚੇ।

## ਪ੍ਰਸ਼ਾਂਤ ਵੀਰ ਨੂੰ ਚੇਨਈ ਸੁਪਰ ਕਿੰਗਜ਼ ਨੇ 14.20 ਕਰੋੜ 'ਚ ਸਾਈਨ ਕੀਤਾ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਇੱਕ ਵੱਡਾ ਜਸ਼ਨ ਮਨਾ ਰਹੀ ਹੈ ਕਿਉਂਕਿ ਐੱਲ ਪੀ ਯੂ ਬੀ ਐੱਸ ਸੀ ਫਿਜ਼ੀਕਲ ਐਜੂਕੇਸ਼ਨ ਦੇ ਦੂਜੇ ਸਾਲ ਦੇ ਵਿਦਿਆਰਥੀ, ਪ੍ਰਸ਼ਾਂਤ ਵੀਰ ਨੇ ਚੇਨਈ ਸੁਪਰ ਕਿੰਗਜ਼ (ਸੀ ਐੱਸ ਕੇ) ਦੁਆਰਾ 14.20 ਕਰੋੜ ਵਿੱਚ ਲਏ ਜਾਣ ਤੋਂ ਬਾਅਦ ਇੰਡੀਅਨ ਪ੍ਰੀਮੀਅਰ ਲੀਗ ਦੇ ਇਤਿਹਾਸ ਵਿੱਚ ਸਭ ਤੋਂ ਮਹਿੰਗਾ ਅਨਕੈਪਡ ਖਿਡਾਰੀ ਬਣ ਕੇ ਇਤਿਹਾਸ ਰਚ ਦਿੱਤਾ ਹੈ।ਇਹ ਅਸਾਧਾਰਨ ਪ੍ਰਾਪਤੀ ਉੱਤਰ ਪ੍ਰਦੇਸ਼ ਦੇ ਅਮੇਠੀ ਦੇ ਖੇਤਾਂ ਵਿੱਚ ਸ਼ੁਰੂ ਹੋਈ ਇੱਕ ਪ੍ਰੇਰਨਾਦਾਇਕ ਯਾਤਰਾ ਦਾ ਤਾਜ ਹੈ। ਇੱਕ ਕਿਸਾਨ ਦੇ ਪੁੱਤਰ, ਪ੍ਰਸ਼ਾਂਤ ਨੇ 2017 ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਅਤੇ ਆਪਣੀ ਸਖ਼ਤ ਮਿਹਨਤ ਅਤੇ ਪ੍ਰਤਿਭਾ ਦੁਆਰਾ ਰੈਂਕ ਵਿੱਚ ਵਾਧਾ ਕੀਤਾ। ਉਨ੍ਹਾਂ ਦੇ ਅਣਥੱਕ ਸਮਰਪਣ ਨੂੰ ਕਈ ਵੱਕਾਰੀ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ, ਜਿਨ੍ਹਾਂ ਵਿੱਚ ਅੰਡਰ 23 ਸੀ ਕੇ ਨਾਇਡੂ ਮੈਨ ਆਫ਼ ਦ ਸੀਰੀਜ਼, ਰਣਜੀ ਟਰਾਫੀ ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ, ਅਤੇ ਪ੍ਰਤਿਸ਼ਠਾਵਾਨ ਯੂਪੀ ਟੀ 20 ਲੀਗ ਪਲੇਅਰ ਆਫ਼ ਦ ਟੂਰਨਾਮੈਂਟ ਸ਼ਾਮਲ ਹਨ।ਪ੍ਰਸ਼ਾਂਤ ਵੀਰ ਨੇ ਕਿਹਾ, 'ਮੈਂ ਸਾਡੇ ਮਾਣਯੋਗ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਦ੍ਰਿਸ਼ਟੀਕੋਣ ਨਾਲ, ਮੈਨੂੰ 100% ਸਕਾਲਰਸ਼ਿਪ ਦਿੱਤੀ ਅਤੇ ਮੇਰੀਆਂ ਫੀਸਾਂ ਮੁਆਫ਼ ਕਰ ਦਿੱਤੀਆਂ, ਜਿਸ ਨਾਲ ਮੈਂ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਪੜ੍ਹਾਈ ਅਤੇ ਜਨੂੰਨ ਨੂੰ ਅੱਗੇ ਵਧਾ ਸਕਿਆ।' ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ, ਨੇ ਕਿਹਾ, 'ਪੂਰਾ ਐੱਲ ਪੀ ਯੂ ਪ੍ਰਸ਼ਾਂਤ ਵੀਰ ਦੀ ਇਸ ਸ਼ਾਨਦਾਰ ਪ੍ਰਾਪਤੀ ਦਾ ਜਸ਼ਨ ਮਨਾ ਰਿਹਾ ਹੈ। ਇਹ ਰਿਕਾਰਡ ਤੋੜ ਬੋਲੀ ਇਸ ਗੱਲ ਦੀ ਇੱਕ ਮਜ਼ਬੂਤ ਉਦਾਹਰਣ ਹੈ ਕਿ ਜਦੋਂ ਇੱਕ ਵਿਦਿਆਰਥੀ ਦੀ ਨਿਰੰਤਰ ਮਿਹਨਤ, ਇੱਕ ਸੰਸਥਾ ਦਾ ਦ੍ਰਿਸ਼ਟੀਕੋਣ ਅਤੇ ਸਮਰਥਨ ਇਕੱਠੇ ਆਉਂਦੇ ਹਨ ਤਾਂ ਸਭ ਕੁਝ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ।'



## ਗੱਤਕਾ ਮੁਕਾਬਲਿਆਂ 'ਚ ਖਾਲਸਾ ਸੇਵਾ ਦਲ ਗੱਤਕਾ ਅਖਾੜਾ ਜੇਤੂ ਰਿਹਾ

**ਮੋਹਾਲੀ, (ਗੁਰਜੀਤ ਬਿੱਲਾ)**- ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਨੂੰ ਸਮਰਪਿਤ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਐੱਸ ਏ ਐੱਸ ਨਗਰ ਤੇ ਸਰਬ ਸਾਂਝਾ ਵੈਲਫੇਅਰ ਸੁਸਾਇਟੀ ਵੱਲੋਂ ਕਰਵਾਏ ਗਏ ਦੂਜੇ ਜ਼ਿਲ੍ਹਾ ਪੱਧਰੀ ਗੱਤਕਾ ਟੂਰਨਾਮੈਂਟ ਦੌਰਾਨ ਜੰਗਜੂ ਕਲਾ ਦੇ ਫ਼ਸਵੇਂ ਤੇ ਰੋਮਾਂਚਿਕ ਮੁਕਾਬਲੇ ਦੇਖਣ ਨੂੰ ਮਿਲੇ। ਗੱਤਕਾ ਐਸੋਸੀਏਸ਼ਨ ਆਫ਼ ਪੰਜਾਬ ਦੀ ਅਗਵਾਈ ਹੇਠ ਸੈਕਟਰ-91 ਸਥਿਤ ਗੁਰਦੁਆਰਾ ਨਾਨਕ ਦਰਬਾਰ ਦੇ ਨੇੜਲੇ ਮੈਦਾਨ ਵਿੱਚ ਹੋਏ ਵਿਰਾਸਤੀ ਮੁਕਾਬਲਿਆਂ ਦੌਰਾਨ ਖਾਲਸਾ ਸੇਵਾ ਦਲ ਗੱਤਕਾ ਅਖਾੜਾ ਮੋਹਾਲੀ ਜੇਤੂ ਰਿਹਾ। ਮਿਸਲ ਸ਼ਹੀਦਾਂ ਗੱਤਕਾ ਅਖਾੜਾ ਨੇ ਦੂਜਾ ਸਥਾਨ ਜਦਕਿ ਮਾਤਾ ਸਾਹਿਬ ਦੇਵਾਂ ਗੱਤਕਾ ਅਖਾੜਾ (ਲੜਕੀਆਂ) ਨੇ ਤੀਜਾ ਸਥਾਨ ਹਾਸਲ ਕੀਤਾ। ਲੜਕੀਆਂ ਦੇ ਸੋਟੀ-ਫੱਰੀ (ਵਿਅਕਤੀਗਤ) ਮੁਕਾਬਲਿਆਂ ਵਿੱਚ ਰਿਸ਼ਪ੍ਰੀਤ ਕੌਰ ਨੇ ਪਹਿਲਾ ਤੇ ਹਰਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਵਰਗ ਵਿੱਚ ਲੜਕਿਆਂ ਵਿੱਚੋਂ ਇੰਦਰਜੀਤ ਸਿੰਘ ਨੇ ਪਹਿਲਾ ਅਤੇ ਬਘੇਲ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ।



## ਮਿਰਗੀ ਇਲਾਜ 'ਚ ਲਗਾਤਾਰਤਾ ਬਹੁਤ ਜ਼ਰੂਰੀ : ਡਾ. ਗਗਨਦੀਪ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਵੱਲੋਂ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਸਟਾਪ ਐਪੀਲੈਪਸੀ ਪ੍ਰੋਜੈਕਟ ਤਹਿਤ ਮਿਰਗੀ ਦੀ ਬਿਮਾਰੀ ਦੇ ਇਲਾਜ ਨੂੰ ਹੋਰ ਬਿਹਤਰ, ਪ੍ਰਭਾਵਸ਼ਾਲੀ ਅਤੇ ਆਮ ਲੋਕਾਂ ਲਈ ਪਹੁੰਚਯੋਗ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸੇ ਕੜੀ ਤਹਿਤ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਦੇ ਨਿਊਰੋਲੋਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਗਗਨਦੀਪ ਸਿੰਘ ਵੱਲੋਂ ਸ਼ੁੱਕਰਵਾਰ ਨੂੰ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮਿਰਗੀ ਨਾਲ ਪੀੜਤ ਗੰਭੀਰ ਮਰੀਜ਼ਾਂ ਦੀ ਵਿਸ਼ੇਸ਼ ਸਿਹਤ ਜਾਂਚ ਕੀਤੀ ਗਈ। ਇਸ ਦੌਰਾਨ ਮਰੀਜ਼ਾਂ ਦੀ ਵਿਸਥਾਰ ਨਾਲ ਜਾਂਚ ਕਰਕੇ ਉਨ੍ਹਾਂ ਨੂੰ ਇਲਾਜ ਸਬੰਧੀ ਲੋੜੀਂਦੀ ਸਲਾਹ ਅਤੇ ਮੁਫ਼ਤ ਦਵਾਈਆਂ ਬਾਰੇ ਮਾਰਗਦਰਸ਼ਨ ਦਿੱਤਾ ਗਿਆ।ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਮਿਰਗੀ ਇੱਕ ਲੰਬੇ ਸਮੇਂ ਤੱਕ ਚੱਲਣ ਵਾਲੀ ਨਿਊਰੋਲੋਜੀਕਲ ਬਿਮਾਰੀ ਹੈ, ਪਰ ਸਮੇਂ ਸਿਰ ਸਹੀ ਜਾਂਚ ਅਤੇ ਨਿਯਮਤ ਇਲਾਜ ਨਾਲ ਇਸ ਨੂੰ ਕਾਫੀ ਹੱਦ ਤੱਕ ਨਿਯੰਤਰਿਤ ਕੀਤਾ ਜਾ ਸਕਦਾ ਹੈ।ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਤੋਂ ਆਏ ਮਿਰਗੀ ਮਰੀਜ਼ਾਂ ਨੂੰ ਇਸ ਕੈਂਪ ਰਾਹੀਂ ਮਾਹਿਰ ਡਾਕਟਰਾਂ ਦੀ ਸੇਵਾ ਮਿਲੀ ਹੈ, ਜਿਸ ਨਾਲ ਉਨ੍ਹਾਂ ਨੂੰ ਵੱਡੇ ਹਸਪਤਾਲਾਂ ਤੱਕ ਜਾਣ ਦੀ ਲੋੜ ਨਹੀਂ ਪਈ।



## ਰੈਸਲਿੰਗ ਫੈਡਰੇਸ਼ਨ ਇੰਡੀਆ ਦੇ ਪ੍ਰਧਾਨ ਸੰਜੇ ਕੁਮਾਰ ਸਿੰਘ ਦਾ ਨਿੱਘਾ ਸਵਾਗਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਰੈਸਲਿੰਗ ਫੈਡਰੇਸ਼ਨ ਇੰਡੀਆ (ਡਬਲਯੂ.ਐਫ.ਆਈ) ਦੇ ਪ੍ਰਧਾਨ ਸੰਜੇ ਕੁਮਾਰ ਸਿੰਘ ਦਾ ਕਲੱਬ ਕਬਾਨਾ ਫਗਵਾੜਾ ਵਿਖੇ ਪੁੱਜਣ 'ਤੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਮਨ ਬਖਸ਼ੀ, ਸਾਬਕਾ ਨੈਸ਼ਨਲ ਚੀਫ ਕੁਸ਼ਤੀ ਕੋਚ ਪੀ.ਆਰ. ਸੌਂਧੀ ਅਤੇ ਜ਼ਿਲ੍ਹਾ ਕਪੂਰਥਲਾ ਦੇ ਨਵੇਂ ਐਲਾਨੇ ਗਏ ਜਨਰਲ ਸਕੱਤਰ ਗੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ। ਉਪਰੰਤ ਕੌਮੀ ਪ੍ਰਧਾਨ ਸੰਜੇ ਕੁਮਾਰ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਪਹੁੰਚ ਕੇ ਸ਼ਹੀਦ-ਏ-ਆਜ਼ਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹਨਾਂ ਖਟਕੜ ਕਲਾਂ ਸਥਿਤ ਭਗਤ ਸਿੰਘ ਦੇ ਜੱਦੀ ਘਰ ਵਿਖੇ ਬਣਾਈ ਯਾਦਗਾਰ ਨੂੰ ਵੀ ਦੇਖਿਆ ਅਤੇ ਕਿਹਾ ਕਿ ਅੱਜ ਇੱਸ ਪਵਿੱਤਰ ਜਗ੍ਹਾ ਦੇ ਦਰਸ਼ਨ ਕਰਕੇ ਉਹਨਾਂ ਦਾ ਜੀਵਨ ਸਫਲ ਹੋ ਗਿਆ ਹੈ। ਇਸ ਦੌਰਾਨ ਉਹਨਾਂ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਕੌਮੀ ਪ੍ਰਧਾਨ ਸੰਜੇ ਕੁਮਾਰ ਸਿੰਘ ਨੇ ਸੰਬੋਧਨ ਕਰਦਿਆਂ ਸੱਦਾ ਦਿੱਤਾ ਕਿ ਕੁਸ਼ਤੀ ਨੂੰ ਮੁੜ ਆਪਣੇ ਉਸੇ ਪੁਰਾਣੇ ਜੋਬਨ ਤੇ ਲਿਆਉਣ ਲਈ ਸਾਨੂੰ ਸਾਰਿਆਂ ਨੂੰ ਸਾਂਝੇ ਤੌਰ ਤੇ ਯਤਨ ਕਰਨ ਦੀ ਲੋੜ ਹੈ। ਉਹਨਾਂ ਨੇ ਭਰੋਸਾ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਤੋਂ ਜੋ ਵੀ ਮਦਦ ਪੰਜਾਬ ਰੈਸਲਿੰਗ ਐਸੋਸੀਏਸ਼ਨ ਨੂੰ ਚਾਹੀਦੀ ਹੋਵੇ, ਉਹ ਪੂਰੀ ਦਿੱਤੀ ਜਾਵੇਗੀ। ਉਹਨਾਂ ਨੇ ਪੰਜਾਬ ਦੇ ਸਮੂਹ ਕੁਸ਼ਤੀ ਮੇਲੇ ਪ੍ਰਬੰਧਕਾਂ ਨੂੰ ਵੀ ਸੱਦਾ ਦਿੱਤਾ ਕੇ ਰਵਾਇਤੀ ਅਖਾੜੇ ਦੀ ਬਜਾਏ ਅੰਤਰਰਾਸ਼ਟਰੀ ਮਾਨਦੰਡਾਂ ਅਨੁਸਾਰ ਮੈਟ 'ਤੇ ਕੁਸ਼ਤੀ ਵੱਧ ਤੋਂ ਵੱਧ ਕਰਾਈ ਜਾਵੇ ਤਾਂ ਜੋ ਇੰਟਰਨੈਸ਼ਨਲ ਲੈਵਲ ਦੇ ਪਹਿਲਵਾਨ ਪੈਦਾ ਕੀਤੇ ਜਾ ਸਕਣ। ਉਹਨਾਂ ਨੇ ਐਨ.ਆਰ.ਆਈ. ਵੀਰਾਂ ਨੂੰ ਵੀ ਅਪੀਲ ਕੀਤੀ ਕਿ ਕੁਸ਼ਤੀ ਨੂੰ ਵੱਧ ਤੋਂ ਵੱਧ ਪ੍ਰਫੁਲਤ ਕਰਨ ਵਾਸਤੇ ਸਹਿਯੋਗ ਦੇਣ। ਉਹਨਾਂ ਸੁਝਾਅ ਦਿੱਤਾ ਕਿ ਪਿੰਡਾਂ ਦੇ ਅਖਾੜਿਆਂ ਵਿੱਚ ਕੁਸ਼ਤੀ ਮੁਕਾਬਲੇ ਪੁਆਇੰਟਾਂ ਦੇ ਅਧਾਰ 'ਤੇ ਕਰਵਾਏ ਜਾਣ। ਉਹਨਾਂ ਦੱਸਿਆ ਕਿ ਪੰਜਾਬ ਫੇਰੀ ਦਾ ਮਕਸਦ ਇਹੀ ਹੈ ਕਿ ਉਹ ਹਮੇਸ਼ਾ ਪੰਜਾਬ ਦੇ ਨਾਲ ਜੁੜ ਕੇ ਰਹਿਣਾ ਚਾਹੁੰਦੇ ਹਨ।ਇਸ ਦੌਰਾਨ ਗੀਤ ਪ੍ਰੀਤ ਪਾਲ ਸਿੰਘ ਨੂੰ ਜ਼ਿਲ੍ਹਾ ਕਪੂਰਥਲਾ ਦਾ ਜਨਰਲ ਸਕੱਤਰ ਐਲਾਨਿਆ ਗਿਆ।ਇਸ ਮੌਕੇ ਪੰਜਾਬ ਰੈਸਲਿੰਗ ਫੈਡਰੇਸ਼ਨ ਦੇ ਸੀਨੀਅਰ ਵਾਈਸ ਪ੍ਰਧਾਨ ਹਰਵਿੰਦਰ ਸਿੰਘ ਸੰਧੂ, ਵਾਈਸ ਪ੍ਰਧਾਨ ਵਿਜੈਅੰਤ ਕੁਮਾਰ ਬੰਸਲ, ਵਾਈਸ ਪ੍ਰਧਾਨ ਮਹਿੰਦਰ ਸਿੰਘ, ਵਾਈਸ ਪ੍ਰਧਾਨ ਗੁਰਦੀਪ ਸਿੰਘ ਨੀਟੂ, ਵਾਈਸ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਸ਼ਾਹਬਾਜ ਸਿੰਘ, ਖਜ਼ਾਨਚੀ ਬਿਕਰਮ ਸ਼ਰਮਾ, ਸਹਿ ਸਕੱਤਰ ਸੁਰਜੀਤ ਸਿੰਘ ਲਾਲੀ, ਸਹਿ ਸਕੱਤਰ ਜੋਗਿੰਦਰ ਸਿੰਘ ਤੋਂ ਇਲਾਵਾ ਗੁਰਿੰਦਰ ਵੀਰ ਸਿੰਘ ਗਿੱਲ, ਕਮਲ ਵੀਰ ਸਿੰਘ, ਰਵੀ ਸ਼ਰਮਾ, ਹਰਗੁਰਨੂਰ ਸਿੰਘ, ਰਣਧੀਰ ਸਿੰਘ ਅਤੇ ਅੰਤਰਰਾਸ਼ਟਰੀ ਕੁਸ਼ਤੀ ਕੋਚ ਪੀ.ਆਰ. ਸੋਂਧੀ ਜਲੰਧਰ, ਨਵਾਂਸ਼ਹਿਰ ਤੋਂ ਜ਼ਿਲਾ ਪ੍ਰਧਾਨ ਪਹਿਲਵਾਨ ਅਮਰੀਕ ਸਿੰਘ ਅਤੇ ਜਨਰਲ ਸਕੱਤਰ ਪ੍ਰਿੰਸੀਪਲ ਸੁਖਦੇਵ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਜਲੰਧਰ ਆਦਿ ਹਾਜ਼ਰ ਸਨ।



## ਇਨੋਸੈਂਟ ਹਾਰਟਸ 'ਚ ਐਲੂਮਨਾਈ ਪਰਵਾਰ ਮਿਲਣੀ



**ਜਲੰਧਰ (ਸ਼ੈਲੀ ਐਲਬਰਟ)**- ਗੌਰਵ, ਆਪਣਾਪਨ ਅਤੇ ਮਿੱਠੀਆਂ ਯਾਦਾਂ ਨਾਲ ਭਰਪੂਰ ਪਲਾਂ ਵਿੱਚ, ਇੰਨੋਸੈਂਟ ਹਾਰਟਸ ਦੇ ਪ੍ਰਬੰਧਨ ਵੱਲੋਂ ਪਹਿਲੀ ਵਾਰ ਐਲੂਮਨੀ ਮਿਲਣ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜੋ ਇਸ ਸੰਸਥਾ ਦੀ ਸ਼ਾਨਦਾਰ ਯਾਤਰਾ ਵਿੱਚ ਇੱਕ ਯਾਦਗਾਰ ਮੀਲ ਪੱਥਰ ਸਾਬਤ ਹੋਇਆ। ਵੱਖ-ਵੱਖ ਬੈਚਾਂ ਦੇ ਸਾਬਕਾ ਵਿਦਿਆਰਥੀਆਂ ਦੀ ਹਾਜ਼ਰੀ ਨਾਲ ਇਹ ਸ਼ਾਮ ਸਾਂਝੀਆਂ ਯਾਦਾਂ, ਮਜ਼ਬੂਤ ਰਿਸ਼ਤਿਆਂ ਅਤੇ ਆਪਣੇ ਮੂਲਾਂ ਦੀ ਖੁਸ਼ੀ ਭਰੀ ਮਨਾਉਣ ਬਣ ਗਈ। ਰੀਵਾਇੰਡ, ਰੀਲਿਵ, ਰੀਜੋਇਸ, ਥੀਮ ਵਾਲਾ ਇਹ ਐਲੂਮਨੀ ਮਿਲਣ ਸਮਾਰੋਹ ਆਪਣੇ ਨਾਂਅ ਦੀ ਅਸਲੀ ਰੂਹ ਨੂੰ ਬਖ਼ੂਬੀ ਦਰਸਾਉਂਦਾ ਨਜ਼ਰ ਆਇਆ।ਕੈਂਪਸ ਹਾਸੇ, ਗਰਮੀ ਅਤੇ ਭਾਵੁਕ ਮੁਲਾਕਾਤਾਂ ਨਾਲ ਗੂੰਜ ਉਠਿਆ ਜਦੋਂ ਸਾਬਕਾ ਵਿਦਿਆਰਥੀ ਯਾਦਾਂ ਦੀਆਂ ਗਲੀਆਂ ਵਿੱਚੋਂ ਲੰਘਦੇ ਹੋਏ ਆਪਣੇ ਪੁਰਾਣੇ ਦੋਸਤਾਂ ਅਤੇ ਉਹਨਾਂ ਅਧਿਆਪਕਾਂ ਨਾਲ ਮੁੜ ਮਿਲੇ ਜਿਨ੍ਹਾਂ ਨੇ ਕਦੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਂਭਿਆ ਸੀ। ਇਸ ਮੌਕੇ ਨੂੰ ਹੋਰ ਵੀ ਵਿਸ਼ੇਸ਼ ਬਣਾਉਂਦਿਆਂ, ਪ੍ਰਸਿੱਧ ਬਾਲੀਵੁੱਡ ਗਾਇਕਾ ਸ਼੍ਰੀਮਤੀ ਜੋਤਿਕਾ ਤਾਂਗਰੀ ਅਤੇ ਪ੍ਰਸਿੱਧ ਅਦਾਕਾਰ ਪਰਮਵੀਰ ਚੀਮਾ ਨੇ ਆਪਣੀ ਮੌਜੂਦਗੀ ਨਾਲ ਸਮਾਰੋਹ ਵਿੱਚ ਰੌਣਕ ਅਤੇ ਮਾਣ ਵਧਾਇਆ। ਡਾ. ਪਲਕ ਗੁਪਤਾ ਬੋਰੀ, ਡਾਇਰੈਕਟਰ - ਸੀਐਸਆਰ, ਦੀ ਅਗਵਾਈ ਹੇਠ ਇਹ ਸਮਾਗਮ ਪੂਰੀ ਤਰ੍ਹਾਂ ਟਿਕਾਊ ਵਿਕਾਸ ਪ੍ਰਤੀ ਵਚਨਬੱਧਤਾ ਨਾਲ ਯੋਜਨਾ ਬੱਧ ਕੀਤਾ ਗਿਆ। ਸਮਾਗਮ ਇਸ ਗੱਲ ਦਾ ਮਾਣਯੋਗ ਪ੍ਰਤੀਕ ਵੀ ਸੀ ਕਿ ਇੰਨੋਸੈਂਟ ਹਾਰਟਸ ਦੇ ਐਲੂਮਨੀ ਆਪਣੇ-ਆਪਣੇ ਖੇਤਰਾਂ ਵਿੱਚ ਸਫਲ ਅਤੇ ਸੁਸਥਾਪਿਤ ਹਨ, ਜੋ ਅਧਿਆਪਕਾਂ ਲਈ ਬੇਹੱਦ ਮਾਣ ਦੀ ਗੱਲ ਹੈ।ਸ਼੍ਰੀਮਤੀ ਸ਼ੈਲੀ ਬੋਰੀ, ਐਗਜ਼ਿਕਿਊਟਿਵ ਡਾਇਰੈਕਟਰ - ਸਕੂਲਜ਼, ਅਤੇ ਸ਼੍ਰੀਮਤੀ ਅਰਾਧਨਾ ਬੋਰੀ, ਐਗਜ਼ਿਕਿਊਟਿਵ ਡਾਇਰੈਕਟਰ - ਕਾਲਜਜ਼, ਨੇ ਐਲੂਮਨੀ ਨਾਲ ਦਿਲੋਂ ਪਲ ਸਾਂਝੇ ਕੀਤੇ। ਯਾਦਗਾਰੀ ਚਿੰਨ੍ਹ ਵਜੋਂ ਐਲੂਮਨੀ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ, ਜੋ ਉਨ੍ਹਾਂ ਦੇ ਮਾਤਰੀ ਸੰਸਥਾ ਨਾਲ ਜੀਵਨ ਭਰ ਦੇ ਅਟੁੱਟ ਰਿਸ਼ਤੇ ਦੀ ਨਿਸ਼ਾਨੀ ਸਨ।ਇਹ ਸ਼ਾਮ ਖੁਸ਼ੀ, ਤ੍ਰਿਪਤੀ ਅਤੇ ਭਾਵਨਾਤਮਕ ਪੂਰਨਤਾ ਨਾਲ ਸੰਪੰਨ ਹੋਈ, ਜਿਸ ਨਾਲ ਹਰ ਕੋਈ ਸੁਹਾਣੀਆਂ ਯਾਦਾਂ, ਮੁੜ ਜੁੜੀਆਂ ਅਤੇ ਇੰਨੋਸੈਂਟ ਹਾਰਟਸ ਪਰਿਵਾਰ ਨਾਲ ਜੁੜੇ ਹੋਣ ਦੇ ਨਵੇਂ ਅਹਿਸਾਸ ਨਾਲ ਵਿਲੱਖਣ ਯਾਦਾਂ ਸਾਰਿਆਂ ਦੇ ਦਿਲਾਂ ਤੇ ਛਾਪ ਛੱਡ ਗਈ।

## ਸਿਲਵਰ ਓਕ ਸਕੂਲ ਨੇ ਦੁੱਧ ਦਾ ਲੰਗਰ ਲਗਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ ਉਹਨਾਂ ਦੀ ਯਾਦ ਵਿੱਚ ਦੁੱਧ ਦੇ ਲੰਗਰ ਲਗਾਏ ਗਏ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ, ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ ਦੀ ਅਗਵਾਈ ਵਿੱਚ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੇ ਮੈਂਬਰਾਂ ਨੇ ਦੁੱਧ ਦੇ ਲੰਗਰ ਵਿੱਚ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਚੇਅਰਮੈਨ ਤਰਲੋਚਨ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਉਹਨਾਂ ਕਿਹਾ ਕਿ ਸਮੁੱਚਾ ਸਿਲਵਰ ਓਕ ਸਕੂਲ ਗੁਰੂ ਸਾਹਿਬ ਦੀਆਂ ਮਹਾਨ ਕੁਰਬਾਨੀਆਂ ਨੂੰ ਸਿਜਦਾ ਕਰਦਾ ਹੈ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਸਾਨੂੰ ਖੁਦ ਨੂੰ ਅਤੇ ਆਪਣੇ ਬੱਚਿਆਂ ਨੂੰ ਇਸ ਇਤਿਹਾਸ ਨਾਲ ਜਾਣੂ ਕਰਵਾਉਣਾ ਚਾਹੀਦਾ ਹੈ ਕਿ ਸਾਹਿਬਜ਼ਾਦਿਆਂ ਨੇ ਦੇਸ਼ ਕੌਮ ਦੇ ਲਈ ਕਿੱਡੀ ਵੱਡੀ ਕੁਰਬਾਨੀ ਦਿੱਤੀ ਹੈ। ਇਸ ਮੌਕੇ ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਅਰਚਨਾ, ਗੁਰਪ੍ਰੀਤ, ਵਿਸ਼ਾਲੀ, ਰਾਜਵਿੰਦਰ, ਰਾਜਵੀਰ, ਅਜੇ, ਗੁਰਦੇਵ, ਹਰਜੀਤ, ਅਮਰੀਕ, ਜਸਪਾਲ, ਕਮਲ, ਕੁਲਵਿੰਦਰ, ਸੁਖਜਿੰਦਰ, ਜਸਵਿੰਦਰ, ਯੋਗਰਾਜ, ਪ੍ਰੀਤਮ, ਜਰਨੈਲ, ਸਤਨਾਮ, ਹਰਪਾਲ, ਹਨੀ, ਗੁਰਪ੍ਰੀਤ, ਉਪਕਾਰ ਅਤੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ।



## ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਦੁੱਧ ਦਾ ਲੰਗਰ ਲਗਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਜਾਗਰਣ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਚੀਮਾ ਕਲਾਂ ਵੱਲੋਂ ਸਥਾਨਕ ਫਿਲੌਰ ਰੋਡ,ਚੀਮਾ ਗੇਟ 'ਤੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਯਾਦ ਵਿੱਚ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸਾਹਿਬ ਚੀਮਾ, ਬਲਵਿੰਦਰ ਸਿੰਘ, ਜੋਗਾ ਸਿੰਘ ਚੀਮਾ, ਭੁਪਿੰਦਰ ਸਿੰਘ ਭਿੰਦਾ, ਸਰਵਣ ਸਿੰਘ, ਮੱਖਣ ਰਾਮ, ਫਕੀਰ ਚੰਦ, ਜਗਰੂਪ ਸਿੰਘ ਚੀਮਾ, ਮੱਖਣ ਸਿੰਘ ਘੋਗਾ,ਦਵਿੰਦਰ ਸਿੰਘ, ਰਮਨ ਭਾਸਕਰ, ਸੁਰਜੀਤ ਸਿੰਘ, ਪਰਮਜੀਤ ਸਿੰਘ, ਸ਼ਰਨਜੀਤ ਸਿੰਘ ਪੰਚ,ਮੁਕੇਸ਼, ਪਾਲਾ ਗਿੱਲ, ਸੋਨੀ, ਤਜਿੰਦਰ ਸਿੰਘ, ਅਤੇ ਨੌਜਵਾਨ ਹਾਜ਼ਰ ਸਨ।



## ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸੀਤ ਲਹਿਰ ਤੋਂ ਬਚਣ ਦੀ ਸਲਾਹ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਸਿਹਤ ਵਿਭਾਗ ਨੇ ਜ਼ਿਲ੍ਹਾ ਵਾਸੀਆਂ ਨੂੰ ਸੀਤ ਲਹਿਰ ਤੋਂ ਆਪਣਾ ਬਚਾਅ ਕਰਨ ਦੀ ਅਪੀਲ ਕੀਤੀ ਹੈ।ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਆਖਿਆ ਕਿ ਕੜਾਕੇ ਦੀ ਠੰਢ ਦੇ ਮੌਸਮ 'ਚ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ ਅਤੇ ਸਾਵਧਾਨੀਆਂ ਵਰਤ ਕੇ ਇਨ੍ਹਾਂ ਤੋਂ ਬਚਾਅ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਲੰਮੇ ਸਮੇ ਤੱਕ ਠੰਢ ਦੇ ਸੰਪਰਕ ਵਿੱਚ ਰਹਿਣ ਨਾਲ ਕਈ ਬਿਮਾਰੀਆਂ ਜਿਵੇਂ ਫਲੂ, ਨੱਕ ਵਗਣਾ, ਹਾਈਪੋਥਰਮੀਆ, ਹਾਰਟ ਅਟੈਕ ਆਦਿ ਦੀ ਸੰਭਾਵਨਾ ਵੱਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੀਤ ਲਹਿਰ ਬਾਰੇ ਮੌਸਮ ਵਿਭਾਗ ਦੀ ਭਵਿੱਖਬਾਣੀ 'ਤੇ ਨਜ਼ਰ ਰੱਖਣੀ ਚਾਹੀਦੀ ਹੈ।ਡਾ. ਜੈਨ ਨੇ ਅੱਗੇ ਕਿਹਾ ਕਿ ਬਜ਼ੁਰਗਾਂ ਨੂੰ ਇਨ੍ਹਾਂ ਦਿਨਾਂ 'ਚ ਅਪਣੀ ਸਿਹਤ ਦਾ ਖ਼ਾਸ ਖ਼ਿਆਲ ਰੱਖਣ ਦੀ ਲੋੜ ਹੁੰਦੀ ਹੈ। ਧੁੰਦ ਅਤੇ ਕੜਾਕੇ ਦੀ ਠੰਢ 'ਚ ਬਾਹਰ ਸੈਰ ਕਰਨ ਤੋਂ ਬਚਣਾ ਚਾਹੀਦਾ ਹੈ। ਬਜ਼ੁਰਗ ਅਤੇ ਦਿਲ ਦੇ ਰੋਗੀ ਸਵੇਰੇ-ਸ਼ਾਮ ਸੈਰ ਕਰਨ ਤੋਂ ਬਚਣ।ਧੁੱਪ 'ਚ ਹੀ ਸੈਰ ਕਰਨ ਨੂੰ ਪਹਿਲ ਦਿੱਤੀ ਜਾਵੇ। ਡਾ. ਸੰਗੀਤਾ ਜੈਨ ਨੇ ਕਿਹਾ ਕਿ ਸਰੀਰਕ ਤਾਪਮਾਨ ਦੀ ਕਮੀ ਨਾਲ ਬੋਲਣ ਵਿੱਚ ਕੰਬਣੀ, ਨੀਂਦ ਆਉਣਾ, ਮਾਸਪੇਸ਼ੀਆਂ ਵਿੱਚ ਅਕੜਾਅ, ਸਾਹ ਲੈਣ ਵਿਚ ਔਖਿਆਈ ਹੋ ਸਕਦੀ ਹੈ। ਹਾਈਪੋਥਰਮੀਆ ਤੋਂ ਪੀੜਤ ਵਿਅਕਤੀ ਜਿੰਨੀ ਜਲਦੀ ਹੋ ਸਕੇ, ਡਾਕਟਰੀ ਸਹਾਇਤਾ ਲੈਣ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸ਼ਰਾਬ ਪੀਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

## ਬਲਾਕ ਪੱਧਰੀ ਗਣਿਤ ਮੇਲੇ 'ਚ ਉਧੋਵਾਲ ਸਕੂਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਰਿਹਾ ਸ਼ਾਨਦਾਰ

**ਮਹਿਤਪੁਰ (ਰਾਜਾ)** ਸਿੱਖਿਆ ਵਿਭਾਗ ਵੱਲੋਂ ਰਾਸ਼ਟਰੀ ਅਵਿਸ਼ਕਾਰ ਅਭਿਆਨ ਅਧੀਨ ਕਰਵਾਇਆ ਗਿਆ ਬਲਾਕ ਪੱਧਰੀ ਗਣਿਤ ਮੇਲਾ, ਜੋ ਕਿ ਸਕੂਲ ਆਫ ਐਮੀਨੈਂਸ ਨਕੋਦਰ ਵਿਖੇ ਕਰਵਾਇਆ ਗਿਆ ਜਿਸ ਵਿੱਚ ਬਲਾਕ ਨਕੋਦਰ-1 ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਧੋਵਾਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਇਸ ਮੇਲੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਗਣਿਤ ਨਾਲ ਸੰਬੰਧਿਤ ਵੱਖ-ਵੱਖ ਸਬਥੀਮ ਤੇ ਆਧਾਰਤ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਰੀਕਰੀਏਸ਼ਨਲ ਮੈਥੇਮੈਟਿਕਸ ਸਬਥੀਮ ਵਿੱਚੋਂ ਸਕੂਲ ਦੀਆਂ ਵਿਦਿਆਰਥਣਾਂ ਮੰਨਤ ਹਾਂਡਾ ਅਤੇ ਅਤੇ ਸੋਨਿਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇੰਟੈਗਰੇਟਿੰਗ ਮੈਥ ਵਿਦ ਆਈ ਟੀ 'ਚ ਨੇਹਾ ਅਤੇ ਨੂਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਬਥੀਮ ਰੀਅਲ ਲਾਈਫ ਐਪਲੀਕੇਸ਼ਨ ਆਫ ਮੈਥ ਵਿੱਚ ਸਨੇਹਾ ਅਤੇ ਇੰਦਰਜੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਸਬਥੀਮ ਮੈਥੇਮੈਟਿਕਸ ਇਨ ਇੰਡੀਅਨ ਇਥੋਸ ਵਿੱਚ ਪ੍ਰੀਆ ਅਤੇ ਮੁਸਕਾਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।



ਮੈਥੇਮੈਟਿਕਲ ਮੌਡਲਿੰਗ ਵਿੱਚ ਅੰਮ੍ਰਿਤਪਾਲ ਅਤੇ ਜਸਕਰਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਤਰ੍ਹਾਂ ਬਲਾਕ ਪੱਧਰੀ ਪੰਜ ਸਬਥੀਮਸ ਵਿੱਚੋਂ ਚਾਰ ਵਿੱਚੋਂ ਸਕੂਲ ਦੇ ਵਿਦਿਆਰਥੀਆਂ ਨੇ ਪਹਿਲਾ ਅਤੇ ਇੱਕ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਬਲਾਕ ਤੋਂ ਬਾਅਦ ਜਿਲਾ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੀ ਵਿਦਿਆਰਥਣ ਮੰਨਤ ਹਾਂਡਾ ਨੇ ਰੀਕਰੀਏਸ਼ਨਲ ਮੈਥੇਮੈਟਿਕਸ ਵਿੱਚ ਜਿਲੇ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ।ਇਸ ਤਰ੍ਹਾਂ ਕੁੱਲ ਮਿਲਾ ਕੇ ਸਕੂਲ ਨੇ ਬਲਾਕ ਪੱਧਰੀ ਮੈਥ ਮੇਲੇ ਵਿੱਚ ਪੰਜ ਪੁਜੀਸ਼ਨਾਂ ਹਾਸਲ ਕੀਤੀਆਂ।ਜੇਤੂ ਵਿਦਿਆਰਥੀਆਂ ਨੂੰ ਸਕੂਲ ਆਫ ਐਮੀਨੈਂਸ ਨਕੋਦਰ ਦੇ ਪ੍ਰਿੰਸੀਪਲ ਦਿਨੇਸ਼ ਵਰਮਾ ਵੱਲੋਂ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਦੀ ਇਸ ਸਫਲਤਾ ਪਿੱਛੇ ਵਿਦਿਆਰਥੀਆਂ ਦੁਆਰਾ ਕੀਤੀ ਸਖਤ ਮਿਹਨਤ ਅਤੇ ਇਹਨਾਂ ਨੂੰ ਗਾਈਡ ਕਰਨ ਵਾਲੇ ਅਧਿਆਪਕਾ ਸ੍ਰੀਮਤੀ ਕੰਵਲਜੀਤ ਕੌਰ ਲੈਕਚਰਾਰ ਮੈਥ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਕੇਂਦਰ ਸਰਕਾਰ ਦਾ ਮਨਰੇਗਾ ਪ੍ਰਤੀ ਰਵੱਈਆ ਰਾਜਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ : ਸ਼ੁਭਮ ਸਹੋਤਾ

**ਗੜ੍ਹਦੀਵਾਲਾ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਕੇਂਦਰ ਸਰਕਾਰ ਵੱਲੋਂ ਪ੍ਰਤੀਸ਼ਤ ਫੰਡਿੰਗ ਘਟਾ ਕੇ ਨਰੇਗਾ ਨੂੰ ਕਮਜ਼ੋਰ ਕਰਨਾ ਅਤੇ ਮਨਰੇਗਾ ਯੋਜਨਾ ਦਾ ਨਾਂਅ ਬਦਲਣਾ ਮਹਿਜ਼ ਇਕ ਬਹਾਨਾ ਹੈ, ਅਸਲ ਇਰਾਦਾ ਇਸ ਦੇ ਅੰਦਰ ਬਦਲਾਅ ਕਰਨਾ ਹੈ ਜੋ ਗ਼ਰੀਬਾਂ ਅਤੇ ਮਜ਼ਦੂਰ ਵਰਗ ਨੂੰ ਨੁਕਸਾਨ ਪਹੁੰਚੇ ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼ੁਭਮ ਸਹੋਤਾ ਗੜ੍ਹਦੀਵਾਲਾ ਨੇ ਕੀਤਾ ਉਨ੍ਹਾਂ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਮਨਰੇਗਾ ਲਈ 90 ਪ੍ਰਤੀਸ਼ਤ ਫੰਡਿੰਗ ਦਿੰਦਾ ਸੀ, ਜਿਸ ਨੂੰ ਹੁਣ ਘਟਾ ਕੇ 60:40 ਕਰ ਦਿੱਤਾ ਗਿਆ ਹੈ। ਇਸ ਦੌਰਾਨ ਰਾਜਾਂ ਦੇ ਆਰ ਡੀ ਐਫ ਅਤੇ ਜੀ ਐਸ ਟੀ ਫੰਡ ਵੀ ਰੋਕੇ ਜਾ ਰਹੇ ਹਨ, ਜੋ ਰਾਜਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ।ਉਹਨਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਇਹ ਵੀ ਤੈਅ ਕਰੇਗੀ ਕਿ ਪਿੰਡਾਂ ਵਿੱਚ ਕਿਹੜੇ ਕੰਮ ਹੋਣਗੇ ਅਤੇ ਕਿਹੜੇ ਨਹੀਂ ਪਾਈਪਲਾਈਨਾਂ, ਬਾਜ਼ਾਰਾਂ, ਨਿਰਮਾਣ ਕਾਰਜਾਂ ਅਤੇ ਹੋਰ ਵਿਕਾਸ ਪ੍ਰੋਜੈਕਟਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।ਪਿੰਡਾਂ ਦੇ ਤਲਾਬਾਂ ਦੀ ਸਫ਼ਾਈ ਪੰਜ ਸਾਲਾਂ ਵਿੱਚ ਸਿਰਫ ਇਕ ਵਾਰ ਦੀ ਸ਼ਰਤ ਕੀਤੀ ਜਾਵੇਗੀ। ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ 125 ਦਿਨਾਂ ਦਾ ਰੁਜ਼ਗਾਰ ਕਿਵੇਂ ਦਿੱਤਾ ਜਾਵੇਗਾ।ਪੰਜਾਬ ਸਰਕਾਰ ਗ਼ਰੀਬਾਂ, ਨੌਜਵਾਨਾਂ ਅਤੇ ਆਮ ਲੋਕਾਂ ਦੇ ਹੱਕਾਂ ਲਈ ਇਹ ਲੜਾਈ ਜ਼ੋਰਦਾਰ ਢੰਗ ਨਾਲ ਲੜੇਗੀ।



## ਸਿਹਤਮੰਦ ਸਮਾਜ ਲਈ ਸਾਹਿਤ ਦਾ ਅਹਿਮ ਰੋਲ : ਅਜੀਤ ਪ੍ਰਦੇਸੀ

**ਰੂਪਨਗਰ** : ਸਮਾਜ ਨੂੰ ਸਿਹਤਮੰਦ ਬਣਾਉਣ ਵਿੱਚ ਸਾਹਿਤ ਦਾ ਬਹੁਤ ਵੱਡਾ ਯੋਗਦਾਨ ਹੈ। ਚੰਗੇ ਸਮਾਜ ਦੀ ਸਿਰਜਣਾ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ 41 ਸਾਲਾਂ ਤੋਂ ਵਿਗਿਆਨਕ ਸਾਹਿਤ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਇਹ ਵਿਚਾਰ ਜੋਨ ਚੰਡੀਗੜ੍ਹ ਦੇ ਮੁਖੀ ਅਜੀਤ ਪ੍ਰਦੇਸੀ ਨੇ ਸ਼ਹੀਦੀ ਜੋੜ ਮੇਲੇ ਮੌਕੇ ਚਮਕੌਰ ਸਾਹਿਬ ਵਿਖੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਨੇ ਦੱਸਿਆ ਕਿ ਤਰਕਸ਼ੀਲ ਸਾਹਿਤ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਮੌਕੇ ਜੋਨ ਦੇ ਮੀਡੀਆ ਮੁਖੀ ਪ੍ਰਿੰਸੀਪਲ ਗੁਰਮੀਤ ਖਰੜ ਨੇ ਜਾਣਕਾਰੀ ਦਿੱਤੀ ਕਿ ਤਰਕਸ਼ੀਲ ਸਾਹਿਤ ਵੈਨ ਇਥੋਂ ਚਲ ਕੇ ਰੋਪੜ ਖਰੜ ਮੁਹਾਲੀ ਚੰਡੀਗੜ੍ਹ ਅਤੇ ਫਤਿਹਗੜ੍ਹ ਸਾਹਿਬ ਵਿਖੇ ਸਕੂਲਾਂ, ਕਾਲਜਾਂ ਵਿੱਚ ਵਿਦਿਆਰਥੀਆ ਨੂੰ ਅੰਧਵਿਸ਼ਵਾਸ ਵਿਰੁੱਧ ਚੇਤਨ ਕਰੇਗੀ। ਹਲਕੇ ਦੇ ਉੱਘੇ ਸਮਾਜ ਸੇਵੀ ਅਤੇ ਚਿੰਤਕ ਸਵਰਨ ਭੰਗੂ ਨੇ ਤਰਕਸ਼ੀਲ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜ ਦੇ ਸਮੇ ਵਿਦਿਆਰਥੀਆ ਦੇ ਹੱਥਾਂ ਵਿੱਚ ਉਸਾਰੂ ਸਾਹਿਤ ਦਾ ਜਾਣਾ ਜਰੂਰੀ ਹੈ।



## ਫੁਗਲਾਣਾ ਵਿਖੇ ਦੂਜਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਆਰੰਭ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਫੁਗਲਾਣਾ ਵਿਖੇ ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ (ਰਜਿ) ਵੱਲੋਂ ਸਵ. ਦਵਿੰਦਰ ਸਿੰਘ ਪਰਮਾਰ ਦੀ ਯਾਦ ਵਿੱਚ ਸਲਾਨਾ ਫੁੱਟਬਾਲ ਟੂਰਨਾਮੈਂਟ 25 ਦਸੰਬਰ ਤੋਂ 28 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ ।ਇਸ ਮੌਕੇ ਕਲੱਬ ਪ੍ਰਧਾਨ ਬਲਵਿੰਦਰ ਸਿੰਘ ਭਾਮ, ਬਲਵੀਰ ਸਿੰਘ ਫੁਗਲਾਣਾ ਜਨਰਲ ਸਕੱਤਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਫੁੱਟਬਾਲ ਟੂਰਨਾਮੈਂਟ ਦਾ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਬਜਵਾੜਾ ਕਲਾਂ, ਕੁਲਦੀਪ ਸਿੰਘ ਸਹੋਤਾ ਕਨੇਡਾ, ਜਤਿੰਦਰ ਸਿੰਘ ਵਿੱਕੀ ਪਰਮਾਰ ਅਮਰੀਕਾ, ਮਨਜੀਤ ਸਿੰਘ ਰਠੌਰ ਪ੍ਰਧਾਨ ਵਿਸ਼ਵ ਦੋਆਬਾ ਰਾਜਪੂਤ ਸਭਾ ਇਟਲੀ ਨੇ ਸਾਂਝੇ ਤੌਰ 'ਤੇ ਅਰਦਾਸ ਹੋਣ ਤੋਂ ਬਾਅਦ ਉਦਘਾਟਨ ਕੀਤਾ। ਉਦਘਾਟਨੀ ਮੈਚ ਪਧਿਆਣਾ ਅਤੇ ਅਜੜਾਮ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਪਧਿਆਣਾ ਦੀ ਟੀਮ ਜੇਤੂ ਰਹੀ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 28 ਦਸੰਬਰ ਨੂੰ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾ ਦੀ ਵੰਡ ਕਰਨਗੇ। ਇਸ ਮੌਕੇ ਕਲੱਬ ਦੇ ਸਰਪ੍ਰਸਤ ਫਤਿਹ ਸਿੰਘ ਪਰਹਾਰ, ਕਲੱਬ ਪ੍ਰਧਾਨ ਬਲਵਿੰਦਰ ਸਿੰਘ ਭਾਮ, ਬਲਵੀਰ ਸਿੰਘ ਫੁਗਲਾਣਾ ਜਨਰਲ ਸਕੱਤਰ, ਜਸਪਾਲ ਸਿੰਘ ਪਰਮਾਰ ਚੇਅਰਮੈਨ, ਸੁਖਜੀਤ ਸਿੰਘ ਪਰਮਾਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਕਾਲਰਾ ਸੀਨੀਅਰ ਮੀਤ ਪ੍ਰਧਾਨ, ਸਤਵੀਰ ਸਿੰਘ ਪਰਮਾਰ ਖਜਾਨਚੀ, ਸੁਖਜੀਤ ਸਿੰਘ ਪਰਮਾਰ ਮੀਤ ਪ੍ਰਧਾਨ, ਮਨਜਿੰਦਰ ਸਿੰਘ ਸੋਨੂੰ, ਜਤਿੰਦਰ ਸਿੰਘ ਵਿੱਕੀ ਪਰਮਾਰ, ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਗਤਾਰ ਸਿੰਘ ਭੁੰਗਰਨੀ, ਨੰਬਰਦਾਰ ਬਲਜੀਤ ਸਿੰਘ ਧਾਮੀ, ਅਵਤਾਰ ਸਿੰਘ ਡਾਂਡੀਆਂ, ਅਮਰਜੀਤ ਸਿੰਘ ਪਧਿਆਣਾ, ਚਰਨਜੀਤ ਸਿੰਘ ਸਾਬਕਾ ਸਰਪੰਚ, ਗੁਰਮੀਤ ਸਿੰਘ ਪੰਚ ਰਮੇਸ਼ ਕੁਮਾਰ ਬਲਾਕ ਸੰਮਤੀ ਮੈਂਬਰ, ਰਸ਼ਪਾਲ ਸਿੰਘ ਪੰਚ, ਅਵਤਾਰ ਸਿੰਘ ਮਿੱਠੂ, ਗੁਰਦਿਆਲ ਸਿੰਘ ਜਲਵੇਹੜਾ, ਜਸਵੀਰ ਸਿੰਘ ਭਾਮ, ਸਰਪੰਚ ਵਿਪਨ ਠਾਕੁਰ, ਹਰਮਨਜੋਤ ਸਿੰਘ, ਉਂਕਾਰ ਸਿੰਘ ਮਿਨਹਾਸ ਸਾਬਕਾ ਪ੍ਰਧਾਨ, ਮੰਗਲ ਸਿੰਘ ਜਲਵੇਹੜਾ, ਸੰਜੀਵ ਜਸਵਾਲ, ਬਲਵੀਰ ਸਿੰਘ ਲੁਟੇਰਾ ਕਲਾਂ, ਰਣਜੀਤ ਸਿੰਘ ਜਲਪੋਤਾ ਆਦਿ ਹਾਜਰ ਸਨ।





## ਡਾ. ਇਸ਼ਾਂਕ ਨੇ ਹੁੱਕੜਾਂ 'ਚ ਟਿਊਬਵੈੱਲ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਓ ਪੀ ਰਾਣਾ)** ਸਾਫ਼ ਪਾਣੀ ਜੀਵਨ ਦੀ ਸਭ ਤੋਂ ਪ੍ਰਮੁੱਖ ਜ਼ਰੂਰਤ ਹੈ, ਅਤੇ ਹਰ ਬੂੰਦ ਨੂੰ ਸੰਭਾਲਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ।ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਪਿੰਡ ਹੁੱਕੜਾਂ ਵਿੱਚ ਨਵੇਂ ਲਗਾਏ ਗਏ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਦਾ ਉਦਘਾਟਨ ਕਰਦੇ ਹੋਏ ਇਹ ਗੱਲ ਕਹੀ।ਉਨ੍ਹਾਂ ਪਿੰਡ ਵਾਸੀਆਂ ਨੂੰ ਪਾਣੀ ਦੀ ਕਦਰ ਕਰਨ ਅਤੇ ਇਸਦੀ ਸਮਝਦਾਰੀ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ ਤਾਂ ਜੋ ਇਹ ਅਨਮੋਲ ਜੀਵਨ ਰੇਖਾ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰਹੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ 'ਹਰ ਬੂੰਦ ਕੀਮਤੀ ਹੈ' ਅਤੇ ਪਾਣੀ ਦੀ ਦੁਰਵਰਤੋਂ ਭਵਿੱਖ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਹੁੱਕੜਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਟਿਊਬਵੈੱਲ ਦੇ ਨਿਰਮਾਣ ਲਈ 10 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ ਅਤੇ ਹੁਣ ਇਸ ਟਿਊਬਵੈੱਲ ਦੀ ਸਥਾਪਨਾ ਨਾਲ, ਪਿੰਡ ਵਾਸੀਆਂ ਨੂੰ ਸ਼ੁੱਧ ਅਤੇ ਲੋੜੀਂਦਾ ਪੀਣ ਵਾਲੇ ਪਾਣੀ ਦੀ ਪਹੁੰਚ ਹੋਵੇਗੀ। ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਪੀਣ ਵਾਲੇ ਪਾਣੀ, ਸਿੱਖਿਆ, ਸਿਹਤ ਅਤੇ ਸੜਕਾਂ ਵਰਗੀਆਂ ਜ਼ਰੂਰੀ ਸੇਵਾਵਾਂ 'ਤੇ ਨਿਰੰਤਰ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਮੌਜੂਦ ਪਿੰਡ ਦੇ ਸਰਪੰਚ, ਪੰਚ ਅਤੇ ਪਿੰਡ ਵਾਸੀਆਂ ਨੇ ਟਿਊਬਵੈੱਲ ਦੇ ਲਈ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਹੱਲ ਹੋ ਜਾਵੇਗੀ ਅਤੇ ਉਹ ਇਸ ਲਈ ਆਪਣੇ ਵਿਧਾਇਕ ਦੀ ਕਦਰ ਕਰਦੇ ਹਨ।




## ਬਿਜਲੀ ਸੋਧ ਬਿੱਲ, ਖੇਤੀ ਬੀਜ ਬਿੱਲ, ਚਾਰ ਲੇਬਰ ਕੋਡਜ਼ ਵਿਰੁੱਧ ਟਰੈਕਟਰ-ਮੋਟਰਸਾਈਕਲ ਮਾਰਚ ਕੀਤੇ ਜਾਣਗੇ

**ਬੰਗਾ (ਅਵਤਾਰ ਕਲੇਰ)**- ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਜਥੇਬੰਦੀਆਂ ਅਤੇ ਮੁਲਾਜ਼ਮ ਜਥੇਬੰਦੀਆਂ ਦੇ ਸੱਦੇ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜਸਵਿੰਦਰ ਸਿੰਘ ਭੰਗਲ ਜ਼ਿਲ੍ਹਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਦੀ ਅਗਵਾਈ ਵਿਚ ਬਿਜਲੀ ਸੋਧ ਬਿੱਲ 2025 , ਖੇਤੀ ਬੀਜ ਬਿੱਲ 2025, ਚਾਰ ਲੇਬਰ ਕੋਡਜ਼ ਅਤੇ ਨਿੱਜੀਕਰਨ ਦੇ ਵਿਰੁੱਧ 29 ਦਸੰਬਰ ਨੂੰ ਇਲਾਕਾ ਨਵਾਂਸ਼ਹਿਰ, 30 ਦਸੰਬਰ ਨੂੰ ਇਲਾਕਾ ਔੜ ਵਿਚ, 1 ਜਨਵਰੀ ਨੂੰ ਇਲਾਕਾ ਬਲਾਚੌਰ ਵਿਚ, 3 ਜਨਵਰੀ ਨੂੰ ਇਲਾਕਾ ਬੰਗਾ ਵਿਚ ਟਰੈਕਟਰ-ਮੋਟਰਸਾਈਕਲ ਮਾਰਚ ਕੀਤੇ ਜਾਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਸਵਿੰਦਰ ਸਿੰਘ ਭੰਗਲ ਨੇ ਕਿਹਾ ਕਿ ਬਿਜਲੀ ਸੋਧ ਬਿੱਲ ਅਤੇ ਖੇਤੀਬਾੜੀ ਸੀਡ ਸੋਧ ਬਿੱਲ ਦੋਵੇਂ ਬਿੱਲ ਕੇਂਦਰ ਸਰਕਾਰ ਤੁਰੰਤ ਰੱਦ ਕਰੇ। ਬਿਜਲੀ ਅਤੇ ਖੇਤੀਬਾੜੀ ਸੂਬੇ ਦੇ ਵਿਸ਼ੇ ਹਨ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਉਹਨਾਂ ਕਿਹਾ ਕਿ 16 ਜਨਵਰੀ ਨੂੰ ਪਾਵਰਕੌਮ ਦੇ ਸਰਕਲ ਨਵਾਂਸ਼ਹਿਰ ਦਫ਼ਤਰ ਅੱਗੇ ਵੱਡੀ ਗਿਣਤੀ ਚ ਧਰਨਾ ਦਿੱਤਾ ਜਾਵੇਗਾ।



## ਜ਼ੀਰਕਪੁਰ 'ਚ ਕੋਈ ਵੀ ਵਿਕਾਸ ਕਾਰਜ ਨਹੀਂ ਹੋਇਆ : ਐੱਨ ਕੇ ਸ਼ਰਮਾ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਦੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਕਿਹਾ ਹੈ ਕਿ ਜ਼ੀਰਕਪੁਰ ਨਗਰ ਕੌਂਸਲ ਦੇ ਇਤਿਹਾਸ ਵਿੱਚ ਪਿਛਲੇ 9 ਸਾਲਾਂ ਦੇ ਕਾਰਜਕਾਲ ਨੂੰ ਕਾਲੇ ਦੌਰ ਵਜੋਂ ਜਾਣਿਆ ਜਾਵੇਗਾ। ਕੌਂਸਲ ਨੇ ਇੱਥੋਂ ਦੇ ਲੋਕਾਂ ਤੋਂ ਪ੍ਰਾਪਰਟੀ ਟੈਕਸ, ਬਿਲਡਿੰਗ ਚਾਰਜ਼, ਵਿਕਾਸ ਕਰ ਸਮੇਤ ਵੱਖ-ਵੱਖ ਟੈਕਸਾਂ ਤੋਂ 800 ਕਰੋੜ ਰੁਪਏ ਕਮਾਏ ਹਨ, ਪਰ ਇਸ ਦੇ ਮੁਕਾਬਲੇ ਇੱਥੇ ਕੋਈ ਵਿਕਾਸ ਕਾਰਜ ਨਹੀਂ ਹੋਇਆ ਹੈ। ਐਨਕੇ ਸ਼ਰਮਾ ਨੇ ਅੱਜ ਨਗਰ ਕੌਂਸਲ ਵੱਲੋਂ 22 ਮਹੀਨਿਆਂ ਬਾਅਦ ਬੁਲਾਈ ਗਈ ਕੌਂਸਲਰਾਂ ਦੀ ਮੀਟਿੰਗ ਦੀ ਪਾਰਦਰਸ਼ਤਾ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਕੌਂਸਲ ਮੀਟਿੰਗ ਵਿੱਚ ਕੌਂਸਲਰਾਂ ਦੀ ਰਾਏ ਦੇ ਆਧਾਰ 'ਤੇ ਫੈਸਲਿਆਂ ਦੀ ਬਜਾਏ ਫ਼ਰਮਾਨ ਜਾਰੀ ਕੀਤੇ ਗਏ ਹਨ। ਸਾਬਕਾ ਵਿਧਾਇਕ ਨੇ ਵਾਰਡਬੰਦੀ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਲਈ ਸ਼ਹਿਰ ਦੇ ਨਕਸ਼ੇ ਨੂੰ ਵਿਗਾੜ ਦਿੱਤਾ ਹੈ। ਇਸ ਮੌਕੇ ਅਕਾਲੀ ਆਗੂ ਅਤੇ ਕੌਂਸਲਰ ਤੇਜੀ ਸਿੱਧੂ, ਯਾਦਵਿੰਦਰ ਸ਼ਰਮਾ, ਧਰਮਿੰਦਰ ਸ਼ਰਮਾ, ਆਰਤੀ ਸ਼ਰਮਾ, ਪਰਵਿੰਦਰ ਕੌਰ, ਕੁਲਦੀਪ ਕੌਰ, ਜਗਦੇਵ ਸਿੰਘ, ਪ੍ਰਵੀਨ ਸ਼ਰਮਾ, ਜੈਪਾਲ ਸ਼ਰਮਾ, ਸਤਵਿੰਦਰ ਸਿੰਘ ਅਤੇ ਮਨਦੀਪ ਸਿੰਘ ਸਮੇਤ ਹੋਰ ਪਤਵੰਤੇ ਮੌਜੂਦ ਸਨ।



## ਸ਼ਹੀਦ ਊਧਮ ਸਿੰਘ ਦੀ ਜਯੰਤੀ ਨੂੰ ਸਮਰਪਤ ਸਮਾਗਮ

**ਫਗਵਾੜਾ (ਡਾ ਰਮਨ)**- ਉਸਾਰੂ ਸਾਹਿਤ ਅਤੇ ਸਾਫ ਸੁੱਥਰੇ ਸਮਾਜ ਲਈ ਕਾਰਜਸ਼ੀਲ ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਵਲੋਂ ਪ੍ਰਧਾਨ ਰਵਿੰਦਰ ਸਿੰਘ ਰਾਏ ਅਤੇ ਮੀਤ ਪ੍ਰਧਾਨ ਹਰਵਿੰਦਰ ਸਿੰਘ ਦੀ ਸਾਂਝੀ ਅਗਵਾਈ ਹੇਠ ਸ਼ਹੀਦ ਉਧਮ ਸਿੰਘ ਦੀ ਜਯੰਤੀ ਨੂੰ ਸਮਰਪਿਤ ਇਕ ਸਮਾਗਮ ਵਰਿੰਦਰ ਨਗਰ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਦੌਰਾਨ ਰਵਿੰਦਰ ਸਿੰਘ ਰਾਏ ਅਤੇ ਡਾ. ਐਸ.ਪੀ. ਮਾਨ ਨੇ ਸ਼ਹੀਦ ਉੱਧਮ ਸਿੰਘ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਕਿਹਾ ਕਿ ਊਧਮ ਸਿੰਘ ਵਰਗੇ ਸੂਰਮੇ ਸਦੀਆਂ ਦੇ ਅੰਤਰਾਲ ਤੋਂ ਬਾਅਦ ਜਨਮ ਲੈਂਦੇ ਹਨ, ਜਿਹਨਾਂ ਦਾ ਨਾਮ ਰਹਿੰਦੀ ਦੁਨੀਆ ਤੱਕ ਅਮਰ ਹੋ ਜਾਂਦਾ ਹੈ। ਬੁਲਾਰਿਆਂ ਨੇ ਦੱਸਿਆ ਕਿ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਪੰਜਾਬ ਦੇ ਕਸਬਾ ਸੁਨਾਮ ਵਿਖੇ ਹੋਇਆ। ਇਹਨਾਂ ਦੇ ਮਾਤਾ-ਪਿਤਾ ਦਾ ਸਵਰਗਵਾਸ ਇਹਨਾਂ ਦੇ ਬਚਪਨ ਵਿੱਚ ਹੀ ਹੋ ਗਿਆ ਸੀ। ਖਾਲਸਾ ਕੇਂਦਰੀ ਯਤੀਮਖਾਨੇ ਅੰਮ੍ਰਿਤਸਰ 'ਚ ਪਰਵਰਿਸ਼ ਹੋਈ ਅਤੇ ਇਸੇ ਦੌਰਾਨ ਉਹ ਆਜਾਦੀ ਦੇ ਸੰਘਰਸ਼ ਵਿੱਚ ਸ਼ਾਮਲ ਹੋ ਗਏ। ਅਖੀਰ ਜਲੀਆਂਵਾਲਾ ਬਾਗ ਦੇ ਖੂਨੀ ਕਾਂਡ ਦਾ ਬਦਲਾ ਲੰਡਨ 'ਚ ਮਾਇਕਲ ਓਡਵਾਇਰ ਦਾ ਕਤਲ ਕਰਕੇ ਲਿਆ। ਕੇਂਦਰ ਦੇ ਚੇਅਰਮੈਨ ਜਤਿੰਦਰ ਸਿੰਘ ਖਾਲਸਾ ਨੇ ਸਮੂਹ ਹਾਜਰੀਨ ਦਾ ਪਹੁੰਚਣ ਲਈ ਧੰਨਵਾਦ ਕੀਤਾ। ਡਾ. ਸ਼ਾਮਾ ਸਿੰਘ, ਅਸ਼ੋਕ ਸ਼ਰਮਾ, ਲਵਪ੍ਰੀਤ ਸਿੰਘ ਰਾਏ, ਖੁਸ਼ਪ੍ਰੀਤ ਸਿੰਘ ਤੋਂ ਇਲਾਵਾ ਹੋਰ ਮੈਂਬਰ ਵੀ ਹਾਜਰ ਸਨ।



## ਬੱਡੋਂ ਵਿਖੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਮਤਿ ਸਮਾਗਮ ਕਰਵਾਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡੋਂ ਵਿਖੇ ਇਤਿਹਾਸਕ ਗੁਰਦੁਆਰਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਪਵਿੱਤਰ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਲਗੀਧਰ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਜੋਗਾ ਸਿੰਘ ਨੰਬਰਦਾਰ ਬੱਡੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦੀ ਸਮਾਗਮ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਕਰਮਜੀਤ ਸਿੰਘ ਮੁੱਖ ਗ੍ਰੰਥੀ ਬਡੋ , ਭਾਈ ਸੁਰਿੰਦਰ ਸਿੰਘ ਹੀਰਾ ਇੰਟਰਨੈਸ਼ਨਲ ਢਾਡੀ ਜਥਾ ਸ਼੍ਰੀ ਅਨੰਦਪੁਰ ਸਾਹਿਬ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਗੁਰ ਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਨੰਬਰਦਾਰ ਜੋਗਾ ਸਿੰਘ, ਜਸਵੀਰ ਸਿੰਘ ਮੀਤ ਪ੍ਰਧਾਨ ,ਅਮਰਦੀਪ ਸਿੰਘ ਪਿੰਟਾ ਖਜਾਨਚੀ, ਸੁਰਦੇਵ ਸਿੰਘ ਸਕੱਤਰ, ਹਰਦੀਪ ਸਿੰਘ ਬੰਬੇ, ਭਾਈ ਕਰਮਜੀਤ ਸਿੰਘ ਮੁੱਖ ਗ੍ਰੰਥੀ, ਸਰਵਣ ਸਿੰਘ ਗ੍ਰੰਥੀ, ਜਗਤਾਰ ਸਿੰਘ ਸੀ ਆਈ ਡੀ, ਸਰਬਪ੍ਰੀਤ ਸਿੰਘ ਸੋਨੂੰ, ਦਲਜੀਤ ਸਿੰਘ,ਅਮਨਦੀਪ ਸਿੰਘ ਸਾਬਕਾ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।



## ਨਸ਼ਿਆਂ ਦੀ ਰੋਕਥਾਮ ਲਈ ਬੇਅਬਾਦ ਤੇ ਅਣਵਰਤੀਆਂ ਥਾਵਾਂ ਦਾ ਢੁਕਵਾਂ ਰੱਖ-ਰਖਾਅ ਯਕੀਨੀ ਬਣਾਉਣ ਦੇ ਨਿਰਦੇਸ਼

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਗਰ ਨਿਗਮ/ ਕੌਂਸਲਾਂ ਦੇ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਅਜਿਹੀਆਂ ਬੇਅਬਾਦ ਤੇ ਅਣਵਰਤੀਆਂ ਥਾਵਾਂ, ਜਿਨ੍ਹਾਂ ਦੀ ਨਸ਼ੇ ਦੇ ਆਦੀ ਵਿਅਕਤੀਆਂ ਵੱਲੋਂ ਨਸ਼ੇ ਦੇ ਸੇਵਨ ਲਈ ਦੁਰਵਰਤੋਂ ਕੀਤੀ ਜਾ ਸਕਦੀ ਹੈ, ਦਾ ਢੁੱਕਵਾਂ ਰੱਖ-ਰਖਾਅ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨਕੋਰਡ) ਮਕੈਨਿਜ਼ਮ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਅਜਿਹੀਆਂ ਥਾਵਾਂ 'ਤੇ ਸਾਫ-ਸਫਾਈ, ਲਾਈਟਾਂ ਦਾ ਪ੍ਰਬੰਧ, ਚਾਰਦਿਵਾਰੀ ਆਦਿ ਕਰਨ ਤੋਂ ਇਲਾਵਾ ਇਨ੍ਹਾਂ ਨੂੰ ਪਾਰਕ, ਖੇਡ ਮੈਦਾਨ, ਜਿੰਮ, ਰਨਿੰਗ ਟਰੈਕ ਆਦਿ ਵਿਚ ਤਬਦੀਲ ਕਰਨ ਲਈ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਪਿੰਡਾਂ ਵਿੱਚ ਵੀ ਇਸੇ ਤਰਜ਼ 'ਤੇ ਪੰਚਾਇਤਾਂ ਤੇ ਨੰਬਰਦਾਰਾਂ ਦੀ ਮਦਦ ਨਾਲ ਅਜਿਹੇ ਖੇਤਰਾਂ ਨੂੰ ਉਸਾਰੂ ਗਤੀਵਿਧੀਆਂ ਲਈ ਵਰਤੇ ਜਾਣ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ। ਡਾ. ਅਗਰਵਾਲ ਨੇ ਪੁਲਸ ਵਿਭਾਗ ਨੂੰ ਅਜਿਹੀਆਂ ਥਾਵਾਂ 'ਤੇ ਵਧੇਰੇ ਚੌਕਸੀ ਵਰਤਣ ਦੀ ਹਦਾਇਤ ਵੀ ਕੀਤੀ। ਡਿਪਟੀ ਕਮਿਸ਼ਨਰ ਨੇ ਪੁਲਸ ਵਿਭਾਗ ਵੱਲੋਂ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਲਈ ਕੀਤੇ ਜਾ ਰਹੇ ਯਤਨਾਂ ਦਾ ਵੀ ਜਾਇਜ਼ਾ ਲਿਆ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਾਨੀ ਸੱਜਣ ਵੱਲੋਂ ਮਹਿੰਦਰਾ ਟਰੈਕਟਰ ਭੇਟ

**ਮੋਹਾਲੀ (ਗੁਰਜੀਤ ਬਿੱਲਾ)** ਧੰਨ-ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਕਾਰ ਸੇਵਾ ਲਈ ਦਾਨੀ ਸੱਜਣ ਵੱਲੋਂ ਮਹਿੰਦਰਾ-265 ਡਿਲਕਸ ਟਾਪ ਮਾਡਲ ਟਰੈਕਟਰ ਭੇਟ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਦਾਨੀ ਸੱਜਣ ਵੱਲੋਂ ਟਰੈਕਟਰ ਨੂੰ ਗੁਰਦੁਆਰਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਦੇ ਨੇੜੇ ਖੜਾ ਕਰਕੇ ਟਰੈਕਟਰ ਦੀਆਂ ਚਾਬੀਆਂ ਦਫ਼ਤਰ ਵਿਖੇ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਟਰੈਕਟਰ ਦੇ ਸਾਰੇ ਕਾਗਜ਼ਾਤ, ਬੀਮਾ ਆਦਿ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਨਾਂਅ 'ਤੇ ਹੈ। ਦਾਨੀ ਸੱਜਣ ਵੱਲੋਂ ਦਸਿਆ ਗਿਆ ਕਿ ਦਾਸ ਇਸ ਸ਼ਹੀਦੀ ਸਥਾਨ 'ਤੇ ਚੱਲ ਰਹੀ ਕਾਰ ਸੇਵਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ ਦੀ ਸੇਵਾ-ਸੰਭਾਲ ਅਤੇ ਨਵੇਂ ਸਰੂਪਾਂ ਦੀ ਨਿਸ਼ਕਾਮ ਸੇਵਾ ਤੋਂ ਬਹੁਤ ਪ੍ਰਭਾਵਿਤ ਹੈ।



ਸਾਲਾਨਾ ਸਾਹਿਤਕ ਅੰਕ

# ਨਵਾਂ ਜ਼ਮਾਨਾ ਐਤਵਾਰਤਾ

ਸਾਡੇ ਲਈ
ਰੁੱਖਾਂ 'ਤੇ ਫ਼ਲ ਨਹੀਂ ਲੱਗਦੇ
ਸਾਡੇ ਲਈ
ਫੁੱਲ ਨਹੀਂ ਖਿੜਦੇ
ਸਾਡੇ ਲਈ
ਬਹਾਰਾਂ ਨਹੀਂ ਆਉਂਦੀਆਂ
ਸਾਡੇ ਲਈ
ਇਨਕਲਾਬ ਨਹੀਂ ਆਉਂਦੇ।
- ਲਾਲ ਸਿੰਘ ਦਿਲ

Regd. No : L-4/ Pb/JL-0023/2024-26, (R.N.I.)-00068/57 ਜਲੰਧਰ : ਐਤਵਾਰ, 28 ਦਸੰਬਰ 2025 www.nawanzamana.in ਕੀਮਤ 5.00 ਰੁਪਏ

# ਪਥਰਾਈ ਮਨੁੱਖਤਾ ਦਾ ਪ੍ਰਵਕਤਾ

# ਲਾਲ ਸਿੰਘ ਦਿਲ



ਲਾਲ ਸਿੰਘ ਦਿਲ ਆਪਣੀ ਮਾਤਾ ਚਿੰਤੀ ਨਾਲ। (1979)

ਲਾਲ ਸਿੰਘ ਦਿਲ ਦੀ ਕਵਿਤਾ ਨੂੰ ਨਕਸਲੀ ਕਾਵਿ ਦੇ ਪ੍ਰਸੰਗ ਵਿਚ ਹੀ ਵਧੇਰੇ ਸਮਝਿਆ ਗਿਆ ਹੈ, ਪਰੰਤੂ ਕੁਝ ਸਮੇਂ ਤੋਂ ਦਲਿਤ ਚੇਤਨਾ ਦੇ ਪ੍ਰਸੰਗ ਵਿਚ ਵੀ ਚਰਚਾ ਕੀਤੀ ਜਾਣੀ ਸ਼ੁਰੂ ਹੋਈ ਹੈ। ਉਸ ਦੀ ਕਵਿਤਾ ਨੂੰ ਨਕਸਲੀ ਕਾਵਿ ਦੇ ਪ੍ਰਸੰਗ ਵਿਚ ਸਮਝਣ ਦੀ ਅੰਤਰ-ਸੂਝ ਨੇ ਉਸ ਦੀ ਕਾਵਿ-ਵਿਲੱਖਣਤਾ ਨੂੰ ਨਹੀਂ ਪਛਾਣਿਆ, ਜਦੋਂ ਕਿ ਅਖਾਉਤੀ ਦਲਿਤ ਚੇਤਨਾ ਉਸ ਦੀ ਕਵਿਤਾ ਨੂੰ ਬਾਹਰ-ਮੁਖੀ ਰੂਪ ਵਿਚ ਸਮਝਣ ਦੀ ਥਾਵੇਂ ਇਕ ਰਾਜਨੀਤਕ ਸਥਿਤੀ ਨਾਲ ਤਦਰੂਪ ਕਰਕੇ ਪਰਿਭਾਸ਼ਤ ਕਰਨ ਦੇ ਆਹਰ ਵਿਚ ਹੈ। ਇਹ ਦੋਵੇਂ ਮਸਲੇ ਆਪਣੇ-ਆਪ ਵਿਚ ਗੰਭੀਰ ਚਰਚਾ ਦੀ ਮੰਗ ਕਰਦੇ ਹਨ। ਲਾਲ ਸਿੰਘ ਦਿਲ ਦੀ ਕਵਿਤਾ ਵਿਚ ਇਹ ਦੋਵੇਂ ਵਰਤਾਰੇ ਹਨ ਪਰੰਤੂ ਇਹ ਦੁਵੰਡਤਾ ਦੀ ਸ਼ਿਕਾਰ ਨਹੀਂ। ਦੁਵੰਡਤਾ ਦਾ ਸ਼ਿਕਾਰ ਪੰਜਾਬੀ ਕਾਵਿ ਚਿੰਤਨ ਹੈ ਕਿ ਉਹ ਲਾਲ ਸਿੰਘ ਦਿਲ ਨੂੰ ਆਪਣੀ ਧਿਰ ਵਿਚ ਭੁਗਤਾਉਣ ਲਈ ਪੱਬਾਂ ਭਾਰ ਹੈ। ਇਸ ਪਿੱਛੇ ਕਈ ਰਾਜਨੀਤਕ ਕਾਰਨ ਹਨ ਅਤੇ ਕਈ ਸਾਡੇ ਚਿੰਤਨ ਦੀਆਂ ਸੀਮਾਵਾਂ ਹਨ।

ਲਾਲ ਸਿੰਘ ਦਿਲ ਦੀ ਕਵਿਤਾ ਦੇ ਕੇਂਦਰੀ ਫ਼ਿਕਰ ਅਤੇ ਉਸ ਦੀ ਕਾਵਿ ਵਿਲੱਖਣਤਾ ਨੂੰ ਸਮਝਣ ਲਈ ਕੁਝ ਨੁਕਤਿਆਂ ਦੀ ਚਰਚਾ ਜ਼ਰੂਰੀ ਹੈ।

ਪਹਿਲਾ-ਲਾਲ ਸਿੰਘ ਦਿਲ ਦੀ ਕਵਿਤਾ ਦਾ ਰਚਨਾਤਮਕ ਉਠਾਣ ਇਤਿਹਾਸ ਦੀ ਉਸ ਤੰਦੀ ਵੇਲੇ ਦਾ ਹੈ, ਜਦੋਂ ਭਾਰਤੀ ਸਮਾਜ ਦੀ ਆਰਥਿਕਤਾ ਵਿਚ ਬੁਨਿਆਦੀ ਪਰਿਵਰਤਨ ਵਾਪਰਦੇ ਹਨ। ਦੇਸ਼ ਦੀ ਆਜ਼ਾਦੀ ਉਪਰੰਤ ਕੌਮੀ ਬੁਰਜੂਆਜ਼ੀ ਦਾ ਆਰਥਿਕਤਾ ਦਾ ਵਿਕਾਸ ਜਮਾਤੀ ਆਧਾਰਾਂ ਉੱਤੇ ਹੁੰਦਾ ਹੈ। ਭਾਰਤੀ ਸਮਾਜ

## ਡਾ. ਸਰਬਜੀਤ ਸਿੰਘ

ਸਨਅਤੀਕਰਨ ਦੇ ਰਸਤੇ ਪ੍ਰਵਾਹਤ ਹੁੰਦਾ ਹੈ। ਇਹ ਸਨਅਤੀਕਰਨ ਬੁਰਜੂਆ ਜਮਾਤ ਨੂੰ ਵਧੇਰੇ ਸ਼ਕਤੀ ਸੰਪੰਨ ਬਣਾਉਂਦਾ ਹੈ, ਜਿਸ ਦਾ ਦੂਸਰਾ ਨਤੀਜਾ ਇਹ ਨਿਕਲਦਾ ਹੈ ਕਿ ਸਮਾਜ ਵਿਚ ਸ਼ੋਸ਼ਣ, ਜਬਰ, ਦਮਨ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਆਰਥਿਕ ਪਾੜਾ ਇਕ ਵਿਕਰਾਲ ਸਥਿਤੀ ਧਾਰਨ ਕਰਨ ਲੱਗਦਾ ਹੈ। ਆਰਥਿਕ ਖੇਤਰ ਦੀਆਂ ਸੰਸਥਾਵਾਂ ਦੇ ਸਮਾਨਾਂਤਰ ਨਿਆਂਇਕ ਸੰਸਥਾਵਾਂ ਦੀ ਮਜ਼ਬੂਤੀ ਦਾ ਇਕ ਪੂਰਾ ਨੈੱਟਵਰਕ ਵੀ ਤਿਆਰ ਕੀਤਾ ਜਾਂਦਾ ਹੈ ਤਾਂ ਜੋ ਬੁਰਜਵਾ ਪ੍ਰਬੰਧ ਦੀ ਸੁਰੱਖਿਆ ਸਥਿਰ ਕੀਤੀ ਜਾ ਸਕੇ। ਨਕਸਲੀ ਲਹਿਰ ਵਿਚ ਨਿਆਂ ਪ੍ਰਬੰਧ ਨਾਲ ਜੁੜੀਆਂ ਸੰਸਥਾਵਾਂ ਉੱਪਰ ਹਮਲਾ ਇਸੇ ਵਿਚਾਰਧਾਰਕ ਮਸਲੇ ਉੱਪਰ ਸੰਕੇਤ ਕਰਦਾ ਹੈ।

ਦੂਸਰਾ-ਬੁਰਜੂਆਜੀ ਦੇ ਵਿਕਾਸ ਦੇ ਵਿਰੁੱਧ ਵੱਡਾ ਪ੍ਰਤਿਕਰਮੀ ਮੁਹਾਜ਼ ਖੱਬੇ-ਪੱਖੀ ਲਹਿਰ ਦਾ ਹੀ ਸੀ। ਉਸ ਸਮੇਂ ਅਜੇ ਬੁਰਜੂਆਜੀ ਦੇ ਲੋਕਤੰਤਰੀ ਭਰਮ ਦੇ ਲੁਬਾਦੇ ਵਿਚੋਂ ਐਥਨਿਕ ਅਤੇ ਮੂਲਵਾਦੀ ਫ਼ਿਰਕਾਪ੍ਰਸਤ ਤਾਕਤਾਂ ਦਾ ਉਦੈ ਨਹੀਂ ਹੋਇਆ ਸੀ। (ਭਾਵੇਂ ਇਸ ਦੀਆਂ ਜੜ੍ਹਾਂ ਦੀ ਤਲਾਸ਼ ਇਤਿਹਾਸ ਵਿੱਚੋਂ ਸੰਭਵ ਹੀ ਨਹੀਂ, ਅਨਿਵਾਰੀ ਵੀ ਹੈ ਪਰੰਤੂ ਜਿੰਨਾ ਕੁਝ ਮੂਲਵਾਦੀ ਪ੍ਰਸ਼ਨਾਂ ਦਾ ਮਸਲਾ ਅੱਜ ਹੈ, ਉਹ ਬੁਰਜੂਆ ਵਿਕਾਸ ਵਿੱਚੋਂ ਹੀ ਸਾਹਮਣੇ ਆਏ ਹਨ) ਭਾਰਤ ਅੰਦਰ ਖੱਬੇ-ਪੱਖੀ ਲਹਿਰ ਸੋਵੀਅਤ ਯੂਨੀਅਨ ਦੇ ਇਨਕਲਾਬ ਤੋਂ ਬਾਅਦ ਸੰਗਠਿਤ ਹੁੰਦੀ ਹੈ। ਦੇਸ਼ ਦੀ ਆਜ਼ਾਦੀ ਉਪਰੰਤ ਖੱਬੇ ਪੱਖੀ ਲਹਿਰ ਇਕ ਵੱਡਾ ਬਦਲ ਪੇਸ਼ ਕਰਨ ਵਾਲੀ ਧਿਰ ਬਣਦੀ ਹੈ, ਪਰੰਤੂ ਕੌਮਾਂਤਰੀ ਰਾਜਨੀਤੀ ਵਿਚ ਸਮਾਜਵਾਦੀ ਤਾਕਤਾਂ ਦੇ ਵਿਚਾਰਧਾਰਕ ਮੱਤਭੇਦ ਅਤੇ ਦੇਸ਼ ਉੱਪਰ ਚੀਨ ਦੇ ਹਮਲੇ ਬਾਅਦ ਇਸ ਲਹਿਰ ਵਿਚ ਜੋ ਤ੍ਰੇੜ ਆਉਂਦੀ ਹੈ, ਉਹ ਦੁਫੇੜ, ਤਿਫੇੜ ਵਿਚ ਪਲਟਦੀ ਹੋਈ ਰਾਜਸੀ ਦ੍ਰਿਸ਼ ਦੀ ਅਨਾਰਕੀ ਵਿਆਖਿਆ ਹੀ ਨਹੀਂ ਕਰਦੀ, ਸਗੋਂ ਕ੍ਰਾਂਤੀ ਦੇ ਰੋਮਾਂਸ ਵਿਚ ਬੁਰਜੁਵਾ ਸਮਾਜ ਨੂੰ ਸਾਮੰਤੀ ਸੂਰਮਗਤੀ ਰਾਹੀਂ ਪਰਿਵਰਤਨ ਦਾ ਰਸਤਾ ਅਖ਼ਤਿਆਰ ਕਰ ਲੈਂਦੀ ਹੈ।

ਤੀਸਰਾ-ਭਾਰਤੀ ਸਮਾਜ ਨੂੰ ਜਾਂ ਤਾਂ ਨਿਰੋਲ ਜਾਤੀ ਦ੍ਰਿਸ਼ਟੀ ਤੋਂ ਸਮਝਿਆ ਗਿਆ ਹੈ ਜਾਂ ਜਮਾਤੀ ਦ੍ਰਿਸ਼ਟੀ ਤੋਂ। ਜਾਤੀ ਦ੍ਰਿਸ਼ਟੀ ਤੋਂ ਭਾਰਤੀ ਸਮਾਜਿਕ ਸੰਰਚਨਾ ਜਾਤਾਂ-ਪਾਤਾਂ ਦੇ ਗਤੀਰਹਿਤ ਵਰਤਾਰੇ ਵਿਚ ਸੀਮਤ ਹੋ ਗਈ ਹੈ, ਇਹ ਭਾਵੇਂ ਹਿੰਦੂ ਬ੍ਰਾਹਮਣਵਾਦੀ ਵਿਚਾਰਧਾਰਕ ਦ੍ਰਿਸ਼ਟੀ ਹੋਵੇ ਤੇ ਭਾਵੇਂ ਅਖਾਉਤੀ ਦਲਿਤ ਦ੍ਰਿਸ਼ਟੀ ਹੋਵੇ। ਜਮਾਤੀ ਦ੍ਰਿਸ਼ਟੀ ਤੋਂ ਭਾਰਤੀ ਸਮਾਜਿਕ ਸੰਰਚਨਾ ਦੇ ਸਾਰੇ ਵਖਰੇਵੇਂ ਆਰਥਿਕਤਾ ਦੇ ਪ੍ਰਿਜ਼ਮ ਵਿਚ ਸਮੇਟ ਦਿੱਤੇ ਗਏ। ਪ੍ਰਗਤੀਵਾਦੀ ਚਿੰਤਨ ਨੇ ਇਨ੍ਹਾਂ ਨਿਖੇੜਿਆਂ ਨੂੰ ਨਹੀਂ ਸਮਝਿਆ, ਜਿਸ ਕਰਕੇ ਵਿਚਾਰਵਾਦੀ ਦ੍ਰਿਸ਼ਟੀ ਤੋਂ ਵਰਤਾਰਿਆਂ ਦੀ ਵਿਗੜ ਸਮਝ ਵਾਰ-ਵਾਰ ਸਾਹਮਣੇ ਆਉਂਦੀ ਰਹੀ ਹੈ। (ਹੁਣ ਪ੍ਰਗਤੀਵਾਦੀ ਦ੍ਰਿਸ਼ਟੀ ਨੇ ਇਸ ਪਾਸੇ ਚਰਚਾ ਸ਼ੁਰੂ ਕੀਤੀ ਹੈ।) ਭਾਰਤੀ ਮਨੁੱਖ ਅਤੇ ਸਮਾਜ ਨੂੰ ਸਮਾਜ-ਸ਼ਾਸਤਰੀ, ਮਾਨਵ-ਵਿਗਿਆਨਕ ਅਤੇ ਇਤਿਹਾਸਕ ਪਰਿਪੇਖ ਤੋਂ ਸਮਝਣਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਇੱਥੇ ਆਰਥਿਕਤਾ ਦੇ ਨਾਲ-ਨਾਲ ਜਾਤ, ਭਾਸ਼ਾ, ਲਿੰਗ ਅਤੇ ਭੂਗੋਲ ਦਾ ਗੁੰਝਲਦਾਰ, ਜਟਿਲ ਵਰਤਾਰਾ ਵੀ ਹੈ। ਕਿਸੇ ਇਕ ਨੁਕਤੇ ਤੋਂ ਨਾ ਤਾਂ ਭਾਰਤੀ ਸਮਾਜ ਦੇ ਯਥਾਰਥ ਨੂੰ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਏਥੇ ਦੇ ਸਾਹਿਤ ਨੂੰ, ਕਿਉਂਕਿ ਭਾਰਤੀ ਸਮਾਜ ਦੇ ਸਮਾਜਿਕ ਵਿਰੋਧ ਹੋਰਨਾਂ ਸਮਾਜਾਂ ਨਾਲੋਂ ਦਿੱਖ ਦੀ ਪੱਧਰ ਉਪਰ ਹੀ ਨਹੀਂ, ਸਗੋਂ ਸਾਰ ਦੇ ਪੱਖੋਂ ਵਧੇਰੇ ਪੇਚੀਦਾ ਹਨ।

ਚੌਥਾ-ਸਾਹਿਤ ਸਿਰਜਣਾਤਮਕ ਪ੍ਰਕਿਰਿਆ ਹੈ। ਇਸ ਸੰਬੰਧੀ ਇਹ ਧਾਰਨਾ ਸ਼ਰਧਾ ਦੀ ਪੱਧਰ ਉੱਪਰ ਸਥਾਪਤ ਹੈ ਕਿ ਰਚਨਾਕਾਰ ਆਪਣੇ ਹੱਡੀਂ ਹੰਢਾਏ ਅਨੁਭਵ ਨੂੰ ਪੇਸ਼ ਕਰਦਾ ਹੈ। ਜੇਕਰ ਇਸ ਧਾਰਨਾ ਨੂੰ ਵਕਤੀ ਤੌਰ 'ਤੇ ਸਹੀ ਮੰਨ ਲਿਆ ਜਾਵੇ ਤਾਂ ਇਸ ਅਨੁਸਾਰ ਜਾਤੀ-ਚੇਤਨਾ ਨੂੰ ਪ੍ਰਣਾਇਆ ਸਾਹਿਤ ਹੀ ਪ੍ਰਮਾਣਿਕ ਅਤੇ ਯਥਾਰਥਕ ਹੈ। ਸਰਮਾਏ ਦੀ ਪ੍ਰਧਾਨਤਾ ਦੇ ਯੁੱਗ ਵਿਚ ਸੂਚਨਾ ਅਤੇ ਗਿਆਨ ਦੇ ਪਾਸਾਰੇ ਨਾਲ ਮਨੁੱਖੀ ਸਮਾਜ ਵਿਚ ਚੇਤਨਤਾ ਵਧੇਰੇ ਪ੍ਰਚੰਡ ਹੀ ਨਹੀਂ ਹੁੰਦੀ, ਸਗੋਂ ਵਿਸ਼ਾਲ ਵੀ ਹੁੰਦੀ ਹੈ। ਚੇਤਨਾ ਦੇ ਵਧਦੇ ਪਾਸਾਰ ਉਨ੍ਹਾਂ ਵਰਗਾਂ, ਤਬਕਿਆਂ ਤੱਕ ਵੀ ਪਹੁੰਚਦੇ ਹਨ, ਜਿਨ੍ਹਾਂ ਨੂੰ ਸਦੀਆਂ ਤੋਂ ਦਮਨ, ਜਬਰ ਅਤੇ ਜ਼ੁਲਮ ਰਾਹੀਂ ਦਬਾਈ ਰੱਖਿਆ ਗਿਆ।

ਲਾਲ ਸਿੰਘ ਦਿਲ ਦੀ ਕਵਿਤਾ ਵਿਚ ਉੱਤਰਦਿਆਂ ਹੀ ਸਭ ਤੋਂ ਪਹਿਲਾਂ ਜੋ ਮਸਲਾ ਧਿਆਨ ਖਿੱਚਦਾ ਹੈ, ਉਹ ਹੈ ਉਸ ਦਾ ਦਮਿਤ, ਦਮਨਕ੍ਰਿਤ ਮਜ਼ਲੂਮ ਲੋਕਾਈ ਦਾ ਕੇਂਦਰ ਵਿਚ ਆਉਣਾ, ਜੋ ਹੱਡ-ਮਾਸ ਦੇ ਮਨੁੱਖ ਤਾਂ ਹਨ, ਪਰੰਤੂ ਉਨ੍ਹਾਂ ਨੂੰ ਮਨੁੱਖਤਾ ਦਾ ਨਾ ਦਰਜਾ ਪ੍ਰਾਪਤ ਹੈ ਅਤੇ ਨਾ ਹੀ ਮਨੁੱਖ ਹੋਣ ਦੀ ਚੇਤਨਾ ਹੈ। ਇਹ ਉਹ ਲੋਕ ਹਨ, ਜਿਨ੍ਹਾਂ ਦੀ ਨਾ ਜ਼ਮੀਨ ਹੈ, ਨਾ ਘਰ ਹੈ। ਕੋਈ ਪੱਕਾ ਟਿਕਾਣਾ ਨਹੀਂ। ਇਹ ਖ਼ਾਨਾਬਦੋਸ਼ੀ ਜੀਵਨ ਭੋਗਦੇ ਉਹ ਭਾਰਤੀ ਹਨ, ਜੋ ਇਸ ਦੇਸ਼ ਦੇ ਵਾਰਸ ਹਨ। ਇਨ੍ਹਾਂ ਲੋਕਾਂ (Natives) ਦੀ ਪਹਿਲੀ ਅਤੇ ਪ੍ਰਮਾਣਿਕ ਪਛਾਣ ਲਾਲ ਸਿੰਘ ਦਿਲ ਦੀ ਕਵਿਤਾ ਵਿਚੋਂ ਹੁੰਦੀ ਹੈ। ਇਸ ਮਸਲੇ 'ਤੇ ਵਿਚਾਰ ਕਰਨ ਤੋਂ ਪਹਿਲਾਂ ਉਸ ਦੀ ਕਵਿਤਾ ਵਿੱਚੋਂ ਲੰਘਦੇ ਹਾਂ:

ਛੱਡ ਤੁਰੇ ਹਨ
ਇਕ ਹੋਰ ਗ਼ੈਰਾਂ ਦੀ ਜ਼ਮੀਨ
ਛੱਜਾਂ ਵਾਲੇ
ਜਾ ਰਿਹਾ ਏ ਲੰਮਾ ਲਾਰਾ
ਝਿੜਕਾਂ ਦੇ ਭੰਡਾਰ ਲੱਦੀ
ਲੰਮੇ ਸਾਇਆਂ ਦੇ ਨਾਲ ਨਾਲ
ਗਧਿਆਂ 'ਤੇ ਬੈਠੇ ਨੇ ਜੁਆਕ
ਪਿਉਆਂ ਦੇ ਹੱਥਾਂ 'ਚ ਕੁੱਤੇ ਹਨ
ਮਾਵਾਂ ਦੀ ਪਿੱਠ ਪਿੱਛੇ
ਬੰਨ੍ਹੇ ਪਤੀਲੇ ਹਨ
ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ
ਜਾ ਰਿਹਾ ਹੈ ਲੰਮਾ ਲਾਰਾ
ਮੋਢਿਆਂ 'ਤੇ ਚੁੱਕੀ ਕੁੱਲੀਆਂ ਦੇ ਬਾਂਸ
ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ ?
ਇਹ ਜਾ ਰਹੇ ਨੇ ਰੋਕਣ
ਕਿਸ ਭਾਰਤ ਦੀ ਜ਼ਮੀਨ।

ਲਾਲ ਸਿੰਘ ਦਿਲ ਦੀ ਕਵਿਤਾ ਦੇ ਇਹ ਲੋਕ ਤਥਾਕਥਿਤ ਅਨੁਸੂਚਿਤ ਉਹ ਲੋਕ ਨਹੀਂ ਹਨ, ਜਿਨ੍ਹਾਂ ਨੂੰ ਅਜੋਕੇ ਚਿੰਤਨੀ ਮੈਦਾਨ ਵਿਚ ਦਲਿਤ ਕਿਹਾ ਜਾਂਦਾ ਹੈ। ਇਹ ਉਹ ਆਦਿ ਵਾਸੀ ਲੋਕ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਨਾਲੋਂ ਖਦੇੜ ਸੁੱਟਿਆ ਹੈ। ਇਹ ਦ੍ਰਿਸ਼



ਲਾਲ ਸਿੰਘ ਦਿਲ, ਅਮਰਜੀਤ ਚੰਦਨ ਅਤੇ ਪ੍ਰੇਮ ਪ੍ਰਕਾਸ਼

ਦਲਿਤ ਮਨੁੱਖ ਦਾ ਨਹੀਂ, ਸਗੋਂ ਆਦਿਵਾਸੀ ਉਸ ਮਨੁੱਖ ਦਾ ਹੈ, ਜੋ ਲੰਮੇ ਲਾਰਿਆਂ (ਕਬੀਲਿਆਂ) ਵਿਚ ਰਹਿੰਦਾ ਹੈ। ਇਸ ਕਰਕੇ ਉਸ ਦੀ ਕਵਿਤਾ ਵਿਚ ਵਾਰ-ਵਾਰ ਆਉਂਦੇ ਇਨ੍ਹਾਂ ਲੋਕਾਂ ਵੱਲ ਧਿਆਨ ਜਾਂਦਾ ਹੈ। ਇਕ ਹੋਰ ਕਵਿਤਾ ਦਾ ਅੰਗ ਦੇਖਣਾ ਬਣਦਾ ਹੈ:

ਸ਼ਾਮ ਪਈ ਤਾਂ ਗਧਿਆਂ ਵਾਲੇ
ਸੱਪਾਂ ਵਾਲੇ
ਛੱਜਾਂ ਵਾਲੇ
ਸਭ ਕਵਿਤਾ ਹਨ
ਮਿੱਲ ਕਵਿਤਾ ਹਨ

ਇਸ ਚਰਚਾ ਉੱਪਰ ਹੋਰ ਡਿਬੇਟ ਦੀ ਜ਼ਰੂਰਤ ਹੈ, ਕਿਉਂਕਿ ਭਾਰਤੀ ਚਿੰਤਨ ਵਿਚ ਇਸ ਸੈਕਸ਼ਨ ਨੂੰ ਸਬਲਟਰਨ ਰਾਹੀਂ ਪਰਿਭਾਸ਼ਤ ਕੀਤਾ ਜਾ ਰਿਹਾ ਹੈ। ਸਬਲਟਰਨ ਪ੍ਰਤੀ ਮੱਤਭੇਦ ਇਸ ਲਈ ਹੈ ਕਿ ਇਹ ਲੋਕ ਦੂਜੀ ਕਤਾਰ ਦੇ ਸੈਨਿਕ ਨਹੀਂ, ਸਗੋਂ ਉਲਟੇ ਇਨ੍ਹਾਂ ਦੀ ਤਾਂ ਕਤਾਰ ਹੀ ਕੋਈ ਨਹੀਂ। ਇਹ ਉਹ ਲੋਕ ਹਨ, ਜੋ ਜ਼ਮੀਨ ਵਿਹੂਣੇ, ਧਰਮ ਵਿਹੂਣੇ, ਸੱਭਿਅਤਾ ਵਿਹੂਣੇ, ਸੱਭਿਆਚਾਰਕ ਕਦਰ ਪ੍ਰਬੰਧ ਵਿਚ ਅਸੱਭਿਅਕ ਅਤੇ ਮਨੁੱਖ ਹੋਣ ਦੀ ਹੈਸੀਅਤ ਤੋਂ ਵਿਹੂਣੇ ਹਨ। ਇਹ ਹਰ ਪੱਖ ਤੋਂ ਵਿਹੂਣਿਆਂ ਦਾ ਟੋਲਾ ਹੈ। ਲਾਲ ਸਿੰਘ ਦਿਲ ਦੀ ਕਵਿਤਾ ਸਮਾਜਿਕ ਚੇਤਨਾ ਤੋਂ ਵਧੇਰੇ ਦਾਰਸ਼ਨਿਕ ਲੜਾਈ ਲੜਦੀ ਹੈ ਜਿਸ ਦੇ ਸੰਕੇਤ ਉਸ ਦੀ ਕਵਿਤਾ ਵਿਚ ਸ਼ਾਮਲ ਪਾਤਰਾਂ ਤੋਂ ਹੀ ਪਤਾ ਲੱਗ ਜਾਂਦੇ ਹਨ। ਇਹ ਕਵਿਤਾ ਵਿਸ਼ਾ ਵਸਤੂ ਦੀ ਹੀ ਜੰਗ ਨਹੀਂ ਲੜਦੀ, ਸਗੋਂ ਵਡੇਰੇ ਪ੍ਰਬੰਧ ਨਾਲ ਪ੍ਰਚੰਡ ਰਾਜਨੀਤਕ ਜਾਗ੍ਰਿਤੀ ਵਾਲੀ ਲੜਾਈ ਲੜਦੀ ਹੈ। ਇਸ ਲੜਾਈ ਵਿਚ ਉਸ ਦਾ ਇਹ ਪਾਤਰ ਦਰਮਿਆਨ ਵਿਚ ਰਹਿੰਦਾ ਹੈ, ਜਿਸ ਦੀ ਮਾਨਸਿਕਤਾ ਦਰੜੀ ਹੋਈ ਹੈ, ਆਪਣਿਆਂ ਵਿਚ ਬੇਗਾਨਾ ਹੈ, ਸਮਾਜਿਕ ਅਧਿਕਾਰਾਂ ਤੋਂ ਵਿਹੂਣਾ ਕੰਨਾਂ ਵਿਚ ਸਿੱਕਾ ਲਈ ਫਿਰਦਾ ਹੈ। ਇਸ ਮਨੁੱਖ ਕੋਲ ਅੰਬਰ ਜਿੱਡਾ ਹਓਕਾ ਹੈ ਅਤੇ ਜੀਵਨ ਦੇ ਮੁਰਝਾਏ ਤਾਰਿਆਂ ਦਾ ਜੰਗਲ ਹੈ। ਇਸ ਮਨੁੱਖ ਦੀ ਸੰਤਾਪੀ, ਜੰਗਾਲੀ ਅਤੇ ਪਤਿਤ ਸਥਿਤੀ ਨੂੰ ਉਹ ਅਖਾਉਤੀ ਬ੍ਰਾਹਮਣਿਕ ਵਿਚਾਰਧਾਰਾ ਦੇ ਪ੍ਰਸੰਗ ਵਿਚ ਹਿਰਦੇਵੇਦਕ ਢੰਗ ਵਿਚ ਪਰਿਭਾਸ਼ਤ ਕਰਦਾ ਹੈ। ਇਹ ਪਰਿਭਾਸ਼ਾ ਸਬਲਟਰਨ ਦੀ ਨਹੀਂ, ਉਸ ਮਨੁੱਖ ਦੀ ਹੈ, ਜੋ ਸਬਲਟਰਨ ਤੋਂ ਵੀ ਪੱਛੜਿਆ ਹੋਇਆ ਹੈ।

ਲਾਲ ਸਿੰਘ ਬੁਨਿਆਦੀ ਤੌਰ 'ਤੇ ਦੱਬੇ-ਦਰੜੇ ਮਨੁੱਖ ਨੂੰ ਪਰਿਭਾਸ਼ਤ ਕਰਕੇ ਪੀੜਤ, ਪਸਤ ਲੋਕਾਈ ਦਾ ਅਟੁੱਟ ਅੰਗ ਬਣ ਕੇ ਸਾਹਮਣੇ ਆਉਂਦੀ ਹੈ। ਤਥਾਕਥਿਤ ਪ੍ਰਗਤੀਵਾਦੀ ਕਵਿਤਾ ਵਾਂਗ ਔਰਤ ਹਮਦਰਦੀ ਜਾਂ ਤਰਸ ਦੀ ਪਾਤਰ ਨਹੀਂ, ਸਗੋਂ ਬਰਾਬਰ ਦੀ ਹੋਂਦ ਦੀ ਅਧਿਕਾਰੀ ਹੈ। ਏਥੇ ਵੀ ਧਿਆਨਯੋਗ ਨੁਕਤਾ ਇਹ ਹੈ ਕਿ ਔਰਤ ਦੀ ਪਛਾਣ 'ਚ ਵੀ ਬੇਰ ਚੁਗਦੀਆਂ ਨਿਰਬਸਤਰ ਕੁੜੀਆਂ, ਆਦਿ ਵਾਸਣਾਂ ਹੀ ਹਨ। ਉਸ ਦੀ ਕਵਿਤਾ ਵਿਚ ਆਦਿ ਵਾਸਣਾਂ ਤੋਂ ਤੁਰਦੀ ਪਛਾਣ ਕੁੜੇਲੀ ਪਿੰਡ ਦੀ ਵਾਸਣਾਂ ਰਾਹੀਂ ਵੇਸਵਾਵਾਂ ਤੱਕ ਪਹੁੰਚਦੀ ਹੈ। ਇਸ ਸੰਬੰਧ ਵਿਚ ਰੋਮਾਂਸੀ ਸੰਵੇਦਨਾ ਤੋਂ ਮੁਕਤ ਉਸ ਦੀਆਂ ਇਨ੍ਹਾਂ ਸਤਰਾਂ ਵਿਚ ਔਰਤ ਪ੍ਰਤੀ ਸੂਖ਼ਮ ਸੰਵੇਦਨਾ ਦਾ ਪ੍ਰਗਟਾਵਾ ਹੈ, ਜਿਹੜੀਆਂ ਤਨਜ਼ੀਆਂ ਵੀ ਹਨ:

ਮਿੱਤਰੋ !
ਜਿੰਨਾ ਮਰਜ਼ੀ ਘ੍ਰਿਣਤ ਤੁਸੀਂ ਮੈਨੂੰ ਸਮਝੋ
ਇਹ ਵੇਸਵਾਵਾਂ ਤ੍ਰੀਮਤਾਂ ਕੁੜੀਆਂ
ਮੇਰੀਆਂ ਮਾਵਾਂ, ਭੈਣਾਂ ਤੇ ਧੀਆਂ ਹਨ
ਤੇ ਤੁਹਾਡੀਆਂ ਵੀ
ਇਹ ਗਊਆਂ ਪੂਜਣ ਵਾਲੇ ਹਿੰਦੁਸਤਾਨ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ
ਅਹਿੰਸਾ ਤੇ ਬੁੱਧ ਦੇ ਪੁਜਾਰੀ ਭਾਰਤ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ
ਇਹ ਵੱਡੇ ਪੂੰਜੀਦਾਰਾਂ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ
ਜੇ ਨਹੀਂ
ਤਾਂ ਇਹ ਆਉਣ ਵਾਲੇ ਇਨਕਲਾਬ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ।

ਲਾਲ ਸਿੰਘ ਦਿਲ ਵਰਣ ਵਿਵਸਥਾ ਦੀ ਜਕੜ ਅਤੇ ਚੀੜ੍ਹੀ ਸੰਸਥਾ ਦੁਆਰਾ ਮਨੁੱਖ ਨੂੰ ਹੀਣੇਪਣ 'ਚ ਬਦਲਣ ਦੀ ਚੇਤਨਾ ਦਾ ਡੂੰਘੇ ਰੁਖ਼ ਰੂਪਾਂਤਰਣ ਕਰਦਾ ਹੈ। ਇਹ ਮਨੁੱਖ ਸਮਾਜਿਕ, ਧਾਰਮਿਕ, ਰਾਜਸੀ, ਸੱਭਿਆਚਾਰਕ ਹਰ ਇਕ ਅਧਿਕਾਰ ਤੋਂ ਵਾਂਝਾ ਉਹ ਕੰਮ ਕਰ ਰਿਹਾ ਹੈ ਜਿਹੜਾ ਕੰਮ ਮਾਨਵੀ ਵੰਡਾਰੇ ਵਿਚ ਪੱਕੀ ਪੀਡੀ ਲਕੀਰ ਖਿੱਚਦਾ ਹੈ। ਉਨ੍ਹਾਂ ਦਾ ਕੰਮ ਜਿਸ ਨੂੰ ਮਲੀਨਤਾ ਦੀ ਚਰਮ ਸੀਮਾ ਕਿਹਾ ਜਾਂਦਾ ਹੈ, ਉਹ ਕੰਮ ਇਨ੍ਹਾਂ ਲੋਕਾਂ ਲਈ ਵਰਣ ਵਿਵਸਥਾ ਨੂੰ ਪ੍ਰਣਾਈ ਸੰਸਥਾ ਵੱਲੋਂ ਰੂੜ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਅਮਾਨਵੀ ਜੀਵਨ ਸਥਿਤੀ ਦੇ ਸ਼ਬਦ ਚਿੱਤਰ ਲਾਲ ਸਿੰਘ ਦਿਲ ਦੀ ਕਵਿਤਾ ਵਿਚ ਥਾਂ-ਪੁਰ-ਥਾਂ ਮਿਲਦੇ ਹਨ:

ਇਹ ਗੱਲ ਦੱਸੀ ਜਾਏ
ਜੇ ਦੂਜੇ ਸਤਾਰੇ ਦੇ ਲੋਕਾਂ ਨੂੰ
ਪੱਥਰ ਹੋ ਜਾਵਣ
ਨਾ ਮੁੜ ਉੱਠਣ
ਪਸ਼ੂਆਂ ਨੂੰ ਇਸ ਦਾ ਜੇ ਅਨੁਭਵ ਹੋ ਜਾਵੇ
ਜੰਗਲਾਂ ਨੂੰ ਨੱਸ ਜਾਵਣ
ਮਨੁੱਖਤਾ ਤੋਂ ਡਰਦੇ ਚੀਖਦੇ

ਦਿਲ ਸਮਾਜਿਕ, ਸੱਭਿਆਚਾਰਕ ਵਿਰੋਧ ਨੂੰ ਰਾਜਸੀ ਪ੍ਰਕਰਣ ਵਿਚ ਹੀ ਨਹੀਂ, ਸਗੋਂ ਮੂਲ ਅਵਚੇਤਨੀ ਅਤੇ ਕਦਰ ਪ੍ਰਬੰਧ ਵਿੱਚੋਂ ਉਸਾਰਦਾ ਹੈ। ਬਹੁਤੀ ਪ੍ਰਗਤੀਵਾਦੀ ਕਵਿਤਾ ਰਾਜਨੀਤਕ ਚੇਤਨਾ ਵਿਚ ਤਬਦੀਲ ਹੋ ਜਾਂਦੀ ਹੈ, ਉਸ ਵਿੱਚੋਂ ਸਮਾਜਿਕ ਵਿਰੋਧਾਂ ਦੀ ਥਾਹ ਘਟ ਜਾਂਦੀ ਹੈ। ਇਹ ਠੀਕ ਹੈ ਕਿ ਰਾਜਨੀਤਕ ਚੇਤਨਾ ਦੀ ਡੂੰਘੀ ਸੋਝੀ ਵੀ ਕਿਸੇ ਵੀ ਸਿਸਟਮ ਦੀ ਉਪਰਲੀ ਕੜੀ ਹੈ ਪਰੰਤੂ ਰਾਜਨੀਤਕ ਚੇਤਨਾ ਨੂੰ ਵਿਚਾਰਕ ਰੂਪ 'ਚ ਸਮਰੱਥ ਬਣਾਉਣ ਲਈ ਕਵੀ ਨੂੰ ਸਮਾਜਿਕ ਵਿਰੋਧਾਂ ਦੀ ਚੇਤਨਾ ਹੋਣੀ ਚਾਹੀਦੀ ਹੈ। ਲਾਲ ਸਿੰਘ ਦਿਲ ਦ੍ਰਿਸ਼ਟੀ ਪੱਖੋਂ ਮਾਰਕਸਵਾਦੀ ਹੈ, ਉਹ ਸਮਾਜਿਕ ਵਿਰੋਧਾਂ ਨੂੰ ਸਮਝਣ ਕਰਕੇ ਹੀ ਉਸ ਬੱਜਰ ਇਤਿਹਾਸਕ ਦੁਖਾਂਤ ਨੂੰ ਸਿਰਜਦਾ ਹੈ। ਇਨ੍ਹਾਂ ਦੀ ਨਵਿਰਤੀ ਵਰਣ ਵਿਵਸਥਾ ਦੇ ਬਦਲਾ-ਲਊ ਭਾਵਾਂ ਵਿਚੋਂ ਨਹੀਂ, ਸਗੋਂ ਸਮਾਜੀ ਬਦਲ ਵਜੋਂ ਤਲਾਸ਼ਦਾ ਹੈ। ਉਸ ਦੁਆਰਾ ਸਮਾਜਿਕ ਵਿਰੋਧਾਂ ਨੂੰ ਕਾਵਿ ਵਿਚ ਵਿਚਾਰ ਪੱਖੋਂ ਹੀ ਨਹੀਂ ਸਗੋਂ ਕਾਵਿਕਤਾ ਪੱਖੋਂ ਵੀ ਸਿਰਜਣ ਪ੍ਰਾਪਤ ਹੋਇਆ ਹੈ :

ਮੈਨੂੰ ਪਿਆਰ ਕਰਦੀਏ
ਪਰ-ਜਾਤ ਕੁੜੀਏ
ਸਾਡੇ ਸਕੇ ਮੁਰਦੇ ਵੀ
ਇਕ ਥਾਂ ਨਹੀਂ ਜਲਾਉਂਦੇ

ਦਿਲ ਦੀ ਕਵਿਤਾ ਨੂੰ ਰਾਜਨੀਤਕ ਚੇਤਨਤਾ ਦੀ ਜਾਗ ਨਕਸਲੀ ਚੇਤਨਾ ਤੋਂ ਹੀ ਪ੍ਰਾਪਤ ਹੁੰਦੀ ਹੈ। ਇਸ ਚੇਤਨਾ ਨਾਲ ਉਹ ਸੀਮਤ ਘੇਰਾਬੰਦੀਆਂ ਤੋਂ ਉੱਪਰ ਹੀ ਨਹੀਂ ਉੱਠਦਾ, ਸਗੋਂ ਜਮਾਤੀ ਚੇਤਨਾ ਤੋਂ ਅਜਿਹੇ ਪ੍ਰਵਚਨ ਦੀ ਉਸਾਰੀ ਕਰਦਾ ਹੈ, ਜਿਹੜਾ ਰਾਜਨੀਤਕ ਸੁਭਾਅ ਦਾ ਬਣਦਾ ਹੈ। ਇੱਥੇ ਇਕ ਨੁਕਤਾ ਬਹੁਤ ਧਿਆਨ ਦੀ ਮੰਗ ਕਰਦਾ ਹੈ ਕਿ ਲਾਲ ਸਿੰਘ ਦਿਲ ਅਤੇ ਸਮੁੱਚੀ ਨਕਸਲੀ ਦੌਰ ਦੀ ਕਵਿਤਾ ਫਿਊਡਲ ਕਦਰ ਪ੍ਰਬੰਧ ਨਾਲ ਵਧੇਰੇ ਲੜ ਰਹੀ ਹੈ। ਪੰਜਾਬ ਵਿਚ ਹੋਏ ਆਰਥਿਕ ਵਿਕਾਸ ਵਿਚ ਭੂਮੀਏ ਡਾਕੂ ਹੀ ਮੁੱਖ ਰੂਪ ਵਿਚ ਸਾਹਮਣੇ ਆ ਰਹੇ ਹਨ। ਇਸ ਦੌਰ ਦੀ ਸਮੁੱਚੀ ਕਵਿਤਾ ਵਿਚ ਵਧੇਰੇ ਸ਼ਾਇਰ ਪੇਂਡੂ ਪਿਛੋਕੜ ਦੇ ਸਨ, ਇਸ ਲਈ ਇਸ ਕਵਿਤਾ ਵਿਚ ਕਿਸਾਨੀ ਅਨੁਭਵ ਦਾ ਦਬਦਬਾ ਹੈ। ਇਸ ਨਕਸਲੀ ਲਹਿਰ ਦੇ ਪ੍ਰਭਾਵ ਅਧੀਨ ਕਿਰਤੀ ਵਰਗ ਦੀ ਪਰਿਭਾਸ਼ਾ ਸਿਰਜਦਾ ਹੋਇਆ ਭਾਰਤੀ ਪ੍ਰਸੰਗ ਵਿਚ ਪ੍ਰੋਲਤਾਰੀ ਦੀ ਪਛਾਣ ਕਰ ਰਿਹਾ ਹੈ। ਇਹ ਪਛਾਣ ਸਨਅਤੀ ਕਾਮੇ ਉੱਪਰ ਹੀ ਕੇਂਦਰਿਤ ਨਹੀਂ, ਸਗੋਂ ਜਾਗੀਰੂ ਸਮਾਜ ਦੀ ਰਹਿੰਦ-ਖੂੰਹਦ ਅੰਦਰ ਉਸ ਸਮੁੱਚੇ ਸ਼ਿਲਪੀ ਵਰਗ ਨਾਲ ਲਬਰੇਜ਼ ਹੈ, ਜੋ ਅਜੇ ਦਸਤਕਾਰੀ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਇਸ ਸਮੇਂ ਦੀ ਕਵਿਤਾ ਵਿਚ ਮਜ਼ਦੂਰ ਜਮਾਤ ਦੇ ਦਾਅਪੇਚਾਂ ਦੀ ਥਾਵੇਂ ਸਾਮੰਤੀ ਸੂਰਮਗਤੀ ਲਲਕਾਰ ਬਣਦੀ ਹੈ, ਪਰੰਤੂ ਇੱਥੇ ਇਸ ਪਛਾਣ ਵਿਚ ਇਕ ਪਹਿਲੂ ਔਰਤ ਦਾ ਬਹੁਤ ਮਹੱਤਵਪੂਰਨ ਹੈ। ਲਾਲ ਸਿੰਘ ਦਿਲ ਦੀ ਕਵਿਤਾ ਵਿਚ ਔਰਤ



ਅਨੁਭਵ ਨੂੰ ਰਾਜਨੀਤਕ ਪ੍ਰਚੰਡਤਾ ਨਾਲ ਨਕਸਲੀ ਦੌਰ ਨੇ ਉੱਭਰਵੇਂ ਰੂਪ ਵਿਚ ਪੇਸ਼ ਕੀਤਾ। ਇਹ ਲਹਿਰ ਦੇ ਚੜ੍ਹਤ ਵੇਲੇ ਦੀ ਕਾਵਿ ਸਥਿਤੀ ਹੈ, ਜਦੋਂ ਸ਼ਾਇਰ ਮਸੀਹੀ ਅੰਦਾਜ਼ ਵਿਚ ਇਨਕਲਾਬੀ ਚੇਤਨਾ ਨੂੰ ਸਾਮੰਤੀ ਸੂਰਮਗਤੀ ਵਿਚ ਰੂਪਾਂਤਰਿਤ ਕਰ ਦਿੰਦੇ ਹਨ। ਇਸ ਲਹਿਰ ਦੇ ਮੁਢਲੇ ਪੜਾਅ ਉੱਪਰ ਅਸਵੀਕ੍ਰਿਤੀ ਦਾ ਮਸਲਾ ਹੈ। ਇਸ ਅਸਵੀਕਾਰ ਵਿੱਚੋਂ ਉਹ ਜਾਗੀਰੂ ਪ੍ਰਬੰਧ ਨੂੰ ਜੜ੍ਹੋਂ ਉਖੇੜ ਸੁੱਟਣ ਦੇ ਭਾਵੁਕ ਰੋਹ ਨਾਲ ਭਰਿਆ ਹੋਇਆ ਹੈ। ਜਦੋਂ ਇਹ ਭਾਵੁਕ ਰੋਹ ਦਾ ਉਬਾਲ ਠੰਢਾ ਪੈਂਦਾ ਹੈ ਤਾਂ ਕਈ ਸ਼ਾਇਰ ਵਿਸ਼ਾਦ ਦੀ ਸਥਿਤੀ ਵਿਚ ਚਲੇ ਜਾਂਦੇ ਹਨ। ਇਸ ਲਹਿਰ ਨੂੰ ਰਾਜਸੀ ਸੱਤਾ ਦੀ ਤਾਕਤ ਦਾ ਅਤੇ ਲੋਕਾਂ ਦੀ ਲਾਮਬੰਦੀ ਦਾ ਗਿਆਨ ਅਤੇ ਤਲਖ ਤਜਰਬਾ ਨਹੀਂ ਸੀ। ਇਹ ਲਹਿਰ ਲੋਕ ਸ਼ਕਤੀ ਨੂੰ ਮਨੋ ਚਿਤਵਦੀ ਰਹੀ ਅਤੇ ਰਾਜਸੀ ਸੱਤਾ ਨੂੰ ਰੇਤ ਦੀਆਂ ਕੰਧਾਂ ਮੰਨਦੀ ਰਹੀ। ਤੀਸਰਾ ਇਸ ਲਹਿਰ ਦਾ ਅੰਦਰੂਨੀ ਸੰਕਟ ਵੀ ਉਜਾਗਰ ਹੋਣ ਲੱਗ ਪਿਆ ਸੀ। ਇਉਂ ਲਹਿਰ ਦਾ ਉਤਰਾਅ ਕਵਿਤਾ ਦਾ ਉਤਰਾਅ ਵੀ ਬਣ ਗਿਆ ਅਤੇ ਕੁਝ ਕਵੀਆਂ ਲਈ ਇਹ ਵਿਸ਼ਾਦ ਦੀ ਸਥਿਤੀ ਵੀ। ਇਸ ਦੌਰ ਦੇ ਉਤਰਾਅ ਵੇਲੇ ਦੀ ਸ਼ਾਇਰੀ ਦਾ ਅਧਿਐਨ ਦਿਲਚਸਪ ਹੈ। ਕੁਝ ਸ਼ਾਇਰ ਹੀ ਇਸ ਸਥਿਤੀ ਤੋਂ ਪਾਰ ਸੰਵਾਦ ਅਤੇ ਸਵੈ-ਪੜਚੋਲ ਵੱਲ ਤੁਰਦੇ ਹਨ। ਬਾਕੀ ਜਾਂ ਤਾਂ ਚੁੱਪ ਹੋ ਗਏ ਜਾਂ ਫਿਰ ਆਪਣੇ ਬਦਲੇ ਹੋਏ ਰਚਨਾਤਮਕ ਸਰੋਕਾਰਾਂ ਨਾਲ ਜੁੜਨ ਲੱਗ ਪਏ। ਸੰਵਾਦ ਅਤੇ ਸਵੈ-ਪੜਚੋਲ ਦੀ ਚੇਤਨਾ ਪਾਸ਼, ਹਰਭਜਨ ਹਲਵਾਰਵੀ ਅਤੇ ਲਾਲ ਸਿੰਘ ਦਿਲ ਵਿਚ ਦਿਖਾਈ ਦਿੰਦੀ ਹੈ। ਲਾਲ ਸਿੰਘ ਦਿਲ ਵਿਚ ਵਿਸ਼ਾਦ ਦੀ ਸਥਿਤੀ ਦਾ ਹੋਣਾ ਹੋਰਨਾਂ ਕਾਰਨਾਂ ਕਰਕੇ ਵੀ ਸੁਭਾਵਕ ਹੈ ਜਿਸ ਦਾ ਕਾਰਨ ਉਸ ਦੇ ਜੀਵਨ ਵੇਰਵਿਆਂ ਤੋਂ ਵੀ ਮਿਲ ਜਾਂਦਾ ਹੈ। 'ਸੱਥਰ' ਕਾਵਿ ਸੰਗ੍ਰਹਿ ਵਿਚ ਉਸ ਦੀ ਕਵਿਤਾ 'ਉਲਟ ਇਨਕਲਾਬ ਦੇ ਪੈਰ' ਪੜ੍ਹਨਯੋਗ ਹੈ:

ਸੁਪਨਾ ਹੀ ਰਹਿ ਗਿਆ
ਕਿ ਟੋਪ ਪਹਿਨਾਵਾਂਗੇ
ਬੁਰੇ ਸ਼ਰੀਫ਼ਜ਼ਾਦਿਆਂ ਨੂੰ
ਉਹ ਲਕੀਰਾਂ ਕੱਢਣਗੇ ਨੱਕ ਨਾਲ
ਹਿਸਾਬ ਦੇਣਗੇ ਲੋਕਾਂ ਅੱਗੇ।

ਉਲਟ ਇਨਕਲਾਬ ਦੇ ਪੈਰ
ਸਾਡੀਆਂ ਹਿੱਕਾਂ 'ਤੇ ਆਣ ਟਿਕੇ
ਜ਼ਲੀਲ ਹੋਣਾ ਹੀ ਸਾਡਾ
ਜਿਵੇਂ ਇਕੋ ਇਕ
ਪੜਾਅ ਰਹਿ ਗਿਆ।

ਲਾਲ ਸਿੰਘ ਦਿਲ ਦਾ ਇਹ ਸੰਵਾਦ ਲਹਿਰ ਦੇ ਉਤਰਾਅ ਵੇਲੇ ਹੀ ਨਹੀਂ, ਇਹ ਤਾਂ ਉਸ ਦੇ ਆਰੰਭਕ ਦੌਰ ਤੋਂ ਹੀ ਹੈ। ਜਿਵੇਂ ਬਹੁਤ ਸਾਰੇ ਨਕਸਲੀ ਦੌਰ ਦੇ ਕਵੀ ਭਾਵੁਕ ਵਿਦਰੋਹ, ਮਸੀਹੀ ਇਨਕਾਰ ਅਤੇ ਵਿਸਥਾਪਤੀ ਦੀ ਭਾਵਨਾ ਨਾਲ ਉੱਚੇ ਬੋਲ ਵਿਚ ਬੋਲਦੇ ਹਨ, ਉਸ ਤਰ੍ਹਾਂ ਦਾ ਤੇਜ਼ਾਬੀ ਵਿਦਰੋਹ ਲਾਲ ਸਿੰਘ ਦਿਲ ਵਿਚ ਬਹੁਤ ਘੱਟ ਹੈ। ਉਹ ਤਾਂ ਸੰਵਾਦ ਅਤੇ ਚਿੰਤਨ ਉਸ ਸਮੇਂ ਹੀ ਸਾਹਮਣੇ ਲੈ ਆਉਂਦਾ ਹੈ, ਜਦੋਂ ਭਾਰਤ ਦੇ ਮੂਲ ਲੋਕਾਂ ਨੂੰ ਪਰਿਭਾਸ਼ਤ ਕਰਨ ਲੱਗ ਜਾਂਦਾ ਹੈ। ਇਸ ਨਾਲ ਪੰਜਾਬੀ ਕਾਵਿ ਪ੍ਰਯੋਗਸ਼ੀਲ ਵਿਅਕਤੀਗਤ ਸੁੰਗੇੜ ਦੀ ਥਾਵੇਂ ਬਾਹਰਮੁਖੀ ਫੈਲਾਓ ਵੱਲ ਵਧਦਾ ਹੈ। ਇਹ ਫੈਲਾਓ ਪੰਜਾਬੀ ਕਵਿਤਾ ਨੂੰ ਗਤੀਸ਼ੀਲਤਾ ਹੀ ਪ੍ਰਦਾਨ ਨਹੀਂ ਕਰਦਾ, ਸਗੋਂ ਪ੍ਰਯੋਗਸ਼ੀਲ, ਆਧੁਨਿਕਵਾਦੀ ਅਤੇ ਬੁਰਜੂਆ ਸੁਹਜ ਸ਼ਾਸਤਰੀ ਪ੍ਰਤਿਮਾਨਾਂ ਨਾਲ ਤਿੱਖੇ ਸੰਵਾਦ ਵੀ ਰਚਾਉਂਦਾ ਹੈ। ਇੱਥੇ ਵਿਅਕਤੀ




ਸਮਾਜਿਕ ਸਾਰ ਨੂੰ ਪ੍ਰਤੀਨਿਧਤਾ ਦੇ ਕੇ ਸਮਾਜਿਕ ਯਥਾਰਥ ਨੂੰ ਹਾਂਮੁਖੀ ਅੰਦਾਜ਼ ਪ੍ਰਦਾਨ ਕਰਦਾ ਹੈ, ਜਦੋਂ ਕਿ ਪ੍ਰਯੋਗਸ਼ੀਲ ਅਤੇ ਹੋਰ ਕਾਵਿ-ਧਾਰਾਵਾਂ ਵਿਅਕਤੀਵਾਦੀ ਸੁੰਗੇੜ ਵਿਚ ਸਿਮਟ ਰਹੀਆਂ ਸਨ ਅਤੇ ਕਵਿਤਾ ਦਾ ਪ੍ਰਯੋਜਨ ਵਿਅਕਤੀਭਾਵੀ ਭਾਵ ਵਿਰੇਚਨ ਤੀਕ ਘਟ ਗਿਆ ਸੀ। ਲਾਲ ਸਿੰਘ ਦਿਲ ਦਾ ਸੂਖ਼ਮ ਸੰਵਾਦ ਦਾਰਸ਼ਨਿਕ ਅਤੇ ਵਿਚਾਰਧਾਰਕ ਬਣਿਆ ਰਹਿੰਦਾ ਹੈ।

ਸਮਾਜਵਾਦ
ਕੀ ਉਸਰਿਆ ?
ਜੇ ਵਿਅਕਤੀਵਾਦ
ਗਿਰਾਇਆ ਵੀ ਨਹੀਂ ?
ਮੱਛੀ ਪੱਕ ਵੀ ਜਾਵੇ
ਤੇ ਜਿਊਂਦੀ ਵੀ ਰਹੇ ?

ਜੁਝਾਰੂ ਲਹਿਰ ਸਮੇਂ ਸਰਗਰਮ ਰਚਨਾਕਾਰਾਂ ਕੋਲ ਇਕ ਰਾਜਨੀਤਕ ਲਹਿਰ ਸੀ, ਜਿਸ ਦੇ ਕੁਝ ਆਦਰਸ਼ ਸਨ। ਇਨ੍ਹਾਂ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਕਵਿਤਾ ਇਕ ਨਿਸ਼ਚਿਤ ਦਿਸ਼ਾ-ਨਿਰਦੇਸ਼ ਵਿਚ ਤੁਰਦੀ ਜਾ ਰਹੀ ਸੀ, ਪਰੰਤੂ ਜੁਝਾਰੂ ਲਹਿਰ ਦੇ ਮੱਠੇ ਪੈ ਜਾਣ ਨਾਲ ਇਸ ਨਾਲ ਜੁੜੇ ਰਚਨਾਕਾਰਾਂ ਦੀ ਲਿਖਤ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਪਾਸ਼ 'ਸਾਡੇ ਸਮਿਆਂ ਵਿਚ' ਕਾਵਿ ਸੰਗ੍ਰਹਿ ਵਿਚ ਲਲਕਾਰਵੀਂ ਵਿਧੀ ਅਤੇ ਕਾਵਿ ਭਾਸ਼ਾ ਤੋਂ ਹੀ ਮੁਕਤ ਹੋਣ ਨਹੀਂ ਲਗਦਾ, ਸਗੋਂ ਵਧੇਰੇ ਸੰਵਾਦੀ ਹੋਣ ਵੀ ਲੱਗਦਾ ਹੈ। ਉਸ ਦੀ ਕਵਿਤਾ ਕ੍ਰਾਂਤੀ ਦੇ ਰੋਮਾਂਸ ਤੋਂ ਕ੍ਰਾਂਤੀ ਦੇ ਯਥਾਰਥ ਵੱਲ ਤੁਰਦੀ ਹੈ। ਹਰਭਜਨ ਹਲਵਾਰਵੀ 'ਪੁਲਾਂ ਤੋਂ ਪਾਰ' ਕਾਵਿ ਸੰਗ੍ਰਹਿ ਵਿਚ ਇਨਕਲਾਬੀ ਲੱਫਾਜ਼ੀ ਨਾਲੋਂ ਵਿਚਾਰਧਾਰਕ ਤੌਰ 'ਤੇ ਸੂਖ਼ਮਤਾ ਵੱਲ ਤੁਰਦਾ ਹੈ। ਇਥੇ ਉਹ ਵਿਚਾਰ ਨੂੰ ਭਾਵਨਾਮਈ ਬਣਾ ਕੇ ਵਿਸਫ਼ੋਟਕ ਕਾਵਿ ਭਾਸ਼ਾ ਦੀ ਥਾਂ ਪ੍ਰਵਚਨੀ ਭਾਸ਼ਾ ਵੱਲ ਵਧਦਾ ਹੈ। ਅਮਰਜੀਤ ਚੰਦਨ ਅਸਲੋਂ ਹੀ ਵੱਖਰਾ ਰਾਹ ਅਖ਼ਤਿਆਰ ਕਰ ਲੈਂਦਾ ਹੈ। ਲਾਲ ਸਿੰਘ ਦਿਲ ਵਿਚ 'ਸਤਲੁਜ ਦੀ ਹਵਾ' ਕਾਵਿ ਸੰਗ੍ਰਹਿ ਤੋਂ




ਵਿਚਾਰਧਾਰਕ ਸੰਵਾਦ ਦੀ ਧੁਨੀ 'ਬਹੁਤ ਸਾਰੇ ਸੂਰਜ' ਅਤੇ 'ਸੱਥਰ' ਕਾਵਿ ਸੰਗ੍ਰਹਿ ਤੱਕ ਪਹੁੰਚਦਿਆਂ ਵਧੇਰੇ ਸੂਖ਼ਮ ਅਤੇ ਸ਼ਕਤੀਸ਼ਾਲੀ ਹੋਈ ਹੈ।

ਲਾਲ ਸਿੰਘ ਦਿਲ ਨੇ ਆਪਣੇ ਪਿਛਲੇ ਸਮੇਂ ਵਿਚ ਬਹੁਤ ਸਾਰੀ ਰਚਨਾ ਕੀਤੀ। ਬਿਨਾਂ ਸ਼ੱਕ ਬਹੁਤੀ ਰਚਨਾ ਵਿਚ ਉਹ ਸੇਕ ਨਹੀਂ ਹੈ, ਜੋ ਪਹਿਲੀਆਂ ਲਿਖਤਾਂ ਵਿਚ ਹੈ। ਇਸ ਪਿੱਛੇ ਵੱਡਾ ਕਾਰਨ ਉਸ ਦੀ ਜ਼ਿੰਦਗੀ ਦਾ ਉਖੜਿਆਪਣ ਹੈ। ਸ਼ਾਇਦ ਉਹ ਇਕੱਲਾ ਨਕਸਲੀ ਕਾਰਕੁਨ ਸੀ, ਜਿਹੜਾ ਆਪਣੀ ਸਾਰੀ ਜ਼ਿੰਦਗੀ 'ਚ ਸਹਿਜ ਨਹੀਂ ਹੋ ਸਕਿਆ। ਉਹ ਕਦੇ ਯੂ.ਪੀ., ਕਦੇ ਗੁਜਰਾਤ ਤੇ ਕਦੇ ਪੰਜਾਬ 'ਚ ਆਪਣੀ ਗੁਜ਼ਰ-ਬਸਰ ਲਈ ਨਿਰੰਤਰ ਖਹਿੰਦਾ ਰਿਹਾ।ਅਤਿਅੰਤ ਘੋਰ ਦੁਖਾਂਤਕ ਪ੍ਰਸਥਿਤੀਆਂ ਕਾਰਨ ਉਹ ਮਾਨਸਿਕ ਤੌਰ 'ਤੇ ਵੀ ਅਸਹਿਜ ਰਿਹਾ। ਉਸ ਦੀ ਸਵੈ-ਜੀਵਨੀ 'ਦਾਸਤਾਨ' 'ਚੋਂ ਅਜਿਹਾ ਬਹੁਤ ਕੁਝ ਸਾਹਮਣੇ ਆ ਜਾਂਦਾ ਹੈ। ਦਲਿਤ ਹੋਣ ਦਾ ਸੰਤਾਪ ਅਤੇ ਇਸਲਾਮ ਧਾਰਨ ਕਰ ਲੈਣਾ ਉਸ ਦੇ ਤੂਫ਼ਾਨੀ ਹਾਲਾਤ ਦਾ ਹੀ ਸੂਚਕ ਹੈ। ਅੰਤਮ ਸਮੇਂ ਤੱਕ ਉਹ ਸਮਾਜਿਕ ਅਤੇ ਮਾਨਸਿਕ ਤੌਰ 'ਤੇ ਉਖੜਿਆ ਰਿਹਾ, ਪਰੰਤੂ ਉਹ ਆਪਣੀ ਕਵਿਤਾ ਵਿਚ ਸੰਕਟਾਂ ਨਾਲ ਝੰਬੀ ਪੀੜਤ ਲੋਕਾਈ ਨਾਲ ਆਪਣੀ ਵਫ਼ਾ ਪਾਲਦਾ ਰਿਹਾ। ਇਸ ਵਫ਼ਾ ਵਿੱਚੋਂ ਹੀ ਉਹ ਆਪਣੀ ਲੰਮੀ ਕਵਿਤਾ 'ਅੱਜ ਬਿੱਲਾ ਫਿਰ ਆਇਆ', 'ਕਾਵਿ ਨਾਟਕ' ਅਤੇ ਬਹੁਤ ਸਾਰੀਆਂ ਗ਼ਜ਼ਲਾਂ ਦੀ ਰਚਨਾ ਕਰਦਾ ਹੈ।

ਲਾਲ ਸਿੰਘ ਦਿਲ ਦੀ ਕਵਿਤਾ 'ਅੱਜ ਬਿੱਲਾ ਫਿਰ ਆਇਆ' ਬਿਰਤਾਂਤਕ ਕਵਿਤਾ ਹੈ। ਇਸ ਕਵਿਤਾ ਵਿਚ ਦਲਿਤ ਮਨੁੱਖ, ਦਲਿਤ ਭਾਈਚਾਰਾ ਕੇਂਦਰ ਵਿਚ ਹੈ। ਇਹ ਦਲਿਤ ਮਨੁੱਖ ਦੀ ਦੁਖਾਂਤਕ ਸਥਿਤੀ ਦੇ ਸੰਕੇਤ ਤਾਂ ਉਹ ਇਤਿਹਾਸਕ ਤੌਰ 'ਤੇ ਆਰੀਆ ਦੇ ਸਮੇਂ ਤੋਂ ਹੀ ਦਿੰਦਾ ਹੈ ਪਰੰਤੂ ਇਸ ਕਵਿਤਾ ਦਾ ਕੇਂਦਰ ਬਿੰਦੂ ਹਰੀ ਕ੍ਰਾਂਤੀ ਅਤੇ ਅੱਤਵਾਦ ਦੇ ਬਾਅਦ ਦਾ ਹੈ। ਇਸ ਕਵਿਤਾ ਦਾ ਕੇਂਦਰੀ ਪਾਤਰ ਬਿੱਲਾ ਹੈ ਜਿਸ ਦੀ ਦੁਸ਼ਵਾਰ ਸਥਿਤੀ ਨੂੰ ਉਹ ਸਮੁੱਚੇ ਦਲਿਤ ਤਬਕੇ ਦੀ ਪ੍ਰਤੀਨਿਧ ਬਣਾ ਕੇ ਉਸਾਰਦਾ ਹੈ। ਪਿੰਡ ਤੋਂ ਕਸਬਾਨੁਮਾ ਸ਼ਹਿਰ ਵਿਚ ਰੋਜ਼ੀ-ਰੋਟੀ ਲਈ ਆ ਵਸੇ ਬਿੱਲੇ ਨੇ ਆਪਣਾ ਜਾਤਮੁਖੀ ਪਰੰਪਰਾਗਤ ਕਿੱਤਾ ਤਿਆਗ ਕੇ ਕੁਸ਼ਲ ਕਿੱਤਾ ਤਰਖਾਣਾ ਅਪਣਾਇਆ ਹੈ। ਇਸ ਕਿੱਤੇ ਰਾਹੀਂ ਉਹ ਚੰਗੀ ਭਲੀ ਰੋਜ਼ੀ-ਰੋਟੀ ਕਮਾ ਲੈਂਦਾ ਹੈ ਪਰੰਤੂ ਸਰਮਾਏਦਾਰਾਨਾ ਵਿਕਾਸ ਫਿਊਡਲ ਫਉੜੀਆਂ ਦੇ ਆਸਰੇ ਚਲਦਾ ਹੈ, ਲੰਮਾ ਸਮਾਂ ਟਿਕਾਊ ਨਹੀਂ ਰਹਿ ਸਕਦਾ। ਹਰੀ ਕ੍ਰਾਂਤੀ ਅਤੇ ਆਜ਼ਾਦ ਭਾਰਤ ਦੇ ਬੁਰਜੂਆ ਵਿਕਾਸ ਨੇ ਪੇਂਡੂ ਲੋਕਾਈ ਨੂੰ ਸ਼ਹਿਰੀ ਆਕਰਸ਼ਨ ਦਿੱਤਾ, ਪਰੰਤੂ ਇਸ ਵਿਕਾਸ ਦੀਆਂ ਸੀਮਾਵਾਂ ਦਾ ਉਜਾਗਰ ਹੋਣਾ, ਕਿਰਤੀ ਵਰਗ ਦਾ ਭੁੱਖਮਰੀ ਸਥਿਤੀ ਵਿਚ ਪਹੁੰਚ ਜਾਣਾ ਦੁਖਾਂਤਕ ਵਰਤਾਰਾ ਹੈ। ਲਾਲ ਸਿੰਘ ਦਿਲ ਇਸ ਨੂੰ ਵਿਭਿੰਨ ਵੇਰਵਿਆਂ ਰਾਹੀਂ ਕੇਂਦਰ ਵਿਚ ਲਿਆਉਂਦਾ ਹੈ। ਇਸ ਦੁਖਾਂਤਕ ਵਰਤਾਰੇ ਨੇ ਸਹਿਮ, ਦਹਿਸ਼ਤ, ਖ਼ੁਦਕੁਸ਼ੀ ਆਦਿ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਲਾਲ ਸਿੰਘ ਦਿਲ ਇਸ ਸਥਿਤੀ ਨੂੰ ਹੀ ਮੁਖ਼ਾਤਬ ਹੈ:-

ਇਹ ਸਹਿਮ ਵਾਲਾ ਦ੍ਰਿਸ਼ ਹੈ
ਜੋ ਮੈਨੂੰ ਸਹਿਮ ਕੇ ਨਹੀਂ ਲਿਖਣਾ ਚਾਹੀਦਾ
ਨਹੀਂ ਤਾਂ ਕੋਈ ਹੱਕ ਦੇ ਰਾਹ 'ਤੇ
ਕਿੰਜ ਚੱਲੇਗਾ ?
ਕਿੰਜ ਕੋਈ ਸੁਨੇਹਾ ਬਣੇਗਾ ?

ਲਾਲ ਸਿੰਘ ਦਿਲ ਦੀ ਇਸ ਲੰਮੀ ਕਵਿਤਾ ਵਿਚ ਹੋਰ ਸੂਖ਼ਮ ਅਤੇ ਸਥੂਲ ਮਸਲੇ ਵੀ ਹਨ, ਜਿਨ੍ਹਾਂ ਉਪਰ ਲੰਮੀ-ਚੌੜੀ ਸਹਿਮਤੀ-ਅਸਹਿਮਤੀ ਦੀ ਵਿਚਾਰਧਾਰਕ ਚਰਚਾ ਕੀਤੀ ਜਾ ਸਕਦੀ ਹੈ, ਪਰ ਕੁਝ ਗੱਲਾਂ ਅਜਿਹੀਆਂ ਹਨ, ਜਿਹੜੀਆਂ ਬਹੁਤ ਸੂਖ਼ਮ ਅਤੇ ਧਿਆਨ ਦੇਣ ਵਾਲੀਆਂ ਹਨ। ਮਸਲਨ-

ਏਥੇ ਕਵਿਤਾ ਵਰਗੀ ਗੱਲ ਇਹ ਹੈ ਕਿ
ਇਨ੍ਹਾਂ ਨੂੰ
ਮੇਰੀ ਇਸ ਲੰਮੀ ਕਵਿਤਾ ਦੇ ਪਾਤਰਾਂ ਨੂੰ
ਪਤਾ ਹੀ ਨਹੀਂ
ਕਿ ਕੀ ਹੋ ਰਿਹਾ ਹੈ ?

ਇਹ ਸਭ ਨਾਲੋਂ ਵਧੇਰੇ ਦੁਖਾਂਤਕ ਸਥਿਤੀ ਹੈ ਕਿ ਮਨੁੱਖ ਨੂੰ ਇਹੋ ਨਾ ਪਤਾ ਲੱਗੇ ਕਿ ਉਸ ਨਾਲ ਕੀ ਵਾਪਰ ਰਿਹਾ ਹੈ ? ਜੋ ਵਾਪਰ ਰਿਹਾ ਹੈ, ਉਹ ਕਿਉਂ, ਕਿਵੇਂ ਤੇ ਕਿਸ ਤਰ੍ਹਾਂ ਵਾਪਰ ਰਿਹਾ ਹੈ। ਇਸ ਦਾ ਇਲਮ ਨਾ ਹੋਣਾ, ਨਿਸ਼ਚੇ ਹੀ ਵੇਦਨਾਮਈ ਹੈ। ਇਸ ਵੇਦਨਾਮਈ ਸਥਿਤੀ ਤੋਂ ਜਾਣੂ ਕਰਵਾਉਣ ਵਾਲੀਆਂ ਸ਼ਕਤੀਆਂ ਦਾ ਬੇਹਿੱਸ ਹੋ ਜਾਣਾ, ਹੋਰ ਵੀ ਤ੍ਰਾਸਦਿਕ ਹੈ। ਸਭ ਕੁਝ ਨੂੰ ਪਥਰਾਟ ਕਰ ਦੇਣ ਵਾਲੀਆਂ ਤਾਕਤਾਂ ਦਾ ਮੂੰਹ ਜ਼ੋਰ ਫੈਲਾਅ ਇਸ ਯੁੱਗ ਦਾ ਸਭ ਤੋਂ ਵੱਡਾ ਲੱਛਣ ਹੈ। ਇਸ ਪਥਰਾਟ ਸਥਿਤੀ ਦੇ ਉੱਘੜੇ-ਦੁੱਘੜੇ ਨਕਸ਼ ਲਾਲ ਸਿੰਘ ਦਿਲ ਦੀ ਇਸ ਲੰਮੀ ਕਵਿਤਾ ਵਿਚ ਸਿਰਜੇ ਹੋਏ ਹਨ।

ਸੰਪਰਕ : 98155-74144

# ਅਕਾਲੀ-ਭਾਜਪਾ ਸਮਝੌਤੇ ਲਈ ਨਵੀਂ ਸਰਗਰਮੀ ਤੇ ਪੰਜਾਬ ਭਾਜਪਾ ਦੇ ਅੰਦਰਲੇ ਹਾਲਾਤ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਚਲੰਤ ਹਫਤਾ ਮੁੱਕਣ ਮਗਰੋਂ ਪੰਜਾਬ ਵਿਧਾਨ ਸਭਾ ਦੀ ਅਗਲੀ ਚੋਣ ਲਈ ਸਿਰਫ ਚੌਦਾਂ ਮਹੀਨੇ ਬਾਕੀ ਹੋਣਗੇ ਤੇ ਇਨ੍ਹਾਂ ਵਿੱਚੋਂ ਆਖਰੀ ਛੇ ਮਹੀਨੇ ਸਰਕਾਰ ਹੁੰਦੀ ਹੋਈ ਵੀ ਬਹੁਤਾ ਕੁਝ ਕਰਨ ਜੋਗੀ ਨਹੀਂ ਰਹਿ ਜਾਂਦੀ, ਜਿਸ ਸਰਕਾਰ ਦਾ ਮੁਖੀ ਦਬਦਬੇ ਵਾਲਾ ਅਤੇ ਅਫਸਰਸ਼ਾਹੀ ਉਸ ਦਾ ਭੈਅ ਮੰਨਦੀ ਹੋਵੇ, ਉਸ ਦਾ ਸਿੱਕਾ ਅਖੀਰਲੇ ਹਫਤੇ ਵਿੱਚ ਵੀ ਚਲਦਾ ਰਹਿੰਦਾ ਹੈ, ਪਰ ਬਹੁਤ ਵਾਰ ਵੇਖਿਆ ਹੈ ਕਿ ਅੰਤਲੇ ਹਫਤਿਆਂ ਵਿੱਚ ਅਫਸਰਸ਼ਾਹੀ ਸਰਕਾਰੀ ਫਰਜ਼ਾਂ ਨੂੰ ਅਣਗੌਲੇ ਕਰ ਕੇ ਅਗਲੀ ਚੋਣ ਲਈ ਤਿਕੜਮਾਂ ਤੇ ਸਾਜ਼ਿਸ਼ਾਂ ਕਰਨ ਲੱਗ ਜਾਇਆ ਕਰਦੀ ਹੈ। ਪੰਜਾਬ ਵਿੱਚ ਇਸ ਭੈੜੀ ਖੇਡ ਨੇ ਪਿਛਲੇ ਸਮੇਂ ਵਿੱਚ ਕਿਹੜੇ-ਕਿਹੜੇ ਰੰਗ ਵਿਖਾਏ ਹੋਏ ਹਨ, ਇਹ ਕਿਸੇ ਨੂੰ ਚੇਤੇ ਕਰਾਉਣ ਦੀ ਲੋੜ ਨਹੀਂ ਤੇ ਏਦਾਂ ਦੇ ਰਿਕਾਰਡ ਵਾਲੀ ਇਹ ਅਫਸਰਸ਼ਾਹੀ ਇਸ ਵਾਰ ਫਿਰ ਰਾਤ-ਬਰਾਤੇ ਦੀਆਂ ਬੈਠਕਾਂ ਕਰਨਾ ਛੱਡ ਕੇ ਅਗਲੇ ਦਿਨਾਂ ਵਿੱਚ ਨੰਗੇ-ਚਿੱਟੇ ਰੂਪ ਵਿੱਚ ਸਾਹਮਣੇ ਆਉਣ ਵਾਸਤੇ ਪਰ ਤੋਲਦੀ ਸੁਣੀਂਦੀ ਹੈ। ਵਾਦੜੀਆਂ-ਸਜਾਦੜੀਆਂ ਸਿਰਾਂ ਨਾਲ ਨਿਭਣ ਦੇ ਮੁਹਾਵਰੇ ਵਾਂਗ ਸਿਰਫ ਅਫਸਰ ਨਹੀਂ, ਰਾਜਨੀਤਕ ਖੇਤਰ ਵਿਚਲੇ ਵੱਖੋ-ਵੱਖ ਬਨੇਰਿਆਂ ਤੋਂ ਦਾਣੇ ਚੁਗਣ ਦੇ ਸ਼ੌਕੀਨ ਦਲ-ਬਦਲੂ ਕਬੂਤਰ ਵੀ ਇਹ ਅਗੇਤੀਆਂ ਟੋਹਾਂ ਲੈਣ ਲੱਗ ਪਏ ਹਨ ਕਿ ਅਗਲੇ ਦਿਨਾਂ ਵਿੱਚ ਗੋਡੇ ਕਿਸ ਦੇ ਫੜਨੇ ਪੈਣਗੇ!

ਐਨ ਇਸ ਮੌਕੇ ਇਹ ਖਬਰ ਅਚਾਨਕ ਮਿਲੀ ਹੈ ਕਿ ਇੱਕ ਆਨਲਾਈਨ ਸਰਵੇ ਕਰਵਾਏ ਜਾਣ ਦੀ ਚਰਚਾ ਚੱਲਦੀ ਪਈ ਹੈ ਕਿ ਭਾਜਪਾ ਨੂੰ ਅਕਾਲੀ ਦਲ ਨਾਲ ਅਗਲੀ ਚੋਣ ਲਈ ਗੱਠਜੋੜ ਕਰ ਲੈਣਾ ਚਾਹੀਦਾ ਹੈ ਕਿ ਨਹੀਂ? ਚੁੱਪ-ਚੁਪੀਤੇ ਕਰਵਾਏ ਜਾ ਰਹੇ ਇਸ ਸਰਵੇਖਣ ਵਿੱਚ ਇਹ ਸਵਾਲ ਵੀ ਪੁੱਛਿਆ ਜਾਂਦਾ ਹੈ ਕਿ ਅਜੋਕੇ ਹਾਲਾਤ ਵਿੱਚ ਗੱਠਜੋੜ ਬਣਾ ਕੇ ਸਾਹਮਣੇ ਆਈ ਇਸ ਧਿਰ ਲਈ ਲੋਕਾਂ ਦਾ ਰੁਖ ਕੀ ਹੋਵੇਗਾ, ਇਨ੍ਹਾਂ ਨੂੰ ਵੋਟ ਪਾਉਣਗੇ ਜਾਂ ਨਹੀਂ ਅਤੇ ਗੱਠਜੋੜ ਜਿੱਤ ਵੀ ਸਕੇਗਾ ਜਾਂ ਨਹੀਂ! ਇਹ ਸਵਾਲ ਸਿੱਧਾ ਵੀ ਪੁੱਛਿਆ ਜਾਂਦਾ ਹੈ ਕਿ ਤੁਸੀਂ ਇਨ੍ਹਾਂ ਨੂੰ ਵੋਟ ਪਾਉਗੇ ਜਾਂ ਹੋਰਨਾਂ ਵੱਲ ਪਾਉਣੀ ਠੀਕ ਸਮਝੋਗੇ ਜਾਂ ਕਿਸੇ ਨੂੰ ਵੀ ਨਹੀਂ ਪਾਉਗੇ! ਨਾਲ ਦੀ ਨਾਲ ਸੋਸ਼ਲ ਮੀਡੀਏ ਵਿੱਚ ਇਹ ਚਰਚਾ ਚੱਲ ਰਹੀ ਹੈ ਕਿ ਇਹ ਸਰਵੇਖਣ ਆਖਰ ਕਰਵਾ ਕੌਣ ਰਿਹਾ ਹੈ? ਸਾਰੀਆਂ ਮੁੱਖ ਸਿਆਸੀ ਧਿਰਾਂ ਇਸ ਸਰਵੇਖਣ ਨਾਲ ਆਪਣੇ ਸੰਬੰਧਤ ਹੋਣ ਦੀ ਗੱਲ ਰੱਦ ਕਰਦੀਆਂ ਹਨ, ਪਰ ਸਰਵੇਖਣ ਦੇ ਚੱਲਣ ਨੇ ਕਈ ਮੁੱਦੇ ਇਸ ਵਾਰ ਅਗੇਤੇ ਉਭਾਰ ਦਿੱਤੇ ਹਨ।

ਅਕਾਲੀ ਦਲ ਦੇ ਆਗੂਆਂ ਨੂੰ ਭਾਜਪਾ ਨਾਲ ਚੋਣ ਸਮਝੌਤਾ ਕਰਨ ਤੋਂ ਨਾ ਪਹਿਲਾਂ ਕੋਈ ਖਾਸ ਝਿਜਕ ਹੁੰਦੀ ਸੀ ਤੇ ਨਾ ਇਸ ਵਾਰ ਹੋ ਸਕਦੀ ਹੈ, ਪਰ ਇਸ ਬਾਰੇ ਕਿਸੇ ਤਰ੍ਹਾਂ ਦੀ ਕਾਹਲੀ ਕਰਨ ਦੀ ਥਾਂ ਪਹਿਲਾਂ ਕੁਝ ਮੁੱਦਿਆਂ ਬਾਰੇ ਨਿਬੇੜਾ ਕਰਨ ਦੀ ਗੱਲ ਕਹਿ ਰਹੇ ਹਨ। ਮੁੱਦੇ ਤਾਂ ਸੱਚਮੁੱਚ ਬਹੁਤ ਹਨ ਤੇ ਮਹੱਤਵਪੂਰਨ ਵੀ ਹਨ। ਮਿਸਾਲ ਦੇਣੀ ਹੋਵੇ ਤਾਂ ਇਨ੍ਹਾਂ ਦਿਨਾਂ ਵਿੱਚ 'ਵੀਰ ਬਾਲ ਦਿਵਸ' ਦੇ ਵਿਰੋਧ ਦਾ ਮੁੱਦਾ ਹਰ ਜ਼ਬਾਨ ਉੱਤੇ ਹੈ ਅਤੇ ਇਸ ਦਾ ਵਿਰੋਧ ਵੀ ਪਹਿਲਾਂ ਅਕਾਲੀ ਦਲ ਦੇ ਆਗੂਆਂ ਨੇ ਹੀ ਸ਼ੁਰੂ ਕੀਤਾ ਸੀ। ਦੂਸਰੇ ਪਾਸੇ ਕੇਂਦਰ ਸਰਕਾਰ ਤੇ ਭਾਜਪਾ ਵੱਲੋਂ ਇਸ ਮੁਹਿੰਮ ਦਾ ਸਭ ਤੋਂ ਵੱਧ ਪ੍ਰਚਾਰ ਅਕਾਲੀ ਦਲ ਵਿੱਚੋਂ ਗਏ ਕੁਝ ਆਗੂ ਕਰ ਰਹੇ ਸਨ, ਜਿਹੜੇ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਾਹਲੇ ਨੇੜੂ ਸਨ। ਕੁਝ ਲੋਕ ਸੋਚਦੇ ਹਨ ਕਿ ਉਹ ਓਥੇ 'ਵੀਰ ਬਾਲ ਦਿਵਸ' ਦੇ ਮੁੱਦੇ ਨੂੰ ਹਵਾ ਦੇ ਰਹੇ ਹਨ ਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਮੁੱਦਾ ਬਹੁਤਾ ਭੜਕ ਪਵੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਸ ਦਿਵਸ ਦਾ ਨਾਂਅ ਬਦਲ ਦੇਣ ਲਈ ਐਲਾਨ ਕਰਵਾ ਕੇ ਅਕਾਲੀ ਆਗੂਆਂ ਨੂੰ ਭਾਜਪਾ ਨੇੜੇ ਲਿਆਉਣ ਤੇ ਫਿਰ ਇਸ ਵਿੱਚੋਂ ਆਪਣਾ ਸਿਆਸੀ ਲਾਗ ਲੈਣ ਦਾ ਰਾਹ ਕੱਢ ਲੈਣਗੇ। ਜਿਹੜੇ ਲੋਕ ਏਦਾਂ ਦੀ ਸੋਚ ਰੱਖਦੇ ਹਨ, ਉਹ ਪੰਜਾਬ ਵਿਚਲੇ ਅਤੇ ਦਿੱਲੀ ਦੇ ਅਕਾਲੀ ਦਲ ਛੱਡ ਕੇ ਭਾਜਪਾ ਵਿੱਚ ਗਏ ਆਗੂਆਂ ਦੀਆਂ ਦੋਵਾਂ ਧਿਰਾਂ ਬਾਰੇ ਬੜੇ ਨੇੜਲੇ ਸੰਪਰਕ ਰੱਖਦੇ ਹਨ। ਚਰਚਾ ਹੈ ਕਿ ਦੁਪਾਸੜ ਦੋਬਾਰਾ ਤਾਲਮੇਲ ਲਈ ਸਰਗਰਮੀ ਕਰਨ ਵਾਲੇ ਇਹ ਸਾਬਕਾ ਅਕਾਲੀ ਆਗੂ ਪੰਜਾਬ ਵਿੱਚ ਕਾਂਗਰਸ ਨੂੰ ਛੱਡ ਕੇ ਆਏ ਆਗੂਆਂ ਨਾਲ ਕੁਝ ਪੁਰਾਣਾ ਹਿਸਾਬ ਚੁਕਤਾ ਕਰਨ ਵਾਸਤੇ ਵੀ ਇਹ ਮੌਕਾ ਵਰਤਣ ਦੀ ਰਣਨੀਤੀ ਉੱਤੇ ਹਨ ਅਤੇ ਇਸ ਕੰਮ ਵਿੱਚ ਭਾਜਪਾ ਵਿਚਲੇ ਕੁਝ ਪੁਰਾਣੇ ਕਾਂਗਰਸ ਵਿਰੋਧੀ ਸੋਇਮਸੇਵਕਾਂ ਨਾਲ ਉਨ੍ਹਾਂ ਦੀ ਆੜੀ ਪਈ ਹੋ ਸਕਦੀ ਹੈ।

ਭਾਜਪਾ ਦੇ ਹਰ ਪੱਧਰ ਦੇ ਹੈੱਡਕੁਆਰਟਰ ਵਿੱਚ ਜਥੇਬੰਦਕ ਸੈਕਟਰੀ ਦਾ ਅਹੁਦਾ ਰਾਸ਼ਟਰੀ ਸੋਇਮਸੇਵਕ, ਆਰ ਐੱਸ ਐੱਸ ਵੱਲੋਂ ਨਿਯੁਕਤ ਕੀਤੇ ਆਗੂਆਂ ਲਈ ਰਾਖਵਾਂ ਹੁੰਦਾ ਹੈ। ਇਸ ਵੇਲੇ ਭਾਜਪਾ ਦੇ ਕੇਂਦਰੀ ਦਫਤਰ ਵਿੱਚ ਪੁਰਾਣੇ ਸਮੇਂ ਵਾਂਗ ਆਰ ਐੱਸ ਐੱਸ ਵੱਲੋਂ ਨਿਯੁਕਤ ਕੀਤੇ ਜਥੇਬੰਦਕ ਸੈਕਟਰੀ ਦਾ ਵਜ਼ੂਕਾ ਨਹੀਂ ਜਾਪਦਾ, ਤਬਦੀਲੀ ਦੇ ਅਜੋਕੇ ਦੌਰ ਵਿੱਚ ਪ੍ਰਧਾਨ ਮੰਤਰੀ ਦਫਤਰ ਨਾਲ ਸਾਂਝ ਰੱਖਣ ਵਾਲਿਆਂ ਦਾ ਸਿੱਕਾ ਵੱਧ ਚੱਲਦਾ ਹੈ। ਭਾਜਪਾ ਦੇ ਪੁਰਾਣੇ ਆਗੂ ਤੇ ਅਕਾਲੀ ਦਲ ਵਿੱਚੋਂ ਗਏ ਸਿੱਖ ਆਗੂ ਅਜੇ ਤੱਕ ਬਹੁਤਾ ਯਤਨ ਜਥੇਬੰਦਕ ਮਾਮਲਿਆਂ ਦੇ ਕੇਂਦਰ ਨੇੜੇ ਜਾਣ ਦਾ ਕਰਦੇ ਹਨ, ਜਦ ਕਿ ਕਾਂਗਰਸ ਵਿੱਚੋਂ ਗਏ ਆਗੂਆਂ ਦਾ ਓਧਰ ਗੇੜਾ ਘੱਟ ਲੱਗਦਾ ਤੇ ਪ੍ਰਧਾਨ ਮੰਤਰੀ ਦਫਤਰ ਨਾਲ ਜੁੜੀ ਟੀਮ ਨਾਲ ਵੱਧ ਮੇਲਜੋਲ ਹੁੰਦਾ ਹੈ। ਇਹ ਝਲਕ ਪੰਜਾਬ ਦੀ ਭਾਜਪਾ ਦੀ ਰਾਜਨੀਤੀ ਉੱਤੇ ਸਪੱਸ਼ਟ ਦਿਖਾਈ ਦੇਂਦੀ ਹੈ। ਪ੍ਰਧਾਨ ਮੰਤਰੀ ਵਾਲੀ ਟੀਮ ਦੀ ਸਰਗਰਮੀ ਨੇ ਕਈ ਰਾਜਾਂ ਦੇ ਪੁਰਾਣੇ ਕਾਂਗਰਸੀ ਆਗੂ ਨਾ ਸਿਰਫ ਤੋੜਨ ਦੀ ਕਾਮਯਾਬੀ ਹਾਸਲ ਕੀਤੀ, ਸਗੋਂ ਭਾਜਪਾ ਵਿੱਚ ਲਿਆ ਕੇ ਚੰਗੇ ਅਹੁਦੇ ਵੀ ਉਨ੍ਹਾਂ ਦਿਵਾਏ ਹੋਣ ਕਰ ਕੇ ਪੰਜਾਬ ਦੇ ਕਾਂਗਰਸ ਛੱਡ ਕੇ ਭਾਜਪਾ ਵਿੱਚ ਗਏ ਆਗੂਆਂ ਨੂੰ ਉਨ੍ਹਾਂ ਤੋਂ ਆਪਣੇ ਲਈ ਭਵਿੱਖ ਦਾ ਕੋਈ ਗੁਣਾਂ ਪੈਂਦਾ ਦਿੱਸ ਸਕਦਾ ਹੈ। ਇਹ ਹੀ ਕਾਰਨ ਹੈ ਕਿ ਪੰਜਾਬ ਵਿੱਚ ਅਕਾਲੀ ਦਲ ਨਾਲ ਸਮਝੌਤਾ ਕਰਨ ਜਾਂ ਨਾ ਕਰਨ ਦੇ ਸਵਾਲ ਉੱਤੇ ਕਾਂਗਰਸ ਤੋਂ ਆਏ ਲੀਡਰਾਂ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਦਾ ਸਾਫ ਕਹਿਣਾ ਹੈ ਕਿ ਇਹ ਸਮਝੌਤਾ ਹੋਏ ਬਿਨਾਂ ਇਸ ਰਾਜ ਅੰਦਰ ਸਰਕਾਰ ਬਣਾਉਣ ਦਾ ਸੁਫਨਾ ਵੀ ਨਹੀਂ ਲਿਆ ਜਾ ਸਕਦਾ। ਅਗਲੀ ਗੱਲ ਇਹ ਕਿ ਉਹ ਅਗਲੀ ਚੋਣ ਵਿੱਚ ਸਮਝੌਤੇ ਦਾ ਰਾਹ ਖੋਲ੍ਹਣ ਲਈ ਅਕਾਲੀ ਆਗੂਆਂ ਤੱਕ ਪਹੁੰਚ ਵੀ ਕਰਦੇ ਸੁਣੇ ਜਾ ਰਹੇ ਹਨ। ਪਹਿਲਾਂ ਕਈ ਸਾਲ ਭਿੜਦੇ ਰਹਿਣ ਪਿੱਛੋਂ ਪਿਛਲੀਆਂ ਚੋਣਾਂ ਵਿੱਚ ਇਨ੍ਹਾਂ ਦੋਵਾਂ ਧਿਰਾਂ ਵੱਲੋਂ ਅੰਦਰੋਗਤੀ ਸਮਝੌਤਾ ਕਰ ਕੇ ਚੱਲਣ ਦੀ ਗੱਲ ਵੀ ਬਾਹਰ ਆਈ ਅਤੇ ਚਰਚਾ ਦਾ ਵਿਸ਼ਾ ਬਣੀ ਸੀ। ਇਸ ਵਾਰੀ ਦੋਵਾਂ ਧਿਰਾਂ ਵੱਲੋਂ ਫਿਰ ਆਪਸ ਵਿੱਚ ਕੁੰਡੀ ਪਾਈ ਗਈ ਸੁਣੀ ਜਾਣ ਲੱਗ ਪਈ ਹੈ।

ਦੂਸਰੇ ਪਾਸੇ ਭਾਜਪਾ ਦੇ ਪੁਰਾਣੇ ਆਗੂਆਂ ਵਿੱਚੋਂ ਕਈਆਂ ਨਾਲ ਸਾਡੀ ਗੱਲ ਹੁੰਦੀ ਰਹਿੰਦੀ ਹੈ ਅਤੇ ਸਾਫ ਆਖਦੇ ਹਨ ਕਿ ਉਹ ਇਸ ਵੇਲੇ ਜਿੰਨਾ ਅਵਾਜ਼ਾਰ ਮਹਿਸੂਸ ਕਰਦੇ ਹਨ, ਏਨਾ ਅੱਜ ਤੱਕ ਕਦੇ ਵੀ ਨਹੀਂ ਸੀ ਕੀਤਾ। ਪੰਜਾਬ ਵਿੱਚ ਉਹ ਵਕਤ ਭਾਜਪਾ ਦੇ ਆਗੂਆਂ ਲਈ ਬਹੁਤ ਔਖਾ ਸੀ, ਜਦੋਂ ਕੇਂਦਰ ਸਰਕਾਰ ਨੇ ਤਿੰਨ ਬਿੱਲ ਪਾਸ ਕੀਤੇ ਤੇ ਕਿਸਾਨਾਂ ਨੇ ਮੋਰਚਾ ਲਾਇਆ ਸੀ। ਕੇਂਦਰੀ ਲੀਡਰਸ਼ਿਪ ਦੇ ਕਹਿਣ ਉੱਤੇ ਪੰਜਾਬ ਭਾਜਪਾ ਦੇ ਆਗੂਆਂ ਨੇ ਮੀਟਿੰਗਾਂ ਕਰਨ ਲਈ ਯਤਨ ਆਰੰਭੇ ਤਾਂ ਬਾਹਰ ਦੀ ਗੱਲ ਛੱਡੋ, ਭਾਜਪਾ ਦਫਤਰਾਂ ਵਿੱਚ ਵੀ ਇਨ੍ਹਾਂ ਨੂੰ ਘੇਰ ਕੇ ਕਿਸਾਨਾਂ ਨੇ ਕਈ ਥਾਂ ਬੇਇੱਜ਼ਤ ਕੀਤਾ ਤੇ ਭੰਨਤੋੜ ਕੀਤੀ ਸੀ, ਪਰ ਜਦੋਂ ਕੇਂਦਰ ਨੇ ਨਵੇਂ ਆਗੂ ਹੋਰਨਾਂ ਪਾਰਟੀਆਂ ਤੋਂ ਖਿੱਚ ਕੇ ਉਨ੍ਹਾਂ ਹੱਥ ਡੋਰ ਫੜਾ ਦਿੱਤੀ ਤਾਂ ਇਨ੍ਹਾਂ ਨੂੰ ਪੁੱਛਿਆ ਵੀ ਨਹੀਂ। ਪੁਰਾਣੇ ਚਿਰਾਂ ਤੋਂ ਚਲੇ ਆਏ ਭਾਜਪਾ ਆਗੂ ਕਈ ਚਿਰ ਨਵਿਆਂ ਨਾਲ ਚੱਲਣ ਤੋਂ ਝਿਜਕਦੇ ਰਹੇ। ਕੇਂਦਰੀ ਲੀਡਰਸ਼ਿਪ ਦੇ ਦਬਾਅ ਹੇਠ ਬਿਨਾਂ ਸ਼ੱਕ ਚੱਲ ਪਏ ਸਨ, ਪਰ ਦਿਲ ਮਿਲਣ ਦੀ ਗੱਲ ਹਾਲੇ ਵੀ ਨਹੀਂ ਬਣੀ। ਉਨ੍ਹਾਂ ਵਿੱਚੋਂ ਕਈਆਂ ਦਾ ਕਹਿਣਾ ਹੈ ਕਿ ਬਿਨਾਂ ਸ਼ੱਕ ਉਹ ਸੱਤਾ ਵਿੱਚ ਨਹੀਂ ਸਨ, ਪੰਜਾਬ ਦੇ ਲੋਕਾਂ ਵਿੱਚ ਇੱਜ਼ਤ ਉਨ੍ਹਾਂ ਦੀ ਹੁੰਦੀ ਸੀ, ਅਕਾਲੀਆਂ ਨਾਲ ਮਿਲ ਕੇ ਉਨ੍ਹਾਂ ਨੂੰ ਮਿਲਿਆ ਬਹੁਤਾ ਨਹੀਂ, ਪਰ ਬੇਇੱਜ਼ਤੀ ਪੈਰ-ਪੈਰ ਉੱਤੇ ਹੁੰਦੀ ਰਹੀ, ਫਿਰ ਵੀ ਉਹ ਪਾਰਟੀ ਹੁਕਮ ਦੇ ਬੱਧੇ ਚੁੱਪ ਰਹੇ ਸਨ। ਇਸ ਵਕਤ ਉਹ ਸਮਝਦੇ ਹਨ ਕਿ ਅਕਾਲੀ ਦਲ ਦੀ ਲੀਡਰਸ਼ਿਪ ਪੁਰਾਣੀ ਬਾਦਲ-ਟੌਹੜਾ ਵਕਤ ਦੀ ਨਹੀਂ, ਜਿਹੜੇ ਜਨਸੰਘ ਦੇ ਆਗੂਆਂ ਨਾਲ ਪੰਜਾਬੀ ਸੂਬੇ ਦੇ ਵਕਤ ਦੀਆਂ ਕੁੜੱਤਣਾਂ ਭੁਲਾ ਕੇ ਵੀ ਨਿਭਣ ਵਾਸਤੇ ਰਾਹ ਕੱਢ ਲੈਂਦੇ ਸਨ, ਅੱਜ ਦੇ ਅਕਾਲੀ ਦਲ ਦੀ ਕਮਾਨ ਅਜਿਹੇ ਲੋਕਾਂ ਦੇ ਹੱਥੀਂ ਹੈ, ਜਿਹੜੇ ਕਿਸੇ ਦੀ ਇੱਜ਼ਤ ਕਰਨਾ ਨਹੀਂ ਜਾਣਦੇ। ਇਨ੍ਹਾਂ ਭਾਜਪਾ ਆਗੂਆਂ ਨੂੰ ਸਾਂਝੀ ਸਰਕਾਰ ਹੁੰਦਿਆਂ ਜਲੰਧਰ ਦੇ ਇੱਕ ਅਕਾਲੀ ਆਗੂ ਵੱਲੋਂ ਭਾਜਪਾ ਦੇ ਇੱਕ ਮੰਤਰੀ ਦੇ ਘਰ ਪਹੁੰਚ ਕੇ ਹੱਥ ਚੁੱਕਣ ਦੀ ਪੀੜ ਵੀ ਰੜਕਦੀ ਹੈ ਤੇ ਇੱਕ ਭਾਜਪਾ ਮੰਤਰੀ ਉੱਤੇ ਤਰਨ ਤਾਰਨ ਵਿੱਚ ਅਕਾਲੀ ਆਗੂਆਂ ਵੱਲੋਂ ਹਮਲਾ ਕਰਨ ਅਤੇ ਫਿਰ ਵਾਪਸ ਜਾਂਦੇ ਹੋਏ ਦੀ ਕਾਰ ਘੇਰਨ ਤੱਕ ਦੀ ਹਮਲਾਵਰੀ ਵੀ ਭੁੱਲੀ ਨਹੀਂ। ਉਹ ਭਾਜਪਾ ਆਗੂ ਪਿੱਛੋਂ ਇਨ੍ਹਾਂ ਨਾਲ ਨਹੀਂ ਰਿਹਾ, ਪਰ ਪੰਜਾਬ ਭਾਜਪਾ ਆਗੂ ਸੋਚਦੇ ਹਨ ਕਿ ਜੇ ਪਾਰਟੀ ਓਦੋਂ ਆਪਣੇ ਉਸ ਆਗੂ ਨਾਲ ਪੂਰੀ ਤਰ੍ਹਾਂ ਖੜੀ ਹੁੰਦੀ ਅਤੇ ਅਜੋਕੀ ਅਕਾਲੀ ਲੀਡਰਸ਼ਿਪ ਦੇ ਨਾਲ ਨਰਮੀ ਨਾ ਵਿਖਾਉਂਦੀ ਤਾਂ ਪਾਰਟੀ ਵਰਕਰਾਂ ਦੇ ਅੰਦਰ ਬੇਵਿਸ਼ਵਾਸੀ ਸ਼ਾਇਦ ਏਨੀ ਨਹੀਂ ਸੀ ਵਧਣੀ।

ਇਨ੍ਹਾਂ ਗੱਲਾਂ ਕਾਰਨ ਪਾਰਟੀ ਵੱਲੋਂ ਅਕਾਲੀ ਦਲ ਨਾਲ ਅਗਲੇ ਚੋਣ ਸਮਝੌਤੇ ਦੇ ਯਤਨਾਂ ਵਾਸਤੇ ਪੁਰਾਣੇ ਭਾਜਪਾ ਆਗੂਆਂ ਵਿੱਚ ਖਾਸ ਉਤਸ਼ਾਹ ਦਿਖਾਈ ਨਹੀਂ ਦਿਸਦਾ। ਇਸ ਪਿੱਛੇ ਦੋ ਕਾਰਨ ਹਨ। ਇੱਕ ਤਾਂ ਇਹ ਕਿ ਚੜ੍ਹਤ ਦੇ ਦਿਨਾਂ ਵਿੱਚ ਅਕਾਲੀ ਆਗੂਆਂ ਨੇ ਜਿੱਦਾਂ ਦਾ ਵਿਹਾਰ ਕੀਤਾ ਸੀ, ਮਦਨ ਮੋਹਨ ਮਿੱਤਲ ਵਰਗੇ ਪੁਰਾਣੇ ਆਗੂ ਖਿਲਾਫ ਇੱਕ ਨਵੇਂ ਉੱਠੇ ਹਿੰਦੂ ਅਕਾਲੀ ਆਗੂ ਨੂੰ ਜਿਵੇਂ ਚੁੱਕਿਆ ਗਿਆ, ਓਦਾਂ ਦੀਆਂ ਗੱਲਾਂ ਉਹ ਫਿਰ ਕਰਨ ਤੋਂ ਨਹੀਂ ਰਹਿਣਗੇ। ਦੂਸਰਾ ਇਹ ਕਿ ਇਸ ਵਕਤ ਗੱਲਬਾਤ ਵੀ ਪੁਰਾਣੇ ਭਾਜਪਾ ਆਗੂ ਘੱਟ ਅਤੇ ਥੋੜ੍ਹਾ ਸਮਾਂ ਪਹਿਲਾਂ ਕਾਂਗਰਸ ਵਰਗੀ ਰਾਜਸੀ ਧਿਰ ਛੱਡ ਕੇ ਆਏ ਹੋਏ ਆਗੂ ਵੱਧ ਅਹਿਮੀਅਤ ਨਾਲ ਕਰਦੇ ਸੁਣੇ ਜਾ ਰਹੇ ਹਨ। ਏਦਾਂ ਦੇ ਚੱਕਰ ਵਿੱਚ ਪੁਰਾਣੇ ਭਾਜਪਾ ਆਗੂ ਪੰਜਾਬ ਦੀ ਭਾਜਪਾ ਦੇ ਨਵੇਂ ਪ੍ਰਮੁੱਖ ਚਿਹਰਿਆਂ ਅਤੇ ਦਿੱਲੀ ਵਿੱਚ ਪ੍ਰਮੁੱਖਤਾ ਧਾਰਨ ਕਰਦੇ ਪੁਰਾਣੇ ਅਕਾਲੀ ਆਗੂਆਂ ਦੇ ਹੁੰਦਿਆਂ ਆਪਣੇ ਆਪ ਨੂੰ ਖੂੰਜੇ ਲੱਗਾ ਹੋਇਆ ਮਹਿਸੂਸ ਕਰਦੇ ਅਤੇ ਬਹੁਤਾ ਕਰ ਕੇ ਚੁੱਪ ਰਹਿੰਦੇ ਹਨ।

ਇਸ ਸਿਆਸੀ ਕੁੜੱਤਣ ਦੇ ਬਾਵਜੂਦ ਪਾਰਟੀ ਦੀ ਹਾਈ ਕਮਾਨ ਅਗਲੀ ਚੋਣ ਲਈ ਅਕਾਲੀ ਦਲ ਦੀ ਲੀਡਰਸ਼ਿਪ ਨਾਲ ਗੱਲ ਵੀ ਚਲਾਈ ਜਾਂਦੀ ਹੈ ਅਤੇ ਅਕਾਲੀ ਆਗੂਆਂ ਤੋਂ ਅੱਖ ਬਚਾ ਕੇ ਸਿੱਖਾਂ ਅੰਦਰ ਚੋਖੀਆਂ ਮਜ਼ਬੂਤ ਜੜ੍ਹਾਂ ਰੱਖਦੇ ਸੰਤਾਂ ਨਾਲ ਆਪਣੀ ਸਾਂਝ ਨੂੰ ਹੱਦੋਂ ਵੱਧ ਨੇੜਤਾ ਦਾ ਰੂਪ ਵੀ ਦੇਈ ਜਾ ਰਹੀ ਹੈ। ਜਿਹੜੇ ਸਿੱਖ ਸੰਤ ਤੇ ਉਨ੍ਹਾਂ ਦੇ ਆਧਾਰ ਵਾਲੀਆਂ ਸੰਪਰਦਾਵਾਂ ਕਦੇ ਹਿੰਦੂਤਵ ਦੇ ਖਤਰੇ ਦੀ ਗੱਲ ਕਰਿਆ ਕਰਦੇ ਸਨ, ਉਹ ਅੱਜਕੱਲ੍ਹ ਅਸਲੋਂ ਬਦਲੀ ਹੋਈ ਬੋਲੀ ਬੋਲਣ ਅਤੇ ਹਿੰਦੂ ਸਮਾਜ ਦੇ ਸਾਧੂ-ਸੰਤਾਂ ਨਾਲ ਕਈ ਵਾਰੀ ਇੱਕੋ ਮੰਚ ਉੱਤੇ ਦਿੱਸਣ ਲੱਗੇ ਹਨ। ਸਥਿਤੀ ਸਪੱਸ਼ਟ ਹੁੰਦੀ ਕੁਝ ਵਕਤ ਲੈ ਸਕਦੀ ਹੈ, ਪਰ ਇਸ ਦੀ ਸੇਧ ਦੱਸਦੀ ਅਤੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਪੈਂਤੜੇ ਵੀ ਦੱਸਦੇ ਹਨ ਕਿ ਉਹ ਅਗਲੀ ਚੋਣ ਵਿੱਚ ਸਿੱਖ ਵੋਟਾਂ ਲਈ ਹਰ ਹੱਦ ਤੱਕ ਜਾ ਸਕਦੇ ਹਨ। ਪਿਛਲੀ ਵਾਰ ਜਦੋਂ ਸਮਝੌਤਾ ਹੋਇਆ ਤਾਂ ਦਿੱਲੀ ਵਿੱਚ ਅਕਾਲੀ ਆਗੂਆਂ ਦੀ ਬੈਠਕ ਵਿੱਚ ਪਾਰਟੀ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੀ ਉਡੀਕ ਕੀਤੀ ਜਾ ਰਹੀ ਸੀ, ਮੋਬਾਇਲ ਫੋਨ ਹਾਲੇ ਆਏ ਨਹੀਂ ਸਨ ਤੇ ਉਨ੍ਹਾਂ ਦਾ ਪਤਾ ਨਹੀਂ ਸੀ ਲੱਗਦਾ, ਅਚਾਨਕ ਬਾਦਲ ਸਾਹਿਬ ਨੇ ਆ ਕੇ ਐਲਾਨ ਕਰ ਦਿੱਤਾ ਕਿ ਉਹ ਭਾਜਪਾ ਨਾਲ ਸਮਝੌਤਾ ਪੱਕਾ ਕਰ ਆਏ ਹਨ। ਕੁਝ ਆਗੂਆਂ ਨੂੰ ਇਸ ਗੱਲ ਦਾ ਰੰਜ ਸੀ ਕਿ ਉਨ੍ਹਾਂ ਨੂੰ ਨਾਲ ਲਏ ਬਿਨਾਂ ਇਹ ਕੰਮ ਕਿਉਂ ਕੀਤਾ ਗਿਆ, ਪਰ ਚੁੱਪ ਉਹ ਇਸ ਲਈ ਕਰ ਗਏ ਕਿ ਇਸ ਬਹਾਨੇ ਉਨ੍ਹਾਂ ਨੂੰ ਵੀ ਸੱਤਾ ਸੁੱਖ ਮਾਨਣ ਦਾ ਮੌਕਾ ਮਿਲਣ ਵਾਲਾ ਸੀ। ਪੰਜਾਬ ਦੇ ਅਕਾਲੀ ਆਗੂ ਤਾਂ ਇਸ ਵੇਲੇ ਇਹੋ ਪਤਾ ਨਹੀਂ ਕੌਣ-ਕੌਣ ਤੇ ਕਿੱਥੇ-ਕਿੱਥੇ ਹਨ, ਪਰ ਪੰਜਾਬ ਦੇ ਭਾਜਪਾ ਆਗੂਆਂ ਨੂੰ ਸੰਸਾ ਹੈ ਕਿ ਕਿਧਰੇ ਓਦੋਂ ਵਰਗੀ ਗੱਲ ਨਾ ਹੋਵੇ ਕਿ ਸਮਝੌਤਾ ਹੋ ਜਾਵੇ ਤੇ ਇਨ੍ਹਾਂ ਨੂੰ ਦੱਸਿਆ ਵੀ ਨਾ ਜਾਵੇ, ਮੀਡੀਏ ਵਾਲੇ ਸਵਾਲ ਪੁੱਛਣ ਲਈ ਦਰਾਂ ਮੂਹਰੇ ਆਣ ਖੜੋਣ। ਕੁਝ ਹੋਰ ਰਾਜਾਂ ਵਿੱਚ ਇਹੋ ਜਿਹੇ ਸਿਆਸੀ ਸੌਦੇ ਵੱਜ ਚੁੱਕੇ ਹੋਣ ਕਾਰਨ ਸਿਰਫ ਉਨ੍ਹਾਂ ਨੂੰ ਕੀ, ਮੀਡੀਏ ਵਿਚਲੇ ਜਾਣਕਾਰੀ ਰੱਖਣ ਵਿੱਚ ਧਨੰਤਰ ਸਮਝੇ ਜਾਂਦੇ ਵਿਅਕਤੀਆਂ ਨੂੰ ਵੀ ਏਦਾਂ ਦਾ ਖਿਆਲ ਵਾਰ-ਵਾਰ ਆਉਂਦਾ ਹੈ।

# ਪੰਜਾਬੀ ਆਲੋਚਨਾ : 2025 ਦਾ ਦ੍ਰਿਸ਼

**ਡਾ. ਸੁਖਪਾਲ ਕੌਰ ਸਮਰਾਲਾ**

ਪੰਜਾਬੀ ਆਲੋਚਨਾ ਦੇ 2025 ਦੇ ਵਰ੍ਹੇ ਦੀ ਗੱਲ ਕਰਨ ਲੱਗਿਆਂ। ਮੈਨੂੰ ਸੁਖਬੀਰ ਦਾ ਪੰਜਾਬੀ ਆਲੋਚਨਾ ਬਾਰੇ ਲਿਖਿਆ ਇਕ ਲੇਖ ਚੇਤਾ ਆ ਰਿਹਾ ਹੈ 'ਪੰਜਾਬੀ ਆਲੋਚਨਾ ਦਾ ਆਧੁਨਿਕ ਮੁਹਾਂਦਰਾ'। ਉਹ ਕਹਿੰਦਾ ਹੈ ਕਿ ਬਹੁਤੇ ਪੰਜਾਬੀ ਆਲੋਚਕ ਲੇਖਕਾਂ ਦੇ ਮੋਢਿਆਂ 'ਤੇ ਬੈਠ ਕੇ ਉਹਨਾਂ ਨੂੰ ਸੇਧ ਦੇ ਰਹੇ ਹਨ। ਅੱਗੇ ਉਹ ਆਲੋਚਨਾ ਦੀ ਔਖੀ ਭਾਸ਼ਾ 'ਤੇ ਵੀ ਸਵਾਲ ਕਰਦਾ ਹੈ। ਇਕ ਥਾਂ ਸੁਖਬੀਰ ਕਹਿੰਦਾ ਹੈ ਕਿ "ਜਿਵੇਂ ਬਹੁਤੇ ਲੇਖਕਾਂ ਦੀ ਕਲਾਤਮਿਕ ਨੁਕਤੇ ਤੋਂ ਆਪਣੀ ਵੱਖਰੀ ਪਛਾਣ ਨਜ਼ਰ ਨਹੀਂ ਆਉਂਦੀ, ਉਸੇ ਤਰ੍ਹਾਂ ਵਧੇਰੇ ਆਲੋਚਕ ਵੀ ਆਪਣੀ ਵੱਖਰੀ ਪਛਾਣ ਉਜਾਗਰ ਨਹੀਂ ਕਰ ਪਾਉਂਦੇ-ਨਾ ਭਾਸ਼ਾ-ਸ਼ੈਲੀ ਵਿਚ, ਨਾ ਮੌਲਿਕ ਵਿਚਾਰਾਂ ਵਿਚ। ਇਸ ਦੇ ਸਿੱਟੇ ਵਜੋਂ ਕਈ ਸਾਹਿਤ-ਰਸੀਏ ਪਾਠਕ ਉਹਨਾਂ ਤੋਂ ਬੇਮੁਖ ਹੋ ਰਹੇ ਹਨ।"




ਸੁਖਬੀਰ ਦੀਆਂ ਧਾਰਨਾਵਾਂ ਜੇ ਅੱਜ ਵੀ ਅਸੀਂ ਨਵੀਂ ਆਲੋਚਨਾ ਉੱਤੇ ਲਾਗੂ ਕਰੀਏ ਤਾਂ ਉਹਦੀ ਗੱਲ ਬਹੁਤ ਹੱਦ ਤੱਕ ਠੀਕ ਲੱਗਦੀ ਹੈ। ਸਾਡੇ ਨਵੀਂ ਆਲੋਚਨਾ ਦਾ ਇਹ ਬਹੁਤ ਵੱਡਾ ਸੰਕਟ ਹੈ। ਉਨ੍ਹਾਂ ਦੀ ਵਧੇਰੇ ਆਲੋਚਨਾ ਵਿਆਖਿਆ ਮੂਲਕ ਬਣ ਕੇ ਰਹਿ ਗਈ ਜਾਂ ਫਿਰ ਉਨ੍ਹਾਂ ਕੋਲ ਪੀ ਐੱਚ. ਡੀ. ਦੌਰਾਨ ਪੜ੍ਹੇ-ਪੜ੍ਹਾਏ ਟੂਲਜ਼ ਹਨ, ਜਿਨ੍ਹਾਂ ਦੇ ਅਧਾਰ 'ਤੇ ਉਹ ਨਾਵਲ, ਕਹਾਣੀ, ਕਵਿਤਾ ਜਾਂ ਨਾਟਕ ਦੀ ਆਲੋਚਨਾ ਕਰਦੇ ਹਨ। ਪੰਜਾਬੀ ਆਲੋਚਨਾ ਉੱਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਅੱਜ ਆਲੋਚਨਾ ਰੋਜ਼ਗਾਰ ਦਾ ਸੰਦ ਬਣ ਕੇ ਰਹਿ ਗਈ ਹੈ। ਇਹ ਕਾਫੀ ਚਿੰਤਾ ਦਾ ਵਿਸ਼ਾ ਹੈ। ਇਹ ਵੀ ਬਹੁਤ ਵੱਡਾ ਸੰਕਟ ਹੈ ਕਿ ਯੂਨੀਵਰਸਿਟੀਆਂ ਵਿੱਚੋਂ ਆਲੋਚਨਾ ਨਿਕਲ ਨਹੀਂ ਰਹੀ। ਯੂਨੀਵਰਸਿਟੀਆਂ ਵਿੱਚ ਪੜ੍ਹਾਉਣ ਵਾਲੇ ਬਹੁਤੇ ਡਾਕਟਰਾਂ ਦੀ ਆਲੋਚਨਾ ਜੜ੍ਹ ਹੋ ਕੇ ਰਹਿ ਗਈ ਹੈ। ਉਹ ਨਵੀਂ ਲਿਖੀ ਜਾ ਰਹੀ ਕਹਾਣੀ, ਕਵਿਤਾ ਤੇ ਨਾਵਲ ਦਾ ਵਿਸ਼ਲੇਸ਼ਣ ਕਰਨ, ਉਨ੍ਹਾਂ ਬਾਰੇ ਨਿੱਠ ਕੇ ਆਲੋਚਨਾ ਕਰਨ ਤੋਂ ਕੰਨੀ ਕਤਰਾਉਂਦੇ ਰਹਿੰਦੇ ਨੇ। ਯੂਨੀਵਰਸਿਟੀਆਂ ਨਜਮ ਹੁਸੈਨ ਸੱਯਦ, ਸੰਤ ਸਿੰਘ ਸੇਖੋਂ, ਡਾ. ਤੇਜਵੰਤ ਸਿੰਘ ਗਿੱਲ, ਡਾ. ਸੁਰਜੀਤ ਸਿੰਘ ਭੱਟੀ, ਡਾ. ਅਤਰ ਸਿੰਘ, ਡਾ. ਗੁਰਚਰਨ ਸਿੰਘ ਅਰਸੀ, ਡਾ. ਕੇਸਰ ਸਿੰਘ ਕੇਸਰ, ਡਾ. ਹਰਿਭਜਨ ਸਿੰਘ, ਕਿਸ਼ਨ ਸਿੰਘ, ਡਾ. ਰਵਿੰਦਰ ਸਿੰਘ ਰਵੀ, ਜੋਗਿੰਦਰ ਸਿੰਘ ਰਾਹੀ, ਹਰਿਭਜਨ ਸਿੰਘ ਭਾਟੀਆ, ਟੀ.ਆਰ. ਵਿਨੋਦ, ਬਲਦੇਵ ਸਿੰਘ ਧਾਲੀਵਾਲ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਰਜਨੀਸ਼ ਬਹਾਦਰ ਸਿੰਘ, ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਯੋਗਰਾਜ, ਡਾ. ਸੁਰਜੀਤ ਸਿੰਘ, ਡਾ. ਗੁਰਮੇਲ ਸਿੰਘ ਵਰਗੇ ਆਲੋਚਕ ਪੈਦਾ ਕਿਉਂ ਨਹੀਂ ਕਰ ਸਕੀਆਂ। ਇਹ ਸਾਡੇ ਸਾਹਮਣੇ ਬਹੁਤ ਵੱਡੇ ਸਵਾਲ ਹਨ। ਅੱਜ ਨਵੀਂ ਆਲੋਚਨਾ ਜੋ ਪੈਦਾ ਹੋ ਰਹੀ ਹੈ, ਉਹ ਸਾਰੀ ਦੀ ਸਾਰੀ ਰੋਜ਼ਗਾਰ ਲਈ ਪੈਦਾ ਹੋ ਰਹੀ ਹੈ। ਯੂਨੀਵਰਸਿਟੀਆਂ ਵਿੱਚੋਂ ਪੀਐੱਚ. ਡੀ. ਦੀ ਡਿਗਰੀਆਂ ਕਰਕੇ ਨਿਕਲੇ, ਕਿਸੇ ਕਾਲਜ ਵਿੱਚ ਸੈੱਟ ਹੋਣ ਲਈ ਹੱਥ-ਪੈਰ ਮਾਰ ਰਹੇ ਨਵੇਂ ਆਲੋਚਕਾਂ ਦੀਆਂ ਵੱਡੀ ਗਿਣਤੀ ਵਿੱਚ ਕਿਤਾਬਾਂ ਕਿਉਂ ਛਪ ਰਹੀਆਂ ਹਨ? ਜਦੋਂ ਆਲੋਚਨਾ ਦਾ ਮਕਸਦ ਰੋਜ਼ਗਾਰ ਬਣ ਜਾਵੇ, ਉਦੋਂ ਆਲੋਚਨਾ ਪੇਤਲੀ ਹੋਣ ਲੱਗ ਪੈਂਦੀ ਹੈ। ਬਹੁਤ ਸਾਰੇ ਸਵਾਲ ਹਨ, ਜੋ ਆਲੋਚਨਾ ਦੇ ਸੰਕਟ ਵੱਲ ਇਸ਼ਾਰਾ ਕਰਦੇ ਹਨ। ਪੰਜਾਬੀ ਆਲੋਚਨਾ ਦੀ ਗੱਲ ਕਰਨ ਲੱਗਿਆਂ ਜਦੋਂ ਅਸੀਂ ਇਸ ਸਾਲ ਆਲੋਚਨਾ ਦੀਆਂ ਛਪੀਆਂ ਪੁਸਤਕਾਂ ਵੱਲ ਵੇਖਦੇ ਹਾਂ ਜਾਂ ਰਸਾਲਿਆਂ ਵਿਚ ਛਪੀ ਆਲੋਚਨਾ ਨੂੰ ਵਾਚਦੇ ਹਾਂ ਤਾਂ ਇਹ ਵੱਡੀ ਮਾਤਰਾ ਵਿੱਚ ਛਪ ਰਹੀ ਨਜ਼ਰ ਆਉਂਦੀ ਹੈ। ਇਸ ਦਾ ਮਿਆਰ ਕਿਹੋ ਜਿਹਾ ਹੈ ਜਾਂ ਇਹ ਪੜ੍ਹੀ ਕਿੰਨੀ ਕੁ ਜਾਂਦੀ ਹੈ? ਇਹ ਮੁੱਦਾ ਬਹਿਸ ਤਲਬ ਹੈ। 2025 ਵਿੱਚ ਵੱਡੇ ਕੱਦ ਵਾਲੇ ਆਲੋਚਕਾਂ ਦੀਆਂ ਪੁਸਤਕਾਂ ਬਹੁਤ ਘੱਟ ਛਪੀਆਂ ਹਨ। ਜੋ ਛਪਿਆ ਵੀ ਹੈ, ਉਹ ਉਨ੍ਹਾਂ ਦਾ ਪੁਰਾਣਾ ਕੰਮ ਹੈ। ਨਵੇਂ ਪੀਐੱਚ. ਡੀ. ਕਰਕੇ ਕਾਲਜਾਂ ਵਿੱਚ ਪਹੁੰਚੇ ਆਲੋਚਕਾਂ ਦੀਆਂ ਕਿਤਾਬਾਂ ਵਧੇਰੇ ਛਪੀਆਂ ਹਨ। ਉਨ੍ਹਾਂ ਵਿੱਚ ਕੁਝ ਚੰਗੀਆਂ ਕਿਤਾਬਾਂ ਵੀ ਹਨ। ਨਵੇਂ ਆਲੋਚਕਾਂ ਦੇ ਖੋਜ ਪੇਪਰ ਸਮਕਾਲੀ ਰਸਾਲਿਆਂ ਵਿੱਚ ਵੀ ਪੜ੍ਹਨ ਨੂੰ ਮਿਲਦੇ ਹਨ, ਜਿਨ੍ਹਾਂ ਦੀ ਮੁੱਖ ਸੁਰ ਵਿਆਖਿਆ ਮੂਲਕ ਵੱਧ ਰਹੀ ਹੈ।




ਆਲੋਚਨਾ ਉੱਤੇ ਕੇਂਦਰਤ ਜਰਨਲ 'ਸੰਵਾਦ', 'ਪਰਖ', 'ਅਰਮਾਨ', 'ਜਨ ਸਾਹਿਤ', 'ਪੰਜਾਬੀ ਦੁਨੀਆ', 'ਆਲੋਚਨਾ' ਆਦਿ ਪਰਚਿਆਂ ਵਿੱਚ ਕਾਫੀ ਹੱਦ ਤੱਕ ਚੰਗੀ ਆਲੋਚਨਾ ਪੜ੍ਹਨ ਨੂੰ ਮਿਲ ਜਾਂਦੀ ਹੈ। 'ਸੰਵਾਦ' ਦਾ 'ਸਾਹਿਤਕ ਟੈਕਸਟ ਕਿਵੇਂ ਸਮਝੀਏ-1' ਅੰਕ ਅਕਾਦਮਿਕ ਖੇਤਰ 'ਚ ਵਿਸ਼ੇਸ਼ ਧਿਆਨ ਦਾ ਕੇਂਦਰ ਰਿਹਾ ਹੈ। ਪੰਜਾਬ ਯੂਨੀ. ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦਾ ਜਰਨਲ 'ਪਰਖ' ਮਿਆਰੀ ਖੋਜ ਪੇਪਰ ਛਾਪਣ ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਸਾਹਿਤ ਅਕਾਡਮੀ ਦਾ ਜਰਨਲ 'ਆਲੋਚਨਾ' ਦਾ 'ਖੋਜ ਵਿਸ਼ੇਸ਼ ਅੰਕ' ਅਤੇ 'ਗ਼ਜ਼ਲ ਵਿਸ਼ੇਸ਼ ਅੰਕ' ਧਿਆਨ ਕੇਂਦਰਤ ਕਰਨ ਵਾਲੇ ਅੰਕ ਹਨ। ਇਸੇ ਸਾਲ 'ਸ਼ਬਦ ਸਪਲੀਮੈਂਟ' ਦਾ 'ਭੂਮਿਕਾ ਵਿਸ਼ੇਸ਼ ਅੰਕ' ਧਿਆਨ ਖਿੱਚਣ ਵਾਲਾ ਅੰਕ ਹੈ, ਜਿਸ ਵਿਚ ਅਹਿਮ ਸੰਪਾਦਤ ਕਹਾਣੀ ਸੰਗ੍ਰਹਿ ਦੀਆਂ ਲਿਖੀਆਂ ਭੂਮਿਕਾਵਾਂ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ ਹੁੰਦੇ ਰੈਫ਼ਰੀਡ ਰਿਸਰਚ ਜਰਨਲ 'ਪੰਜਾਬੀ ਦੁਨੀਆ' ਦੇ ਸ. ਕਪੂਰ ਸਿੰਘ ਵਿਸ਼ੇਸ਼ ਅੰਕ' ਅਤੇ 'ਡਾ. ਜਗਤਾਰ ਵਿਸ਼ੇਸ਼ ਅੰਕ' 'ਚ ਨਿੱਗਰ ਅਤੇ ਮਿਆਰੀ ਖੋਜ ਪੇਪਰ ਪ੍ਰਕਾਸ਼ਤ ਹੋਏ ਹਨ। 'ਕਾਵਿ ਲੋਕ' ਨੇ ਕਵਿਤਾ ਦੀ ਆਲੋਚਨਾ ਪ੍ਰਕਾਸ਼ਤ ਕਰਕੇ ਚੰਗਾ ਕਾਰਜ ਕੀਤਾ ਹੈ। ਇਨ੍ਹਾਂ ਉਪਰੋਕਤ ਰਸਾਲਿਆਂ ਵਿੱਚ ਸਾਨੂੰ ਉੱਤਮ ਦਰਜੇ ਦੀ ਆਲੋਚਨਾ ਪੜ੍ਹਨ ਨੂੰ ਮਿਲਦੀ ਹੈ।

ਇਸ ਵਰ੍ਹੇ ਪ੍ਰਸਿੱਧ ਚਿੰਤਕ ਅਤੇ ਆਲੋਚਕ ਹਰਿਭਜਨ ਸਿੰਘ ਭਾਟੀਆ ਦੀ ਚਿੰਤਨ ਸੁਰ ਨਾਲ ਭਰਪੂਰ 'ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ' ਵਿਸ਼ੇਸ਼ ਪੁਸਤਕ ਦਾ ਦਰਜਾ ਰੱਖਦੀ ਹੈ। ਭਾਟੀਆ ਦਾ ਮੈਟਾ ਆਲੋਚਨਾ ਵਿੱਚ ਬਹੁਤ ਉੱਘਾ ਨਾਂਅ ਹੈ। ਉਨ੍ਹਾਂ ਨੇ ਪੁਸਤਕ ਨੂੰ ਤਿੰਨ ਖੰਡਾਂ ਵਿੱਚ ਵੰਡ ਕੇ ਸਾਹਿਤ ਦੀ ਇਤਿਹਾਸਕਾਰੀ ਤਰਕ ਤੇ ਅਨੁਸ਼ਾਸਨ ਨਾਲ ਕੀਤੀ ਹੈ। ਪਹਿਲੇ ਖੰਡ ਵਿੱਚ ਇਤਿਹਾਸਕਾਰੀ ਦੇ ਸਿਧਾਂਤਕ ਮੁੱਦੇ ਉਭਾਰੇ ਗਏ ਹਨ। ਦੂਜੇ ਖੰਡ ਵਿੱਚ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਮੋਹਨ ਸਿੰਘ ਦੀਵਾਨਾ ਤੋਂ ਚੱਲ ਕੇ ਬਨਾਰਸੀ ਦਾਸ ਜੈਨ, ਸੁਰਿੰਦਰ ਸਿੰਘ ਨਰੂਲਾ-ਦਰਦ ਤੋਂ ਹੁੰਦੇ ਹੋਏ ਜੀਤ ਸਿੰਘ ਸ਼ੀਤਲ ਤੇ ਪਿਆਰਾ ਸਿੰਘ ਪਦਮ ਤੱਕ ਪੁੱਜ ਕੇ ਆਪਣੀਆਂ ਮੌਲਿਕ ਧਾਰਨਾਵਾਂ ਪੇਸ਼ ਕੀਤੀਆਂ ਹਨ। ਇਹ ਇਸ ਸਾਲ ਦੀ ਆਲੋਚਨਾ ਦੇ ਖੇਤਰ ਦੀ ਅਹਿਮ ਅਤੇ ਮੁੱਲਵਾਨ ਕਿਤਾਬ ਹੈ।

ਦੂਜੀ ਅਹਿਮ ਪੁਸਤਕ ਤਿੰਨ ਜਿਲਦਾਂ ਵਿੱਚ 'ਗੁਰਲਾਲ ਸਿੰਘ ਦਾ ਸਮੀਖਿਆ-ਸੰਸਾਰ' ਹੈ, ਜਿਸ ਨੂੰ ਬਲਦੇਵ ਸਿੰਘ ਧਾਲੀਵਾਲ ਨੇ ਆਪਣੀ ਸੰਪਾਦਕੀ ਸੂਝ ਨਾਲ ਸੰਪਾਦਤ ਕੀਤਾ ਹੈ। ਤਿੰਨ ਜਿਲਦਾਂ 970 ਪੰਨਿਆਂ 'ਚ ਫੈਲੀਆਂ ਹੋਈਆਂ ਹਨ। ਤਿੰਨ ਪੁਸਤਕਾਂ ਵਿੱਚ ਗੁਰਲਾਲ ਸਿੰਘ ਦਾ ਵਿਸ਼ਾਲ ਸਮੀਖਿਆ ਸੰਸਾਰ ਪੜ੍ਹਨ ਨੂੰ ਮਿਲ ਜਾਂਦਾ ਹੈ। ਪਹਿਲੇ ਭਾਗ ਵਿੱਚ ਪੰਜਾਬੀ ਕਹਾਣੀ ਦੀ ਸਿਧਾਂਤਕ ਪਰਿਪੇਖ, ਇਤਿਹਾਸਕ ਪਰਿਪੇਖ, ਵਿਹਾਰਕ ਪਰਿਪੇਖ ਨੂੰ ਲੈ ਕੇ ਬਹੁਤ ਗੰਭੀਰ ਕਿਸਮ ਦੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਖਾਸ ਕਰਕੇ ਨਿੱਕੀ ਕਹਾਣੀ ਦੇ ਲੱਛਣ ਦੀ ਨਿਸ਼ਾਨਦੇਹੀ ਕਰਦੇ ਚਿੰਤਨੀ ਸੁਰ ਦੇ ਲੇਖ ਪੜ੍ਹਨ ਨੂੰ ਮਿਲਦੇ ਹਨ। ਦੂਜਾ ਭਾਗ ਨਾਵਲ 'ਤੇ ਕੇਂਦਰਤ ਹੈ। ਜਿਸ ਵਿਚ ਗੁਰਲਾਲ ਸਿੰਘ ਦੇ ਐੱਮ. ਫਿਲ ਦਾ ਥੀਸਿਸ 'ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਦੁਖਾਂਤ ਅਨੁਭਵ' ਅਤੇ ਪੀਐੱਚ. ਡੀ. ਦਾ ਥੀਸਿਸ 'ਸੇਠੀ, ਸੁਖਬੀਰ ਤੇ ਤਸਨੀਮ ਦੇ ਨਾਵਲਾਂ ਵਿੱਚ ਬਿਰਤਾਂਤ ਦ੍ਰਿਸ਼ਟੀ' ਪ੍ਰਕਾਸ਼ਤ ਹੋਏ ਹਨ। ਤੀਜੇ ਭਾਗ ਵਿੱਚ ਗਲਪ ਸਿਧਾਂਤ ਚਿੰਤਨ ਨੂੰ ਲੈ ਕੇ ਲੇਖ ਹਨ। ਇਨ੍ਹਾਂ ਤਿੰਨੇ ਭਾਗਾਂ ਵਿੱਚ ਗੁਰਲਾਲ ਸਿੰਘ ਨੇ ਆਪਣੀਆਂ ਮੌਲਿਕ ਅਤੇ ਨਵੀਆਂ ਧਾਰਨਾਵਾਂ ਦਿੱਤੀਆਂ ਹਨ। ਇਹ ਤਿੰਨੇ ਪੁਸਤਕਾਂ ਨਵੇਂ ਗਲਪ ਆਲੋਚਕਾਂ ਲਈ ਬਹੁਤ ਲਾਹੇਵੰਦ ਸਮੱਗਰੀ ਪ੍ਰਦਾਨ ਕਰਦੀਆਂ ਹਨ।

ਇਸੇ ਸਾਲ ਪੰਜਾਬੀ ਸਾਹਿਤ ਅਕਾਡਮੀ ਵੱਲੋਂ 9 ਭਾਗਾਂ ਵਿੱਚ ਛਪੀ ਪ੍ਰੋ. ਕਿਸ਼ਨ ਸਿੰਘ ਦੀ ਸਮੁੱਚੀ ਆਲੋਚਨਾ ਪ੍ਰਕਾਸ਼ਤ ਕੀਤੀ ਗਈ ਹੈ। ਗੁਰਬਾਣੀ ਦਾ ਸੱਚ, ਵਿਚਾਰਧਾਰਾ ਸਾਹਿਤ ਤੇ ਮਨੁੱਖ, ਸਾਹਿਤ ਦੀ ਸਮਝ, ਕਲਚਰਲ ਇਨਕਲਾਬ, ਆਜ਼ਾਦ ਔਰਤ, ਗੁਰਬਾਣੀ ਦਾ ਇਨਕਲਾਬੀ ਵਿਰਸਾ, ਵਾਰ ਮਾਝਾ ਅਤੇ ਸਿੱਧ ਗੋਸਟਿ, ਵਾਰ ਮਲਾਰ ਅਤੇ 'ਸਿੱਖ ਲਹਿਰ' ਆਦਿ ਆਦਿ ਪੁਸਤਕਾਂ ਵਿੱਚ ਗੰਭੀਰ ਕਿਸਮ ਦੀ ਚਿੰਤਨੀ ਸੁਰ ਵਾਲੀ ਆਲੋਚਨਾ ਪੜ੍ਹਨ ਨੂੰ ਮਿਲ ਜਾਂਦੀ ਹੈ।


ਉੱਘੇ ਚਿੰਤਕ ਤਸਕੀਨ ਦੀ ਏਸ ਸਾਲ ਛਪੀ ਪੁਸਤਕ 'ਅੱਥਰੀਆਂ ਪੈੜਾਂ' ਵੀ ਪ੍ਰਕਾਸ਼ਤ ਹੋਈ ਹੈ, ਜਿਹੜੀ ਕਈ ਪੱਖਾਂ ਤੋਂ ਮਹੱਤਵਪੂਰਨ ਪੁਸਤਕ ਹੈ। ਪੁਸਤਕ ਵਿੱਚ ਸ਼ਾਮਲ ਲੇਖ ਸਮੇਂ-ਸਮੇਂ ਚਰਚਾ ਦਾ ਵਿਸ਼ਾ ਵੀ ਰਹੇ ਅਤੇ ਕਈਆਂ ਉੱਤੇ ਵਾਦ-ਵਿਵਾਦ ਵੀ ਰਿਹਾ। ਤਸਕੀਨ ਆਪਣੀ ਤਿੱਖੀ ਦ੍ਰਿਸ਼ਟੀ ਨਾਲ ਕਈ ਮੁੱਦਿਆਂ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਉਂਦਾ ਹੈ। ਮਾਰਕਸਵਾਦ, ਲੈਨਿਨਵਾਦ, ਨਾਰੀਵਾਦ ਵਰਗੇ ਸਿਧਾਂਤਕ ਸਵਾਲਾਂ ਨਾਲ ਸੰਵਾਦ ਰਚਾਉਂਦਾ ਹੈ। ਚਾਰ ਲੇਖ ਕਵਿਤਾ, ਕਹਾਣੀ, ਨਾਵਲ ਤੇ ਨਾਟਕ ਬਾਰੇ ਹਨ। ਏਸੇ ਸਾਲ ਬਲਬੀਰ ਮਾਧੋਪੁਰੀ ਦੀ ਪੁਨਰ ਪ੍ਰਕਾਸ਼ਤ ਕਿਤਾਬ 'ਆਦਿ ਧਰਮ ਦੇ ਬਾਨੀ ਮੰਗੂ ਰਾਮ' ਅਤੇ ਡਾ. ਗੁਰਮੀਤ ਕੱਲਰਮਾਜਰੀ ਦੀ ਪੁਸਤਕ 'ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ' ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਪੁਸਤਕਾਂ ਹਨ। ਆਦਿ ਧਰਮ ਲਹਿਰ ਨੂੰ ਸਮਝਣ ਲਈ ਇਹ ਮਹੱਤਵਪੂਰਨ ਪੁਸਤਕਾਂ ਹਨ।




ਡਾ. ਸਰਬਜੀਤ ਕੰਗਣੀਵਾਲ ਦੀ ਇਤਿਹਾਸ ਅਤੇ ਚਿੰਤਨ ਦੀ ਵੱਡ-ਅਕਾਰੀ ਪੁਸਤਕ 'ਪੰਜਾਬ ਦੀ ਖੱਬੀ ਲਹਿਰ : 1947 ਤੋਂ ਸੋਵੀਅਤ ਸੰਘ ਦੇ ਪਤਨ ਤੱਕ' ਭਾਗ ਦੂਜਾ ਬੜੀ ਮੁੱਲਵਾਨ ਪੁਸਤਕ ਹੈ, ਜਿਸ ਵਿੱਚ ਉਨ੍ਹਾਂ ਆਜ਼ਾਦੀ ਪਿੱਛੋਂ ਦੇ ਮੁਢਲੇ ਦੌਰ, ਸੀ ਪੀ ਆਈ ਤੇ ਲਾਲ ਕਮਿਊਨਿਸਟ ਪਾਰਟੀ ਦੇ ਰਲੇਵੇਂ ਤੋਂ ਬਾਅਦ ਨਕਸਲੀ ਲਹਿਰ ਦੀ ਸ਼ੁਰੂਆਤ, ਖਾਲਿਸਤਾਨੀ ਲਹਿਰ ਦੌਰਾਨ ਖੱਬੀਆਂ ਧਿਰਾਂ ਦੀ ਭੂਮਿਕਾ, ਖੱਬੀਆਂ ਧਿਰਾਂ ਅਤੇ ਸੰਸਦੀ ਪ੍ਰਣਾਲੀ ਵਰਗੇ ਦੌਰ ਦਾ ਵਿਸ਼ਲੇਸ਼ਣ ਤੱਥਾਂ ਤੇ ਅੰਕੜਿਆਂ ਨਾਲ ਕੀਤਾ ਹੈ। ਚਿੱਤਰਕਾਰੀ ਦਾ ਕਈ ਪੱਖਾਂ ਤੋਂ ਵਿਸ਼ਲੇਸ਼ਣ ਕਰਦੀਆਂ ਜਗਤਾਰਜੀਤ ਸਿੰਘ ਦੀਆਂ ਦੋ ਪੁਸਤਕਾਂ 'ਸੰਤਾਲੀ ਤੋਂ ਚੁਰਾਸੀ ਤੱਕ' ਅਤੇ 'ਪੰਜਾਬ ਦਾ ਚਿੱਤਰਕਾਰ ਅਵਤਾਰ ਸਿੰਘ' ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਜਗਤਾਰਜੀਤ ਸਿੰਘ ਨੇ ਚਿੱਤਰਾਂ ਦੇ ਸੰਦਰਭ ਵਿੱਚ ਸੰਤਾਲੀ ਤੋਂ ਚੁਰਾਸੀ ਤੱਕ ਦੇ ਦੁਖਾਂਤ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ। ਇਸ ਦੁਖਾਂਤ ਨਾਲ ਮਨੁੱਖ ਦੇ ਤਨ-ਮਨ 'ਤੇ ਕੀ ਪ੍ਰਭਾਵ ਪੈਂਦਾ ਹੈ, ਉਹ ਕਿਵੇਂ ਮਹਿਸੂਸ ਕਰਦੇ ਹਨ ਤੇ ਉਸ ਪੀੜ ਨੂੰ ਕਿਵੇਂ ਲੈਂਦੇ ਹਨ ਆਦਿ ਮੁੱਦਿਆਂ ਨੂੰ ਲੈ ਕੇ ਸੋਭਾ ਸਿੰਘ, ਧੰਨਰਾਜ, ਅਮਰਨਾਥ ਸਹਿਗਲ, ਕ੍ਰਿਸ਼ਨ ਖੰਨਾ, ਪ੍ਰੇਮ ਸਿੰਘ, ਅਰਪਨਾ ਕੌਰ, ਸੁਰਜੀਤ ਅਕਰੇ ਤੇ ਹੋਰਨਾਂ ਦੇ ਚਿੱਤਰਾਂ ਦੇ ਸੰਦਰਭ ਵਿੱਚ ਵਿਆਖਿਆ ਕੀਤੀ ਹੈ। ਆਰਟ ਦੇ ਚਿੰਤਨ ਦੀ ਗੱਲ ਕਰਦੀ ਇਹ ਬਹੁਤ ਅਹਿਮ ਕਿਤਾਬ ਹੈ। ਡਾ. ਜਸਵਿੰਦਰ ਕੌਰ ਬਿੰਦਰਾ ਗਲਪ ਦੀ ਪ੍ਰਸਿੱਧ ਆਲੋਚਕ ਹੈ। ਹੱਥਲੀ ਪੁਸਤਕ 'ਸਾਹਿਤ ਤੇ ਸਮਾਜ : ਵਿਭਿੰਨ ਸਰੋਕਾਰ' ਵਿਚ ਬਿੰਦਰਾ ਨੇ ਸਮਾਜਿਕ ਸਰੋਕਾਰ ਦੇ ਸੰਦਰਭ ਵਿੱਚ ਕੁਝ ਪੁਸਤਕਾਂ ਦੀ ਸਮੀਖਿਆ-ਅਧਿਐਨ ਕੀਤਾ ਹੈ।




ਹਰੀਸ਼ ਜੈਨ ਦੀ ਏਸ ਸਾਲ ਛਪੀ ਇਕ ਹੋਰ ਮਹੱਤਵਪੂਰਨ ਪੁਸਤਕ ਹੈ। ਜੈਨ ਨੇ ਭਗਤ ਸਿੰਘ ਦੇ ਲੇਖ 'ਮੈਂ ਨਾਸਤਕ ਕਿਉਂ ਹਾਂ' ਦੀ ਇਤਿਹਾਸਕਤਾ ਅਤੇ ਸਿਧਾਂਤ ਦੀ ਪੜਚੋਲ ਕੀਤੀ ਹੈ। ਹਰੀਸ਼ ਨੇ ਤਰਕ ਅਤੇ ਤਿੱਖੀ ਦ੍ਰਿਸ਼ਟੀ ਨਾਲ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਿਆ ਹੈ। ਪ੍ਰੋ. ਅਤੈ ਸਿੰਘ ਵੱਖਰੀ ਸ਼ੈਲੀ ਤੇ ਸੁਰ ਦਾ ਆਲੋਚਕ ਹੈ। ਆਪਣੀ ਆਲੋਚਨਾ ਵਿੱਚ ਉਹ ਬੋਝਲ ਭਾਸ਼ਾ ਨਹੀਂ ਵਰਤਦਾ। ਇਸ ਸਾਲ ਉਸ ਨੇ ਜੰਗ ਬਹਾਦਰ ਗੋਇਲ ਦੀ ਕਿਤਾਬ 'ਸਾਹਿਤ ਸੰਜੀਵਨੀ' ਦੀ ਪੜਚੋਲ ਕਰਦੀ ਪੁਸਤਕ 'ਜੰਗ ਬਹਾਦਰ ਗੋਇਲ ਰਚਿਤ ਸਾਹਿਤ ਸੰਜੀਵਨੀ-ਇਕ ਅੰਤਰ ਝਾਤ' ਵਿਚ ਬੜੀ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਹੈ। ਆਪਣੀ ਸਮੀਖਿਆ ਨੂੰ ਤਿੰਨ ਖੰਡਾਂ ਵਿਚ ਵੰਡਦਾ ਹੋਇਆ-ਲਿਖਤਾ ਓ ਵਾਚ, ਵਾਚਤਾ ਓ ਵਾਚ, ਪੜ੍ਹਤਾ ਓ ਵਾਚ ਆਦਿ ਰਾਹੀਂ ਅਧਿਐਨ ਕੀਤਾ ਹੈ। ਗੋਇਲ ਦੀ ਕਿਤਾਬ ਨੂੰ ਗਹਿਰੀ ਨਜ਼ਰ ਨਾਲ ਵਾਚਦਾ ਹੋਇਆ ਉਹਦੀ ਵਾਕ-ਬਣਤਰ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕਰਦਾ ਹੈ।




ਇਸ ਸਾਲ ਕੁਝ ਪੁਸਤਕਾਂ ਨਵੇਂ ਆਲੋਚਕਾਂ ਦੀਆਂ ਵੀ ਪ੍ਰਕਾਸ਼ਤ ਹੋਈਆਂ ਹਨ, ਜਿਨ੍ਹਾਂ 'ਚ ਇਕ ਕਿਤਾਬ ਡਾ. ਨਵਪ੍ਰੀਤ ਕੌਰ ਦੀ 'ਪਿੰਡ ਦੀ ਬਿਰਤਾਂਤਕਾਰੀ ਅਵਤਾਰ ਸਿੰਘ ਬਿਲਿੰਗ ਦੇ ਨਾਵਲ' ਛਪੀ ਹੈ, ਜਿਸ 'ਚ ਉਨ੍ਹਾਂ ਬਿਲਿੰਗ ਦੇ ਨਾਵਲਾਂ ਦੇ ਸੰਦਰਭ ਵਿਚ ਪੰਜਾਬ ਦੇ ਬਦਲ ਰਹੇ ਪਿੰਡਾਂ ਦੀ ਪੜਚੋਲ ਕੀਤੀ ਹੈ। 'ਪੰਜਾਬੀ ਦਲਿਤ ਕਹਾਣੀ-ਦ੍ਰਿਸ਼ ਤੇ ਦ੍ਰਿਸ਼ਟੀ' ਡਾ. ਨਵਜੋਤ ਕੌਰ ਦੀ ਸੰਪਾਦਤ ਪੁਸਤਕ ਹੈ। ਜਿਸ ਵਿੱਚ ਉਨ੍ਹਾਂ ਪ੍ਰਤੀਨਿਧ ਦਲਿਤ ਜ਼ਿੰਦਗੀ ਦੀਆਂ ਕਹਾਣੀਆਂ ਦੀ ਪੜਚੋਲ ਨਵੇਂ ਆਲੋਚਕਾਂ ਕੋਲੋਂ ਕਰਵਾਈ ਹੈ। ਡਾ. ਸੰਦੀਪ ਕੌਰ ਨੂਰਦੀ ਦੀਆਂ ਇਸ ਸਾਲ ਦੋ ਆਲੋਚਨਾ ਦੀਆਂ ਪੁਸਤਕਾਂ ਛਪੀਆਂ ਹਨ। 'ਭਗਵੰਤ ਰਸੂਲਪੁਰੀ ਦੀ ਕਥਾ ਦ੍ਰਿਸ਼ਟੀ-ਦਲਿਤ ਪਰਿਪੇਖ' ਵਿੱਚ ਉਨ੍ਹਾਂ ਨੇ ਰਸੂਲਪੁਰੀ ਦੀਆਂ ਦਲਿਤ ਜੀਵਨ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਮਨੋਰੋਗੀ ਵੇਦਨਾ, ਪੂੰਜੀਵਾਦੀ ਪਸਾਰ, ਦਲਿਤ ਪਛਾਣ, ਆਪਸੀ ਟਕਰਾਓ, ਰਿਸ਼ਤੇਦਾਰੀ ਪ੍ਰਣਾਲੀ ਆਦਿ ਪੱਖਾਂ ਦੇ ਹਵਾਲਿਆਂ ਨਾਲ ਪਰਖ ਪੜਚੋਲ ਕੀਤੀ ਹੈ। ਉਸ ਦੀ ਦੂਜੀ ਕਿਤਾਬ 'ਪੰਜਾਬੀ ਕਹਾਣੀ ਦਲਿਤ ਸਰੋਕਾਰ' ਵਿੱਚ ਉਸ ਨੇ ਕਿਰਪਾਲ ਕਜ਼ਾਕ, ਜਿੰਦਰ, ਸਰੂਪ ਸਿਆਲਵੀ ਦੇ ਹਵਾਲੇ ਨਾਲ ਦਲਿਤ ਸਰੋਕਾਰਾਂ ਦੀ ਪਛਾਣ ਕੀਤੀ ਹੈ। ਹਰਜੀਤ ਇੰਦਰ ਸਿੰਘ ਦੀ 'ਗੁਰਮੀਤ ਕੜਿਆਲਵੀ ਦੀ ਕਥਾ, ਭਾਸ਼ਾਈ ਅਧਿਐਨ' ਵੀ ਮੁੱਲਵਾਨ ਕਿਤਾਬ ਹੈ। ਹਰਜੀਤ ਨੇ ਕੜਿਆਲਵੀ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਉਸ ਦਾ ਭਾਸ਼ਾਈ ਅਧਿਐਨ ਕੀਤਾ ਹੈ। ਉੱਘੇ ਆਲੋਚਕ ਡਾ. ਸੁਖਵਿੰਦਰ ਸਿੰਘ ਰੰਧਾਵਾ ਦੀਆਂ ਵੀ ਇਸ ਸਾਲ ਦੋ ਆਲੋਚਨਾ ਦੀਆਂ ਕਿਤਾਬਾਂ ਪ੍ਰਕਾਸ਼ਤ ਹੋਈਆਂ ਹਨ। 'ਪਾਸ਼ ਦੀ ਕਾਵਿ-ਦ੍ਰਿਸ਼ਟੀ' ਉਸ ਦੀ ਮਹੱਤਵਪੂਰਨ ਕਿਤਾਬ ਹੈ, ਜਿਸ ਵਿੱਚ ਪਾਸ਼ ਦੀ ਕਵਿਤਾ ਦੇ ਵੱਖ-ਵੱਖ ਪਸਾਰਾਂ ਦਾ ਅਧਿਐਨ ਕੀਤਾ ਹੈ। 'ਸਮਕਾਲੀ ਸਾਹਿਤ ਚਿੰਤਨ' ਡਾ. ਰੰਧਾਵਾ ਦੀ ਇਕ ਹੋਰ ਕਿਤਾਬ ਹੈ, ਜਿਸ ਵਿੱਚ ਉਨ੍ਹਾਂ ਦੇ ਕਵਿਤਾ, ਕਹਾਣੀ ਤੇ ਨਾਵਲ ਉੱਤੇ ਮਹੱਤਵਪੂਰਨ ਖੋਜ ਪੇਪਰ ਪੜ੍ਹਨ ਨੂੰ ਮਿਲਦੇ ਹਨ। ਡਾ. ਮਨਪ੍ਰੀਤ ਕੌਰ ਦੀ 'ਪੰਜਾਬੀ ਕਹਾਣੀ : ਮਲਵਈ ਪਿਛੋਕੜ ਅਤੇ ਨਵੀਨ ਦ੍ਰਿਸ਼ਟੀ' ਇਕ ਹੋਰ ਮਹੱਤਵਪੂਰਨ ਕਿਤਾਬ ਹੈ। ਜਿਸ ਵਿੱਚ ਮਲਵਈ ਸੱਭਿਆਚਾਰ ਨੂੰ ਚਿਤਰਨ ਵਾਲੇ ਤਿੰਨ ਮਹੱਤਵਪੂਰਨ ਕਥਾਕਾਰ ਗੁਰਬਚਨ ਸਿੰਘ ਭੁੱਲਰ, ਮੋਹਨ ਭੰਡਾਰੀ, ਗੁਰਦੇਵ ਰੁਪਾਣਾ ਦੀ ਕਹਾਣੀ ਦਾ ਸਭਿਆਚਾਰਕ ਰੂਪਾਂਤਰਣ ਕੀਤਾ ਹੈ। ਪੰਜਾਬੀ ਭਾਸ਼ਾ ਦੇ ਮਸਲਿਆਂ ਨੂੰ ਵਿਸ਼ਾਲ ਪੱਧਰ ਉੱਤੇ ਸਮਝਣ ਵਾਲੀ ਡਾ. ਸੁਦਰਸ਼ਨ ਗਾਸੋ ਦੀ ਕਿਤਾਬ 'ਪੰਜਾਬੀ ਭਾਸ਼ਾ, ਸਥਿਤੀ ਤੇ ਸੰਭਾਵਨਾ' ਵੀ ਇਸੇ ਸਾਲ ਛਪੀ ਹੈ, ਜਿਸ ਵਿੱਚ ਉਨ੍ਹਾਂ ਹਰਿਆਣਾ ਦੇ ਪੰਜਾਬੀ ਭਾਸ਼ਾ ਦੇ ਮਸਲਿਆਂ ਨੂੰ ਲੈ ਕੇ ਮੁੱਲਵਾਨ ਧਾਰਨਾਵਾਂ ਦਿੱਤੀਆਂ ਹਨ।




ਇਨ੍ਹਾਂ ਤੋਂ ਇਲਾਵਾ ਕੁਝ ਹੋਰ ਆਲੋਚਨਾ ਦੀਆਂ ਪੁਸਤਕਾਂ ਵੀ ਪ੍ਰਕਾਸ਼ਤ ਹੋਈਆਂ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਸੰਦੀਪ ਸਿੰਘ ਡਾ. (ਪੰਜਾਬ, ਨਕਸਲੀ ਲਹਿਰ ਅਤੇ ਕਵਿਤਾ), ਡਾ. ਰਚਨਾ ਕੁਮਾਰੀ (ਅਮਰਜੀਤ ਕੌਂਕੇ ਦਾ ਕਾਵਿ ਪ੍ਰਵਚਨ), ਡਾ. ਗੁਰਪ੍ਰੀਤ ਕੌਰ ਬਰਾੜ (ਅੰਮ੍ਰਿਤਾ ਪ੍ਰੀਤਮ ਰਚਿਤ ਨਾਵਲਾਂ ਦੇ ਨਾਰੀ ਪਾਤਰ), ਭਜਨ ਸਿੰਘ (ਨਾਮਧਾਰੀ ਲਹਿਰ ਦੀ ਕਵਿਤਾ), ਡਾ. ਸੁਖਰਾਜ ਸਿੰਘ ਧਾਲੀਵਾਲ (ਗੁਰਦਿਆਲ ਸਿੰਘ ਦੇ ਨਾਵਲਾਂ ਦਾ ਭਾਸ਼ਾ ਵਿਗਿਆਨਕ ਅਧਿਐਨ), ਸੰਦੀਪ ਸ਼ਰਮਾ (ਹਰਿਆਣਾ ਦੀ ਪੰਜਾਬੀ ਕਵਿਤਾ ਦੇ ਦਾਰਸ਼ਨਿਕ ਸਰੋਕਾਰ), ਡਾ. ਨਵਜੋਤ ਕੌਰ (ਬੁੱਲ੍ਹੇ ਸ਼ਾਹ ਰਚਿਤ ਪੰਜਾਬੀ ਸੂਫ਼ੀ ਕਾਵਿ), ਗੁਰਵੰਤ ਸਿੰਘ-ਡਾ. ਪਰਮਜੀਤ ਕਲਸੀ, ਡਾ. ਦੇਵਿੰਦਰ ਦੀਦਾਰ (ਸਮੀਖਿਆ ਸੰਸਾਰ), ਅਰਵਿੰਦਰ ਕੌਰ ਕਾਕੜਾ (ਦ੍ਰਿਸ਼ਟੀ ਪਸਾਰ ਤੇ ਸੰਵਾਦ), ਡਾ. ਰਮਨਪ੍ਰੀਤ ਕੌਰ (ਪਰਵਾਸੀ ਪੰਜਾਬੀ ਗਲਪ), ਡਾ. ਅਮਰ ਕੋਮਲ (ਬਲਦੇਵ ਸਿੰਘ ਬੱਦਨ ਦੀ ਗ਼ਜ਼ਲ ਚੇਤਨਾ), ਡਾ. ਕ੍ਰਿਸ਼ਨ ਸਿੰਘ (ਬਲਦੇਵ ਸਿੰਘ ਬੱਦਨ ਦੀ ਕਾਵਿ ਚੇਤਨਾ), ਡਾ. ਇੰਦਰਜੀਤ ਸਿੰਘ ਵਾਸੂ (ਬਲਦੇਵ ਸਿੰਘ ਬੱਦਨ ਦਾ ਕਾਵਿ ਸੰਸਾਰ), ਡਾ. ਨਰਿੰਦਰ ਨਿੰਦੀ (ਪੰਜਾਬੀ ਰੰਗਮੰਚ ਦਾ ਉਦਭਵ ਅਤੇ ਵਿਕਾਸ 1900 ਈ ਤੱਕ), ਸੁਰਿੰਦਰ ਰਾਮਪੁਰੀ (ਆਤਮਾ ਰਾਮ ਰੰਜਨ ਜੀਵਨ ਅਤੇ ਰਚਨਾ), ਗੁਰਇਕਬਾਲ ਸਿੰਘ (ਨਕਸਲੀ ਪੰਜਾਬੀ ਕਵਿਤਾ), ਡਾ. ਹਰਜੀਤ ਸਿੰਘ (ਤੁਲਨਾਤਮਕ ਅਧਿਐਨ : ਗੁਰਦਿਆਲ ਸਿੰਘ-ਨਿਰਮਲ ਵਰਮਾ), ਡਾ. ਅਵਤਾਰ ਸਿੰਘ-ਡਾ. ਹਰਜੀਤ ਸਿੰਘ ਧਾਲੀਵਾਲ (ਸਮਕਾਲੀ ਪੰਜਾਬੀ ਸਾਹਿਤ ਦ੍ਰਿਸ਼ ਅਤੇ ਦ੍ਰਿਸ਼ਟੀ), ਗੁਰਵਿੰਦਰ ਸਿੰਘ (ਪੰਜਾਬੀ ਨਾਵਲ ਵਿਚ ਕਿਰਸਾਨੀ ਜੀਵਨ ਦੀ ਪੇਸ਼ਕਾਰੀ), ਡਾ. ਅਮਨਦੀਪ ਕੌਰ (ਨਾਰੀ ਸੰਵੇਦਨਾ-ਬਦਲਦੇ ਪਰਿਪੇਖ), ਨਿਸ਼ਾਨ ਸਿੰਘ ਜੌਹਲ (ਡਾ. ਸਾਧੂ ਸਿੰਘ ਹਮਦਰਦ ਦੀਆਂ ਗ਼ਜ਼ਲਾਂ ਵਿੱਚ ਖੂਬੀਆਂ ਅਤੇ ਅਲੰਕਾਰ), ਡਾ. ਜੋਗਿੰਦਰ ਸਿੰਘ ਕੈਰੋਂ (ਚਰਨ ਸਿੰਘ ਦਾ ਕਾਵਿ ਸੰਸਾਰ), ਸੁਖਿੰਦਰ (ਸਮਕਾਲੀ ਪੰਜਾਬੀ ਕਵਿਤਾ-ਸੀਮਾ ਅਤੇ ਸੰਭਾਵਨਾਵਾਂ), ਡਾ. ਪੁਸ਼ਵਿੰਦਰ ਕੌਰ (ਸ ਸਮਕਾਲੀ ਪੰਜਾਬੀ ਸਾਹਿਤ : ਪਾਠ ਅਤੇ ਚਿੰਤਨ', ਪੰਜਾਬ ਕਲਾ ਪਰਿਸ਼ਦ ਵੱਲੋਂ ਤਿਆਰ ਕੀਤੀਆਂ ਪੁਸਤਕਾਂ-ਡਾ. ਅਕਾਲ ਅੰਮ੍ਰਿਤ ਕੌਰ (ਨਾਰਿ ਸਬਾਈ, ਸੰਪ.), ਡਾ. ਪ੍ਰਵੀਨ ਕੁਮਾਰ (ਆਪਣਾ ਮੂਲੁ ਪਛਾਣੁ , ਸੰਪਾ. ) ਡਾ. ਅਕਾਲ ਅੰਮ੍ਰਿਤ ਕੌਰ (ਪਰਵਾਸ ਚਿੰਤਨ ਤੇ ਚੇਤਨਾ, ਸੰਪਾ.), ਡਾ. ਅਮਰਜੀਤ ਸਿੰਘ-ਡਾ. ਹਰਪ੍ਰੀਤ ਸਿੰਘ (ਦਲਿਤ ਚਿੰਤਨ ਅਤੇ ਚੇਤਨਾ, ਸੰਪਾ.), ਡਾ. ਅਕਾਲ ਅੰਮ੍ਰਿਤ ਕੌਰ (ਸਵਰਨਜੀਤ ਸਵੀ ਕਾਵਿ ਦੇ ਨਵੇਂ ਆਯਾਮ ਇਤਿਹਾਸ, ਦਰਸ਼ਨ ਅਤੇ ਏ.ਆਈ. ਸੰਪਾ.), ਡਾ. ਹਰਪ੍ਰੀਤ ਸਿੰਘ (ਨਵ ਕਾਵਿ-ਸਿਰਜਣਾ, ਚਿੰਤਨ ਅਤੇ ਸੰਵਾਦ), ਡਾ. ਅਮਰਜੀਤ ਸਿੰਘ (ਨੌਜਵਾਨੀ ਦਾ ਆਤਮ ਪ੍ਰਗਾਸ), ਅਜੈ ਸਿੰਘ (ਸਵਰਨਜੀਤ ਸਵੀ ਕਾਵਿ ਅੰਤਰ-ਸੰਵਾਦ) ਆਦਿ ਪੁਸਤਕਾਂ ਨੂੰ ਵੇਖਿਆ ਜਾ ਸਕਦਾ ਹੈ।

ਪਹਿਲਾਂ ਵਾਂਗ ਸਾਲ 2025 ਵਿੱਚ ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਜਸਵਿੰਦਰ ਕੌਰ ਬਿੰਦਰਾ, ਡਾ. ਮਨਜਿੰਦਰ ਸਿੰਘ, ਡਾ. ਯੋਗਰਾਜ, ਡਾ. ਸੰਦੀਪ ਰਾਣਾ, ਨਿਰੰਜਣ ਬੋਹਾ, ਡਾ. ਭੁਪਿੰਦਰ ਕੌਰ, ਡਾ. ਅਨੁਰਾਗ ਸ਼ਰਮਾ, ਪ੍ਰੋ. ਜੇ.ਬੀ. ਸੇਖੋਂ, ਨਰਿੰਜਣ ਬੋਹਾ, ਡਾ. ਗੁਰਮੇਲ ਸਿੰਘ, ਸੰਤੋਖ ਸਿੰਘ ਸੁੱਖੀ, ਅਰਵਿੰਦਰ ਕੌਰ ਕਾਕੜਾ ਆਦਿ ਦੇ ਨਾਂਅ ਆਲੋਚਨਾ ਵਿੱਚ ਸਰਗਰਮ ਰਹੇ। ਇਸ ਵਰ੍ਹੇ ਜਿੱਥੇ ਪੇਤਲੀ ਪੱਧਰ ਦੀ ਅਖਬਾਰਾਂ, ਰਸਾਲਿਆਂ ਅਤੇ ਪੁਸਤਕਾਂ ਵਿੱਚ ਆਲੋਚਨਾ ਪੜ੍ਹਨ ਨੂੰ ਮਿਲੀ, ਉੱਥੇ ਮਿਆਰੀ ਤੇ ਗੰਭੀਰ ਮੁੱਦਿਆਂ 'ਤੇ ਸੰਵਾਦ ਛੇੜਨ ਵਾਲੀ ਆਲੋਚਨਾ ਵੀ ਪੜ੍ਹਨ ਨੂੰ ਮਿਲਦੀ ਹੈ। 'ਕਹਾਣੀ ਧਾਰਾ' ਪਰਚੇ ਵਿੱਚ ਛਪਦੀਆਂ ਗੋਸ਼ਟੀਆਂ, ਕਹਾਣੀ, ਨਾਵਲ ਬਾਰੇ ਆਲੋਚਨਾਤਮਿਕ ਵਿਸ਼ਲੇਸ਼ਣ ਕਰਦੀਆਂ ਵੀ ਨਜ਼ਰੀਂ ਆਈਆਂ। ਕਈ ਗੰਭੀਰ ਕਿਸਮ ਦੇ ਆਲੋਚਕਾਂ ਨੇ ਵੀ ਆਲੋਚਨਾ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ ਹੈ।

**ਸੰਪਰਕ : 97797-18007**








## 2025 ਦੀ ਪੰਜਾਬੀ ਕਵਿਤਾ

# ਬਹੁ ਸੰਕਟਾਂ ਨਾਲ ਜੂਝਦੀ ਸ਼ਾਇਰੀ ਦੀ ਹੋਂਦ ਦਾ ਸੁਆਲ

ਡਾ. ਅਰਵਿੰਦਰ ਕੌਰ ਕਾਕੜਾ

ਕਵਿਤਾ ਸੂਖਮਭਾਵੀ ਸ਼ਬਦਾਂ ਦਾ ਉਹ ਪ੍ਰਵਾਹ ਹੈ, ਜੋ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਦਾ ਯਥਾਰਥ, ਅੰਤਰ ਸੰਬੰਧ, ਅੰਤਰ ਵਿਰੋਧ ਅਤੇ ਦਵੰਦ ਦਾ ਗਿਆਨਤਮ, ਭਾਵਾਤਮਕ ਤੇ ਪ੍ਰਤੀਕਰਮ ਨੂੰ ਪੇਸ਼ ਕਰਦੀ ਹੈ। ਹਰ ਸਮੇਂ ਦੇ ਦੌਰ ਵਿੱਚ ਲਿਖੀ ਗਈ ਕਵਿਤਾ ਦਾ ਮੁਲਾਂਕਣ ਕਰਦੇ ਹੋਏ ਸਮੇਂ ਦੇ ਰੂਪਾਂਤਰਣ ਨਾਲ ਕਾਵਿ ਦਾ ਰੂਪਾਂਤਰਣ ਵੀ ਨਾਲੋਂ-ਨਾਲ ਵੇਖਣਾ ਜ਼ਰੂਰੀ ਬਣ ਜਾਂਦਾ ਹੈ। ਕਵਿਤਾ ਦੇ ਅਰਥਾਂ ਵਿੱਚੋਂ ਲੰਘਦਿਆਂ ਸਮੇਂ ਦੀ ਦਖ਼ਲਅੰਦਾਜ਼ੀ ਵੇਖੀ ਜਾ ਸਕਦੀ ਹੈ। 2025 ਸਾਲ ਵਿੱਚ ਕੁਦਰਤੀ ਤੇ ਸਿਆਸੀ ਮਾਰਾਂ ਨੇ ਮਨੁੱਖ ਨੂੰ ਝੰਜੋੜਿਆ, ਜਿਵੇਂ ਪਹਿਲਗਾਮ ਦਾ ਅਟੈਕ, ਭਾਰਤ ਤੇ ਪਾਕਿਸਤਾਨ ਵਿਚਲੇ ਤਣਾਅ ਤਹਿਤ ਜੋ ਜੰਗ ਦਾ ਖਤਰਾ ਮੰਡਰਾਉਂਦਾ ਰਿਹਾ, ਜਿਸ ਤੋਂ ਪੈਦਾ ਹੋਈ ਖ਼ੌਫ਼ਨਾਕ ਸਥਿਤੀ, ਪੰਜਾਬ ਨੂੰ ਹੜ੍ਹਾਂ ਦੀ ਮਾਰ, ਵਿਸ਼ਵੀ ਪੱਧਰ 'ਤੇ ਸਾਮਰਾਜੀ ਮੁਲਕਾਂ ਵਿਚਲੀ ਖਿੱਚੋਤਾਣ, ਯੂਕਰੇਨ ਤੇ ਰੂਸ ਵਿਚਲੀ ਜੰਗ, ਇਜ਼ਰਾਈਲ ਦੁਆਰਾ ਫ਼ਲਸਤੀਨ ਦੀ ਨਸਲਕੁਸ਼ੀ ਅਤੇ ਹੋਰ ਅਨੇਕਾਂ ਅਮਾਨਵੀ ਘਟਨਾਵਾਂ ਆਦਿ ਨੇ ਮਨੁੱਖੀ ਸੰਵੇਦਨਾ ਨੂੰ ਝੰਜੋੜਿਆ। ਜਿਸ ਦੀ ਪ੍ਰਭਾਵਿਕਤਾ ਕਵਿਤਾ ਦਾ ਪ੍ਰਤੀਕਰਮ ਬਣ ਕੇ ਸਾਹਮਣੇ ਆਈ। ਅੱਜ ਦੀਆਂ ਵਿਕਰਾਲ ਚੁਣੌਤੀਆਂ ਦੇ ਸਨਮੁੱਖ ਕਵਿਤਾ ਵਿਚਲੇ ਕਾਵਿ ਪ੍ਰਵਚਨ ਆਪੋ-ਆਪਣੀ ਧੁਨੀ ਉਭਾਰਦੇ ਵੇਖੇ ਗਏ ਹਨ। ਇਸ ਕਵਿਤਾ ਅੱਗੇ ਜੀਵਨ ਦਾ ਰਹੱਸ ਤੇ ਦਰਪੇਸ਼ ਚੁਣੌਤੀਆਂ ਦਾ ਤਣਾਓ ਕਈ ਸੰਕਟਾਂ ਦੇ ਰੂਪ ਵਿੱਚ ਖੜ੍ਹਾ ਹੈ। ਕਵਿਤਾ ਸਾਹਮਣੇ ਪਹਿਲਾਂ ਸੰਕਟ ਇਸ ਸਮੇਂ ਦੀਆਂ ਗੰਭੀਰ ਪ੍ਰਸਥਿਤੀਆਂ ਵਿੱਚ ਆਪਣੀ ਹੋਂਦ ਨਿਰਧਾਰਿਤ ਕਰਨ ਦਾ ਹੈ। ਜਿਸ ਤਹਿਤ ਕਵਿਤਾ ਦਾ ਆਧਾਰ ਬਿੰਦੂ ਵਾਚਣਾ ਬਹੁਤ ਜ਼ਰੂਰੀ ਬਣ ਜਾਂਦਾ ਹੈ।ਇਹ ਸੁਆਲ ਵੀ ਉੱਠਦਾ ਹੈ ਕਿ ਕਵਿਤਾ ਕਿਹੜੇ ਮਾਪਦੰਡ ਉਸਾਰ ਰਹੀ ਹੈ। ਇਸ ਵਿੱਚੋਂ ਕਿਸ ਕਿਸਮ ਦੀ ਅੰਤਰ ਧੁਨੀ ਦਾ ਆਭਾਸ ਹੁੰਦਾ ਹੈ? ਦੂਜਾ ਸੰਕਟ ਇਹ ਹੈ ਕਿ ਧੜਾਧੜ ਛਪ ਰਹੀਆਂ ਕਾਵਿ ਪੁਸਤਕਾਂ ਕਵਿਤਾ ਦੇ ਮਿਆਰ ਨੂੰ ਬਰਕਰਾਰ ਰੱਖ ਰਹੀਆਂ ਹਨ? ਤੀਜਾ ਸੰਕਟ ਇਸ ਕਵਿਤਾ ਸਾਹਮਣੇ ਇਹ ਹੈ ਸਮਕਾਲੀ ਮਸਲੇ, ਮੁੱਦੇ, ਸਮੱਸਿਆਵਾਂ ਦਾ ਖੇਤਰੀ ਕੇਂਦਰੀਕਰਨ ਕਿਵੇਂ ਵਿਸ਼ਵੀ ਕੈਨਵਸ ਵਿੱਚ ਸਪੇਸ ਗ੍ਰਹਿਣ ਕਰੇ।ਚੌਥਾ ਸੰਕਟ ਸੋਸ਼ਲ ਮੀਡੀਆ ਅਧਾਰਤ ਕੱਚ ਘਰੜ ਕਵਿਤਾ ਦਾ ਲਗਾਤਾਰ ਫੈਲਾਅ ਵਿੱਚੋਂ ਕਵਿਤਾ ਦੇ ਮਿਆਰੀਕਰਨ ਨੂੰ ਬਚਾਉਣ ਦਾ ਹੈ। ਇੱਥੇ ਪੰਜਵਾਂ ਸੰਕਟ ਮਸਨੂਈ ਬੁੱਧੀ ਦੇ ਵਿਸਥਾਰ ਹੋਣ ਤੋਂ ਹੈ, ਜੋ ਕਵਿਤਾ ਵਿਚਲੀ ਸੂਖਮਤਾ, ਸੰਜੀਦਗੀ 'ਤੇ ਹਮਲਾ ਵਿੱਢ ਰਿਹਾ ਹੈ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਮਸ਼ੀਨੀ ਬੁੱਧੀ ਤੋਂ ਪ੍ਰਾਪਤ ਸਮੱਗਰੀ ਨਾਲ ਲਿਖੀ ਭਾਵਾਂ ਤੋਂ ਕੋਰੀ ਕਵਿਤਾ ਦੀ ਭਰਮਾਰ ਕਵਿਤਾ ਦੇ ਮਿਆਰੀਕਰਨ ਨੂੰ ਖੋਰਾ ਲਾਉਣ 'ਤੇ ਤੁਲੀ ਹੋਈ ਹੈ, ਉਸ ਤੋਂ ਕਿਵੇਂ ਬਚਿਆ ਜਾਵੇ।ਕਵੀਆਂ ਦਾ ਮਨਸੂਈ ਬੁੱਧੀ 'ਤੇ ਨਿਰਭਰ ਹੋ ਕੇ ਕਾਵਿਕ ਮੌਲਿਕਤਾ ਨੂੰ ਮਾਰਨਾ ਸੱਚਮੁੱਚ ਸਿਰਜਣਾ ਲਈ ਮਾਰੂ ਸਿੱਧ ਹੋ ਰਿਹਾ ਹੈ।ਇਹ ਸੁਆਲ ਚਿੰਤਿਤ ਕਰਦਾ ਹੈ ਕਿ ਕਵਿਤਾ ਦੇ ਵਿਕਾਸਕ/ਗੁਣਾਤਮਕ ਪੱਧਰ ਸਾਹਵੇਂ ਜ਼ਿਆਦਾਤਰ ਧੁੰਦਲਕੀ ਸ਼ਾਇਰੀ ਦੀ ਹਾਜ਼ਰੀ ਸਿਰਜਣਾ ਦੇ ਅਸਲ ਮੰਤਵ ਤੋਂ ਖੁੰਝ ਰਹੀ ਹੈ।ਇਸ ਸੰਕਟ ਦਾ ਮੁਕਾਬਲਾ ਕਰਨਾ ਵੀ ਜ਼ਰੂਰੀ ਬਣ ਜਾਂਦਾ ਹੈ ਤਾਂ ਕਿ ਕਾਵਿ ਵਸਤੂ, ਕਾਵਿ ਸੰਵੇਦਨਾ ਤੇ ਕਾਵਿ ਸੂਹਜ ਨੂੰ ਬਰਕਰਾਰ ਰੱਖਿਆ ਜਾਵੇ। 2025 ਵਰ੍ਹੇ ਦੀ ਕਵਿਤਾ ਇਨ੍ਹਾਂ ਸੰਕਟਾਂ ਨਾਲ ਜੂਝਦੀ ਸਾਹਮਣੇ ਆਈ।ਇਹ ਕਵਿਤਾ ਸਮਕਾਲੀ ਕਵਿਤਾ ਵਿੱਚ ਆਪਣਾ ਨਾਂਅ ਦਰਜ ਕਰਵਾਉਂਦੀ ਹੋਈ ਸਮੁੱਚੇ ਰੂਪ ਵਿੱਚ ਨਵਾਂ ਪਛਾਣ ਚਿੰਨ੍ਹ ਸਥਾਪਤ ਨਹੀਂ ਕਰ ਸਕੀ, ਭਾਵੇਂ ਕੁੱਝ ਕਾਵਿ ਪੁਸਤਕਾਂ ਆਪਣਾ ਨਵਾਂ ਮੁਹਾਂਦਰਾ ਲੈ ਕੇ ਹਾਜ਼ਰ ਹੋਈਆਂ ਹਨ, ਪਰ ਬਹੁਤੀ ਕਵਿਤਾ ਖ਼ਾਨਾਪੂਰਤੀ ਕਰਦੀ ਹੋਈ ਰੁਟੀਨਤਾ ਦਾ ਸ਼ਿਕਾਰ ਬਣੀ। ਇਸ ਵਰ੍ਹੇ ਦੀ ਸਮੁੱਚੀ ਸ਼ਾਇਰੀ ਦਾ ਜਾਇਜ਼ਾ ਲੈਂਦਿਆਂ ਮੈਗਜ਼ੀਨ, ਅਖਬਾਰਾਂ, ਮੁਸ਼ਾਇਰਿਆਂ ਵਿੱਚ ਸਾਹਮਣੇ ਆਈ ਕਵਿਤਾ ਅਤੇ ਪ੍ਰਕਾਸ਼ਿਤ ਕਾਵਿ ਪੁਸਤਕਾਂ ਨੂੰ ਵਾਚਦਿਆਂ ਵੱਖੋ-ਵੱਖਰੇ ਕਾਵਿ ਉਚਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ।ਟਾਂਵੀਂ-ਟਾਂਵੀਂ ਕਵਿਤਾ ਚੁਣੌਤੀਆਂ ਦੇ ਸਨਮੁੱਖ ਹੁੰਦਿਆਂ ਵੀ ਆਪਣੀ ਕਾਵਿਕ ਹੋਂਦ ਸਥਾਪਤ ਕਰਨ ਲਈ ਸਫ਼ਲ ਵੀ ਰਹੀ।







ਇਸ ਵਰ੍ਹੇ ਆਈ ਮੱਖਣ ਮਾਨ ਦੀ ਕਾਵਿ ਪੁਸਤਕ 'ਰੰਗਾਂ ਦੀ ਗੁਫ਼ਤਗੂ' ਜੀਵਨ ਦੀਆਂ ਬਹੁ-ਪਰਤਾਂ ਨੂੰ ਥਾਹੁ ਪਾਉਂਦੀ ਹੋਈ ਅਜੋਕੇ ਹਰ ਸੰਕਟ ਪ੍ਰਤੀ ਚੇਤੰਨ ਰੂਪ ਵਿੱਚ ਮਨੁੱਖ ਦੀ ਹੋਣੀ ਤੇ ਹੋਂਦ ਦੇ ਸਵਾਲ ਨੂੰ ਉਠਾਉਂਦੀ ਹੈ।ਇਹ ਕਵਿਤਾ ਸਿਆਸੀ ਸੱਭਿਆਚਾਰਕ ਪਰਿਪੇਖ ਵਿੱਚ ਰੱਖ ਕੇ ਵੇਖੀ ਜਾ ਸਕਦੀ ਹੈ। ਇਸ ਕਵਿਤਾ ਦੀ ਖ਼ੂਬੀ ਇਹ ਹੈ ਕਿ ਕਵੀ ਖੰਡਿਤ ਨੂੰ ਅਖੰਡਿਤ, ਅਮੂਰਤ ਨੂੰ ਸਮੂਰਤ ਤੇ ਸੂਖਮ ਨੂੰ ਬਿੰਬ ਰੂਪ ਵਿੱਚ ਰੂਪਾਂਤਰਣ ਕਰਨ ਦੀ ਮੁਹਾਰਤ ਰੱਖਦਾ ਹੋਇਆ ਮਿਥਿਹਾਸ, ਇਤਿਹਾਸ ਤੇ ਵਰਤਮਾਨ ਵਿੱਚੋਂ ਜੀਵੰਤ ਅੰਸ਼ਾਂ ਦੀ ਪਹਿਚਾਣ ਕਰਦਾ ਹੈ।ਉਹ ਮਾਨਵੀ ਚੇਤਨਾ ਨੂੰ ਉਭਾਰਨ ਲਈ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਦੇ ਕਾਰਨ ਢੂੰਡਣ ਦਾ ਸੁਚੇਤ ਯਤਨ ਕਰਦਾ ਹੈ। ਕਵਿਤਾ ਅੰਦਰਲੀ ਦਾਰਸ਼ਨਿਕਤਾ ਸਮਾਜਿਕ ਚੁਣੌਤੀਆਂ ਅਤੇ ਤਣਾਵਾਂ ਨੂੰ ਪੇਸ਼ ਕਰਦੀ ਸਮਾਜਿਕ ਕਰੂਰਤਾ ਦੀਆਂ ਪਰਤਾਂ ਖੋਲ੍ਹਦੀ ਹੈ। ਮਨੁੱਖ ਦੇ ਅਵਚੇਤਨ ਵਿਚ ਪਏ ਸਹਿਮ ਨੂੰ ਦੂਰ ਕਰਨ ਲਈ ਇਸ ਕਵਿਤਾ ਦਾ ਕਾਵਿ ਉਚਾਰ ਲੋਕ ਮੁਕਤੀ ਦੇ ਰਾਹਾਂ ਦਾ ਵਿਸ਼ਵੀ ਬਿਰਤਾਂਤ ਉਸਾਰਦਾ ਹੈ, ਜੋ ਤਾਨਾਸ਼ਾਹੀ ਸ਼ਕਤੀਆਂ ਨੂੰ ਮੋੜਾ ਦੇ ਸਕੇ।ਇਹ ਕਵਿਤਾ ਵਿਚਾਰਧਾਰਕ ਪੁੱਠ ਵਾਲੀ ਕਵਿਤਾ ਹੈ, ਜੋ ਆਪਣੇ ਅਕੀਦੇ ਵਿੱਚ ਸਪੱਸ਼ਟ ਰੂਪ ਵਿੱਚ ਕਾਰਜਸ਼ੀਲ ਹੈ। ਅਜਿਹੀ ਕਿਸਮ ਦੀ ਕਵਿਤਾ ਵਿੱਚ ਬਹੁਤ ਸਾਰੇ ਸੁਆਲੀਆ ਨੁਕਤੇ ਸਰਲਤਾ ਦੀ ਥਾਂ 'ਤੇ ਕਟਾਖਸ਼ ਦੇ ਤੌਰ 'ਤੇ ਪੇਸ਼ ਕੀਤੇ ਜਾਂਦੇ ਹਨ। ਅਜਿਹੀ ਕਾਵਿ ਵਿਧੀ ਵਿਵਹਾਰ ਵਿਚਲੀ ਪਾਰਦਰਸ਼ਤਾ ਨੂੰ ਨਿਰਪੱਖ ਹੋ ਕੇ ਪੇਸ਼ ਕਰਦੀ ਹੈ। ਅੱਜ ਸਮਾਜ ਸਾਹਮਣੇ ਇਹ ਇੱਕ ਅਹਿਮ ਸੰਕਟ ਹੈ ਕਿ ਸਥਾਪਤੀ ਦੇ ਪ੍ਰਚਲਿਤ ਪ੍ਰਵਚਨ ਲੋਕਾਂ ਦੀ ਮਾਨਸਿਕਤਾ ਅੰਦਰ ਘਰ ਕਰੀ ਬੈਠੇ ਹਨ ਤੇ ਦੂਜੇ ਪਾਸੇ ਆਪਣੇ ਹਰ ਏਜੰਡੇ ਨੂੰ ਸਕਾਰਿਤ ਕਰਨ ਲਈ ਅੰਧ-ਵਿਸ਼ਵਾਸਾਂ ਤੇ ਭਰਮਾਊ ਪ੍ਰਚਾਰ ਕਰ ਸਥਾਪਤੀ ਪੱਖੀ ਮੁੱਲਾਂ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਅਜਿਹੀ ਸਥਿਤੀ ਮਨੁੱਖ ਦੀ ਸੋਚਣ, ਵਿਚਾਰਨ ਤੇ ਵਿਚਰਣ ਸ਼ਕਤੀ ਨੂੰ ਜਕੜਣ ਲਈ ਯਤਨਸ਼ੀਲ ਹੈ। ਮਨੁੱਖ ਅੰਦਰਲਾ ਦਵੰਦ ਠੀਕ ਤੇ ਗ਼ਲਤ ਦੀ ਪਹਿਚਾਣ ਵਿੱਚ ਉਲਝਿਆ ਪਿਆ ਹੈ।ਇਸ ਸੰਕਟ ਦਾ ਅਲਾਰਮ ਕਵਿਤਾ ਸਾਹਵੇਂ ਵੀ ਵੱਜ ਰਿਹਾ ਹੈ ਕਿ ਉਹ ਮਨੁੱਖ ਦੀ ਪਛਾਣ ਨੂੰ ਕਾਇਮ ਕਰਨ ਲਈ ਉਸ ਦੀ ਅੰਦਰਲੀ ਕਸ਼ਮਕਸ਼ ਨੂੰ ਕਿਵੇਂ ਤੋੜੇ।ਕਵਿਤਾ ਵਿਚਲੀ ਬੇਬਾਕ ਸ਼ਾਬਦਿਕ ਧੁਨ ਜਦ ਲੋਕ ਨਾਦ ਵਜਾਉਂਦੀ ਹੈ ਤਾਂ ਕਵਿਤਾ ਹੱਕ ਤੇ ਸੱਚ ਦੇ ਰਾਹ 'ਤੇ ਪਹਿਰਾ ਦਿੰਦੀ ਆਪਣਾ ਕਾਵਿ ਧਰਮ ਨਿਭਾਉਂਦੀ ਹੈ।ਤਰਲੋਚਨ ਮੀਰ ਦੀ ਕਵਿਤਾ 'ਅਸ਼ਵਮੇਧ' ਇਸੇ ਹੀ ਪੈਂਤੜੇ 'ਤੇ ਤੁਰਦੀ ਹੋਈ ਲੋਕ ਸੰਵੇਦਨਾ ਨੂੰ ਜਿਉਂਦਾ ਰੱਖਦੀ ਆਪਣੇ ਸਮਾਜ ਪ੍ਰਤੀ ਫਿਕਰਮੰਦੀ ਜ਼ਾਹਰ ਕਰਦੀ ਹੈ।ਇਸ ਕਵਿਤਾ ਦੀ ਵਿਦਰੋਹੀ ਸੁਰ ਬੇਬਾਕੀ ਨਾਲ ਭ੍ਰਿਸ਼ਟ ਪ੍ਰਬੰਧ ਨੂੰ ਜੜ੍ਹੋਂ ਉਖਾੜਣ ਲਈ ਵੰਗਾਰ ਬਣਦੀ ਹੈ।ਇਸ ਕਵਿਤਾ ਵਿੱਚ ਸਮੇਂ ਦੀਆਂ ਦੁਸ਼ਵਾਰੀਆਂ ਤੇ ਸਮਾਜ ਵਿੱਚ ਫੈਲਾਏ ਜਾ ਰਹੇ ਦਹਿਸ਼ਤ ਤੇ ਵਹਿਸ਼ਤ ਦੇ ਮਾਹੌਲ ਪ੍ਰਤੀ ਸੁਆਲ ਵੀ ਹਨ।ਇਹ ਕਵਿਤਾ ਸਮਾਜ ਦੇ ਕੱਟੜਪੰਥੀਆਂ ਦੀਆਂ ਮਨੋ ਭਾਵਨਾਵਾਂ ਦੇ ਲੁਕਵੇਂ/ਅਲੁਕਵੇਂ ਅੰਸ਼ਾਂ ਨੂੰ ਖੋਲ੍ਹਦੀ ਹੈ। ਉੱਥੇ ਅਮਰਜੀਤ ਕੌਂਕੇ ਦੀ ਕਾਵਿ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਲੋਕਾਂ ਤੇ ਹਰ ਕਿਸਮ ਦੇ ਦੁੱਖ ਡੀਕ ਲੈਣ ਦੀ ਭਾਵਨਾ ਰੱਖਦੀ ਹੋਈ ਮਨੁੱਖੀ ਸੰਵੇਦਨਾਵਾਂ ਦੀ ਅਹਿਮੀਅਤ ਨੂੰ ਕਈ ਕੋਣਾਂ ਤੋਂ ਅਭਿਵਿਅਕਤ ਕਰਦੀ ਹੈ।ਇਸ ਕਵਿਤਾ ਦੀ ਮੁੱਖ ਧੁਨੀ ਮਾਨਵੀ ਅਹਿਸਾਸਾਂ 'ਤੇ ਕੇਂਦਰਤ ਹੋ ਕੇ ਮਨੁੱਖ ਅੰਦਰਲੇ ਤੇ ਬਾਹਰਲੇ ਸੰਸਾਰ ਦੇ ਅਣਛੁਪੇ ਪਹਿਲੂਆਂ ਨੂੰ ਵਾਚਦੀ ਹੋਈ ਜੀਵਨ ਵਿਚਲੇ ਕੁਹਜ ਨੂੰ ਖ਼ਤਮ ਕਰਨ ਲਈ ਤੱਤਪਰ ਹੈ। ਮਨੁੱਖ ਅੰਦਰਲੀ ਚੁੱਪ ਨੂੰ ਤੋੜਦੀ ਕਵਿਤਾ ਵਿਚਲਾ ਕਾਵਿ-ਬੋਧ ਜਦੋਂ ਮੁਕਤੀ ਦੇ ਚਿਹਨ ਦੁਆਲੇ ਨਿਰਮਿਤ ਹੁੰਦਾ ਹੈ ਤਾਂ ਸ਼ਬਦ ਖਾਮੋਸ਼ੀ ਦੇ ਦਾਇਰੇ ਤੋਂ ਬਾਹਰ ਨਿਕਲਦੇ ਹਨ। ਹਰਭਗਵਾਨ ਭੀਖੀ ਦੀ ਕਾਵਿ ਪੁਸਤਕ 'ਚੁੱਪ ਦਾ ਸੁਆਲ' ਲੋਕ ਮਸਲਿਆਂ ਨੂੰ ਕੇਂਦਰਿਤ ਹੁੰਦੀ ਵੇਖੀ ਜਾ ਸਕਦੀ ਹੈ। ਵਿਸ਼ਵੀ ਪੱਧਰ ਦੀ ਬੇਤਰਤੀਬੀ ਨੂੰ ਮੇਟਣ ਦਾ ਅਹਿਸਾਸ ਕਰਦੀਆਂ ਇਹ ਕਵਿਤਾਵਾਂ ਜ਼ਿੰਦਗੀ ਦੇ ਤਮਾਮ ਮਸਲਿਆਂ ਨੂੰ ਮੁਖ਼ਾਤਿਬ ਹਨ। ਜਦੋਂ ਕਾਵਿ ਸਾਹਵੇਂ ਖੇਤਰੀ ਚਿੰਤਾ ਤੋਂ ਪਾਰ ਵਿਸ਼ਵ ਵਿਚਲੇ ਅਮਾਨਵੀ ਵਰਤਾਰੇ ਦਾ ਅਹਿਸਾਸ ਪਨਪ ਰਿਹਾ ਹੋਵੇ ਤਾਂ ਕਵਿਤਾ ਹੱਦਬੰਦੀ ਤੋਂ ਮੁਕਤ ਹੁੰਦੀ ਹੈ।ਗੁਰਨਾਮ ਢਿੱਲੋਂ ਦੀ ਕਾਵਿ ਪੁਸਤਕ 'ਲਹਿੰਦੇ ਸੂਰਜ ਦੀ ਸੁਰਖੀ' ਪੜ੍ਹਦਿਆਂ ਅਜਿਹਾ ਅਹਿਸਾਸ ਹੁੰਦਾ ਹੈ ਕਿ ਕਵੀ ਦੇਸ਼ ਅੰਦਰਲੇ ਫਾਸ਼ੀਵਾਦੀ ਰੁਝਾਨਾਂ ਨੂੰ ਵਿਸ਼ਵੀ ਪਰਿਪੇਖ ਵਿੱਚ ਦੇਖਦਾ ਹੋਇਆ ਸਾਮਰਾਜੀ ਸ਼ਕਤੀਆਂ ਦੇ ਮਨਸੂਬਿਆਂ ਨੂੰ ਬੇਨਕਾਬ ਕਰਦਾ ਹੈ। ਅਜਿਹੀ ਕਵਿਤਾ ਜ਼ਿੰਦਗੀ ਦੀ ਸਦੀਵੀ ਖ਼ੂਬਸੂਰਤੀ ਨੂੰ ਮਾਨਣ ਦੀ ਇੱਛਕ ਹੁੰਦੀ ਹੈ। ਕਿਸੇ ਵੀ ਕਵਿਤਾ ਵਿਚਲੀ ਸਿਥਲਤਾ ਕਦੇ ਵੀ ਸਮੇਂ ਦੇ ਹਾਣ ਦਾ ਨਹੀਂ ਬਣ ਪਾਉਂਦੀ। ਬਾਹਰਮੁਖੀ ਹਾਲਾਤ ਜਦ ਕਵੀ ਦੇ ਅੰਦਰ ਖੱਲਚਲਣ ਮਚਾਉਂਦੇ ਹਨ ਤਾਂ ਉਹ ਇਨ੍ਹਾਂ ਅਨੁਭਵਾਂ ਦਾ ਕਾਵਿਮਈ ਸੰਚਾਰ ਕਰਦਾ ਹੈ।'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਕਵਿਤਾ ਵਿਚਲਾ ਪਾਤਰ ਜ਼ਿੰਦਗੀ ਲਈ ਲੜਾਈ ਲੜਨ ਲਈ ਨਾਬਰੀ ਦੀ ਧੁਨ ਅਲਾਪਦਾ ਹੋਇਆ ਹਰ ਅਮਾਨਵੀਕਰਨ ਦੀ ਪ੍ਰਕਿਰਿਆ ਨੂੰ ਤਰਕਸ਼ੀਲਤਾ ਦੀ ਕਸੌਟੀ 'ਤੇ ਪਰਖਦਾ ਤੇ ਜੀਵਨ ਦੇ ਹਰ ਖੇਤਰ ਵਿੱਚ ਰਾਜਨੀਤੀ ਦੀ ਦਖਲਅੰਦਾਜ਼ੀ ਨੂੰ ਸਮਝਦਾ ਹੈ। ਇਸ ਕਵਿਤਾ ਦੇ ਸਿਰਜਕ ਹਰਜੀਤ ਸਿੰਘ ਸੰਧੂ ਕੋਲ ਆਪਣਾ ਕਾਵਿ ਉਚਾਰ ਹੈ, ਜੋ ਕਟਾਖਸ਼ੀ ਵਿਧੀ ਰਾਹੀਂ ਰਾਜਸੀ ਪ੍ਰਬੰਧ ਦੀ ਪੋਲ ਖੋਲ੍ਹਦਾ ਹੈ।ਕਵਿਤਾ ਜਦੋਂ ਰਾਜਨੀਤੀ ਖੋਖਲੇਪਨ ਨੂੰ ਖੋਲ੍ਹਦੀ ਹੋਈ ਆਪਣਾ ਪ੍ਰਤੀਕਰਮ ਸਿੱਧੇ ਸਪਾਟ ਸ਼ਬਦਾਂ ਵਿੱਚ ਦੇਵੇ ਤਾਂ ਇਸ ਦੀ ਨਿਭਾਉ ਵਿਧੀ ਸੁਹਜਮਈ ਉਚਾਰ ਤੋਂ ਬੇਮੁੱਖ ਹੋ ਜਾਂਦੀ ਹੈ।ਇਸੇ ਪ੍ਰਸੰਗ ਵਿੱਚ ਸੁਖਿੰਦਰ ਦੀ ਕਾਵਿ ਪੁਸਤਕ 'ਗਿਰਗਿਟਾਂ ਦਾ ਮੌਸਮ' ਵੇਖੀ ਜਾ ਸਕਦੀ ਹੈ, ਜੋ ਹਰ ਸੰਕਟਮਈ ਸਥਿਤੀ ਸਾਹਵੇਂ ਇੱਕਦਮ ਪ੍ਰਤੀਕਰਮ ਦਿੰਦੀ ਹੋਈ ਬਰਬਾਦੀ ਦੇ ਵਾਹਨ ਨੂੰ ਵੰਗਾਰਨ ਦਾ ਦਮ ਰੱਖਦੀ ਹੈ।ਇਸ ਵਿਚਲਾ ਕਾਵਿ ਪਾਤਰ ਆਪਣੇ ਵਿਰੋਧੀ ਸਾਹਮਣੇ ਟਕਰਾਵੇਂ ਰੂਪ ਵਿੱਚ ਪੇਸ਼ ਆਉਂਦਾ ਹੈ। ਇਹ ਕਵਿਤਾ ਮਨੁੱਖ ਦੀਆਂ ਲਘੂ ਭਾਵਨਾਵਾਂ, ਦੋਗਲੀਆਂ ਅਕਾਂਖਿਆਵਾਂ, ਭ੍ਰਿਸ਼ਟ ਕਿਰਦਾਰ, ਲਾਲਸੀ ਬਿਰਤੀਆਂ, ਅਖੌਤੀ ਅਹੁਦੇਦਾਰਾਂ ਤੇ ਸਰਕਾਰੀ ਕਰਿੰਦਿਆਂ ਦਾ ਚਿਹਰਾ ਨਸ਼ਰ ਕਰਦੀ ਹੈ।ਉਥੇ ਡਾ. ਨਿਸ਼ਾਨ ਸਿੰਘ ਰਾਠੌਰ ਆਪਣੀ ਭਾਸ਼ਾ 'ਤੇ ਕੰਟਰੋਲ ਕਰਦਾ ਹੋਇਆ ਆਪਣੀ ਕਾਵਿ ਪੁਸਤਕ 'ਭਗਤ ਸਿੰਘ ਹੁਣ ਸੰਧੂ ਹੋਇਆ' ਵਿੱਚ ਵੀ ਸਮਾਜਿਕ/ਰਾਜਸੀ ਅਲਾਮਤਾਂ ਦੇ ਕਈ ਪੱਖ ਉਜਾਗਰ ਕਰਦਾ ਹੈ। ਜਦੋਂ ਕਵਿਤਾ ਸਮਾਜਿਕ ਕਰੂਰਤਾ ਨੂੰ ਵੇਖਣ ਤੋਂ ਇਨਕਾਰੀ ਨਾ ਹੋਵੇ, ਭਾਵੇਂ ਉਹ ਸਵੈ ਮੁਖੀ ਦ੍ਰਿਸ਼ਟੀ ਰਾਹੀਂ ਯਥਾਰਥ ਨੂੰ ਘੋਖਦੀ ਹੋਵੇ, ਏਸੇ ਪ੍ਰਸੰਗ ਵਿੱਚ 'ਹਾਂ.. ਮੈਂ ਹੀ ਤਾਂ ਹਾਂ!' ਦੀਪ ਜਗਦੀਪ ਦੀ ਕਾਵਿ ਪੁਸਤਕ ਵੀ ਹਾਜ਼ਰੀ ਲਵਾਉਂਦੀ ਹੈ, ਜਿਸ ਵਿਚਲੇ ਸ਼ਬਦ ਸਹਿਜ ਤੋਰ ਤੁਰਦੇ ਹਨ।ਇਸ ਦੀ ਅਗਲੀ ਸਹਿਜਤਾ ਦੀ ਪਰਤ 'ਕਵਿਤਾ ਦੇ ਪੈਰਾਂ ਵਿੱਚ ਕਵੀ' ਸੁਖਮਿੰਦਰ ਸੇਖੋਂ ਦੀ ਕਵਿਤਾ ਵਿੱਚ ਬਿਰਾਜਮਾਨ ਹੈ, ਜੋ ਜੀਵਨ ਵਿੱਚ ਸੰਤੁਲਨ ਬਣਾਈ ਰੱਖਣ ਦੇ ਮਨੋਰਥ ਦੀ ਇੱਛਕ ਹੋਣ ਕਰਕੇ ਕਵਿਤਾ ਵਿਚ ਕਵੀ ਤੇ ਸ਼ਬਦਾਂ ਦਾ ਅੰਤਰ ਸੰਬੰਧ ਉਲੀਕਦੀ ਸਾਹਮਣੇ ਆਉਂਦੀ ਹੈ।ਇਹ ਕਵਿਤਾ ਵਸਤੂ ਜਗਤ ਦੇ ਸਮਾਨੰਤਰ ਮਾਨਸਿਕ ਜਗਤ ਨੂੰ ਖੋਲ੍ਹਦੀ ਹੈ। ਡਾ. ਸੁਦਰਸ਼ਨ ਗਾਸੋ ਦੀ ਕਾਵਿ ਪੁਸਤਕ 'ਕੌਣ ਲਿਖੂ ਸਿਰਨਾਵਾਂ'?? ਕਵਿਤਾ ਲੁਕਾਈ ਦੇ ਦਰਦ ਨੂੰ ਸਮਝਦੀ ਹੋਈ ਇਸ ਸੰਵੇਦਨਹੀਣਤਾ ਦੇ ਦੌਰ ਵਿੱਚ ਧਰਤ, ਭਾਸ਼ਾ, ਸੱਭਿਆਚਾਰ ਪ੍ਰਤੀ ਸੰਵੇਦਨਸ਼ੀਲ ਹੋਣ ਦਾ ਹੋਕਾ ਦਿੰਦੀ ਹੈ।




ਇਸ ਯੁੱਗ ਦੀ ਸਭ ਤੋਂ ਵੱਡੀ ਚੁਣੌਤੀ ਪੂੰਜੀਵਾਦੀ ਸਾਮਰਾਜ ਹੈ, ਜਿਸ ਦੀ ਦਹਿਸ਼ਤ ਨੇ ਖ਼ੌਫ਼, ਭੈਅ ਤੇ ਅਸ਼ਾਂਤੀ ਨੂੰ ਜਨਮ ਦਿੱਤਾ ਹੈ। ਸਾਮਰਾਜੀ ਵਰਤਾਰੇ ਦੇ ਅਨੇਕਾਂ ਘਾਤਕ ਦ੍ਰਿਸ਼ ਸਾਹਮਣੇ ਹਨ। ਵਿਸ਼ਵ ਵਿੱਚ ਲੱਗੀਆਂ ਜੰਗਾਂ ਇਸ ਦਾ ਪੂਰਨ ਸਬੂਤ ਹਨ। ਨਿਹੱਕੀ ਜੰਗ ਵਿਸ਼ਵ ਵਿੱਚ ਕਿਤੇ ਵੀ ਹੋਵੇ, ਉਸ ਦਾ ਦੁੱਖ ਸਮੁੱਚੀ ਮਨੁੱਖਤਾ ਨੂੰ ਹੰਢਾਉਣਾ ਪੈਂਦਾ ਹੈ। ਨਿਹੱਕੀ ਜੰਗਾਂ ਲਗਾਉਣ ਤੇ ਹਟਾਉਣ ਦੀ ਤਾਕਤ ਖ਼ਾਸ ਸ਼ਕਤੀਆਂ ਦੇ ਹੱਥ ਵਿੱਚ ਹੈ।ਆਪਣੀਆਂ ਮੰਡੀਆਂ ਦੇ ਪਸਾਰ ਲਈ ਤੀਜੀ ਦੁਨੀਆ ਦੇ ਮੁਲਕਾਂ ਨੂੰ ਕੰਟਰੋਲ ਕਰਨਾ ਤੇ ਆਪਣੀ ਸ਼ਕਤੀ ਦੇ ਦਾਬੇ ਨਾਲ ਹੋਰ ਦੇਸ਼ਾਂ ਨੂੰ ਅਧੀਨ ਕਰਨ ਦੀ ਸਾਮਰਾਜੀ ਮੁਲਕਾਂ ਦੀ ਸਾਜ਼ਿਸ਼ ਦੇ ਭਿਅੰਕਰ ਸਿੱਟੇ ਨਿਕਲ ਰਹੇ ਹਨ।ਅਮਰੀਕੀ ਸਾਮਰਾਜੀਆਂ ਨੇ ਦਹਾਕਿਆਂ ਤੋਂ ਇਜ਼ਰਾਇਲ ਦੇਸ਼ ਨੂੰ ਫ਼ਲਸਤੀਨੀ ਲੋਕਾਂ 'ਤੇ ਕਹਿਰ ਢਾਹੁਣ ਵਾਲੀ ਸ਼ਕਤੀ ਦੇ ਤੌਰ 'ਤੇ ਵਰਤਦਿਆ ਹੈ।ਗਾਜ਼ਾ ਪੱਟੀ/ਫ਼ਲਸਤੀਨ 'ਤੇ ਇਜ਼ਰਾਈਲ ਦੁਆਰਾ ਕੀਤੇ ਜਾ ਰਹੇ ਨਸਲਘਾਤੀ ਹਮਲਿਆਂ ਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਹਾਲਾਤ ਹਰ ਸੰਵੇਦਨਸ਼ੀਲ ਮਨੁੱਖ ਨੂੰ ਝੰਜੋੜ ਕੇ ਰੱਖਿਆ ਹੈ। ਜਿਸ ਦਰਦ ਨੂੰ ਸਮਝਦੀਆਂ ਭਾਵਨਾਵਾਂ ਦਾ ਕਵਿਤਾ ਨੇ ਵੀ ਇਜ਼ਹਾਰ ਕੀਤਾ। ਜਿਸ ਤਹਿਤ ਪਰਮਜੀਤ ਸੋਹਲ ਦੇ ਕਾਵਿ ਸੰਗ੍ਰਹਿ 'ਕਾਲ ਨਾਚ' ਅਰਵਿੰਦਰ ਕੌਰ ਕਾਕੜਾ ਤੇ ਅਜਮੇਰ ਸਿੱਧੂ ਦੀ ਸੰਪਾਦਿਤ ਕੀਤੀ ਕਾਵਿ ਪੁਸਤਕ 'ਮੈਂ ਗਾਜ਼ਾ ਕਹਿਨਾ', ਅਮੋਲਕ ਸਿੰਘ ਅਤੇ ਯਸ਼ ਪਾਲ ਦੀ ਸੰਪਾਦਤ ਕਾਵਿ ਪੁਸਤਕ 'ਫ਼ਲਸਤੀਨ ਦੀ ਆਵਾਜ਼' ਸਾਹਮਣੇ ਆਈਆਂ। ਇਹਨਾਂ ਪੁਸਤਕਾਂ ਦੀ ਇਹ ਖ਼ੂਬੀ ਹੈ ਕਿ ਇਨ੍ਹਾਂ ਵਿੱਚ ਫ਼ਲਸਤੀਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਇਸ ਧੱਕੇਸ਼ਾਹੀ ਵਿਰੁੱਧ ਲੋਕ ਰਾਇ ਪੈਦਾ ਕੀਤੀ ਜਾ ਸਕੇ। ਫ਼ਲਸਤੀਨ ਦੀ ਵੇਦਨਾ, ਪੀੜਾ ਤੇ ਰੋਹ ਨੂੰ ਪ੍ਰਗਟਾਉਂਦੀਆਂ ਇਹ ਮਹੱਤਵਪੂਰਨ ਕਵਿਤਾਵਾਂ ਸਾਮਰਾਜਵਾਦ ਦਾ ਧਾੜਵੀ ਤੇ ਕਰੂਰ ਚਿਹਰਾ ਪੇਸ਼ ਕਰਦੀਆਂ ਹਨ।




ਸਤਪਾਲ ਭੀਖੀ ਦੀ 'ਕਵਿਤਾ ਕੀ ਤੇਰੀ ਕੀ ਮੇਰੀ' ਅਰਥਾਂ ਦਾ ਅਜਿਹਾ ਪ੍ਰਤੀਪਾਦਨ ਕਰਦੀ ਹੈ ਕਿ ਜਿਸ ਵਿਚਲਾ ਸੂਖਮਭਾਵੀ ਪ੍ਰਵਚਨ ਜ਼ਿੰਦਗੀ ਦੇ ਅਪੂਰਨ ਅਧੂਰੇ, ਅਨਮਸੂਸੇ, ਅਣ ਸਮਝੇ ਦ੍ਰਿਸ਼ਾਂ ਦਾ ਪ੍ਰਗਟਾਵਾ ਕਰਦਾ ਹੋਇਆ ਪੂਰਨਤਾ ਦੇ ਸਫ਼ਰ 'ਤੇ ਅਸਵਾਰ ਹੈ। ਅਜਿਹੀ ਕਵਿਤਾ ਕੋਲ ਸਮਾਜ ਦੇ ਅਸਾਵੇਂਪਣ ਨੂੰ ਮੇਟਣ ਦਾ ਹੁਨਰ ਹੈ, ਲੁਕਾਈ ਦਾ ਦਰਦ ਹੈ ਤੇ ਅਤੀਤ ਦੇ ਪਰਛਾਵਿਆਂ ਦਾ ਅਹਿਸਾਸ ਹੈ। ਕਵਿਤਾ ਵਿੱਚ ਮਾਸੂਮੀਅਤ ਤੇ ਮੁਹੱਬਤ ਦੀ ਸੁਮੇਲਤਾ ਉਲਝੇ ਰਾਹਾਂ 'ਤੇ ਖਿੱਲਰੇ ਤਮਾਮ ਸੰਕਟਾਂ ਨੂੰ ਹੂੰਝਣ ਲਈ ਤੱਤਪਰ ਹੈ।ਅੱਜ ਜਦ ਕਿਰਤ ਸ਼ਕਤੀ ਸਾਹਵੇਂ ਗੰਭੀਰ ਸੰਕਟ ਹਨ, ਅਜਿਹੇ ਸਮੇਂ ਇਹ ਕਵਿਤਾ ਕਿਰਤ ਦੀ ਰਮਜ਼ ਪਹਿਚਾਣਦੀ ਆਪਣੀ ਵਿਰਾਸਤ ਨੂੰ ਸ਼ਰਧਾ ਰਾਹੀਂ ਨਹੀਂ ਕਾਰ-ਵਿਹਾਰ ਵਿੱਚੋਂ ਵੇਖਦੀ ਹੈ।'ਤੂੰ ਰਬਾਬ ਛੇੜ' ਕਾਵਿ ਪੁਸਤਕ ਵਿਚਲੀ ਜਸਵਿੰਦਰ ਖਾਰਾ ਦੀ ਕਵਿਤਾ ਪਿੰਡੇ 'ਤੇ ਹੰਢਾਏ ਸੰਤਾਪ ਨੂੰ ਵੱਖੋ-ਵੱਖਰੇ ਵਿਸ਼ਿਆਂ ਵਿੱਚ ਰੂਪਾਂਤਰਣ ਹੁੰਦੀ ਹੋਈ ਅਜੋਕੇ ਹਾਲਾਤ ਪ੍ਰਤੀ ਚਿੰਤਾ ਜ਼ਾਹਰ ਕਰਦੀ ਹੈ।ਇਹ ਲੋਕ ਨਾਇਕਾਂ ਦੀ ਉਸਤਤ ਕਰਦਿਆਂ ਪੰਜਾਬ ਦੀ ਖ਼ੈਰ ਮੰਗਦੀ ਹੈ।ਇਤਿਹਾਸ ਬੋਧ ਨੂੰ ਮਾਨਵੀ ਪੈਂਤੜੇ ਤੋਂ ਕਾਵਿਕ ਸਿਰਨਾਵਾਂ ਲਿਖਦੀ 'ਅੰਗ ਤ੍ਰੇੜਾਂ ਪਈਆਂ' ਇਕਬਾਲ ਕੈਸਰ ਦੀ ਕਾਵਿ ਪੁਸਤਕ ਜੋ ਪ੍ਰੋ. ਜਸਪਾਲ ਘਈ ਸ਼ਾਹਮੁਖੀ ਤੋਂ ਗੁਰਮੁਖੀ ਲਿਪੀਅੰਤਰ ਅਤੇ ਹਰਮੀਤ ਵਿਦਿਆਰਥੀ ਵੱਲੋਂ ਸੰਪਾਦਿਤ ਕੀਤੀ ਇੱਕ ਮਹੱਤਵਪੂਰਨ ਪੁਸਤਕ ਸਾਬਤ ਹੁੰਦੀ ਹੈ। ਇਹ ਪੰਜਾਬ ਦੀ ਰਹਿਤਲ ਵਿੱਚ ਪਏ ਨਾਬਰੀ ਦੇ ਅੰਸ਼ਾਂ ਨੂੰ ਲੋਕ ਨਾਇਕਾਂ ਦੀ ਕਾਰਗੁਜ਼ਾਰੀ ਵਿੱਚੋਂ ਤਲਾਸ਼ਦੀ ਹੈ।ਇਹ ਸਥਾਪਤੀ ਦੇ ਸਮਾਨੰਤਰ ਲੋਕ ਪੱਖੀ ਪ੍ਰਵਚਨ ਉਭਾਰਦੀ ਲੋਕ ਪਰੰਪਰਾ ਨੂੰ ਜਿਉਂਦਾ ਰੱਖਦੀ ਹੈ। ਧਰਮ ਸਿੰਘ ਕੰਮੇਆਣਾ ਦੀ ਕਾਵਿ ਪੁਸਤਕ 'ਕੋਸਾ ਪਾਣੀ' ਵੀ ਸਮਾਜਿਕ ਹਰ ਘਟਨਾਕ੍ਰਮ ਨੂੰ ਸੱਭਿਆਚਾਰਕ ਪਰਿਪੇਖ ਵਿੱਚ ਰੱਖ ਕੇ ਵਾਚਦੀ ਹੋਈ ਮਾਨਵੀ ਅਵਚੇਤਨਾ ਵਿੱਚ ਪਏ ਸੁਆਲਾਂ ਦੇ ਵੀ ਰੂਬਰੂ ਹੁੰਦੀ ਹੈ।ਕਵੀ ਖੜੋਤ ਵਿੱਚ ਵੀ ਨਿਰਾਸ਼ ਨਹੀਂ ਹੁੰਦਾ, ਬਲਕਿ ਬਾਹਰ ਨਿਕਲਣ ਦੀ ਆਸ ਬੀਜਦਾ ਹੈ। ਸ਼ਬਦਾਂ ਅੰਦਰਲੀ ਲੈਅ ਵਿੱਚ ਪਈ ਮਨੁੱਖ ਦੀ ਫ਼ਿਕਰਮੰਦੀ ਦੇ ਅਹਿਸਾਨਾਂ ਨੂੰ ਪ੍ਰਗਟਾਉਂਦੀ ਬਲਵੰਤ ਸਾਨੀਪੁਰ ਦੀ ਪੁਸਤਕ 'ਹਰਫ਼ ਬੋਲਦੇ ਰਹਿਣਗੇ' ਵਿੱਚ ਇਸ ਕੁਰਖ਼ਤ ਦੌਰ ਵਿਚਲੀਆਂ ਵਿਸੰਗਤੀਆਂ ਦੇ ਖ਼ਾਤਮੇ ਲਈ ਹਲੂਣਾ ਮਿਲਦਾ ਹੈ।ਇਹ ਕਵਿਤਾ ਚੁੱਪ ਨੂੰ ਤੋੜਦੀ ਨਜ਼ਰ ਆਉਂਦੀ ਹੈ।




ਵਰਿਆਮ ਸੰਧੂ ਦੀ ਕਵਿਤਾ 'ਵਰ੍ਹਿਆਂ ਪਿੱਛੋਂ' ਵਿਚਲਾ ਕਾਵਿ ਪਾਤਰ ਆਪਣੇ ਜੀਵਨ ਫਲਸਫੇ ਨੂੰ ਬਿਆਨਣ ਲਈ ਜੀਵਨ ਸਫ਼ਰ ਵਿਚ ਅਨੁਭਵ ਕੀਤੀਆਂ ਪ੍ਰਸਥਿਤੀਆਂ ਤਹਿਤ ਮਨ ਦੀਆਂ ਦਲੀਲਾਂ, ਅੰਦੇਸ਼ਿਆਂ, ਝੁਕਾਵਾਂ ਤੇ ਵਿਰੋਧਤਾਈਆਂ ਨੂੰ ਖੋਲ੍ਹਦਾ ਹੈ। ਕਵੀ ਆਪਣੀਆਂ ਯਾਦਾਂ ਤੇ ਜੀਵਨ ਤਜਰਬਿਆਂ ਨੂੰ ਬਿਆਨਦਾ ਅੰਤਰਮਨ ਨੂੰ ਸੰਬੋਧਿਤ ਹੈ। ਇਸ ਕਵਿਤਾ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਵਿਚਲਾ ਕਾਵਿ ਉਚਾਰ ਮਨੋਬਚਨੀ ਹੁੰਦਾ ਹੋਇਆ ਵੀ ਬਹੁ ਬਚਨੀ ਬਣ ਜਾਂਦਾ ਹੈ ਜਿਸ ਵਿੱਚ ਸਮੇਂ ਦੀ ਦਖਲ-ਅੰਦਾਜ਼ੀ ਨਾਲੋ-ਨਾਲ ਚੱਲਦੀ ਹੈ। ਸਮੇਂ ਦੀ ਤੋਰ ਪਕੜਦੇ ਸੂਖਮ ਕਾਵਿ ਅਹਿਸਾਸਾਂ ਦੇ ਮੁਹਾਂਦਰੇ ਦਾ ਸਕਾਰਿਤ ਰੂਪ 'ਚੇਤਿਆਂ ਦੇ ਚਿਹਰੇ' ਕਾਵਿ ਪੁਸਤਕ ਵਿੱਚੋਂ ਵੀ ਵੇਖਿਆ ਜਾ ਸਕਦਾ ਹੈ।ਗੁਰਚਰਨ ਦੀ ਵੱਡ-ਆਕਾਰੀ ਸ਼ਬਦ-ਚਿੱਤਰਾਂ ਦੀ ਨਿਵੇਕਲੀ ਤੇ ਖ਼ੂਬਸੂਰਤ ਕਾਵਿ ਪੁਸਤਕ ਪਾਤਰਾਂ ਬਾਰੇ ਕਾਵਿਮਈ ਘਾੜਤ ਕਾਰਨ ਵਿਲੱਖਣਤਾ ਦੀ ਲਖਾਇਕ ਬਣਦੀ ਹੈ।ਇਸ ਦਾ ਇੱਕ ਰੂਪ ਜੀਵਨ ਬਿਰਤਾਂਤ ਸਿਰਜਦੀਆਂ ਤੇ ਰਿਸ਼ਤਿਆਂ ਦੇ ਗੰਢਵੀਆਂ ਪਰਤਾਂ ਵਿੱਚ ਸੁਮੇਲਤਾ ਬਣਾਉਂਦੀ ਮਲਵਿੰਦਰ ਦੀ ਕਾਵਿ ਪੁਸਤਕ 'ਬਹਿਰ' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ।ਅੱਜ ਜਦੋਂ ਪੈਸਾ ਮੁਖੀ ਰੁਝਾਨ ਕਾਰਨ ਰਿਸ਼ਤਿਆਂ ਦੇ ਬਿਖਰਣ ਦਾ ਸੰਕਟ ਮੰਡਰਾਅ ਰਿਹਾ ਹੋਵੇ।ਇਹ ਸ਼ਾਇਰੀ ਗ਼ਰਜਾਂ ਤੋਂ ਮੁਕਤ ਹੋ ਕੇ ਮੁਹੱਬਤ ਦੀ ਪ੍ਰਾਪਤੀ ਰਾਹੀਂ ਜੀਵਨ ਆਨੰਦ ਦਾ ਅਭਿਲਾਸ਼ੀ ਬਣਦੀ ਹੈ। ਇਸ ਵਿੱਚ ਪਰਵਾਸ, ਰਿਸ਼ਤਿਆਂ ਦਾ ਨਿੱਘ, ਯਥਾਰਥ ਦੀ ਕਰੂਰਤਾ ਦੇ ਅਲੁਕਵੇਂ ਅੰਸ਼ਾਂ ਦਾ ਬਾਖ਼ੂਬੀ ਚਿਤਰਣ ਹੈ।ਕੁਲਵਿੰਦਰ ਵਿਰਕ ਦੀ ਪੁਸਤਕ 'ਪੌਣ, ਪਾਣੀ ਤੇ ਰੇਤ' ਪੰਜਾਬ ਦੇ ਦਰਦ ਨੂੰ ਸਮਝਦੀ ਹੈ।ਇਸ ਕਵਿਤਾ ਵਿਚਲੇ ਘਰ ਦਾ ਸੰਕਲਪ ਸਮੁੱਚੇ ਪੰਜਾਬ ਦੀ ਰਹਿਤਲ ਨੂੰ ਸਮੇਟਦਾ ਹੋਇਆ ਇਸ ਦੀ ਖ਼ੈਰੀਅਤ ਲਈ ਕਾਮਨਾ ਕਰਦਾ ਹੈ।ਪੰਜਾਬ, ਪੰਜਾਬੀ, ਪੰਜਾਬੀਅਤ ਲਈ ਉਸ ਦੀ ਅਥਾਹ ਮੁਹੱਬਤ ਉਸ ਦੀ ਫਿਕਰਮੰਦੀ ਵਿੱਚੋਂ ਝਲਕਦੀ ਹੈ।'ਮਨ ਹੋਆ ਵਣਜਾਰਾ' ਡਾ. ਰਵਿੰਦਰ ਦੀ ਕਵਿਤਾ ਦੀ ਸੁਹਿਰਦ ਭਾਵਨਾ ਸੂਖਮ ਅਹਿਸਾਸਾਂ ਨੂੰ ਉਡਾਣ ਦਿੰਦੀ ਹੋਈ ਮੁਹੱਬਤ ਦਾ ਨਿਵੇਕਲਾ ਅਹਿਸਾਸ ਪੈਦਾ ਕਰਦੀ ਹੈ ਕਿ ਕਵੀ ਰਿਸ਼ਤਿਆਂ ਦੇ ਵਾਹੇ ਚੱਕਰਵਿਊ, ਜੀਵਨ ਦੇ ਕਾਰ-ਵਿਹਾਰ, ਪ੍ਰਕਿਰਤੀ ਵਿੱਚ ਧੜਕਦੀ ਜ਼ਿੰਦਗੀ ਤੇ ਸੁਪਨਮਈ ਪਲਾਂ ਨੂੰ ਮਾਣਦਾ ਕਵਿਤਾ ਨੂੰ ਸਮਰਪਿਤ ਹੋ ਜਾਂਦਾ ਹੈ। 'ਮੁਹੱਬਤ ਜ਼ਿੰਦਾਬਾਦ' ਕਾਵਿ ਪੁਸਤਕ ਵਿੱਚ ਦਰਸ਼ਨ ਸਿੰਘ 'ਦਰਸ' ਪਸਿਆਣਾ ਮੁਹੱਬਤ ਨੂੰ ਜਜ਼ਬੇ ਦੇ ਰੂਪ ਵਿੱਚ ਨਹੀਂ, ਸਗੋਂ ਸਮਾਜਿਕ ਕਦਰ ਪ੍ਰਣਾਲੀ ਦੇ ਰੂਪ ਵਿੱਚ ਦੇਖਦਾ ਹੈ। ਇਹੀ ਮੁਹੱਬਤ ਜਦ ਮਨਜੀਤ ਪੁਰੀ ਦੀ ਪੁਸਤਕ 'ਇਹ ਸੜਕਾਂ ਕਿਤੇ ਨਹੀਂ ਜਾਂਦੀਆਂ' ਵਿੱਚ ਵੀ ਬਿਰਾਜਮਾਨ ਰਹਿੰਦੀ ਹੈ।ਇਹ ਕਵਿਤਾ ਆਪਣੀ ਵਿਰਾਸਤ ਦੇ ਇਰਦ-ਗਿਰਦ ਨਵੇਂ ਅਰਥਾਂ ਦਾ ਸੰਚਾਰ ਕਰਦੀ ਹੋਈ ਨਵਾਂ ਮੁਹਾਂਦਰਾ ਸਿਰਜਦੀ ਹੈ।ਇਸ ਕਵਿਤਾ ਦੀ ਖ਼ੂਬੀ ਇਹ ਉੱਭਰਦੀ ਹੈ ਤੇ ਉਸ ਦੇ ਗਹਿਰੇ ਅਨੁਭਵਾਂ ਨੇ ਅੰਤਰੀਵ ਭਾਵਾਂ ਨੂੰ ਸੰਘਣਾ ਹੀ ਨਹੀਂ ਕੀਤਾ ਬਲਕਿ ਧਰਾਤਲੀ ਵਰਤਾਰਿਆਂ ਨੂੰ ਵੀ ਗਹਿਰਾਈ ਨਾਲ ਸਮਝਣ ਦਾ ਯਤਨ ਕੀਤਾ ਹੈ। ਇਹ ਕਵਿਤਾ ਆਪਣਾ ਸਿਰਨਾਵਾਂ ਆਪ ਲਿਖਦੀ ਹੋਈ ਆਪਣੇ ਰਸਤੇ ਆਪ ਤਲਾਸ਼ਦੀ ਹੈ। ਇਸ ਧਰਤੀ ਦੀ ਰਮਜ਼ ਨੂੰ ਜਾਨਣ ਲਈ ਖੁਦ ਮਿੱਟੀ ਵਿੱਚ ਅਭੇਦ ਹੁੰਦੀ ਹੈ। ਇਸ ਕਵਿਤਾ ਦੇ ਸਾਹਵੇਂ ਹੱਦਾਂ-ਸਰਹੱਦਾਂ ਦੀਆਂ ਲੀਕਾਂ ਖਤਮ ਹੋ ਜਾਂਦੀਆਂ ਹਨ। ਮਕਾਨਕੀ ਸ਼ਬਦਾਵਲੀ ਨੂੰ ਸਿੱਕੇ 'ਤੇ ਟੰਗਦੀ ਹੋਈ ਇਹ ਕਵਿਤਾ ਸਮਾਜ ਦੀ ਬੇਤਰਤੀਬੀ ਤੋਂ ਮੁਕਤ ਰਹਿੰਦੀ ਹੈ। ਜੀਵਨ ਵਿਚਲੀ ਬੇਤਰਤੀਬੀ ਨੂੰ ਖੰਡਿਤ ਕਰਦੀ ਤੇ ਸਵੈ ਇੱਛਿਤ ਯਥਾਰਥ ਦੀ ਕਲਪਨਾ ਕਰਦੀ ਕੁਲਵਿੰਦਰ ਕੁੱਲਾ ਦੀ ਖ਼ੂਬਸੂਰਤ ਸ਼ਾਇਰੀ ਦੀ ਪੁਸਤਕ 'ਹਉਕਾ ਸਾਹ ਨਹੀਂ ਹੁੰਦਾ' ਇਸ ਸਮਾਜਿਕ ਰਹਿਤਲ ਅੰਦਰ ਲੋਕ ਚੇਤਨਾ ਤੇ ਲੋਕ ਸੰਵੇਦਨਾ ਨੂੰ ਆਪਣੇ ਅੰਦਰ ਮਹਿਸੂਸਦੀ ਖ਼ੂਬਸੂਰਤ ਕਵਿਤਾ ਹੈ। ਸਮੇਂ ਦੀ ਉਥਲ-ਪੁਥਲ ਵਿਚਲੀ ਹਰ ਵਿਸ਼ਵੀ ਤੇ ਖੇਤਰੀ ਘਟਨਾਕ੍ਰਮ ਨੂੰ ਵਾਚਦੀ ਹੋਈ ਸੰਸਕ੍ਰਿਤੀ ਤੇ ਪ੍ਰਕਿਰਤੀ, ਆਦਰਸ਼ ਤੇ ਹਕੀਕਤ ਅਤੇ ਸਦਾਚਾਰਕ ਮੁੱਲਾਂ ਨੂੰ ਨਾਲੋਂ ਨਾਲ ਜੀਵਨ ਵਿਚਲੇ ਖ਼ਲਾਅ ਦੀ ਪੂਰਤੀ ਚਾਹੁੰਦੀ ਹੈ। ਕਵਿਤਾ ਵਿੱਚ ਵਰਤਮਾਨੀ ਦਹਿਲੀਜ਼ 'ਤੇ ਅਤੀਤ ਦੀ ਵੀ ਦਖ਼ਲਅੰਦਾਜ਼ੀ ਜਾਰੀ ਰਹਿੰਦੀ ਹੈ।ਅਜੀਤ ਪਿਆਸਾ ਦੀ ਪੁਸਤਕ 'ਤੇਰੇ ਕਰਕੇ' ਵਿਚਲੀ ਕਵਿਤਾ ਵਿੱਚ ਅਤੀਤਮੁਖੀ ਅਹਿਸਾਸ ਵਰਤਮਾਨੀ ਦੌਰ ਵਿਚਲੀ ਇਕੱਲਤਾ ਦੇ ਸੰਕਟ ਨੂੰ ਅਨੁਭਵ ਕਰਦੇ ਹਨ।ਇਹ ਕਵਿਤਾ ਭਾਵੁਕ ਆਵੇਸ਼ ਤੋਂ ਬਾਹਰ ਵੱਲ ਮੁੜਦੀ ਨਜ਼ਰ ਆਉਂਦੀ ਹੈ।ਉਥੇ ਕਰਤਾਰ ਸਿੰਘ ਦੀ ਕਵਿਤਾ 'ਰਾਤੇ ਕਾਲੀਏ' ਸਫ਼ਰ ਦੇ ਰਹੱਸ ਨੂੰ ਦੇਖਦੀ ਹੈ। ਦਲਵੀਰ ਸਿੰਘ ਦਿਲ ਨਿੱਜਰ ਦੀ ਕਵਿਤਾ 'ਦਿਲ ਤੋਂ ਦਿਲਾਂ ਤੀਕ' ਆਪਣੇ ਦਰਦਾਂ ਵਿੱਚ ਸਮਾਜਿਕ ਦਰਦਾਂ ਨੂੰ ਮਹਿਸੂਸਦੀ ਹੈ।ਇੰਦਰ ਸਿੰਘ ਪਟਿਆਲਾ ਆਪਣੀ ਕਾਵਿ ਪੁਸਤਕ 'ਇੰਦਰ ਧਨੁਸ਼' ਵਿੱਚ ਸਮਕਾਲ ਦੀ ਬਾਤ ਪਾਉਂਦੀ ਪਦਾਰਥਕ ਸਥਿਤੀਆਂ ਨੂੰ ਸਤਹੀ ਪੱਧਰ 'ਤੇ ਵੇਖਦੀ ਹੋਈ ਮਾਨਵੀ ਸਰੋਕਾਰਾਂ ਦੀ ਬਾਤ ਪਾਉਂਦੀ ਹੈ।ਹੋਰ ਵੀ ਬਹੁਤ ਸਾਰੀਆਂ ਕਾਵਿ ਪੁਸਤਕਾਂ ਮੰਗਾ ਸਿੰਘ ਬਾਸੀ (ਸੁਣ ਨੀ ਜਿੰਦੇ ਮੇਰੀਏ), ਭਾਰਤਬੀਰ ਸਿੰਘ 'ਸੋਬਤੀ' (ਨਾ ਪੁੱਛਿਓ ਮੇਰਾ ਹਾਲ), ਜਗਜੀਤ ਨੌਸ਼ਹਿਰਵੀ (ਹਾਲ ਉਥਾਈ ਕਹੀਏ), ਡਾ. ਕੁਲਦੀਪ ਗਿੱਲ (ਅਧੂਰੀ ਕੈਨਵਸ), ਮੰਗਲ ਮੀਤ ਪੱਤੋ (ਰੂਹ ਦੇ ਬੋਲ), ਸੁਖਦੇਵ ਸਿੰਘ ਸਿੱਧੂ (ਰਾਹਾਂ ਕੁਰਾਹਾਂ ਵਾਲੇ ਸ਼ੀਸ਼ੇ), (ਕਾਮਰੇਡ ਹੋਣ ਦਾ ਪਲੇਠਾ ਪੁੰਗਾਰਾ), ਅਮਰਜੀਤ ਸਿੰਘ ਰਣੀਆਂ (ਸੁਪਨ ਬਾਗ), ਭੁਪਿੰਦਰ ਸਿੰਘ ਬੇਕਸ (ਚਿੱਟੇ ਪਛਾਵੇਂ), ਰਵੀ ਨੰਦਨ (ਕਣਸ), ਮੀਤ ਮਨਪ੍ਰੀਤ (ਚਿਣਗਾਂ), ਪਰਦੀਪ (ਇੰਗਤ), ਰਣਜੀਤ ਸਿੰਘ ਸੱਜਣ ਹੁਸ਼ਿਆਰਪੁਰ (ਮੈਂ ਲਿਖਦਾ ਹਾਂ), ਹਰੀਸ਼ ਹਰਫ਼ (ਕੱਚੀਆਂ ਗੜ੍ਹੀਆਂ ਪੱਕੀਆਂ ਨੀਹਾਂ), ਜਸਬੀਰ ਗੁਣਾਚੌਰੀਆ (ਬੋਲ ਮੁਹੱਬਤ ਦੇ), ਪ੍ਰਤੀਯੋਗੀ (ਪਰਤ ਆਇਆ ਗੌਤਮ), ਬਲਬੀਰ ਬੇਲੀ (ਮੂੰਹ ਕਲਮਾਂ ਦੇ ਮੁੜ ਗਏ) ਆਦਿ ਨੇ ਹਾਜ਼ਰੀ ਲਵਾਈ।

ਇਸ ਵਰ੍ਹੇ ਯੁਵਾ ਕਵੀਆਂ ਨੇ ਆਪਣੇ ਅੰਤਰੀਵ ਭਾਵਾਂ ਨੂੰ ਕਾਵਿ ਰੂਪ ਵਿੱਚ ਢਾਲਿਆ ਹੈ।ਇਹ ਕਵਿਤਾ ਸਾਹਵੇਂ ਦਰਪੇਸ਼ ਖ਼ਤਰਿਆਂ ਦੀ ਉਨੀ ਮਿਕਦਾਰ ਨੂੰ ਪੇਸ਼ ਨਹੀਂ ਕਰ ਸਕੀ, ਜਿੰਨਾ ਇਸ ਵਿਚਲਾ ਇਕਹਿਰਾਪਣ ਆਪਣਾ ਕਾਵਿ ਉਚਾਰ ਪੇਸ਼ ਕਰਦਾ ਹੋਇਆ ਸੰਤੁਸ਼ਟ ਹੋ ਜਾਂਦਾ ਹੈ। ਇਸ ਕਵਿਤਾ ਨੂੰ ਅਹਿਸਾਸ ਜ਼ਰੂਰ ਹੈ ਕਿ ਮਨੁੱਖ ਸਵੈ ਤੇ ਨਿੱਜਗਤ ਸਰੋਕਾਰਾਂ ਵਿੱਚ ਬੱਝਾ ਹੋਇਆ ਸਵੈ ਦੀ ਬੇਚੈਨੀ ਦੇ ਅਨੇਕਾਂ ਪਲ ਹੰਢਾਉਣ ਤੋਂ ਬਾਅਦ ਵੀ ਬਾਹਰਮੁਖੀ ਹਾਲਾਤ ਨਾਲ ਸੰਵਾਦ ਰਚਾਉਂਦਾ ਹੈ।ਇਸ ਕਵਿਤਾ ਵਿੱਚ ਸਵੈਇੱਛਾ ਦੀ ਭਾਵਨਾ ਉਜਾਗਰ ਹੁੰਦੀ ਹੈ।ਇਹ ਯੁਵਾ ਕਵੀ ਆਪਣੀ ਭਾਵਨਾ ਦਾ ਸੰਚਾਰ ਘਸੇ-ਪਿਟੇ ਸ਼ਬਦਾਂ ਤੋਂ ਪਾਰ ਕਵਿਤਾ ਵਿੱਚ ਨਵੀਨਤਾ ਭਰਨਾ ਚਾਹੁੰਦੇ ਹਨ।ਇਸੇ ਹੀ ਸੰਦਰਭ ਵਿੱਚ ਸੁਰਖ਼ਾਬ ਦੀ ਕਾਵਿ-ਕਿਤਾਬ 'ਵੈਤਰਨੀ' ਵਿਚਲੀ ਕਵਿਤਾ ਆਪਣਾ ਨਵਾਂ ਮੁਹਾਵਰਾ ਤੇ ਮੁਹਾਂਦਰਾ ਲੈ ਕੇ ਹਾਜ਼ਰ ਹੁੰਦੀ ਹੈ। ਇਸ ਕਵਿਤਾ ਨੇ ਇਤਿਹਾਸ ਤੇ ਮਿਥਿਹਾਸ ਦੇ ਲੁਕਵੇਂ ਪੱਖਾਂ ਦਾ ਅਜਿਹਾ ਕੈਨਵਸ ਸਿਰਜਿਆ ਹੈ, ਜੋ ਉਸ ਦੀ ਜਗਿਆਸੂ ਬਿਰਤੀ ਦਾ ਸੂਖਮਭਾਵੀ ਪ੍ਰਵਾਹ ਹੈ। ਉਹ ਸਮਕਾਲ ਦੇ ਪੈੜ ਚਿੰਨ੍ਹਾਂ ਵਿੱਚੋਂ ਸੁਖ਼ਨਮਈ ਪਲਾਂ ਦੀ ਤਲਾਸ਼ ਕਰਦਾ ਹੈ। ਉਸ ਦੀ ਕਾਵਿਕਤਾ ਵਿਚਲੀ ਸਹਿਜ ਪ੍ਰਵਿਰਤੀ ਇਸ ਕਾਹਲ ਭਰੀ ਮਾਹੌਲ ਵਿੱਚ ਸੰਜੀਦਗੀ ਪੈਦਾ ਕਰਦੀ ਹੈ। ਅਜਿਹੀ ਕਵਿਤਾ ਵਿਚਲੀ ਜਿਉਂਦੀ ਕਾਵਿਕਤਾ ਮਕਾਨਕੀ ਸੋਚ ਤੋਂ ਵਿੱਥ ਸਿਰਜਦੀ ਹੋਈ ਆਪਣੀ ਸਪੇਸ ਆਪ ਪ੍ਰਾਪਤ ਕਰ ਲੈਂਦੀ ਹੈ। ਰਾਮਪਾਲ ਸ਼ਾਹਪੁਰੀ ਦੀ ਕਵਿਤਾ 'ਬੀਜ ਅੰਦਰਲਾ ਜੰਗਲ' ਪੰਜਾਬ ਦੇ ਅਜੋਕੇ ਹਾਲਾਤ ਪ੍ਰਤੀ ਚਿੰਤਾ ਜ਼ਾਹਰ ਕਰਦੀ ਇਹ ਕਵਿਤਾ ਬੌਧਿਕਤਾ ਦੀ ਕੰਗਾਲੀ ਦਾ ਸੁਆਲ ਵੀ ਉਠਾਉਂਦੀ ਹੈ।ਇਸ ਕਵਿਤਾ ਦੀ ਖ਼ੂਬਸੂਰਤੀ ਇਹ ਹੈ ਕਿ ਜੀਵਨ ਨਾਲ ਸੰਬੰਧਤ ਪ੍ਰਸ਼ਨਾਂ ਨੂੰ ਮੁਖ਼ਾਤਿਬ ਹੋ ਕੇ ਕਾਵਿ ਨਿਭਾਉ ਸੁਚੱਜਤਾ ਨਾਲ ਨਿਭਾਉਂਦੀ ਹੈ।ਕਮਲਜੀਤ ਜਲੂਰ ਦੀ ਕਾਵਿ ਪੁਸਤਕ 'ਔਰਤਾਂ ਮਸ਼ੀਨਾਂ ਨਹੀਂ ਹੁੰਦੀਆਂ' ਵਿਚਲੀਆਂ ਨਜ਼ਮਾਂ ਵਿੱਚੋਂ ਔਰਤ ਨੂੰ ਮੁਹੱਬਤ ਦਾ ਮੁਜੱਸਮਾ ਬਣਦਾ ਹੈ, ਜੋ ਔਰਤ ਬਰਾਬਰਤਾ ਦੀ ਤੇ ਸਹਿਹੋਂਦ ਦੀ ਭਾਗੀ ਹੈ। ਉਹ ਅਜਿਹੀ ਸਮਾਜਿਕ ਮੁੱਲ ਵਿਧਾਨ ਦੀ ਲੋਚਾ ਕਰਦਾ ਹੈ, ਜਿਸ ਵਿੱਚ ਮਾਨਵੀ ਵਿਤਕਰੇ ਦੀਆਂ ਹਰ ਖੇਤਰ ਵਿੱਚ ਪਈਆਂ ਹੋਈਆਂ ਖਾਈਆਂ ਦੀ ਪੂਰਤੀ ਹੋ ਸਕੇ। ਮਨਦੀਪ ਢਿੱਲੋਂ ਦੀ ਕਾਵਿ ਪੁਸਤਕ 'ਕੁੜੀਆਂ ਜੋ ਸੱਚ ਨਹੀਂ ਦੱਸਦੀਆਂ' ਵਿਚਲੀ ਕਵਿਤਾ ਮਨੁੱਖੀ ਵਿਹਾਰ ਦੀ ਪ੍ਰੇਰਕ ਸ਼ਕਤੀ ਬਣਦੀ ਹੈ ਤਾਂ ਉਹ ਮਾਨਵੀ ਵਿਕਾਸ ਵਿੱਚ ਵੀ ਰੋਲ ਰੱਖ ਸਕੇ। ਇਸ ਪੁਸਤਕ ਵਿੱਚ ਕਵਿਤਾ ਅਤੇ ਕੁੜੀਆਂ ਦੇ ਅੰਤਰ ਸੰਬੰਧ ਨੂੰ ਸੂਖਮ ਰੂਪ ਵਿੱਚ ਚਿਤਰਿਆ ਗਿਆ ਹੈ।ਯੁਵਾ ਕਵੀਆਂ ਕੋਲ ਨਿੱਜ ਤੋਂ ਪਾਰ ਜਾਣ ਦੀ ਅਜਿਹੀ ਸਮਰੱਥਾ ਹੋਣੀ ਚਾਹੀਦੀ ਹੈ ਕਿ ਉਹ ਇਸ ਬਾਜ਼ਾਰੀ ਕਲਚਰ ਵਿਚਲੇ ਇਸ ਹਿੰਸਕ ਵਰਤਾਰੇ ਨੂੰ ਗੰਭੀਰਤਾ ਨਾਲ ਸਮਝ ਸਕਣ। ਕਾਵਿ ਸਿਰਜਣਾ ਨੂੰ ਸਿਰਫ਼ ਸ਼ੌਕ ਤੱਕ ਸੀਮਤ ਰੱਖਣ ਦੀ ਬਜਾਏ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਪੈਦਾ ਕਰਨਾ ਵੀ ਜ਼ਰੂਰੀ ਹੈ, ਪਰ ਇਹ ਕਵਿਤਾ ਵੀ ਸੀਮਤ ਦਾਇਰੇ ਵਿੱਚ ਸਿਮਟੀ ਰਹੀ।ਇਸ ਵਰ੍ਹੇ ਰੂਪ ਕੌਰ ਕੁੰਨਰ (ਮਿਰਾਕੀ), ਮਨਪ੍ਰੀਤ ਕਲੇਰ (ਸੋਚਾਂ ਦੇ ਖੰਭ), ਸਿਮਰ ਜੰਗਰਾਲ (ਡਰ ਲੱਗਦਾ ਹੈ), ਅਨਦੀਪ ਕੌਰ (ਸਾਦੇ ਲੀੜੇ), ਗੁਲ ਆਬ (ਸੁਰਖ਼-ਆਬ), ਰਜਿੰਦਰ (ਉਹ ਦਿਨ ਵੀ ਆਉਣਗੇ) ਆਦਿ ਕਾਵਿ ਪੁਸਤਕਾਂ ਕਾਵਿ ਕੈਨਵਸ ਵਿੱਚ ਹਾਜ਼ਰੀ ਲਵਾਉਂਦੀਆਂ ਹਨ।




ਨਾਰੀ ਰਚਿਤ ਪੰਜਾਬੀ ਕਵਿਤਾ ਵਿੱਚ ਡਾ. ਪਾਲ ਕੌਰ ਦੀ ਕਾਵਿ ਪੁਸਤਕ 'ਪੱਥਰ 'ਚ ਵਗਦੀ ਨਦੀ' ਆਪਣਾ ਨਵਾਂ ਮੁਹਾਵਰਾ ਲੈ ਕੇ ਹਾਜ਼ਰ ਹੁੰਦੀ ਹੈ, ਜੋ ਬਾਹਰੀ ਦ੍ਰਿਸ਼ਾਂ, ਘਟਨਾਕ੍ਰਮਾਂ ਤੇ ਪ੍ਰਸਥਿਤੀਆਂ ਨੂੰ ਸੰਬੋਧਿਤ ਹੁੰਦੀ ਹੈ।ਪਾਲ ਕੌਰ ਜਿੰਨੀ ਹੀ ਸਮਾਜਿਕ ਵਰਤਾਰਿਆਂ ਪ੍ਰਤੀ ਚੇਤਨ ਹੋ ਕੇ ਲਿਖਦੀ ਹੈ, ਉਨੀ ਹੀ ਉਹ ਸਮਾਜੀ ਤੇ ਸੱਭਿਆਚਾਰਕ ਵਰਤਾਰਿਆਂ ਪ੍ਰਤੀ ਸੁਚੇਤ ਵੀ ਹੈ, ਜੋ ਪੰਜਾਬੀ ਮਨੁੱਖ ਦੀ ਹੋਣ ਤੇ ਹੋਣੀ ਨਾਲ ਜੁੜੇ ਹੋਏ ਹਨ। ਉਸ ਅੰਦਰਲੀ ਚੇਤਨਾ ਦੀ ਨਦੀ ਕਿੰਨੀਆਂ ਰੋਕਾਂ, ਅੜਚਣਾਂ ਨੂੰ ਪਾਰ ਕਰਦੀ ਹੋਈ ਸਮਾਜ ਦੇ ਕਸ਼ਟਾਂ ਨੂੰ ਨਿਵਾਰਿਤ ਕਰਨ ਦੀ ਭਾਵਨਾ ਰੱਖਦੀ ਹੈ।ਇਸ ਕਵਿਤਾ ਵਿਚਲੀ ਪਾਤਰ ਆਪਣੇ ਯੁੱਗ ਦੇ ਅਮਾਨਵੀ ਵਰਤਾਰੇ, ਦਮਨਕਾਰੀ ਵਿਵਸਥਾ ਤੇ ਹਿੰਸਕ ਪ੍ਰਵਚਨਾਂ ਦੇ ਨਾਲ ਦਸਤਪੰਜਾ ਲੈਂਦੀ ਹੈ।ਇਸ ਵਿਚਲਾ ਨਦੀ ਦਾ ਮੈਟਾਫ਼ਰ ਜੀਵਨ ਦੀ ਗਤੀਸ਼ੀਲਤਾ ਵਿੱਚ ਕੁਸੈਲੇ ਪਲਾਂ ਨੂੰ ਡੀਕ ਲੈਣਾ ਤੇ ਸੁਖ਼ਨ ਪਲਾਂ ਦੀ ਦਿਸ਼ਾ ਦਾ ਸੰਕੇਤ ਉਲੀਕਦਾ ਹੈ।ਜਦੋਂ ਕਵਿਤਾ ਹੰਢਾਏ ਜਾ ਰਹੇ ਜੀਵਨ ਅਤੇ ਉਸ ਦੀ ਵਿਵਹਾਰਕ ਰਾਜਨੀਤੀ ਵਿੱਚੋਂ ਦੀ ਕਸੀਦੀ ਜਾਵੇ ਤਾਂ ਉਹ ਸਮਾਜ ਵਿਚਲੇ ਸੰਕਟਮਈ ਪਸਾਰ ਵੀ ਸਮਝ ਰਹੀ ਹੁੰਦੀ ਹੈ।ਰਾਜਿੰਦਰ ਕੌਰ ਮਾਵੀ ਦੀ ਕਾਵਿ ਪੁਸਤਕ 'ਮੈਂ ਅਹੱਲਿਆ ਨਹੀਂ' ਕਵਿਤਾ ਵਿੱਚ ਸਵੈ ਇੱਛਤ ਯਥਾਰਥ ਦੀ ਕਾਮਨਾ ਕਰਦੀ ਹੋਈ ਆਪਣੇ ਅੰਦਰ ਅਜਿਹਾ ਆਤਮ-ਵਿਸ਼ਵਾਸ ਪੈਦਾ ਕਰਨ ਦਾ ਸੁਪਨਾ ਬੀਜਦੀ ਹੈ ਕਿ ਔਰਤ ਦੇ ਵਿਕਾਸਿਕ ਰਾਹਾਂ ਵਿੱਚ ਪਈਆਂ ਹੋਈਆਂ ਅੜਚਣਾਂ ਨੂੰ ਦੂਰ ਕੀਤਾ ਜਾਵੇ। ਨਾਰੀ ਦੀ ਅਵਚੇਤਨਾ ਵਿੱਚ ਪਏ ਨਾਰੀਤਵ ਦੇ ਅਰਥਾਂ ਨਾਲ ਜੁੜੇ ਹੋਏ ਅਨੇਕਾਂ ਸਵਾਲਾਂ ਦੇ ਸਨਮੁੱਖ ਇਹ ਕਵਿਤਾ ਬੜੇ ਹੀ ਸਹਿਜ ਰੂਪ ਵਿੱਚ ਆਪਣਾ ਪ੍ਰਤੀਕਰਮ ਦਿੰਦੀ ਹੈ। ਉੱਥੇ 'ਵਕਤ ਦੇ ਸਫ਼ੇ 'ਤੇ' ਕਾਵਿ ਪੁਸਤਕ ਵਿੱਚ ਪ੍ਰੋ. ਨਵਜੋਤ ਸਮਾਜਿਕ ਵਰਤਾਰਿਆਂ ਨੂੰ ਆਲੋਚਨਾਤਮਕ ਪੱਖੋਂ ਵਾਚਦੀ ਹੋਈ ਆਪਣੀ ਸੰਵਾਦੀ ਬਿਰਤੀ ਦੇ ਨਾਲ ਵਰਤਾਰਿਆਂ ਦੀ ਸਿਆਸਤ ਨੂੰ ਦੇਖਦੀ ਹੈ।ਉਸ ਦੀ ਕਵਿਤਾ ਕੋਲ ਸਮਾਜੀ/ਰਾਜਸੀ ਪ੍ਰਬੰਧ ਦੇ ਪੈਦਾ ਕੀਤੇ ਹਰ ਸੰਕਟ ਨੂੰ ਵੰਗਾਰਨ ਦੀ ਸੁਰ ਹੈ।ਉਹ ਉਨ੍ਹਾਂ ਜੀਵੰਤ ਪੈੜਾਂ ਨੂੰ ਵੀ ਨਾਲ ਰੱਖਦੀ ਹੈ, ਜੋ ਮਨੁੱਖ ਲਈ ਪ੍ਰੇਰਨਾ-ਸਰੋਤ ਬਣਦੀਆਂ ਹਨ। ਸੁਰਿੰਦਰ ਗਿੱਲ ਜੈਪਾਲ ਦੀ ਪੁਸਤਕ 'ਪੌਣਾਂ ਮੀਲ ਸਰਹੱਦ' ਪੰਜਾਬ ਦੀ ਵੰਡ ਦੇ ਇਤਿਹਾਸ ਨੂੰ ਮਨੁੱਖ ਅੰਦਰਲੀ ਤੇ ਬਾਹਰਲੀ ਉਥਲ-ਪੁਥਲ, ਦੁੱਖ-ਦਰਦ, ਮਾਨਸਿਕ ਪੀੜਾ ਤੇ ਬੇਰਹਿਮੀ ਦੇ ਬਹੁਪੱਖਾਂ ਨੂੰ ਇਤਿਹਾਸਕ ਨਜ਼ਰੀਏ ਦੀ ਥਾਂ ਮਾਨਵੀ ਦ੍ਰਿਸ਼ਟੀ ਨਾਲ ਵਾਚਦੀ ਹੈ।ਇਸ ਪੁਸਤਕ ਦੀਆਂ ਕਵਿਤਾਵਾਂ ਵਿਚਲੇ ਬਿਰਤਾਂਤ ਤੇ ਦ੍ਰਿਸ਼ਾਂ, ਇਤਿਹਾਸ ਦੇ ਸਨਮੁੱਖ ਮਨੁੱਖ ਦੀ ਅਵਚੇਤਨ ਵਿੱਚ ਪਏ ਵੰਡ ਦੇ ਜ਼ਖ਼ਮਾਂ ਦਾ ਖੁਲਾਸਾ ਹੁੰਦਾ ਹੈ। 'ਯਾਰ ਰਬਾਬੀ' ਸੁਖਪ੍ਰੀਤ ਬੱਡੋਂ ਦੀ ਕਵਿਤਾ ਵਿਚਲੀ ਔਰਤ ਅਬਲਾ ਨਹੀਂ, ਬਲਕਿ ਹਰ ਤਰ੍ਹਾਂ ਦੀਆਂ ਅੜਚਣਾਂ ਵਿੱਚੋਂ ਪਾਰ ਜਾਣ ਦਾ ਦਮ ਰੱਖਦੀ ਹੈ।ਉਥੇ ਛਿੰਦਰ ਕੌਰ ਸਿਰਸਾ ਆਪਣੀ ਕਾਵਿ ਪੁਸਤਕ 'ਯਾਰੜਿਆਂ' ਵਿੱਚ ਹਰ ਸੰਕਟਮਈ ਪਲਾਂ ਤੋਂ ਛੁਟਕਾਰਾ ਪਾਉਣ ਲਈ ਅਦ੍ਰਿਸ਼ਟੀ ਸ਼ਕਤੀ ਦਾ ਰਹੱਸ ਪਾਉਣਾ ਚਾਹੁੰਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਅਧਿਆਤਮਕ ਤੇ ਪ੍ਰਕਿਰਤਕ ਰੰਗਤ ਛੁਪੇ ਜਾਂ ਅਣਛੁਪੇ ਰੂਪ ਵਿੱਚ ਹਾਜ਼ਰ ਹੋ ਜਾਂਦੀ ਹੈ।'ਸ਼ਬਦਾਂ ਦੇ ਰੇਗਿਸਤਾਨ ਵਿੱਚ' ਕਾਵਿ ਪੁਸਤਕ ਵਿੱਚ ਰਮਨ ਸਖੀ ਬਿਖਰੇ ਰਾਹਾਂ ਵਿੱਚੋਂ ਕੁਝ ਸਬੂਤੇ ਪਲ ਲੱਭਣ ਦੀ ਚਾਹਵਾਨ ਹੈ।ਜਸਪ੍ਰੀਤ ਦੀ ਕਾਵਿ ਪੁਸਤਕ 'ਅਹਿਸਾਸਾਂ ਦੀ ਕਿਣ ਮਿਣ' ਪੜ੍ਹਦਿਆਂ ਬਹੁਤ ਸਾਰੇ ਰੰਗਾਂ ਦੀ ਖ਼ੂਬਸੂਰਤੀ ਤੇ ਮੁਹੱਬਤ ਸਾਹਮਣੇ ਆਉਂਦੀ ਹੈ।ਇਹ ਕਵਿਤਾ ਉਸ ਦੇ ਨਿੱਜੀ ਅਨੁਭਵ ਹਨ, ਜੋ ਕੁਦਰਤ, ਫੋਟੋਗ੍ਰਾਫੀ, ਮਾਂ ਨਾਲ ਬੇਪਨਾਹ ਮੁਹੱਬਤ ਤੇ ਸ਼ਾਇਰ ਸੁਰਜੀਤ ਪਾਤਰ ਲਈ ਸਮਰਪਿਤ ਹਨ। ਅਜਿਹੀ ਕਵਿਤਾ ਦਾ ਸਵੈ ਕੇਂਦਰਤ ਬਿੰਦੂ ਹੁੰਦਾ ਹੈ, ਜੋ ਆਪਣੀਆਂ ਯਾਦਾਂ ਦਾ ਵਿਸਥਾਰ ਕਰਦਿਆਂ ਆਪਣੀ ਗੱਲ ਸੁਣਾਉਂਦਾ ਹੈ।ਇਸ ਵਰ੍ਹੇ ਦੀ ਨਾਰੀ ਰਚਿਤ ਕਵਿਤਾ ਨਾਰੀ ਦੇ ਵਜੂਦ ਨਾਲ ਜੁੜੇ ਹੋਏ ਅਨੇਕਾਂ ਮਸਲਿਆਂ ਦਾ ਚਿਤਰਣ ਕਰਦੀ ਰਹੀ। ਇਹ ਸੰਕਟਮਈ ਸਥਿਤੀਆਂ ਦੇ ਦੌਰ ਵਿੱਚ ਨਾਰੀ ਸਰੋਕਾਰਾਂ ਦੇ ਪ੍ਰਗਟਾਵੇ ਦਾ ਦੁਹਰਾਓ ਮਾਤਰ ਸਿਰਜਣਾ ਸਾਬਤ ਹੋਈ ਇਸ ਕਵਿਤਾ ਵਿੱਚ ਸਥਾਪਤੀ ਦੇ ਦਾਬੇ ਦੀਆਂ ਸੰਸਥਾਵਾਂ ਨੂੰ ਵੰਗਾਰਨ ਦੀ ਬੌਧਿਕ ਵਿਚਾਰਸ਼ੀਲਤਾ ਨਾਮਾਤਰ ਹੀ ਨਜ਼ਰ ਆਈ, ਜੋ ਜਟਿਲ ਤੇ ਸੰਜੀਦਾ ਮਸਲਿਆਂ ਨੂੰ ਕਟਾਖਸ਼ ਵਿੱਚ ਪਰਿਵਰਤਿਤ ਕਰਨ ਦੀ ਸਮਰੱਥਾ ਰੱਖਦੀ ਹੋਵੇ। ਉਂਝ ਇਸ ਕਵਿਤਾ ਨੂੰ ਸੁਹਜਮਈ ਸ਼ਬਦਾਂ ਰਾਹੀਂ ਭਾਵਾਂ ਨੂੰ ਸ਼ਿੰਗਾਰਨ ਦਾ ਵਲ਼ ਜ਼ਰੂਰ ਆਇਆ।ਜ਼ਿਆਦਾਤਰ ਕਵਿਤਾ ਰੂਹਾਨੀ ਅੰਸ਼ਾਂ ਨੂੰ ਲੱਭਦੀ ਆਪੇ 'ਤੇ ਸਿਮਟੀ ਰਹੀ।ਯਾਦਾਂ ਦੇ ਝਰੋਖਿਆਂ 'ਚੋਂ ਮੁਹੱਬਤ ਦੇ ਸਿਰਨਾਵੇਂ ਲੱਭਦੀ ਇਹ ਕਵਿਤਾ ਆਪਣੇ ਭਾਵਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਵਿੱਚ ਸੰਦੀਪ ਕੌਰ ਢੋਟ (ਵਹਿੰਦੇ ਜਜ਼ਬਾਤ), ਮਨਜੀਤ ਕੌਰ ਆਜ਼ਾਦ (ਅਹਿਸਾਸ), ਸੁਖਪ੍ਰੀਤ ਕੌਰ ਸਿੱਧੂ (ਕੁੰਜਿਆਂ ਦੀ ਮਹਿਕ), ਮੀਤ ਮਨਪ੍ਰੀਤ (ਚਿਣਕਾਂ), ਬੇਬੀ ਗੁਰਪਰਵੀਰ ਕੌਰ (ਖਾਮੋਸ਼ੀ ਤੋੜਦਿਆਂ), ਸਿਮਰਨਜੀਤ ਕੌਰ ਮਾਹਲਾ (ਤੇਰੇ ਨਹੀਂ ਖਿਆਲ ਭੁੱਲਦੇ), ਸੁਰਿੰਦਰ ਕੌਰ ਚਾਹਲ (ਏਥੋਂ ਓਥੋਂ), ਅਨੰਤ ਗਿੱਲ (ਪੈਰਾਂ ਹੇਠਲਾ ਅੰਬਰ), ਜੋਤੀ ਕੰਬੋਜ (ਕੋਈ ਇਹ ਨਾ ਆਖੇ), ਸਿਮਰਜੀਤ ਕੌਰ ਗਰੇਵਾਲ (ਮੈਂ ਕਵਿਤਾ ਹਾਂ), ਡਾ. ਸਰਬਜੀਤ ਕੌਰ ਬਰਾੜ (ਤੂੰ ਆਵੀਂ), ਨਵਜੋਤ ਕੌਰ ਭੁੱਲਰ (ਇੱਤਰ ਨਾਲ ਲਿਖੀ ਇਬਾਰਤ), ਸੁੰਮੀ ਸਮਾਰੀਆ (ਹਾਣੀ ਵਗਦੇ ਪਾਣੀ), ਰਣਜੀਤ ਕੌਰ ਸਵੀ (ਜੇ ਹੋਵੇਂ ਤੂੰ ਮੇਰਾ) ਆਦਿ ਕਾਵਿ ਪੁਸਤਕਾਂ ਨੇ ਹਾਜ਼ਰੀ ਲਵਾਈ। ਕਵਿਤਾ ਵਿੱਚ ਰੂਪਕ ਪੱਖੋਂ ਤੇ ਸੰਪਾਦਿਤ ਪੁਸਤਕਾਂ ਦੇ ਰੰਗ ਵੇਖੇ ਗਏ, ਜਿਸ 'ਇੱਕ ਕਟੋਰਾ ਚਾਨਣੀ' ਜਸਵੰਤ ਜ਼ਫ਼ਰ, ਵਿਅੰਗ ਕਾਵਿ 'ਮਾਹੌਲ' ਨਵਰਾਹੀ ਘੁਗਿਆਣਵੀ, 'ਹਵਾ ਦੀ ਬੁੱਕਲ' ਅਮਨਦੀਪ ਕੌਰ ਮਾਨ, 'ਨਣਦ ਦਿਆ ਵੀਰਿਆ' ਹਾਕਮ ਰੂੜੀਕੇ, 'ਪੋਹਲੀ ਦੇ ਫੁੱਲ' ਧਰਮ ਸਿੰਘ ਕੰਮੇਆਣਾ, 'ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ' ਸੰਤ ਸਿੰਘ ਸੋਹਲ, 'ਖ਼ੁਦਾ ਹਾਫ਼ਿਜ਼' (ਜੋਗਾ ਸਿੰਘ) ਸੰਪਾਦਕ ਗੁਰਬਚਨ ਸਿੰਘ ਭੁੱਲਰ, 'ਕਲਮੀ ਹੀਰੇ' ਸੰਪਾਦਕ ਸੁਖਵਿੰਦਰ ਸਿੰਘ ਲੋਟੇ, ਸਵਰਨਜੀਤ ਸਵੀ ਦੀ ਪ੍ਰਤੀਨਿਧ ਕਵਿਤਾ ਸੰਪਾਦਕ ਡਾ. ਯੋਗ ਰਾਜ, 'ਪ੍ਰਗਟ ਭਏ ਗੁਰੁ ਤੇਗ ਬਹਾਦਰ' ਸੰਪਾਦਕ ਪ੍ਰੋਫੈਸਰ ਜਗਮੋਹਨ ਸਿੰਘ, 'ਅਗਲੇ ਬਾਜ਼ਾਰ 'ਚ ਪ੍ਰਫੁੱਲ ਸ਼ਿਲੇਦਾਰ' ਅਨੁਵਾਦ ਸਤਪਾਲ ਭੀਖੀ ਆਦਿ ਪੁਸਤਕਾਂ ਸ਼ਾਮਲ ਹੋਈਆਂ।




ਇਸ ਸਾਲ ਦੀ ਜ਼ਿਆਦਾਤਰ ਕਵਿਤਾ ਸਵੈ ਕੇਂਦਰਤ ਸਰੋਕਾਰਾਂ ਜਾਂ ਘਟਨਾਵਾਂ ਬਾਰੇ ਪ੍ਰਤੀਕਰਮ ਦਿੰਦੀ ਆਪਣਾ ਕਾਵਿ ਕਰਮ ਤਾਂ ਕਰਦੀ ਰਹੀ, ਪਰ ਕਾਵਿ ਧਰਮ ਤੱਕ ਪਹੁੰਚਣ ਤੋਂ ਵਿੱਥ ਬਣਾ ਕੇ ਤੁਰਦੀ ਰਹੀ।ਇਹ ਵੀ ਸਾਹਮਣੇ ਆਇਆ ਕਿ ਬਹੁਤੀ ਕਵਿਤਾ ਅੰਦਰਲੀ ਕਵਿਤਾ ਜਾਂ ਤਾਂ ਗਹਿਰ-ਗੰਭੀਰ ਭਾਵਨਾਵਾਂ ਤੋਂ ਕੋਰੀ, ਜੋ ਸੱਤਹੀ ਪੱਧਰ ਤੱਕ ਸੀਮਤ ਰਹੀ ਜਾਂ ਕਿਤੇ ਇਹ ਬੌਧਿਕਤਾ ਦੇ ਬੋਝ ਥੱਲੇ ਦੱਬ ਪਾਠਕਾਂ ਤੋਂ ਦੂਰੀ 'ਤੇ ਵਿਚਰਦੀ ਹੈ। ਕਵਿਤਾ ਦੀ ਵਿਚਾਰ ਸਮੱਗਰੀ, ਪ੍ਰਗਟਾਓ ਭਾਸ਼ਾ ਤੇ ਨਿਭਾਉ ਵਿਧੀ ਵਿੱਚ ਸੰਤੁਲਨ ਬਣਾਉਣ ਵਿੱਚ ਵੀ ਪੂਰਨ ਰੂਪ ਵਿੱਚ ਸਫ਼ਲ ਨਹੀਂ ਹੋ ਸਕੀ। ਜਿੰਨੇ ਗੰਭੀਰ ਦੇਸ਼ ਅੰਦਰ ਸੰਕਟ ਮੰਡਰਾਅ ਰਹੇ ਹਨ, ਉਨ੍ਹਾਂ ਪ੍ਰਤੀ ਸਮਾਜ ਨੂੰ ਸੁਚੇਤ ਕਰਨ ਦਾ ਸੁਆਲ ਕਵਿਤਾ ਦੇ ਸਾਹਵੇਂ ਖੜ੍ਹਾ ਹੈ।

ਸੰਪਰਕ : 94636-15536








## 2025 ਦੀ ਪੰਜਾਬੀ ਕਹਾਣੀ

# ਪੇਚੀਦਾ ਬਿਰਤਾਂਤਕ ਪਰਤਾਂ ਫਰੋਲਦੀ ਪੰਜਾਬੀ ਕਹਾਣੀ

ਡਾ. ਸੰਦੀਪ ਰਾਣਾ

ਮਸਨੂਈ ਬੁੱਧੀ ਦੇ ਇਸ ਯੁੱਗ ਵਿੱਚ 2025 ਦੀ ਕਹਾਣੀ ਪਿਛਲੇਰੇ ਸਾਲਾਂ ਦੇ ਸਮਾਨੰਤਰ ਵਿਸ਼ਾ-ਵਸਤੂ, ਕਥਾ-ਜੁਗਤਾਂ ਅਤੇ ਸਹਿਜ ਬਿਰਤਾਂਤਕ ਤਕਨੀਕਾਂ ਦੀਆਂ ਪੈੜਾਂ ਵਿੱਚ ਪੈਰ ਧਰ ਕੇ ਰਵਾਇਤੀ ਬਿਰਤਾਂਤ ਤੋਂ ਪਾਰ ਜਾਂਦੀ ਦਿਸਦੀ ਹੈ। ਇਹ ਕਹਾਣੀ ਅਨੁਭਵਾਂ ਦੇ ਅਚੇਤ ਤੱਕ ਪਹੁੰਚ ਕੇ ਵਿਲੱਖਣ ਕਥਾ ਦ੍ਰਿਸ਼ਟੀ ਅਤੇ ਭਾਸ਼ਿਕ ਵਰਤੋਂ ਰਾਹੀਂ ਵੱਖਰੇ ਜ਼ਾਵੀਏ ਤੋਂ ਅਕੱਥ ਨੂੰ ਸਮਝਾਉਂਦੀ ਅਰਥਾਂ ਦੀਆਂ ਪ੍ਰਤੀਧੁਨੀਆਂ ਪੈਦਾ ਕਰਦੀ ਹੈ। ਇਹੀ ਵਿਲੱਖਣਤਾ ਪੰਜਾਬੀ ਕਹਾਣੀ ਨੂੰ ਵਿਸ਼ਵ ਪੱਧਰੀ ਮਿਆਰ ਵੱਲ ਲਿਜਾ ਰਹੀ ਹੈ, ਪਰ ਇਸ ਵਿਸ਼ਵ ਪੱਧਰੀ ਹੋਣ ਦੀ ਦੌੜ ਦੇ ਨਾਂਅ 'ਤੇ ਇਕ ਹੀ ਕਹਾਣੀ ਵਿੱਚ ਵਿਸ਼ੇ, ਕਥਾ-ਜੁਗਤਾਂ, ਬਿਰਤਾਂਤ ਅਤੇ ਸੱਭਿਆਚਾਰਾਂ ਦੀ ਬਹੁਤਾਤ ਇਸ ਵਿਧਾ-ਰੂਪ ਨੂੰ ਹੋਰ ਜ਼ਿਆਦਾ ਜਟਿਲ ਬਣਾ ਰਹੀ ਹੈ। ਅਸਲ ਵਿੱਚ ਅਜੋਕੇ ਸਮੇਂ ਵਿੱਚ ਜ਼ਿਹਨੀ ਦਵੰਦ, ਹਯਾਤੀ ਦੇ ਸੰਕਟ ਅਤੇ ਲੋਕਾਚਾਰ ਦੀਆਂ ਨਿਰੰਤਰ ਸੰਘਰਸ਼ਸ਼ੀਲ ਹਾਲਤਾਂ ਕਾਰਨ ਵਿਅਕਤੀ ਦੀ ਫ਼ਿਤਰਤ ਪੇਚੀਦਾ ਹੋ ਰਹੀ ਹੈ। ਦੁਨੀਆ ਦੇ ਹਰ ਵਰਤਾਰੇ ਨੂੰ ਨਵ-ਸਾਮਰਾਜ ਪ੍ਰਭਾਵਿਤ ਕਰ ਰਿਹਾ ਹੈ। ਕਾਰਪੋਰੇਟ ਜਗਤ, ਲੋਕਾਈ ਦੇ ਜ਼ਿਹਨਾਂ ਨੂੰ ਕਾਬੂ ਕਰ ਅਵਚੇਤਨ ਪੱਧਰ 'ਤੇ ਬਦਲਾਅ ਲਿਆ ਰਿਹਾ ਹੈ। ਇਸ ਸਭ ਵਰਤਾਰੇ ਵਿੱਚ ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਮੀਡੀਆ ਕਾਰਨ ਹੋ ਰਹੇ ਇਸ ਸਭ ਕਾਸੇ ਤੋਂ ਮਨੁੱਖੀ ਸੋਚ ਅਣਜਾਣ ਹੈ। ਇਹਨਾਂ ਸਾਰੇ ਵਰਤਾਰਿਆਂ ਦੀ ਇੰਨ-ਬਿੰਨ ਪੇਸ਼ਕਾਰੀ ਕਰਦੀ ਪੰਜਾਬੀ ਕਹਾਣੀ ਜਿੱਥੇ ਰਵਾਇਤੀ ਵਿਸ਼ਿਆਂ ਨੂੰ ਪੇਸ਼ ਕਰ ਰਹੀ ਹੈ, ਉੱਥੇ ਇਹਨਾਂ ਸਮਕਾਲੀ ਵਿਸ਼ਿਆਂ 'ਤੇ ਨਵੀਨ ਪ੍ਰਯੋਗ ਵੀ ਕਰ ਰਹੀ ਹੈ। ਪਰੰਪਰਾ ਅਤੇ ਨਵੀਨਤਾ ਦੇ ਸੋਝੀ ਨਾਲ ਮੇਲ ਕਰਨ ਦੀ ਕੋਸ਼ਿਸ਼ ਤਾਂ ਕੀਤੀ ਜਾ ਰਹੀ ਹੈ, ਪਰ ਕਹਾਣੀ ਦੀ ਸੰਰਚਨਾ ਹੋਰ ਵੱਧ ਪੇਚੀਦਾ ਹੁੰਦੀ ਜਾ ਰਹੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਇਸ ਢੰਗ ਨਾਲ ਹੀ ਪੰਜਾਬੀ ਕਹਾਣੀ ਪੰਜਾਬੀ ਜੀਵਨ ਦੀਆਂ ਪੇਚੀਦਗੀਆਂ, ਯਥਾਰਥਵਾਦੀ ਹਾਲਤਾਂ ਅਤੇ ਰਹਿਤਲ ਦੀ ਸੱਚਾਈ ਨੂੰ ਬਿਆਨ ਕਰਨ ਵਿੱਚ ਸਮਰੱਥ ਬਣ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਦੂਹਰੇ-ਤੀਹਰੇ ਖੰਡਿਤ ਬਿਰਤਾਂਤ, ਨਿਵੇਕਲੇ ਭਾਸ਼ਾਈ ਪ੍ਰਯੋਗ, ਵਿਸ਼ੇ-ਵਸਤੂ ਦੀ ਵਿਭਿੰਨਤਾ ਅਤੇ ਸ਼ੈਲੀਗਤ ਨਵੀਨ ਢੰਗ ਕਹਾਣੀ ਸਿਰਜਣ ਦੇ ਖੇਤਰ ਵਿੱਚ ਆਮ ਹੀ ਹੋ ਰਿਹਾ ਹੈ। ਪਾਠਕ ਲਈ ਅਜਿਹੀਆਂ ਕਹਾਣੀਆਂ ਵਿਚਲੇ ਕੱਥ ਨੂੰ ਸਮਝਣਾ ਅਤੇ ਅਕੱਥ ਨੂੰ ਡੀਕੋਡ ਕਰਨਾ ਉਸ ਦੀ ਚੇਤੰਨ ਯੋਗਤਾ 'ਤੇ ਨਿਰਭਰ ਹੋ ਜਾਂਦਾ ਹੈ। ਇੱਥੇ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬੀ ਵਿੱਚ ਸਾਧਾਰਨ ਸਤਹੀ ਕਹਾਣੀ ਤਾਂ ਉਵੇਂ ਹੀ ਰਿਵਾਇਤੀ ਅਤੇ ਸਥਾਪਤ ਸ਼ੈਲੀ ਵਿੱਚ ਲਿਖੀ ਜਾ ਰਹੀ ਹੈ। ਸਾਲ 2025 ਵਿੱਚ ਤਿੰਨ ਦਰਜਨ ਤੋਂ ਵੱਧ ਪ੍ਰਕਾਸ਼ਿਤ ਹੋਏ ਕਹਾਣੀ-ਸੰਗ੍ਰਹਿ ਜ਼ਿਆਦਾਤਰ ਗਿਣਾਤਮਕ ਪੱਖੋਂ ਹੀ ਆਪਣੀ ਕਾਰਗੁਜ਼ਾਰੀ ਸਿੱਧ ਕਰਦੇ ਹਨ, ਪਰ ਨਾਲ ਹੀ ਕਾਰਪੋਰੇਟ ਜਗਤ ਦੇ ਪ੍ਰਭਾਵ ਹੇਠ ਪਸਤ ਹੋਏ ਵਿਅਕਤੀ ਦੇ ਸਾਰੇ ਪੱਖ ਪੇਸ਼ ਕਰਦੀ ਹੋਰ ਪੇਚੀਦਾ ਹੋ ਰਹੀ ਕਹਾਣੀ 'ਆਪਣੀ ਸੰਰਚਨਾ' ਵਿਸ਼ੇ ਅਤੇ ਜੁਗਤਾਂ ਕਾਰਨ ਚਰਚਾ ਦਾ ਵਿਸ਼ਾ ਬਣ ਰਹੀ ਹੈ। ਇਸ ਲਈ ਇਸ ਸਾਲ ਦੀਆਂ ਉਹਨਾਂ ਮਹੱਤਵਪੂਰਨ ਕਹਾਣੀਆਂ ਦਾ ਜ਼ਿਕਰ ਪਹਿਲਾਂ ਕਰਨਾ ਜ਼ਰੂਰੀ ਹੋ ਜਾਂਦਾ ਹੈ, ਜੋ ਮਸਨੂਈ ਬੁੱਧੀ ਦੇ ਯੁੱਗ ਵਿੱਚ ਪੰਜਾਬ ਦੇ ਸਮਕਾਲੀ ਰਹਿਤਲ ਦੀ ਅਸਲ ਤਸਵੀਰਕਸ਼ੀ ਕਰਦੀਆਂ ਹਨ ਅਤੇ ਆਪਣੀ ਸਮਕਾਲੀ ਵਿਸ਼ਿਆਂ ਕਾਰਨ ਪਾਠਕਾਂ ਦਾ ਧਿਆਨ ਖਿੱਚਦੀਆਂ ਹਨ।




2025 ਦੀਆਂ ਸਭ ਤੋਂ ਚਰਚਿਤ ਕਹਾਣੀਆਂ ਵਿੱਚ ਸਭ ਤੋਂ ਪਹਿਲਾਂ ਲਤੀਫ਼ੇ ਤੋਂ ਬਾਅਦ ਡਿਗਿਆ ਹੰਝੂ (ਜਸਵੀਰ ਸਿੰਘ ਰਾਣਾ) ਸੰਗ੍ਰਹਿ ਦੀ ਕਹਾਣੀ 'ਜ਼ੁਬਾਨ ਕੇਸਰੀ' ਦਾ ਨਾਂਅ ਆਉਂਦਾ ਹੈ, ਜੋ ਨਾਲ ਹੀ ਸਾਹਿਤਕ ਪੱਤ੍ਰਿਕਾ 'ਮੰਤਵ' ਦੇ ਸਤੰਬਰ-ਦਸੰਬਰ ਅੰਕ ਵਿੱਚ ਵੀ ਪ੍ਰਕਾਸ਼ਿਤ ਹੋਈ। ਇਸ ਬਹੁਪਰਤੀ ਕਹਾਣੀ ਵਿੱਚ ਕਹਾਣੀਕਾਰ ਇਤਿਹਾਸਕ ਪਰਤਾਂ ਨੂੰ ਇੰਟਰਨੈੱਟ ਯੁੱਗ ਵਿੱਚ ਖੋਲ੍ਹਦਾ ਹੈ। ਕੇਸਰੀ ਰੰਗ ਨੂੰ ਕੇਂਦਰੀ ਮੈਟਾਫਰ ਵਜੋਂ ਵਰਤਦਾ ਕਹਾਣੀਕਾਰ ਸੁਪਨ-ਸੁਰਤਿ ਅਵਸਥਾ ਰਾਹੀਂ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ। ਬਾਪੂ ਦੇ ਪਰਨੇ ਦਾ ਰੰਗ, ਛੋਟੇ ਸਾਹਿਬਜ਼ਾਦਿਆਂ ਦੀਆਂ ਦਸਤਾਰਾਂ ਦਾ ਰੰਗ, ਨਿਸ਼ਾਨ ਸਾਹਿਬ ਦਾ ਬਦਲ ਰਿਹਾ ਰੰਗ, ਕੰਪਨੀ ਰਾਜ ਦਾ ਰਾਖਵਾਂ ਰੰਗ, ਇੰਦਰਜੀਤ ਨਾਂਅ ਦੇ ਕ੍ਰਾਂਤੀਕਾਰੀ ਪਾਤਰ ਦੀ ਜ਼ੁਬਾਨ ਦਾ ਰੰਗ, ਟੀਵੀ ਮਸ਼ਹੂਰੀ ਵਿੱਚ ਪੇਸ਼ ਜ਼ੁਬਾਨ ਕੇਸਰੀ ਅਤੇ ਸਰਕਾਰੀ ਕੇਸਰੀ ਰੰਗ ਹਰ ਉਪ-ਬਿਰਤਾਂਤ ਵਿੱਚ ਹਾਜ਼ਰ ਰਹਿੰਦਾ ਹੈ। ਕਹਾਣੀ ਵਿੱਚ ਬਾਲ ਵੀਰ ਦਿਵਸ, ਪੂਰਬੀ ਕਲੋਨੀ, ਠੰਢੀ ਹਵਾ ਤੋਂ ਬਚਾਅ, ਸ਼ਬਦ ਦੀ ਮੌਤ, ਕੰਪਨੀ ਰਾਜ ਦੀ ਭਾਸ਼ਾ, ਬਾਂਹ ਦਾ ਸੁੰਨ ਹੋਣਾ, ਦੋ ਸਰਦਾਰਾਂ ਦਾ ਗੁਰਦੁਆਰੇ ਦਾ ਰਸਤਾ ਭੁੱਲਣਾ ਅਤੇ ਪੰਜਾਬ ਕੌਰ ਨਾਂਅ ਦੀ ਰੋਬੋਟ ਅਧਿਆਪਕ ਆਦਿ ਕਈ ਸੰਕੇਤ ਸਮਕਾਲ ਨੂੰ ਚਿਤਰਤ ਕਰਦੇ ਹਨ, ਪਰ ਇਹ ਕਹਾਣੀ ਆਮ ਪਾਠਕ ਲਈ ਨਹੀਂ। ਪਹਿਲਾਂ ਤਾਂ 40 ਸਫ਼ਿਆਂ ਵਿੱਚ ਫੈਲੀ ਇਸ ਲੰਬੀ ਪੇਚੀਦਾ ਬਿਰਤਾਂਤ ਵਾਲੀ ਕਹਾਣੀ ਨੂੰ ਪੜ੍ਹਨਾ ਸੌਖਾ ਨਹੀਂ। ਜੇ ਪਾਠਕ ਸਬਰ, ਸੰਤੋਖ ਅਤੇ ਚੇਤੰਨਤਾ ਨਾਲ ਇਸ ਦੀ ਪੜ੍ਹਤ ਖ਼ਤਮ ਕਰ ਲਵੇ ਤਾਂ ਰਾਜਨੀਤਕ ਪੈਂਤੜੇ ਦੀ ਸਮਝ ਰੱਖਣ ਵਾਲੇ, ਇਤਿਹਾਸ ਅਤੇ ਰੰਗਾਂ ਦੀ ਸਿਆਸਤ ਤੋਂ ਜਾਣੂ ਪਾਠਕ ਲਈ ਹੀ ਇਹ ਬਿਹਤਰੀਨ ਕਹਾਣੀ ਹੈ। ਇਸੇ ਪੁਸਤਕ ਦੀ ਕਹਾਣੀ '180 ਮਿੰਟ ਦਾ ਆਤੰਕ ਕਾਲ' ਪੰਜਾਬੀ ਦੀ ਪਹਿਲੀ ਡਰਾਉਣੀ ਕਹਾਣੀ ਮੰਨੀ ਜਾ ਸਕਦੀ ਹੈ ਪਰ ਜਟਿਲਤਾ ਪੱਖੋਂ ਇਹ ਪਹਿਲੀ ਕਹਾਣੀ ਤੋਂ ਵੀ ਅੱਗੇ ਹੈ। 'ਲਤੀਫ਼ੇ ਤੋਂ ਬਾਅਦ ਡਿੱਗਿਆ ਹੰਝੂ' ਅਤੇ 'ਸਫ਼ੈਦ ਦਾੜ੍ਹੀ 'ਤੇ ਬੈਠੀ ਤਿੱਤਲੀ' ਵਸਤੂਵਾਦੀ ਯੁੱਗ ਦੇ ਮਾੜੇ ਪ੍ਰਭਾਵਾਂ ਅਤੇ 'ਇੱਕ ਦਸਤਾਰ ਰੱਤ ਲਿੱਬੜੀ' ਪੰਜਾਬ ਦੇ ਕਾਲੇ ਦੌਰ ਨੂੰ ਦਰਸਾਉਂਦੀਆਂ ਕਹਾਣੀਆਂ ਹਨ। ਅਜੋਕੇ ਦੌਰ ਦੇ ਮਸਲਿਆਂ ਨੂੰ ਪੇਸ਼ ਕਰਦੀ ਦੂਜੀ ਕਹਾਣੀ 'ਇਕ ਮਜ਼ਾਰ ਹੋਰ', ਲਾਲ ਰੱਤਾ (ਭੁਪਿੰਦਰ ਸਿੰਘ ਮਾਨ) ਨਾਂਅ ਦੇ ਸੰਗ੍ਰਹਿ ਵਿੱਚ ਸ਼ਾਮਲ ਹੈ। ਇਹ ਕਹਾਣੀ ਪੰਜਾਬੀ ਸੱਭਿਆਚਾਰ ਵਿੱਚੋਂ 'ਦੌਲੇ ਸ਼ਾਹ ਦੇ ਚੂਹੇ' ਦੇ ਮੈਟਾਫ਼ਰ ਨੂੰ ਲੈ ਕੇ ਲਿਖੀ ਗਈ ਕਹਾਣੀ ਹੈ। ਇਸ ਰਵਾਇਤ ਅਨੁਸਾਰ ਬਾਂਝ ਔਰਤਾਂ ਦੁਆਰਾ ਦੌਲੇ ਸ਼ਾਹ ਫ਼ਕੀਰ ਦੀ ਸੁੱਖਣਾ ਪੂਰੀ ਹੋਣ 'ਤੇ ਡੇਰੇ ਵਿੱਚ ਚੜ੍ਹਾਏ ਗਏ ਛੋਟੇ-ਛੋਟੇ ਬੱਚਿਆਂ ਦੇ ਸਿਰਾਂ ਉੱਤੇ ਇੱਕ ਖ਼ਾਸ ਕਿਸਮ ਦੇ ਲੋਹੇ ਦੇ ਟੋਪ ਪਾ ਚੂਹੇ ਵਰਗੀ ਸ਼ਕਲ ਬਣਾ ਬੱਚਿਆਂ ਦੇ ਦਿਮਾਗ਼ ਦਾ ਵਿਕਾਸ ਰੋਕ ਦਿੱਤਾ ਜਾਂਦਾ ਹੈ। ਕਾਰਪੋਰੇਟ ਜਗਤ ਦੇ ਆਰਥਿਕ ਚੱਕਰ ਵਿੱਚ ਫਸੇ ਆਧੁਨਿਕ ਨੌਜਵਾਨਾਂ ਦੇ ਜੀਵਨ ਯਥਾਰਥ ਨੂੰ ਕਹਾਣੀਕਾਰ ਨੇ ਇਸ ਮੈਟਾਫ਼ਰ ਰਾਹੀਂ ਦਰਸਾਇਆ ਹੈ। ਇਹ ਬਿਰਤਾਂਤ ਲਿਵ-ਇਨ ਰਿਲੇਸ਼ਨ ਵਿੱਚ ਰਹਿ ਰਹੀ, ਨੋ ਚਾਈਲਡ ਦੀ ਸੋਚ ਵਾਲੀ ਅਤੇ ਆਪਣੇ ਕਰੀਅਰ ਅਤੇ ਟਾਰਗੇਟ ਨੂੰ ਮੁੱਖ ਰੱਖ ਜੀਵਨ ਜੀਅ ਰਹੀ ਨਵੀਂ ਪੀੜ੍ਹੀ ਦੇ ਜੀਵਨ ਨੂੰ ਵਿਸ਼ਾ ਬਣਾਉਂਦਾ ਹੈ। ਕਹਾਣੀ ਦੇ ਸਿਖ਼ਰ 'ਤੇ ਸ਼ਹਿਰ ਵਿੱਚ ਨਵੀਂ ਆਈ.ਆਈ.ਟੀ. ਖੁੱਲ੍ਹਣ ਬਾਰੇ ਪਤਾ ਲੱਗਦਾ ਹੈ ਤਾਂ ਕਹਾਣੀ ਦੀ ਮੁੱਖ ਪਾਤਰ ਨੂੰ ਇਹ ਦੌਲੇ ਸ਼ਾਹ ਦੀ ਨਵੀਂ ਮਜ਼ਾਰ ਖੁੱਲ੍ਹਣ ਵਾਂਗ ਲੱਗਦਾ ਹੈ। ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ 'ਹੈਪੀ ਐਂਡਿੰਗ', 'ਹੈੱਡ ਹੰਟਰਜ਼', 'ਲਾਲ ਰੱਤਾ' ਅਤੇ 'ਤੁਖ਼ਮ' ਦਾ ਕਥਾਨਕ ਪੰਜਾਬ ਅਤੇ ਦੇਸ਼ ਦੇ ਹੋਰ ਰਾਜਾਂ ਦੇ ਵਿਭਿੰਨ ਧਰਮਾਂ, ਜਾਤਾਂ, ਅਤੇ ਸਮੁਦਾਇਆਂ ਦੇ ਸੱਭਿਆਚਾਰਕ ਧਰਾਤਲਾਂ ਤੱਕ ਫੈਲਿਆ ਹੈ ਪਰ ਬਹੁਸੱਭਿਆਚਾਰਵਾਦ ਦੇ ਪ੍ਰਭਾਵ ਹੇਠ ਉਸ ਦੇ ਨਿਵੇਕਲੇ ਅਨੁਭਵਾਂ, ਖੁੱਲ੍ਹੇ ਨਜ਼ਰੀਏ ਅਤੇ ਘੁੰਮਣ-ਫਿਰਨ ਦੀ ਬਿਰਤੀ ਕਾਰਨ ਅਜਿਹੇ ਵਿਸ਼ਿਆਂ ਦੀਆਂ ਕਹਾਣੀਆਂ ਸਤਹੀ ਕਥਾ ਤੋਂ ਪਰੇ ਹੋ ਸਫ਼ਰਨਾਮੇ ਦਾ ਭੁਲੇਖਾ ਵੀ ਪਾਉਂਦੀਆਂ ਹਨ।




ਵਿਸ਼ਵੀਕਰਨ ਅਤੇ ਵਸਤੂਵਾਦੀ ਯੁੱਗ ਵਿੱਚ ਕਾਰਪੋਰੇਟ ਜਗਤ ਵੱਲੋਂ ਖੇਡੀ ਜਾਂਦੀ ਰਾਜਨੀਤੀ ਦਰਸਾਉਂਦੀ ਇਕ ਕਹਾਣੀ 'ਸੱਚ ਘਰ ਦਾ ਰਾਹ', ਮਨਕਥੀਆਂ (ਬਿੰਦਰ ਬਸਰਾ) ਪੁਸਤਕ ਵਿੱਚ ਪ੍ਰਕਾਸ਼ਿਤ ਹੋਈ ਹੈ। ਇਸ ਕਹਾਣੀ ਵਿੱਚ ਇਸ ਕਾਰਪੋਰੇਟ ਯੁੱਗ ਦੀਆਂ ਗਤੀਵਿਧੀਆਂ ਦੀ ਮਾਰ ਅਸਲ ਵਿੱਚ ਪਿੰਡ ਦੇ ਦਲਿਤ ਲੋਕ ਹੀ ਝੱਲਦੇ ਹਨ ਤੇ ਕੰਪਨੀਆਂ ਦੁਆਰਾ ਖੇਡੀ ਜਾ ਰਹੀ ਇਸ ਰਾਜਨੀਤੀ ਨਾਲ ਦਲਿਤਾਂ ਦੇ ਹੱਥ ਕੇਵਲ ਅਸਮੱਰਥਤਾ ਹੀ ਰਹਿ ਜਾਂਦੀ ਹੈ। ਕਹਾਣੀਕਾਰ ਨੇ ਇਸ ਸਾਰੇ ਬਿਰਤਾਂਤ ਨੂੰ ਸੰਰਚਨਾ ਦੀ ਦ੍ਰਿਸ਼ਟੀ ਤੋਂ ਸਾਧਾਰਨ ਬਿਰਤਾਂਤ ਸਿਰਜਦੇ ਹੋਏ ਰਾਜਨੀਤਕ ਪੈਂਤੜੇ, ਪਿੰਡ ਦੇ ਪੱਧਰ ਦੀ ਰਾਜਨੀਤੀ, ਕਾਰਪੋਰੇਟ ਚਾਲਾਂ ਅਤੇ ਪਿੰਡਾਂ ਦੇ ਬਦਲ ਰਹੇ ਰਹਿਣ-ਸਹਿਣ ਨੂੰ ਚਿਤਰਤ ਕੀਤਾ ਹੈ। ਅਸਲ ਵਿੱਚ ਕਥਾਕਾਰ ਬਸਰਾ ਦੇ ਵਿਅਕਤੀਗਤ ਤਜਰਬੇ ਕਹਾਣੀ ਦਾ ਮੂਲ ਬਣ ਉਸ ਦੇ ਪਾਤਰਾਂ ਦੇ ਮਨਾਂ ਵਿੱਚ ਉੱਤਰ ਕੇ ਇੱਛਾਵਾਂ ਅਤੇ ਸੰਘਰਸ਼ਾਂ ਦੀ ਪੇਸ਼ਕਾਰੀ ਵੱਲ ਅਹੁਲਦੇ ਮਨੋਯਥਾਰਥ ਪੇਸ਼ ਕਰਦੇ ਹਨ। 'ਇਨਸਾਈਡਰ', 'ਕੱਲ੍ਹ ਵੀ ਆਉਣੈ' ਅਤੇ 'ਮੁਸ਼ਕਲ ਹੈ ਗੁਰਲਾਭ ਨੂੰ ਭੁੱਲਣਾ' ਇਸ ਪੁਸਤਕ ਦੀਆਂ ਜ਼ਿਕਰਯੋਗ ਕਹਾਣੀਆਂ ਹਨ। ਮਸ਼ੀਨੀ ਯੁੱਗ ਦੇ ਪ੍ਰਭਾਵਾਂ ਨੂੰ ਪੇਸ਼ ਕਰਦੀ ਇਕ ਹੋਰ ਕਹਾਣੀ 'ਬਿਖੜੇ ਪੈਂਡਿਆਂ ਦਾ ਨਾਚ' ਹੈ। ਕਬਰਾਂ ਵਿੱਚ ਉੱਗੇ ਫ਼ੁੱਲ (ਡਾ. ਰਾਜਪ੍ਰੀਤ ਕੌਰ ਬੈਨੀਪਾਲ) ਪੁਸਤਕ ਵਿੱਚ ਪ੍ਰਕਾਸ਼ਿਤ ਇਹ ਦੂਹਰੇ ਬਿਰਤਾਂਤ ਵਾਲੀ ਕਹਾਣੀ ਅਜੋਕੇ ਦੌਰ ਵਿੱਚ ਮਸ਼ੀਨਾਂ ਬਣ ਵਿਚਰ ਰਹੇ ਉਨ੍ਹਾਂ ਨੌਜਵਾਨ ਵਿਦਿਆਰਥੀਆਂ ਦੀ ਗੱਲ ਕਰਦੀ ਹੈ, ਜੋ ਚੰਡੀਗੜ੍ਹ ਦੇ ਕੋਚਿੰਗ ਸੈਂਟਰਾਂ ਵਿੱਚ ਕੋਚਿੰਗ ਲੈ ਕੇ ਡਾਕਟਰ ਬਣਨ ਦੀ ਹੋੜ ਵਿੱਚ ਗੁਆਚ ਰਹੇ ਹਨ। ਇਹ ਨੌਜਵਾਨ ਅਸਫ਼ਲ ਹੋਣ ਦੀ ਹਾਲਤ 'ਚ ਡਿਪਰੈਸ਼ਨ ਹੇਠ ਜ਼ਿੰਦਗੀ ਜਿਊਂਦੇ ਹਨ ਅਤੇ ਜ਼ਿੰਦਗੀ ਖ਼ਤਮ ਵੀ ਕਰ ਲੈਂਦੇ ਹਨ। ਉਹਨਾਂ ਤੋਂ ਬਾਅਦ ਉਹਨਾਂ ਦੇ ਮਾਪਿਆਂ ਦੀ ਤਰਸਯੋਗ ਹਾਲਤ ਨੂੰ ਕਹਾਣੀਕਾਰਾ ਨੇ ਜਿੱਥੇ ਬਹੁਤ ਮਾਰਮਿਕ ਢੰਗ ਨਾਲ ਚਿਤਰਤ ਕੀਤਾ ਹੈ, ਉਥੇ ਨਾਲ ਹੀ ਅਜੋਕੇ ਸਮੇਂ ਦੇ ਵਹਾਅ ਨੂੰ ਸਮਝਦਾਰੀ ਨਾਲ ਬੰਨ੍ਹਣ ਦੀ ਪ੍ਰੇਰਨਾ ਵੀ ਦਿੱਤੀ ਹੈ। ਡੂੰਘੇ ਅਰਥਾਂ ਦੀਆਂ ਧਾਰਨੀ ਹੋਣ ਕਾਰਨ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਨਿਵੇਕਲੇ ਵਿਸ਼ੇ ਪੰਜਾਬ ਦੇ ਪਿੰਡਾਂ ਤੋਂ ਲੈ ਕੇ ਇਜ਼ਰਾਇਲ ਤੱਕ ਫੈਲੇ ਹੋਏ ਹਨ। ਅਜੋਕੇ ਸਮਾਜ ਦੇ ਲੱਗਭੱਗ ਹਰ ਮਸਲੇ ਨੂੰ ਛੂਹਣ ਦੀ ਕੋਸ਼ਿਸ਼ ਵਿਚ ਕਥਾਕਾਰਾ ਨੇ ਬਹੁਪਰਤੀ ਕਹਾਣੀਆਂ ਲਿਖੀਆਂ ਹਨ ਅਤੇ ਮਨੋਵਿਸ਼ਲੇਸ਼ਣ ਢੰਗ ਨਾਲ ਪਾਤਰ ਅਤੇ ਦ੍ਰਿਸ਼ ਚਿਤਰਣ ਇਹਨਾਂ ਕਹਾਣੀਆਂ ਦੇ ਪ੍ਰਸੰਗਕਤਾ ਨੂੰ ਵੀ ਸਥਾਪਤ ਕਰਦਾ ਹੈ। ਬਿਖੜੇ ਪੈਂਡਿਆਂ ਦਾ ਨਾਚ, ਸੁੱਚੀ ਫ਼ੁਲਕਾਰੀ, ਕਬਰਾਂ ਵਿੱਚ ਉੱਗੇ ਫ਼ੁੱਲ ਸਰਗਮ ਵਿਹੂਣੇ ਸਾਜ਼ ਅਤੇ ਪੰਜਾਬ ਬੰਦ ਉਸ ਦੀਆਂ ਪ੍ਰਮੁੱਖ ਕਹਾਣੀਆਂ ਹਨ।




ਨੌਜਵਾਨ ਬੱਚਿਆਂ ਦੀ ਪਰਵਰਿਸ਼ ਬਾਰੇ ਕਹਾਣੀ-ਸੰਗ੍ਰਹਿ 'ਸੁਪਨੇ ਦਾ ਗਵਾਹ ਨਹੀਂ ਹੁੰਦਾ' (ਸੰਦੀਪ ਸਮਰਾਲਾ) ਦੀ ਇੱਕ ਜ਼ਿਕਰਯੋਗ ਕਹਾਣੀ 'ਬਸ! ਇਤਨੀ ਸੀ ਬਾਤ' ਹੈ। ਬੱਚਿਆਂ ਦੀ ਪਰਵਰਿਸ਼ ਨੂੰ ਲੈ ਕੇ ਮਨੋਵਿਗਿਆਨਿਕ ਢੰਗ ਨਾਲ ਸਿਰਜੇ ਇਸ ਕਥਾਨਕ ਵਿੱਚ ਇਕ ਮਾਂ ਦੁਆਰਾ ਵਰਤੇ ਜਾਂਦੇ ਤਰਬੀਅਤ ਢੰਗਾਂ ਦੀ ਗੱਲ ਕੀਤੀ ਗਈ ਹੈ, ਜਦੋਂ ਸਖ਼ਤ ਅਸੂਲਾਂ ਕਾਰਨ ਉਸ ਦਾ ਪੁੱਤ ਚੇਤਨ ਮਨੋਰੋਗੀ ਬਣ ਜਾਂਦਾ ਹੈ। ਕਹਾਣੀਕਾਰ ਨੇ ਅੱਜ ਦੇ ਸਮੇਂ ਵਿੱਚ ਬੱਚਿਆਂ ਦੀ ਪਰਵਰਿਸ਼ ਲਈ ਸਮਾਜ ਵਿੱਚ ਪ੍ਰਚਲਿਤ ਢੰਗਾਂ ਨੂੰ ਵਿਸ਼ਾ ਬਣਾ ਕੇ ਸੰਵਾਦੀ ਸ਼ੈਲੀ ਅਪਣਾ ਕੇ ਸਹੀ ਗ਼ਲਤ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਅਜੋਕੇ ਸਮੇਂ ਵਿੱਚ ਪੰਜਾਬੀ ਵਸੇਬ ਵਿੱਚ ਪ੍ਰਚਲਿਤ ਸਰੋਕਾਰਾਂ ਲਿਵ ਇਨ ਰਿਲੇਸ਼ਨ, ਨੌਕਰੀਆਂ ਵਿੱਚ ਟਾਰਗੇਟ ਪੂਰਤੀ ਅਤੇ ਬੱਚਿਆਂ ਦੀ ਪਰਵਰਿਸ਼ ਨੂੰ ਲੈ ਕੇ ਲਿਖੀਆਂ ਗਈਆਂ ਹਨ। ਸਮਰਾਲਾ ਨੇ ਇਹਨਾਂ ਕਹਾਣੀਆਂ ਵਿੱਚ ਪਾਤਰਾਂ ਦੀ ਫ਼ਿਤਰਤ ਸਮਝਣ ਲਈ ਮਨੋ-ਤਕਨੀਕਾਂ ਦੀ ਵਰਤੋਂ ਕੀਤੀ ਹੈ ਅਤੇ ਵਸਤੂਵਾਦੀ ਯੁੱਗ ਵਿੱਚ ਵਿਅਕਤੀ ਦੇ ਅੰਦਰੂਨੀ ਵਿਰੋਧਾਂ, ਡਰਾਂ, ਇੱਛਾਵਾਂ ਅਤੇ ਸੰਘਰਸ਼ਾਂ ਨੂੰ ਬਾਰੀਕੀ ਨਾਲ ਪੇਸ਼ ਕੀਤਾ ਹੈ। ਇਸ ਸੰਗ੍ਰਹਿ ਦੀ ਇੱਕ ਕਹਾਣੀ ਗਤੀ, ਭਗਤ ਸਿੰਘ ਦੇ ਸੁਪਨਿਆਂ ਦੇ ਆਦਰਸ਼ਵਾਦੀ ਸਮਾਜ ਨਾ ਸਿਰਜੇ ਜਾਣ ਦੀ ਗੱਲ ਕਰਦੀ ਹੈ। ਸੰਦੀਪ ਸਮਰਾਲਾ ਦਾ ਨਾਂਅ ਅਜਿਹੇ ਕਥਾਕਾਰਾਂ ਵਿੱਚ ਸ਼ਾਮਲ ਹੈ, ਜੋ ਕਹਾਣੀ ਦੇ ਪੰਜਵੇਂ ਦੌਰ ਦੇ ਕਹਾਣੀਕਾਰ ਮੰਨੇ ਜਾ ਰਹੇ ਹਨ, ਜਿਨ੍ਹਾਂ ਨੇ ਸਾਹਿਤਕ ਰਸਾਲਿਆਂ 'ਚ ਛਪ ਕੇ ਹੀ ਇਸ ਖੇਤਰ ਵਿੱਚ ਆਪਣੇ-ਆਪ ਨੂੰ ਸਥਾਪਤ ਕਰ ਲਿਆ ਹੈ ਅਤੇ ਹੁਣ ਇਸ ਸਾਲ ਉਹਨਾਂ ਦੇ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਉਸ ਦੀਆਂ ਵਿਲੱਖਣ ਕਥਾ ਜੁਗਤਾਂ ਕਾਰਨ ਉਸ ਦੀ ਮਕਬੂਲੀਅਤ ਵਧ ਰਹੀ ਹੈ ਅਤੇ ਉਹ ਲਗਾਤਾਰ ਪਾਠਕਾਂ ਦੁਆਰਾ ਪਸੰਦ ਵੀ ਕੀਤਾ ਜਾ ਰਿਹਾ ਹੈ। ਮੌਸਮ ਠੀਕ ਨਹੀਂ (ਪਰਗਟ ਸਿੰਘ ਸਤੌਜ) ਸੰਗ੍ਰਹਿ ਦੀ ਕਹਾਣੀ 'ਮਿੱਟੀ' ਦਾ ਜ਼ਿਕਰ ਵੀ ਇਸ ਸੰਦਰਭ ਵਿੱਚ ਲਾਹੇਵੰਦ ਹੈ, ਜਿਸ ਵਿੱਚ ਆਪਣੀ ਜਨਮ ਭੂਮੀ ਦੀ ਮਿੱਟੀ ਨਾਲ ਜੁੜੇ ਰਹਿਣ ਦੇ ਅਹਿਸਾਸ ਨੂੰ ਰੇਖਾਂਕਿਤ ਕੀਤਾ ਗਿਆ ਹੈ। ਖੇਤੀਬਾੜੀ ਖ਼ਾਸ ਤੌਰ 'ਤੇ ਮਿੱਟੀ ਤੋਂ ਟੁੱਟਣ ਦੇ ਦਰਦ ਨੌਕਰੀਪੇਸ਼ਾ ਅਤੇ ਪਰਵਾਸੀ ਵਿਅਕਤੀਆਂ ਲਈ ਬੇਵੱਸੀ ਬਣ ਜਾਂਦਾ ਹੈ। ਇਹੀ ਦਰਦ ਮਾਨਸਿਕ ਤਣਾਅ ਦਾ ਕਾਰਨ ਬਣਦਾ ਹੈ। 2017 ਦਾ ਢਾਹਾਂ ਪੁਰਸਕਾਰ ਜੇਤੂ ਗਲਪਕਾਰ ਸਤੌਜ ਬਹੁਵਿਧਾਵੀ ਸਾਹਿਤਕਾਰ ਨਾਵਲ ਵੀ ਲਿਖਦਾ ਹੈ ਅਤੇ ਕਹਾਣੀ ਵੀ, ਨੇ ਇਸ ਪੁਸਤਕ ਦੀਆਂ ਹੋਰ ਕਹਾਣੀਆਂ ਵਿੱਚ ਕਈ ਵਿਲੱਖਣ ਪ੍ਰਯੋਗ ਕੀਤੇ ਹਨ। ਕਹਾਣੀ 'ਟੀਨ ਏਜਰ' ਵਿੱਚ ਸੰਵਾਦ ਸ਼ੈਲੀ ਪ੍ਰਧਾਨ ਹੈ ਅਤੇ 'ਜੜ੍ਹਾਂ ਵਿਹੂਣੇ' ਬੰਦੇ ਦ੍ਰਿਸ਼ ਚਿਤਰਣ ਸ਼ੈਲੀ ਦੇ ਆਧਾਰ 'ਤੇ ਰਚੀ ਗਈ ਹੈ। ਸਭ ਤੋਂ ਵਿਲੱਖਣ ਸ਼ੈਲੀ ਕਹਾਣੀ 'ਹਲਕਵਾਅ' ਵਿੱਚ ਵਰਤੀ ਗਈ ਹੈ, ਜੋ ਡਾਇਰੀ ਲੇਖਨ ਜਾਂ ਸਵੈ-ਸੰਵਾਦ ਰੂਪੀ ਬਿਰਤਾਂਤ 'ਤੇ ਆਧਾਰਿਤ ਹੈ। ਇਸ ਦੀਆਂ ਗਲਪੀ ਜੁਗਤਾਂ ਅਤੇ ਭਾਸ਼ਾਈ ਮੁਹਾਰਤ ਕਾਰਨ ਇਹ ਕਹਾਣੀਆਂ ਇਸ ਪੁਸਤਕ ਦਾ ਹਿੱਸਾ ਬਣਨ ਤੋਂ ਪਹਿਲਾਂ ਹੀ ਮਕਬੂਲ ਹੋ ਚੁੱਕੀਆਂ ਸਨ। ਸਤੌਜ ਦੇ ਸੰਰਚਨਾਤਮਕ ਬਿਰਤਾਂਤਕ ਢੰਗ ਅਤੇ ਵੱਡੇ ਕੈਨਵਸ 'ਤੇ ਕਥਾ ਸਿਰਜਣ ਦੀ ਮੁਹਾਰਤ ਦੀ ਇਹ ਪੁਸਤਕ ਗਵਾਹ ਬਣਦੀ ਹੈ।

ਇਹਨਾਂ ਪ੍ਰਮੁੱਖ ਕਹਾਣੀਆਂ ਅਤੇ ਕਹਾਣੀਕਾਰਾਂ ਦੀ ਚਰਚਾ ਤੋਂ ਬਾਅਦ ਜੇ ਇਸ ਸਾਲ ਦੀਆਂ ਬਾਕੀ ਪ੍ਰਕਾਸ਼ਿਤ ਕਹਾਣੀ-ਪੁਸਤਕਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਪੁਸਤਕਾਂ ਵਿੱਚੋਂ ਕੇਵਲ ਇੱਕ-ਤਿਹਾਈ ਹੀ ਕਹਾਣੀ ਦੀ ਗੁਣਤਾ (ਮਿਆਰ) 'ਤੇ ਪੂਰੀਆਂ ਉਤਰਦੀਆਂ ਹਨ। ਕਹਾਣੀ-ਪੁਸਤਕਾਂ ਦੀਆਂ ਇੱਕਾ-ਦੁੱਕਾ ਕਹਾਣੀਆਂ ਨੂੰ ਛੱਡ ਬਾਕੀ ਕਹਾਣੀਆਂ ਦਰਮਿਆਨੇ ਦਰਜੇ ਦੀਆਂ ਹੀ ਹਨ। ਜ਼ਿਆਦਾਤਰ ਕਹਾਣੀ ਰਵਾਇਤੀ ਵਿਸ਼ਿਆਂ ਨੂੰ ਵਾਰ-ਵਾਰ ਦੁਹਰਾਅ ਕੇ ਬਿਨਾਂ ਕਿਸੇ ਨਵੇਂ ਪ੍ਰਯੋਗਾਂ ਤੋਂ ਲਿਖੀ ਜਾ ਰਹੀ ਹੈ। ਅਜਿਹੀ ਕਹਾਣੀ ਦਾ ਕਹਾਣੀ ਵਿਧਾ ਦੇ ਵਿਕਾਸ ਵਿੱਚ ਕੋਈ ਯੋਗਦਾਨ ਨਹੀਂ ਮੰਨਿਆ ਜਾ ਸਕਦਾ ਹੈ। ਕਹਾਣੀ ਲੇਖਨ ਦੇ ਖੇਤਰ ਵਿੱਚ ਆਈ ਇਸ ਖੜੋਤ ਦਾ ਕਾਰਨ ਸਮਝਣਾ ਹੋਵੇ ਤਾਂ ਕਥਾ ਦ੍ਰਿਸ਼ਟੀ ਦੀ ਘਾਟ, ਯੋਜਨਾਬੱਧ ਬਿਰਤਾਂਤ ਦੀ ਤਕਨੀਕੀ ਬੁਣਤੀ ਵਿੱਚ ਖੱਪੇ ਅਤੇ ਕਿਤਾਬਾਂ ਪੜ੍ਹਨ ਨਾਲੋਂ ਸੋਸ਼ਲ ਮੀਡੀਆ ਨੂੰ ਦਿੱਤੀ ਤਰਜੀਹ ਹੀ ਪੰਜਾਬੀ ਕਹਾਣੀ ਦੇ ਅਜਿਹੇ ਹਾਲ ਲਈ ਜ਼ਿੰਮੇਵਾਰ ਲੱਗਦੀ ਹੈ। ਚੰਗੀ ਕਹਾਣੀ ਲਿਖਣ ਨਾਲੋਂ ਬੱਸ ਜਲਦੀ ਤੋਂ ਜਲਦੀ ਪੁਸਤਕ ਪ੍ਰਕਾਸ਼ਿਤ ਕਰਵਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਕਈ ਪੁਸਤਕਾਂ ਤਾਂ ਸੋਸ਼ਲ ਮੀਡੀਆ 'ਤੇ ਵਾਈਰਲ ਕਹਾਣੀਆਂ ਵਿੱਚ ਜੋੜ-ਤੋੜ ਕਰ ਛਪਵਾ ਲਈਆਂ ਜਾਂਦੀਆਂ ਹਨ। ਪੰਜਾਬੀ ਵਿੱਚ ਕਹਾਣੀਆਂ ਦੇ ਨਾਂ 'ਤੇ ਛਪਣ ਵਾਲੀਆਂ ਅਜਿਹੀਆਂ ਪੁਸਤਕਾਂ ਦੀ ਲੰਬੀ ਫ਼ੇਹਰਿਸਤ ਹੈ, ਜਿਹਨਾਂ ਨੂੰ ਕਹਾਣੀ ਕਿਹਾ ਹੀ ਨਹੀਂ ਜਾ ਸਕਦਾ। ਲੇਖ ਦੇ ਅਗਲੇ ਹਿੱਸੇ ਵਿੱਚ ਇਸ ਸਾਲ ਪ੍ਰਕਾਸ਼ਿਤ ਕਥਾ-ਪੁਸਤਕਾਂ ਦਾ ਜ਼ਿਕਰ ਇੱਕ-ਇੱਕ ਕਰਕੇ ਕੀਤਾ ਜਾਵੇਗਾ ਅਤੇ ਇਹਨਾਂ ਵਿਚਲੀਆਂ ਖੂਬੀਆਂ ਅਤੇ ਕਮੀਆਂ ਨੂੰ ਵੀ ਵਿਸ਼ਾ ਬਣਾਇਆ ਜਾਵੇਗਾ।

ਅਜਿਹੇ ਕਹਾਣੀਕਾਰਾਂ ਅਤੇ ਉਹਨਾਂ ਦੀਆਂ ਕਹਾਣੀ ਪੁਸਤਕਾਂ ਦੀ ਗੱਲ ਕਰਦਿਆਂ ਸਭ ਤੋਂ ਪਹਿਲਾਂ ਕਹਾਣੀ-ਸੰਗ੍ਰਹਿ ਚੰਨ ਚਾਨਣੀ ਤੇ ਚਕੋਰ (ਚਰਨਜੀਤ ਸਿੰਘ ਮਿਨਹਾਸ) ਦਾ ਨਾਂਅ ਆਉਂਦਾ ਹੈ। ਇਸ ਨਵੇਂ ਕਹਾਣੀਕਾਰ ਦੀਆਂ ਰਚਨਾਵਾਂ ਨਾਮਵਰ ਪੱਤ੍ਰਿਕਾਵਾਂ ਸਿਰਜਣਾ, ਤਾਸਮਨ ਤੇ ਅੱਖਰ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਦੀਆਂ ਕਹਾਣੀਆਂ ਪ੍ਰਵਾਸੀ ਜੀਵਨ ਅਤੇ ਅੰਤਰਰਾਸ਼ਟਰੀ ਮਸਲਿਆਂ ਨੂੰ ਪੇਸ਼ ਕਰਦੀਆਂ ਹਨ, ਪਰ ਕਥਾ-ਤੱਤਾਂ ਦੇ ਹਵਾਲੇ ਨਾਲ਼ ਗੱਲ ਕੀਤੀ ਜਾਵੇ ਤਾਂ ਇਹ ਰਚਨਾਵਾਂ ਕਹਾਣੀ ਵਿਧਾ-ਰੂਪ ਨਾਲੋਂ ਕੁਝ ਦੂਰੀ 'ਤੇ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਇਕ ਹੋਰ ਸੰਗ੍ਰਹਿ ਕਾਸ਼! ... (ਹਰਵਿੰਦਰ ਸਿੰਘ ਚਾਹਲ) ਦੀਆਂ ਕਹਾਣੀਆਂ ਵਿੱਚ ਔਰਤ ਦੀ ਸਥਿਤੀ, ਸਮਾਜਕ ਮਸਲੇ, ਦੇਸ਼ ਵੰਡ ਦੇ ਦਰਦ ਅਤੇ ਮਾਨਵੀ ਸੰਵੇਦਨਾ ਵਰਗੇ ਵਿਸ਼ਿਆਂ ਨੂੰ ਲਿਆ ਗਿਆ ਹੈ ਪਰ ਇਹ ਕਹਾਣੀਆਂ ਸੰਰਚਨਾ ਪੱਖੋਂ ਬਿਰਤਾਂਤਕ ਖੱਪਿਆਂ ਵਾਲੀਆਂ ਹਨ। ਇਹਨਾਂ ਵਿੱਚੋਂ 'ਕਫ਼ਨ', 'ਖੁੰਦਕ', 'ਲਫੰਡਰ', 'ਮੈਂ ਬੇਚਾਰੀ ਨਹੀਂ' ਅਤੇ 'ਕਾਸ਼' ਉਸ ਦੀਆਂ ਜ਼ਿਕਰਯੋਗ ਕਹਾਣੀਆਂ ਹਨ। ਕਹਾਣੀ-ਸੰਗ੍ਰਹਿ ਦੇਸ ਪਰਦੇਸ (ਮਾ. ਹਰਪਾਲ ਸਿੰਘ ਬਰੌਂਗਾ) ਵਿੱਚ ਇਕਹਿਰੀ ਘਟਨਾਵੀ ਵਿਉਂਤ ਵਾਲੀਆਂ ਕਹਾਣੀਆਂ ਗ਼ਰੀਬੀ, ਡੇਰਾਵਾਦ, ਮੋਬਾਈਲ ਦੀ ਬੁਰੀ ਆਦਤ, ਘਰੇਲੂ ਪਰਵਾਰਕ ਮਸਲੇ, ਪੁਲਸ ਦੀ ਮਾੜੀ ਕਾਰਗੁਜ਼ਾਰੀ, ਪਰਵਾਸੀ ਜੀਵਨ, ਦਾਜ ਤੇ ਚੋਣ ਸਿਸਟਮ ਵਿਚਲੇ ਭ੍ਰਿਸ਼ਟਾਚਾਰ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਹਨ, ਪਰ ਇਕ-ਦੋ ਨੂੰ ਛੱਡ ਇਹ ਕਹਾਣੀਆਂ ਨਹੀਂ, ਸੰਸਮਰਣ ਹੀ ਹਨ। ਇਸੇ ਤਰ੍ਹਾਂ ਅਵਤਾਰ ਸਿੰਘ ਸੰਘਾ ਨੇ ਵੀ ਆਪਣੇ ਕਹਾਣੀ-ਸੰਗ੍ਰਹਿ 'ਕੁੜੀ ਕਹਾਣੀ ਬਣਦੀ ਗਈ' ਦੀਆਂ ਕਹਾਣੀਆਂ ਪਰਵਾਸੀ ਜੀਵਨ ਨੂੰ ਅਤੇ ਅਤੀਤ ਦੇ ਤਜਰਬਿਆਂ ਨੂੰ ਯਾਦ ਸ਼ਕਤੀ ਰਾਹੀਂ ਪੰਨਿਆਂ 'ਤੇ ਉਤਾਰਿਆ ਗਿਆ ਹੈ। ਰਿਸ਼ਤਾ ਨਾਤਾ ਪ੍ਰਬੰਧ, ਭਾਈਚਾਰਕ ਸਾਂਝ ਤੇ ਵਿਆਹ ਪ੍ਰਬੰਧਾਂ ਵਿਚਲੇ ਬਦਲਾਅ ਨੂੰ ਵਿਸ਼ਾ ਬਣਾ ਕੇ ਵੀ ਕਹਾਣੀਆਂ ਲਿਖੀਆਂ ਗਈਆਂ ਹਨ। ਮੁਖਤਾਰ ਗਿੱਲ ਦੇ ਕਹਾਣੀ-ਸੰਗ੍ਰਹਿ 'ਤ੍ਰਿਕਾਲਾਂ' ਦੀਆਂ ਕਹਾਣੀਆਂ ਆਮ ਲੋਕਾਂ ਦੇ ਦਰਦਾਂ, ਸੰਘਰਸ਼ਾਂ ਅਤੇ ਹੱਕ-ਸੱਚ ਨੂੰ ਬਿਆਨ ਕਰਦੀਆਂ ਕਈ ਪਰਤੀ ਬਿਰਤਾਂਤ ਵਾਲੀਆਂ ਹਨ। ਕਹਾਣੀਕਾਰ ਨੇ ਇੱਕ ਹੀ ਕਹਾਣੀ ਵਿੱਚ ਆਪਣੇ ਚੁਣੇ ਹੋਏ ਸੰਦਰਭ ਨੂੰ ਕਈ ਛੋਟੀਆਂ ਕਹਾਣੀਆਂ ਦੇ ਕੇ ਆਪਣੀ ਗੱਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਢੰਗ ਨਾਲ਼ ਉਹ ਬਹੁਤੀ ਵਾਰ ਕਥਾ-ਤੱਤਾਂ ਨੂੰ ਵੀ ਅਣਗੌਲਿਆਂ ਕਰ ਦਿੰਦਾ ਹੈ।

60 ਸਾਲਾਂ ਦੀ ਸਾਹਿਤ ਸਿਰਜਣਾ ਦਾ ਅਨੁਭਵ ਰੱਖਣ ਵਾਲੇ ਸਾਹਿਤਕਾਰ ਤੇਲੂ ਰਾਮ ਕੁਹਾੜਾ ਦਾ ਨਵਾਂ ਕਹਾਣੀ-ਸੰਗ੍ਰਹਿ 'ਆਖ਼ਰੀ ਕਤਾਰ ਦੇ ਯੋਧੇ' ਵਿੱਚ 18 ਕਹਾਣੀਆਂ ਹਨ। ਆਮ ਜਨ ਜੀਵਨ ਦੀ ਰਹਿਨੁਮਾਈ ਕਰਦੀਆਂ ਇਹਨਾਂ ਕਹਾਣੀਆਂ ਵਿੱਚ ਕਹਾਣੀਕਾਰ ਨੇ ਚੰਗੇ ਜੀਵਨ ਦੀ ਪ੍ਰਾਪਤੀ ਲਈ ਨੈਤਿਕਤਾ ਅਤੇ ਦ੍ਰਿੜ੍ਹਤਾ ਨਾਲ ਕਾਇਮ ਰਹਿਣ ਦੀ ਗੱਲ ਕੀਤੀ ਹੈ, ਪਰ ਕਹਾਣੀਆਂ ਵਿੱਚ ਘਟਨਾਵੀ ਵਿਉਂਤਬੱਧਤਾ ਦੀ ਘਾਟ ਨਜ਼ਰ ਆਉਂਦੀ ਹੈ। ਗੁਰਮੇਲ ਸਿੰਘ ਬੌਡੇ ਦੇ ਦੋ ਕਹਾਣੀ-ਸੰਗ੍ਰਹਿ 'ਟਰੈਂਡ' ਅਤੇ ਦਿਆਲਾ ਬੰਦੇ ਵੱਢ ਪ੍ਰਕਾਸ਼ਿਤ ਹੋਏ ਹਨ। ਪਹਿਲੇ ਸੰਗ੍ਰਹਿ ਦੇ ਵਿਸ਼ੇ ਆਲੇ-ਦੁਆਲੇ ਦੀ ਆਧੁਨਿਕ ਸਮਾਜਿਕ ਬਣਤਰ ਨੂੰ ਵਿਖਾਉਂਦੇ ਹਨ। ਕਹਾਣੀ 'ਔਜ਼ਾਰਾਂ ਦੀ ਗੁਫ਼ਤਗੂ' ਖ਼ਾਸ ਜ਼ਿਕਰਯੋਗ ਹੈ, ਜਿਸ ਵਿੱਚ ਭਾਈ ਲਾਲੋ ਦੇ ਔਜ਼ਾਰ ਸੰਵਾਦ ਰਚਾ ਕੇ ਗੁਰੂ ਨਾਨਕ ਦੇ ਨਜ਼ਰੀਏ ਨੂੰ ਆਧੁਨਿਕ ਵਸਤੂਵਾਦੀ ਯੁੱਗ ਵਿੱਚ ਪੈਸਾ ਕਮਾਉਣ ਦੇ ਯੰਤਰ ਵਜੋਂ ਸਥਾਪਤ ਕਰਦੇ ਹਨ। ਦੂਜੇ ਕਹਾਣੀ-ਸੰਗ੍ਰਹਿ ਵਿੱਚ ਵੀ ਸਮਾਜਿਕ, ਰਾਜਨੀਤਕ ਹਾਲਤਾਂ ਵਿੱਚ ਮਨੁੱਖਤਾ ਦੇ ਘਾਣ ਨੂੰ ਵਿਸ਼ਾ ਬਣਾਉਂਦਾ ਹੋਇਆ ਅਜੋਕੇ ਸਮੇਂ ਦੀਆਂ ਕਸੌਟੀਆਂ ਤੱਕ ਪਹੁੰਚਦਾ ਹੈ। ਇਹ ਪੁਸਤਕਾਂ ਅੰਧ ਵਿਸ਼ਵਾਸ, ਡੇਰਾਵਾਦ, ਲੋਕਾਂ ਦੇ ਮਾਨਸਿਕਤਾ ਅਤੇ ਲੋਕਤੰਤਰ ਦੇ ਕਈ ਪੋਲ ਖੋਲ੍ਹਦੀਆਂ ਹਨ। ਇਸੇ ਤਰ੍ਹਾਂ ਨੇਤਰ ਰੋਗ ਮਾਹਿਰ ਡਾ. ਬਲਜੀਤ ਸਿੰਘ ਢਿੱਲੋਂ ਦੇ ਵੀ ਇਸ ਵਰ੍ਹੇ ਦੋ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਗਮਲੇ ਵਿੱਚ ਲੱਗਾ ਬੋਹੜ ਅਤੇ ਯੱਖ਼ ਰਾਤ ਦੀ ਮੌਤ। ਇਹਨਾਂ ਕਹਾਣੀ-ਸੰਗ੍ਰਹਿਆਂ ਵਿੱਚੋਂ ਜਿੱਥੇ ਪਹਿਲੇ ਕਹਾਣੀ-ਸੰਗ੍ਰਹਿ ਵਿੱਚ ਵਸਤੂਵਾਦੀ ਯੁੱਗ ਵਿੱਚ ਬਦਲ ਰਹੀ ਸਥਿਤੀ ਅਤੇ ਔਰਤ ਦੇ ਸੰਘਰਸ਼ ਦੀ ਗੱਲ ਕੀਤੀ ਗਈ ਹੈ, ਉੱਥੇ ਦੂਜੇ ਕਹਾਣੀ-ਸੰਗ੍ਰਹਿ ਵਿੱਚ ਕਹਾਣੀਕਾਰ ਦਾ ਸੁਰ ਪਾਤਰਾਂ ਦੇ ਮਨੋਵਿਗਿਆਨਕ ਢੰਗ ਨਾਲ ਚਿੱਤਰਨ ਵਾਲੇ ਪਾਸੇ ਹੋ ਜਾਂਦਾ ਹੈ। ਕਹਾਣੀ-ਸੰਗ੍ਰਹਿ ਸਲੋਚਨਾ (ਅਮਰ ਗਰਗ ਕਲਮਦਾਨ) ਨੈਤਿਕ ਕਹਾਣੀਆਂ 'ਤੇ ਅਧਾਰਤ ਪੁਸਤਕ ਹੈ। ਕਹਾਣੀਕਾਰ ਇਹਨਾਂ ਕਹਾਣੀਆਂ ਰਾਹੀਂ ਪੰਚ ਤੰਤਰ ਦੀਆਂ ਕਹਾਣੀਆਂ ਵਾਂਗ ਲੋਕਾਈ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣਾ ਚਾਹੁੰਦਾ ਹੈ। ਹੰਝੂ ਭਿੱਜੀਆਂ ਬਾਤਾਂ (ਕਰਨੈਲ ਸਿੰਘ ਵਜ਼ੀਰਾਬਾਦ) ਪੁਸਤਕ ਵਿੱਚ ਆਦਰਸ਼ਵਾਦੀ ਕਹਾਣੀਆਂ ਪਰੰਪਰਾਗਤ ਤਰੀਕੇ ਨਾਲ ਲਿਖੀਆਂ ਗਈਆਂ ਹਨ। ਕਥਾਕਾਰ ਦਾ ਮੁੱਖ ਮਕਸਦ ਨੈਤਿਕ ਕਦਰਾਂ-ਕੀਮਤਾਂ ਨੂੰ ਆਪਣੇ ਪਾਠਕਾਂ ਤੱਕ ਪਹੁੰਚਾਉਣਾ ਹੈ। ਕਹਾਣੀਆਂ ਦੇ ਸਿਰਲੇਖ ਵੀ ਸ਼ੁਰੂਆਤੀ ਦੌਰ ਦੀਆਂ ਕਹਾਣੀਆਂ ਵਰਗੇ ਹਨ। 'ਕਣਕਵੰਨੀ ਭਾਬੀ', 'ਦੋ ਗੁੱਤਾਂ ਕਰ ਮੇਰੀਆਂ...', 'ਧੀ ਕਾਣੀ ਚੰਗੀ', 'ਰੱਦੀ ਕਿਤਾਬਾਂ' ਜਾਂ 'ਕੱਜ ਵਾਲੀ ਭੈਣ' ਉਸ ਦੀਆਂ ਜ਼ਿਕਰਯੋਗ ਕਹਾਣੀਆਂ ਹਨ। ਇਹਨਾਂ ਪੁਸਤਕਾਂ ਤੋਂ ਇਲਾਵਾ ਡਾਲਰ ਦੀ ਕੀਮਤ (ਕੁਲਵਿੰਦਰ ਕੁੱਸਾ), ਪਾਣੀ ਦੇ ਬੁਲਬੁਲੇ (ਮਮਤਾ ਸੇਤੀਆ ਸੇਖਾ) ਅਤੇ ਧੁੰਦ ਵਿੱਚ ਜਗਦੀ ਬੱਤੀ (ਮਹਿੰਦਰਪਾਲ ਸਿੰਘ ਧਾਲੀਵਾਲ) ਵੀ ਇਸ ਸਾਲ ਵਿੱਚ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਹਨ।




ਇਸ ਚਰਚਾ ਤੋਂ ਅੱਗੇ ਚੱਲ ਤੀਜੇ ਅਤੇ ਚੌਥੇ ਪੜਾਅ ਦੇ ਕਹਾਣੀਕਾਰਾਂ ਦੁਆਰਾ ਰਚੀਆਂ ਕਥਾ-ਪੁਸਤਕਾਂ ਦੀ ਗੱਲ ਕੀਤੀ ਜਾਵੇਗੀ। ਇਹ ਕਹਾਣੀਕਾਰ ਅਜਿਹੇ ਹਨ, ਜੋ ਆਪਣੇ ਪਹਿਲਾਂ ਛਪੀਆਂ ਪੁਸਤਕਾਂ ਕਾਰਨ ਆਪਣਾ ਇਕ ਮਿਆਰ ਸਥਾਪਤ ਕਰ ਚੁੱਕੇ ਹਨ ਅਤੇ ਉਸੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਉਹਨਾਂ ਕਥਾਕਾਰਾਂ ਨੇ ਆਪਣੇ ਕਥਾ ਸਿਰਜਣ ਢੰਗ, ਪਾਤਰ ਚਿਤਰਨ ਤਕਨੀਕਾਂ ਅਤੇ ਭਾਸ਼ਾ ਸ਼ੈਲੀ ਨੂੰ ਕਾਇਮ ਰੱਖਦੇ ਹੋਏ ਸਗੋਂ ਅੱਗੇ ਵਧਦੇ ਹੋਏ ਇਸ ਸਾਲ ਵਿੱਚ ਆਪਣੀਆਂ ਰਚਨਾਵਾਂ ਦੀਆਂ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ। ਇਸ ਲੜੀ ਵਿੱਚ ਕਹਾਣੀ-ਸੰਗ੍ਰਹਿ ਸਤਨਾਜਾ (ਚਰਨਜੀਤ ਸਿੰਘ ਪੰਨੂ) ਕਹਾਣੀਕਾਰ ਦਾ ਅੱਠਵਾਂ ਕਹਾਣੀ-ਸੰਗ੍ਰਹਿ ਹੈ। ਇਹ ਕਹਾਣੀਆਂ ਕਿਸੇ ਖਾਸ ਵਿਸ਼ੇ ਜਾਂ ਭੂਗੋਲਿਕ ਖਿੱਤੇ ਤੱਕ ਮਹਿਦੂਦ ਨਹੀਂ ਹਨ, ਸਗੋਂ ਇਸ ਸੰਗ੍ਰਹਿ ਵਿੱਚ ਜ਼ਿੰਦਗੀ ਦੀ ਵਾਸਤਵਿਕਤਾ ਦੇ ਕਈ ਰੰਗ ਦਿਸਦੇ ਹਨ। ਇਸ ਦਾ ਬਿਰਤਾਂਤ ਸੰਖੇਪ ਅਤੇ ਗੰਭੀਰ ਵਿਚਾਰਧਾਰਾ ਤੇ ਜੀਵਨ ਅਨੁਭਵਾਂ 'ਤੇ ਅਧਾਰਤ ਹੈ। 'ਵਸੀਅਤਨਾਮਾ', 'ਆਖ਼ਰੀ ਚੀਕ' ਤੇ 'ਜ਼ਾਬਤਾ' ਇਸ ਸੰਗ੍ਰਹਿ ਦੀਆਂ ਪ੍ਰਮੁੱਖ ਕਹਾਣੀਆਂ ਹਨ। ਇਕ ਹੋਰ ਕਹਾਣੀ-ਸੰਗ੍ਰਹਿ 'ਇਹ ਤਾਂ ਮੈਂ ਹੀ ਹਾਂ' (ਨਿਰੰਜਣ ਬੋਹਾ) ਦਾ ਇਸ ਸਾਲ ਛਪਿਆ ਨਾਰੀ ਮਨ ਦੀ ਪਰਤਾਂ ਨੂੰ ਵਿਸ਼ਾ ਬਣਾਉਂਦੀਆਂ ਨੌਂ ਕਹਾਣੀਆਂ ਦਾ ਸੰਗ੍ਰਹਿ ਹੈ। ਉਸ ਦੁਆਰਾ ਲਿਖੀਆਂ ਕਹਾਣੀਆਂ ਸਾਡੇ ਸਮਾਜ ਸੱਭਿਆਚਾਰ ਦੇ ਪ੍ਰਸੰਗ ਵਿੱਚ ਵਿਚਰਦਿਆਂ ਨਿੱਕੇ-ਨਿੱਕੇ ਪਲਾਂ ਵਿਚਲੇ ਤੱਤਾਂ, ਤਣਾਵਾਂ ਅਤੇ ਅੰਸ਼ਾਂ ਨੂੰ ਬਿਆਨ ਕਰਦੀਆਂ ਹਨ। ਇਹ ਕਹਾਣੀਆਂ ਸੰਵੇਦਨਸ਼ੀਲ ਢੰਗ ਨਾਲ ਔਰਤ ਮਨ ਦੀ ਥਾਹ ਪਾਉਂਦੀਆਂ ਹੋਈਆਂ ਸਮਾਜ, ਸੱਭਿਆਚਾਰ, ਧਰਮ ਅਤੇ ਜਾਤ ਪਾਤ ਨਾਲ ਸੰਬੰਧਤ ਅੰਤਰ-ਵਿਰੋਧਾਂ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੀਆਂ ਹਨ।




ਯਥਾਰਥਵਾਦੀ ਸੰਵਾਦ ਸ਼ੈਲੀ ਅਤੇ ਮਲਵਈ ਭਾਸ਼ਾ ਦੀ ਵਰਤੋਂ ਮਸਲਿਆਂ ਦਾ ਮਨੋਵਿਗਿਆਨਕ ਚਿੱਤਰਣ ਵਿੱਚ ਸਹਾਈ ਹੁੰਦੇ ਹਨ। 'ਨਰ ਬੰਦਾ', 'ਮਦਰ ਡੇ ਗਿਫ਼ਟ' ਅਤੇ 'ਇਹ ਤਾਂ ਮੈਂ ਹੀ ਹਾਂ' ਇਸ ਸੰਗ੍ਰਹਿ ਦੀਆਂ ਜ਼ਿਕਰਯੋਗ ਕਹਾਣੀਆਂ ਹਨ। ਕਥਾ-ਸੰਗ੍ਰਹਿ ਵੱਡੇ ਤੜਕੇ ਦਾ ਸੁਪਨਾ (ਡਾ. ਸੁਰਿੰਦਰ ਕੌਰ ਚੌਹਾਨ) ਦੀਆਂ ਕਹਾਣੀਆਂ ਇਕਹਿਰੇ ਬਿਰਤਾਂਤ ਵਾਲੀਆਂ ਹਨ ਅਤੇ ਪਰਵਾਸੀ ਜੀਵਨ ਦੇ ਸੰਘਰਸ਼ਾਂ, ਸੱਭਿਆਚਾਰਕ ਟਕਰਾਵਾਂ ਅਤੇ ਸਮਾਜਿਕ ਵਰਜਨਾਵਾਂ ਦੀ ਗੱਲ ਕਰਦੀਆਂ ਹਨ। ਇਹ ਰਿਵਾਇਤੀ ਪਿੱਤਰੀ ਸੱਤਾ ਤੇ ਮਰਦ ਪ੍ਰਧਾਨ ਸਮਾਜ ਵਿੱਚ ਵਿਚਰ ਰਹੀ ਔਰਤ ਦੇ ਮਨ ਨੂੰ ਬੁਝਣ ਦੀ ਕੋਸ਼ਿਸ਼ ਹੈ ਅਤੇ ਨਾਲ ਹੀ ਉਪਭੋਗਤਾਵਾਦ ਅਤੇ ਵਿਸ਼ਵੀਕਰਨ ਕਾਰਨ ਖ਼ਤਮ ਹੋ ਰਹੀਆਂ ਕਦਰਾਂ-ਕੀਮਤਾਂ ਦੀ ਚਿੰਤਾ ਹੈ। ਇਹ ਬਿਰਤਾਂਤ ਸੁਪਨੇ, ਪਿੱਛਲਝਾਤ ਜਾਂ ਮਨੋਬਚਨੀ ਵਿਧੀਆਂ ਰਾਹੀਂ ਉਸਾਰਿਆ ਗਿਆ ਹੈ।

ਕਹਾਣੀ-ਸੰਗ੍ਰਹਿ 'ਅੰਬਰ ਕਦੇ ਖਾਲੀ ਨਹੀਂ ਹੁੰਦੇ' (ਹਰਪ੍ਰੀਤ ਸਿੰਘ ਚੰਨੂ) ਦੀਆਂ ਕਹਾਣੀਆਂ ਵਿੱਚ ਬਦਲ ਰਹੇ ਪੰਜਾਬ ਦੀ ਤਸਵੀਰ ਹੈ। ਕਹਾਣੀਕਾਰ ਰਿਵਾਇਤੀ ਪੰਜਾਬ ਨੂੰ ਅਕੱਥ ਵਿੱਚ ਰੱਖਦਿਆਂ ਅਜੋਕੇ ਯੁੱਗ ਵਿੱਚ ਮਾਨਵੀ ਜੀਵਨ ਦੀ ਸੰਘਰਸ਼ ਅਤੇ ਜਟਿਲਤਾ ਨੂੰ ਬਾਖੂਬੀ ਚਿਤਰਤ ਕਰਦਾ ਹੈ। ਇਲਾਕਾਈ ਭਾਸ਼ਾ ਵੀ ਰਚਨਾਵਾਂ ਨੂੰ ਬਲ ਪ੍ਰਦਾਨ ਕਰਦੀ ਹੈ। ਪਹਿਰੇਦਾਰੀ (ਰਘਬੀਰ ਸਿੰਘ ਮਾਨ) ਦੀਆਂ ਕਹਾਣੀਆਂ ਪਿੰਡਾਂ ਦੀ ਆਮ ਰਹਿਤਲ ਅਤੇ ਵਸੇਬੇ ਦੇ ਨਾਲ-ਨਾਲ ਪਰਵਾਸੀ ਜੀਵਨ ਨੂੰ ਚਿਤਰਤ ਕਰਦੀਆਂ ਕਹਾਣੀਆਂ ਹਨ। ਕਹਾਣੀਕਾਰ ਦੀ ਯੋਜਨਾਬੱਧ ਬਿਰਤਾਂਤਕਾਰੀ ਅਤੇ ਮੁਹਾਵਰੇਦਾਰ ਅਲੰਕਰਿਤ ਭਾਸ਼ਾ ਇਹਨਾਂ ਕਹਾਣੀਆਂ ਨੂੰ ਵਿਲੱਖਣ ਦਿੱਖ ਪ੍ਰਦਾਨ ਕਰਦੀ ਹੈ। ਕਹਾਣੀ-ਸੰਗ੍ਰਹਿ ਅਕਲ ਨੂੰ ਸਜ਼ਾ (ਹਰਦਿਆਲ ਸਿੰਘ ਚੀਮਾ) ਵਿੱਚ ਕਹਾਣੀਆਂ ਆਕਾਰ ਪੱਖੋਂ ਜ਼ਿਆਦਾ ਵੱਡੀਆਂ ਨਾ ਹੋਣ ਦੇ ਬਾਵਜੂਦ ਵੱਡੇ ਅਰਥ ਲੁਕੋਈ ਬੈਠੀਆਂ ਹਨ। ਸਿਰਲੇਖ ਵਾਲੀ ਕਹਾਣੀ ਤਾਂ ਰੂਸੀ ਲੇਖਕ ਆਇਤਮਾਤੋਵ ਦੇ ਨਾਵਲ 'ਤੇ ਅਧਾਰਿਤ ਹੈ। ਇਸ ਤੋਂ ਇਲਾਵਾ ਨਸ਼ੇ ਸਮਾਜਿਕ, ਰਾਜਨੀਤਕ ਮਸਲੇ ਅਤੇ ਭਾਈਚਾਰਕ ਸਾਂਝ ਨੂੰ ਵਿਸ਼ਾ ਬਣਾ ਕੇ ਕਹਾਣੀਆਂ ਲਿਖੀਆਂ ਗਈਆਂ ਹਨ ਅਤੇ 'ਜ਼ਿੰਦਗੀ ਦੇ ਰੰਗ ਆਪਣਿਆਂ ਸੰਗ', 'ਕੁੜੀ ਕਿਸੇ ਦੀ ਫੜੀ ਗਈ', 'ਵੁੱਕਤ' ਅਤੇ 'ਸਜ਼ਾ ਅਕਲ ਨੂੰ ਹੁੰਦੀ ਹੈ' ਇਸ ਸੰਗ੍ਰਹਿ ਦੀਆਂ ਮਹੱਤਵਪੂਰਨ ਕਹਾਣੀਆਂ ਹਨ। ਗਲੇਸ਼ੀਅਰ ਪਿਘਲ ਗਿਆ (ਡਾ. ਕਰਮਜੀਤ ਸਿੰਘ ਨਡਾਲਾ) ਕਹਾਣੀ-ਸੰਗ੍ਰਹਿ ਦਾ ਖੰਡਿਤ ਬਿਰਤਾਂਤ ਮਾਨਵੀ ਸੰਕਟਾਂ ਦੇ ਆਲੇ-ਦੁਆਲੇ ਉਸਾਰਨ ਲਈ ਨਡਾਲਾ ਨੇ ਪਿੱਛਲਝਾਤ ਤਕਨੀਕ ਵਰਤੀ ਹੈ। ਲੋੜ ਅਨੁਸਾਰ ਮੈਟਾਫ਼ਰ, ਮੁਹਾਵਰੇਦਾਰ ਭਾਸ਼ਾ ਅਤੇ ਵਾਸਤਵਿਕਤਾ ਬਰਕਰਾਰ ਰੱਖਣੀ ਕਹਾਣੀਕਾਰ ਦੇ ਮੁੱਖ ਗੁਣਾਂ ਵਜੋਂ ਸਾਹਮਣੇ ਆਉਂਦੇ ਹਨ। ਸਮੱਸਿਆਵਾਂ ਨੂੰ ਝੱਲਦੇ, ਮਨੋ-ਸੰਕਟਾਂ ਵਿੱਚ ਵਿਚਰਦੇ ਪਾਤਰ ਆਰਥਿਕ ਥਪੇੜੇ ਝੱਲਦਿਆਂ, ਗੁਰਬਤ ਤੇ ਲਾਲਸਾਵਾਂ ਦੇ ਸੰਕਟਾਂ, ਸਮੱਸਿਆਵਾਂ ਦਾ ਹੱਲ ਲੱਭਣ ਵੱਲ ਰੁਚਿਤ ਹੁੰਦੇ ਹਨ। 11 ਕਹਾਣੀਆਂ 'ਤੇ ਆਧਾਰਤ ਜਸਪਾਲ ਕੌਰ ਦਾ ਕਹਾਣੀ-ਸੰਗ੍ਰਹਿ 'ਪੀਲੀ ਰੌਸ਼ਨੀ ਦਾ ਸੱਚ' ਵੀ ਉਸ ਦਾ ਦੂਜਾ ਕਹਾਣੀ-ਸੰਗ੍ਰਹਿ ਹੈ। ਉਸ ਦੀਆਂ ਕਹਾਣੀਆਂ ਪੰਜਾਬ ਦੇ ਧਰਾਤਲ 'ਤੇ ਚੱਲ ਰਹੇ ਮਸਲਿਆਂ ਦੀਆਂ ਹਨ, ਉਹ ਧਾਰਮਿਕ ਵਰਜਨਾਵਾਂ ਦੀ ਗੱਲ ਕਰਦੀ ਹੈ, ਪਾਤਰਾਂ ਦੇ ਮਨੋ-ਤਣਾਵਾਂ ਨੂੰ ਚਿਤਰਿਤ ਕਰਦੀ ਹੈ, ਭੈਣ-ਭਰਾ, ਪਤੀ-ਪਤਨੀ ਆਦਿ ਰਿਸ਼ਤਿਆਂ ਦੀ ਕਸ਼ਮਕਸ਼ ਚਿਤਰਤ ਕਰਦੀ ਹੈ। 'ਮੱਥੇ ਵੱਟ ਨਾ ਪਾਵੀ', 'ਅਧਵਰਿੱਤੇ' ਅਤੇ 'ਜ਼ੁਬਾਨ' ਇਸ ਪੁਸਤਕ ਦੀਆਂ ਵਧੀਆ ਕਹਾਣੀਆਂ ਹਨ। ਕਵਿਤਾ ਤੋਂ ਕਹਾਣੀ ਸਿਰਜਣਾ ਵੱਲ ਮੁੜੀ ਪ੍ਰਵਾਸੀ ਕਹਾਣੀਕਾਰਾ ਹਰਪ੍ਰੀਤ ਕੌਰ ਧੂਤ ਦੀ ਕਥਾ ਪੁਸਤਕ 'ਖ਼ਤਰਾ ਤਾਂ ਹੈ' ਵਿੱਚ ਪਾਤਰਾਂ ਦੇ ਮਨੋ ਸੰਕਟ ਅਤੇ ਦਵੰਦਾਂ ਦੀ ਗੱਲ ਕਰਦੀਆਂ ਛੇ ਕਹਾਣੀਆਂ ਹਨ। ਕਹਾਣੀਕਾਰਾ ਨੇ ਮਠਾਰਨ ਬਿਰਤਾਂਤਕ ਵਿਧੀ ਅਤੇ ਵਿਲੱਖਣ ਸੰਵਾਦ ਜੁਗਤ ਰਾਹੀਂ ਕਹਾਣੀਆਂ ਦੇ ਕਥਾਨਕ ਉਸਾਰੇ ਹਨ ਅਤੇ ਰਿਸ਼ਤਾ-ਨਾਤਾ ਪ੍ਰਬੰਧਾਂ, ਪਰਵਾਸੀ ਜੀਵਨ, ਸੱਭਿਆਚਾਰਕ ਟਕਰਾਅ, ਸਾਹਿਤ ਸਭਾਵਾਂ ਦੇ ਪ੍ਰਬੰਧ ਅਤੇ ਸਮਾਜ ਦੇ ਸਮਕਾਲੀ ਮਸਲਿਆਂ ਨੂੰ ਥਾਂ ਦਿੱਤੀ ਹੈ। ਇਸ ਨਾਲ ਹੀ ਅਜੋਕੇ ਇੰਟਰਨੈੱਟ, ਸੋਸ਼ਲ ਮੀਡੀਆ ਦੇ ਯੁੱਗ ਅਤੇ ਸਿੱਖਿਆ ਪ੍ਰਣਾਲੀ ਵਿੱਚ ਹੋ ਰਹੇ ਘਾਣ ਨੂੰ ਵੀ ਕਹਾਣੀਆਂ ਦੇ ਵਿਸ਼ੇ ਵਜੋਂ ਥਾਂ ਦਿੱਤੀ ਗਈ ਹੈ। ਬਾਹਰਲੇ ਦੇਸ਼ ਜਾ ਵੱਸਣ ਕਾਰਨ ਕਹਾਣੀਕਾਰਾ ਦੀ ਭਾਸ਼ਾ ਵਿਆਕਰਣ ਦੀ ਜਾਣਕਾਰੀ ਨੂੰ ਅੱਖੋਂ-ਪਰੋਖੇ ਕਰਨਾ ਪਵੇਗਾ।




ਨਾਮਵਰ ਕਵਿਤਰੀ ਸੁਰਿੰਦਰ ਗੀਤ ਦਾ ਕਹਾਣੀ-ਸੰਗ੍ਰਹਿ 'ਰੰਗਾਂ ਦੀ ਖੇਡ' ਇਸ ਵਰ੍ਹੇ ਪ੍ਰਕਾਸ਼ਿਤ ਹੋਇਆ ਹੈ। ਉਸ ਦੀਆਂ ਕਹਾਣੀਆਂ ਪਰਵਾਸੀ ਜੀਵਨ, ਜਾਤ-ਪਾਤ, ਰੰਗ-ਨਸਲ, ਸਵੈ ਇੱਛਾ ਪੂਰਤੀ ਲਈ ਹੋਰਨਾਂ ਨਾਲ ਧੋਖੇਬਾਜ਼ੀ ਅਤੇ ਪਰਵਾਰਕ ਰਾਜਨੀਤੀ ਆਦਿ ਵਸਤੂ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ। ਉਸ ਦੀ ਕਾਵਿ-ਕਲਾ, ਉਸ ਦੀ ਭਾਸ਼ਾ ਅਤੇ ਉਸ ਦੁਆਰਾ ਪ੍ਰਤੀਕਾਂ ਨੂੰ ਸੁਹਜ ਢੰਗ ਨਾਲ ਪੇਸ਼ ਕਰ ਸਾਹਿਤ ਸਿਰਜਣ ਦੀ ਸਮਰੱਥਾ ਦੀ ਝਲਕ ਇਹਨਾਂ ਕਹਾਣੀਆਂ ਵਿੱਚ ਵੀ ਦਿਸਦੀ ਹੈ। ਉਹ ਇਹਨਾਂ ਕਹਾਣੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਤਰਕ ਪੂਰਨ ਢੰਗ ਨਾਲ ਥਾਂ ਦਿੰਦੀ ਹੋਈ ਆਪਣੇ ਮਾਨਵਵਾਦੀ ਸੁਰਾਂ ਨੂੰ ਸ਼ਬਦ ਰੂਪ ਦਿੰਦੀ ਹੈ। ਸੋਮਾ ਸਬਲੋਕ ਦਾ ਕਹਾਣੀ-ਸੰਗ੍ਰਹਿ 'ਸਕੂਨ ਭਾਲਦਾ ਮਨੁੱਖ' ਮਨੁੱਖੀ ਮਨ, ਪਾਤਰਾਂ ਦਾ ਮਾਨਸਿਕ ਦਵੰਦ ਅਤੇ ਸੰਵੇਦਨਸ਼ੀਲਤਾ ਕਥਾਨਕ ਨੂੰ ਚਿਤਰਦੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਕਥਾਕਾਰਾ ਸਿਰਫ ਕਹਾਣੀ-ਰਸ ਲਈ ਨਹੀਂ ਲਿਖਦੀ, ਸਗੋਂ ਜੀਵਨ ਅਤੇ ਯਥਾਰਥ ਦਾ ਮਨੋਵਿਸ਼ਲੇਸ਼ਣ ਕਰਨ ਵਾਲੇ ਸਾਰਥਿਕ ਬਿਰਤਾਂਤ ਦੀ ਵੀ ਉਸਾਰੀ ਕਰਦੀ ਹੈ। ਫੋਕਸੀਕਰਨ ਭਾਵੇਂ ਕਿਸੇ ਇਕ ਘਟਨਾ 'ਤੇ ਨਹੀਂ ਹੈ, ਪਰ ਕਹਾਣੀਕਾਰਾ ਵੱਖਰੇ-ਵੱਖਰੇ ਖੰਡਿਤ ਬਿਰਤਾਂਤਾਂ ਦੇ ਹਵਾਲੇ ਦੇ ਕੇ ਅਤੇ ਕਹਾਣੀ ਦੇ ਮਕਸਦ ਨੂੰ ਪੂਰਾ ਕਰਨ ਲਈ ਛੋਟੀਆਂ ਕਹਾਣੀਆਂ ਜਾਂ ਵੇਰਵੇ ਉਸ ਮੁੱਖ ਬਿਰਤਾਂਤ ਨੂੰ ਸਪੋਰਟ ਕਰਨ ਲਈ ਅਤੇ ਗੱਲ ਦੀ ਪੁਖ਼ਤਗੀ ਵਧਾਉਣ ਲਈ ਦਿੰਦੀ ਹੈ। ਚੜ੍ਹਦੀ ਕਲਾ (ਗੁਰਬਚਨ ਸਿੰਘ ਵਿਰਦੀ) ਕਥਾ ਪੁਸਤਕ ਦੀਆਂ ਕਹਾਣੀਆਂ ਦਾ ਧਰਾਤਲ ਅੰਤਰਰਾਸ਼ਟਰੀ ਪੱਧਰ ਤੱਕ ਫੈਲਿਆ ਹੋਇਆ ਹੈ। ਸੰਕੇਤਆਤਮਕ ਢੰਗ ਨਾਲ ਹੀਰੋਸ਼ੀਮਾ-ਨਾਗਾਸਾਕੀ ਦੇ ਬੰਬ ਮਾਰ ਹਮਲਿਆਂ ਤੋਂ ਅੰਗਰੇਜ਼ਾਂ ਸਮੇਂ ਦਾ ਭਾਰਤ ਅਤੇ ਲੋਕ ਸਾਹਿਤ ਵਿੱਚੋਂ ਕਥਾ ਸੰਕੇਤ ਇਕੱਠੇ ਕਰ ਕਹਾਣੀਕਾਰ ਨੇ ਦਿਲਚਸਪ ਕਹਾਣੀਆਂ ਸਿਰਜੀਆਂ ਹਨ। 'ਚੁੰਨੀ ਦੀ ਲਾਜ', 'ਚੀਕ', 'ਕਬਰ' ਤੇ 'ਮੈਨੂੰ ਵੀ ਮਾਰ ਦਿਓ' ਇਸ ਪੁਸਤਕ ਦੀਆਂ ਮਹੱਤਵਪੂਰਨ ਕਹਾਣੀਆਂ ਹਨ। ਕਹਾਣੀ-ਸੰਗ੍ਰਹਿ ਬਰਫ਼ੀਲੇ ਦੀ ਰਚੈਤਾ ਅਮਨ ਗੁਰਲਾਲ ਵਿਲੱਖਣ ਢੰਗ ਨਾਲ ਕਹਾਣੀ ਲਿਖਦੀ ਹੈ। ਇਹ ਵਿਲੱਖਣਤਾ ਉਸ ਦੇ ਵਿਸ਼ਿਆਂ 'ਚ, ਉਸ ਦੇ ਪਾਤਰਾਂ 'ਚ, ਪਾਤਰਾਂ ਦੇ ਨਾਵਾਂ 'ਚ, ਕਥਾ ਜੁਗਤਾਂ 'ਚ ਅਤੇ ਭਾਸ਼ਾ ਵਿੱਚ ਦਿਖਾਈ ਦਿਖਦੀ ਹੈ। ਕੁਝ ਕਹਾਣੀਆਂ ਹਿੰਦੀ ਫਿਲਮਾਂ ਤੋਂ ਪ੍ਰੇਰਿਤ ਲੱਗਦੀਆਂ ਹਨ, ਜਿਹੜੇ ਵਿਸ਼ੇ ਅਜੇ ਤੱਕ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਬਹੁਤ ਘੱਟ ਛੂਹੇ ਗਏ ਹਨ, ਪਰ ਵਿਸ਼ਿਆਂ ਦਾ ਨਿਭਾਅ ਕਹਾਣੀਕਾਰਾ ਨੇ ਕਲਾਤਮਿਕ ਢੰਗ ਨਾਲ ਕੀਤਾ ਹੈ। ਲਕੀਰੀ ਕਹਾਣੀ ਤੋਂ ਪਰੇ ਹੋ ਇਹ ਕਹਾਣੀ-ਸੰਗ੍ਰਹਿ ਇਸ ਖੇਤਰ ਵਿੱਚ ਵਧੀਆ ਉਪਰਾਲਾ ਹੈ। ਸਾਲ ਦੇ ਅੰਤਿਮ ਦਿਨਾਂ ਵਿੱਚ ਨਾਮਵਰ ਕਹਾਣੀਕਾਰ ਜਤਿੰਦਰ ਹਾਂਸ ਦਾ ਨਵਾਂ ਸੰਗ੍ਰਹਿ ਵਾਇਰਲ ਗਰਲ ਪ੍ਰਕਾਸ਼ਿਤ ਹੋਇਆ ਹੈ, ਪਰ ਜੋ ਇਹ ਲੇਖ ਲਿਖੇ ਜਾਣ ਤੱਕ ਪਾਠਕਾਂ ਦੇ ਹੱਥਾਂ ਤੱਕ ਨਹੀਂ ਪਹੁੰਚਿਆ ਹੈ।

ਇਹਨਾਂ ਮੌਲਿਕ ਕਥਾ-ਪੁਸਤਕਾਂ ਤੋਂ ਇਲਾਵਾ ਇਸ ਵਰ੍ਹੇ ਤੀਜੀ ਪੀੜ੍ਹੀ ਦੇ ਸਥਾਪਤ ਕਹਾਣੀਕਾਰਾਂ ਵੱਲੋਂ ਆਪਣੀਆਂ ਚੋਣਵੀਆਂ ਕਹਾਣੀਆਂ ਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਕਰਨ ਦਾ ਰੁਝਾਨ ਵਧਿਆ ਹੈ। ਇਹਨਾਂ ਪੁਸਤਕਾਂ ਦੀ ਫ਼ੇਹਰਿਸਤ ਵਿੱਚ ਪਹਿਲਾ ਨਾਂਅ ਇਸ ਸਾਲ ਦੇ ਢਾਹਾਂ ਪੁਰਸਕਾਰ ਜੇਤੂ ਬਲਬੀਰ ਪਰਵਾਨਾ ਦੀ ਪੁਸਤਕ 'ਨਸਾਂ 'ਚ ਫੈਲਦਾ ਜ਼ਹਿਰ' ਵਿੱਚ ਉਸ ਦੀਆਂ ਪਹਿਲਾਂ ਪ੍ਰਕਾਸ਼ਿਤ ਕਿਤਾਬਾਂ ਵਿੱਚੋਂ ਇੱਕੀ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਬਲਬੀਰ ਪਰਵਾਨਾ ਦੇ ਗਲਪ ਜਗਤ ਅਤੇ ਵਿਚਾਰਧਾਰਾ ਨੂੰ ਸਮਝਣ ਵਿੱਚ ਸਹਾਈ ਹੁੰਦੀਆਂ ਹਨ। 'ਨਸਾਂ ਵਿੱਚ ਫੈਲਦਾ ਜ਼ਹਿਰ', 'ਥੈਂਕਯੂ ਬਾਪੂ', 'ਇੱਕ ਸੱਚੇ ਕਾਮਰੇਡ ਦਾ ਇੱਕਲਾਪਾ' ਤੇ 'ਆਪਣੇ ਆਪਣੇ ਜਜ਼ੀਰੇ' ਇਸ ਸੰਗ੍ਰਹਿ ਦੀਆਂ ਵਧੀਆ ਕਹਾਣੀਆਂ ਹਨ। ਦੂਜੀ ਪੁਸਤਕ ਬੂਟਾ ਸਿੰਘ ਚੌਹਾਨ ਦੀ ਮੇਰੀਆਂ ਚੋਣਵੀਆਂ ਕਹਾਣੀਆਂ ਹੈ, ਜਿਸ ਵਿੱਚ ਕਹਾਣੀਕਾਰ ਨੇ ਆਪਣੀਆਂ ਬਿਹਤਰੀਨ ਪੰਦਰਾਂ ਕਹਾਣੀਆਂ ਸ਼ਾਮਲ ਕੀਤੀਆਂ ਹਨ। 'ਅੱਖੋਂ ਤਿਲਕੀ ਰੌਸ਼ਨੀ', 'ਮੈਂ ਕੈਦ ਨਹੀਂ ਕੱਟਣੀ' ਅਤੇ 'ਨੀਵੀਂ ਥਾਂ' ਇਸ ਪੁਸਤਕ ਦੀਆਂ ਬਿਹਤਰੀਨ ਕਹਾਣੀਆਂ ਹਨ। ਜਿੰਦਰ ਦੀ ਸੰਪਾਦਿਤ ਪੁਸਤਕ 51 ਕਹਾਣੀਆਂ ਵੀ ਇਸ ਵਰ੍ਹੇ ਪ੍ਰਕਾਸ਼ਤ ਹੋਈ ਹੈ। ਇਸ ਵੱਡ-ਆਕਾਰੀ ਪੁਸਤਕ ਦੀਆਂ ਪ੍ਰਮੁੱਖ ਕਹਾਣੀਆਂ 'ਪਾਪ', 'ਕਤਲ', 'ਜ਼ਖ਼ਮ' ਅਤੇ 'ਸੇਫ਼ਟੀ ਕਿੱਟ' ਅਤੇ 'ਸਿਆਸਤ ਖੇਡ ਬਾਬਾ ਸਿਆਸਤ' ਹਨ। ਭਗਵੰਤ ਰਸੂਲਪੁਰੀ ਨੇ ਰਹਿਮਤ ਮਸੀਹ ਮੱਟੂ ਦੀ ਜੀਵਨੀ ਸਿਰਲੇਖ ਹੇਠ ਆਪਣੀਆਂ ਲਿਖੀਆਂ ਦਲਿਤ ਕਹਾਣੀਆਂ ਨੂੰ ਸੰਪਾਦਤ ਕੀਤਾ ਹੈ। 'ਜੜ੍ਹਾਂ', 'ਕੁੰਭੀ ਨਰਕ' ਅਤੇ 'ਰੰਗਾਂ ਦੀ ਸਾਂਝ' ਉਸ ਦੀਆਂ ਸ਼ਕਤੀਸ਼ਾਲੀ ਕਹਾਣੀਆਂ ਹਨ। ਦਵਿੰਦਰ ਮੰਡ ਦੀਆਂ ਸਾਰੀਆਂ ਕਹਾਣੀਆਂ ਇਕ ਥਾਂ ਪੁਸਤਕ ਕਥਾ ਸਾਗਰ ਵਿੱਚ ਸੰਪਾਦਤ ਕੀਤੀਆਂ ਗਈਆਂ ਹਨ। ਉਸ ਦੇ ਸਾਰੇ ਕਹਾਣੀ-ਸੰਗ੍ਰਹਿ ਵੱਖ-ਵੱਖ ਉਪ-ਸਿਰਲੇਖਾਂ ਅਧੀਨ ਸ਼ਾਮਲ ਕੀਤੇ ਗਏ ਹਨ। ਹਰਜਿੰਦਰ ਸੂਰੇਵਾਲੀਆ ਨੇ ਆਪਣੀਆਂ ਮਕਬੂਲ ਸੋਲਾਂ ਕਹਾਣੀਆਂ ਨੂੰ 'ਲਾਲ ਮਣਕੇ' ਸਿਰਲੇਖ ਅਧੀਨ ਸੰਪਾਦਿਤ ਕੀਤਾ ਹੈ। ਸੁਖਜੀਤ ਦੀਆਂ ਚੋਣਵੀਆਂ ਕਹਾਣੀਆਂ ਸਿਰਲੇਖ ਹੇਠ ਨਾਮਵਰ ਕਹਾਣੀਕਾਰ ਸੁਖਜੀਤ ਦੀਆਂ ਪ੍ਰਮੁੱਖ ਕਹਾਣੀਆਂ ਨੂੰ ਸੰਪਾਦਿਤ ਕੀਤਾ ਗਿਆ ਹੈ।

ਕੁਝ ਪੁਸਤਕਾਂ 2024 ਵਿੱਚ ਪ੍ਰਕਾਸ਼ਿਤ ਪ੍ਰਮੁੱਖ ਕਥਾਕਾਰਾਂ ਦੀਆਂ ਕਹਾਣੀਆਂ ਵਿੱਚੋਂ ਸੰਪਾਦਤ ਕੀਤੀਆਂ ਗਈਆਂ ਹਨ। ਪਿਛਲੇ ਸਾਲਾਂ ਦੀ ਤਰ੍ਹਾਂ ਸੁਕੀਰਤ ਨੇ '2024 ਦੀਆਂ ਪ੍ਰਤੀਨਿਧ ਕਹਾਣੀਆਂ' ਪੁਸਤਕ ਸੰਪਾਦਿਤ ਕੀਤੀ ਹੈ। ਇਸ ਤੋਂ ਇਲਾਵਾ ਪ੍ਰੇਮ ਮਾਨ ਨੇ ਨਿਤਰੇ ਪਾਣੀਆ ਜਿਹੀਆਂ ਕਹਾਣੀਆਂ ਪੁਸਤਕ ਵਿੱਚ ਆਪਣੀਆਂ 2024 ਦੀਆਂ ਮਨਪਸੰਦ ਕਹਾਣੀਆਂ ਸ਼ਾਮਲ ਕੀਤੀਆਂ ਹਨ ਅਤੇ ਗੁਰਮੀਤ ਆਰਿਫ਼ ਨੇ ਪੁਸਤਕ ਬਰਫ਼ ਦੀ ਬੁਲਬੁਲ ਵਿੱਚ ਇਸ ਸਾਲ ਦੀਆਂ ਬਿਹਤਰੀਨ ਕਹਾਣੀਆਂ ਸੰਪਾਦਿਤ ਕੀਤੀਆਂ ਹਨ। ਹਰਕੀਰਤ ਕੌਰ ਚਾਹਲ ਦੀ ਪੁਸਤਕ 'ਤੇਰੇ ਨਾਲ ਮੁਹੱਬਤ ਡਾਢੀ' ਵਿੱਚ ਪ੍ਰਮੁੱਖ ਕਹਾਣੀਕਾਰਾਂ ਦੀਆਂ ਜਾਨਵਰ ਬਾਰੇ ਲਿਖੀਆਂ ਕਹਾਣੀਆਂ ਸ਼ਾਮਲ ਕੀਤੀਆਂ ਹਨ। ਨਿਰੰਜਨ ਬੋਹਾ ਦੀ ਪੁਸਤਕ 'ਸਿਰਫ਼ ਮੁਹੱਬਤ' ਨਾਮਵਰ ਕਥਾਕਾਰਾਂ ਦੀਆਂ ਇਸ਼ਕ-ਮੁਹੱਬਤ ਕੇਂਦਰਤ ਕਹਾਣੀਆਂ ਸੰਪਾਦਤ ਕੀਤੀਆਂ ਹਨ। ਡਾ. ਕੁਸੁਮ ਨੇ 1947-ਤ੍ਰਾਸਦੀ ਸਿਰਲੇਖ ਹੇਠ ਜੰਮੂ ਕਸ਼ਮੀਰ ਇਲਾਕੇ ਦੀਆਂ ਵੰਡ ਨਾਲ ਸੰਬੰਧਤ ਕਹਾਣੀਆਂ ਨੂੰ ਸੰਪਾਦਿਤ ਕੀਤਾ ਹੈ ਅਤੇ ਕਹਾਣੀਕਾਰ ਅਲਫਾਜ਼ ਨੇ 'ਖਾਮੋਸ਼ ਖੇਤਾਂ ਦੀ ਹੂਕ' ਨਾਂਅ ਦਾ ਕਹਾਣੀ-ਸੰਗ੍ਰਹਿ ਸੰਪਾਦਿਤ ਕੀਤਾ ਹੈ, ਜਿਸ ਵਿੱਚ ਕਿਸਾਨੀ ਅੰਦੋਲਨ ਦੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਪੁਸਤਕਾਂ ਵਿੱਚ ਜਿਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ, ਉਹਨਾਂ ਵਿੱਚ ਪ੍ਰਮੁੱਖ ਜਿੰਦਰ, ਸਿਮਰਨ ਧਾਲੀਵਾਲ, ਜਸਬੀਰ ਰਾਣਾ, ਪਰਵੇਜ਼ ਸੰਧੂ, ਬਲਵੰਤ ਫ਼ਰਵਾਲੀ, ਬਲੀਜੀਤ, ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਰਵੀ ਸ਼ੇਰਗਿੱਲ, ਨਿਰੰਜਣ ਬੋਹਾ, ਪ੍ਰੇਮ ਮਾਨ, ਅਮਰਜੀਤ ਮਾਨ, ਭੁਪਿੰਦਰ ਮਾਨ, ਆਗਾਜ਼ਬੀਰ, ਜਸਪਾਲ ਕੌਰ, ਦੀਪਤੀ ਬਬੂਟਾ, ਸਰਘੀ, ਅੰਬਰ ਹੁਸੈਨੀ ਅਤੇ ਹਰਕੀਰਤ ਕੌਰ ਚਹਿਲ ਦੇ ਨਾਂਅ ਪ੍ਰਮੁੱਖ ਹਨ। ਅਨੁਵਾਦਿਤ ਕਹਾਣੀਆਂ ਵਿੱਚ ਜਸਪ੍ਰੀਤ ਸਿੰਘ ਜਗਰਾਓਂ ਨੇ ਕਈ ਭਾਸ਼ਾਵਾਂ ਤੋਂ ਪੰਜਾਬੀ ਵਿੱਚ ਕਹਾਣੀਆਂ ਅਨੁਵਾਦ ਕੀਤੀਆਂ ਹਨ। ਪ੍ਰੇਤ ਕਹਾਣੀਆਂ, ਚਾਨਣੀਆਂ ਰਾਤਾਂ, ਅਚਾਰੀਆ ਚਤੁਰਸੇਨ ਦੀਆਂ 21 ਸ੍ਰੇਸ਼ਟ ਕਹਾਣੀਆਂ ਤੇ ਕਥਾ ਤੁਰਦੀ ਆਈ ਉਸ ਦੇ ਚਾਰ ਕਹਾਣੀ-ਸੰਗ੍ਰਹਿ ਇਸ ਵਰ੍ਹੇ ਪ੍ਰਕਾਸ਼ਿਤ ਹੋਏ ਹਨ। ਇਕ ਕਹਾਣੀ-ਸੰਗ੍ਰਹਿ ਕੁਆਰਨਟਾਈਨ ਤੇ ਹੋਰ ਕਹਾਣੀਆਂ ਅਰਤਿੰਦਰ ਸੰਧੂ ਦੁਆਰਾ ਅਨੁਵਾਦ ਕਰਕੇ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਸ ਵਿੱਚ ਸੰਪਾਦਕਾ ਵੱਲੋਂ ਉਹ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ, ਜੋ ਉਸ ਨੇ ਸਾਹਿਤਕ ਪੱਤ੍ਰਿਕਾ 'ਏਕਮ' ਵਿੱਚ ਪ੍ਰਕਾਸ਼ਿਤ ਕਰਨ ਲਈ ਅਨੁਵਾਦ ਕੀਤੀਆਂ ਹਨ।

ਸਾਲ 2025 ਦੀ ਪੰਜਾਬੀ ਕਹਾਣੀ ਦਾ ਜਾਇਜ਼ਾ ਲੈਣ ਤੋਂ ਬਾਅਦ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਇਹ ਕਹਾਣੀ ਰਵਾਇਤੀ ਕਹਾਣੀ ਦੇ ਸਰਲ ਤੇ ਲਕੀਰੀ ਬਿਰਤਾਂਤ ਤੋਂ ਅਜੋਕੇ ਸਮੇਂ ਦੇ ਵਿਸ਼ਿਆਂ ਨੂੰ ਲੈ ਕੇ ਜਟਿਲ ਤੇ ਪੇਚੀਦਾ ਬਿਰਤਾਂਤਾਂ ਤੱਕ ਫੈਲੀ ਹੋਈ ਹੈ। ਇਸ ਸਾਲ ਦੀ ਕਹਾਣੀ ਮਸਨੂਈ ਬੁੱਧੀ ਦੇ ਸਮੇਂ ਵਿੱਚ ਕਾਰਪੋਰੇਟ ਜਗਤ ਦੇ ਪ੍ਰਭਾਵ ਹੇਠ ਵਿਚਰ ਰਹੇ ਸਮਾਜ ਦੇ ਵਰਤਾਰਿਆਂ ਦੀ ਗੱਲ ਕਰਦੀ ਹੈ, ਅਜੋਕੇ ਸਮੇਂ ਦੇ ਸਭ ਤੋਂ ਵੱਡੇ ਮਸਲੇ ਮਾਨਸਿਕ ਤਣਾਅ ਅਤੇ ਸੰਤਾਪਾਂ ਦੀ ਬਾਤ ਪਾਉਂਦੀ ਹੈ, ਅੰਤਰਰਾਸ਼ਟਰੀ ਮਸਲਿਆਂ ਨੂੰ ਵਿਸ਼ਾ ਬਣਾਉਂਦੀ ਹੈ, ਪਰਵਾਸੀ ਜੀਵਨ ਨੂੰ ਚਿਤਰਦੀ ਹੈ ਅਤੇ ਪੰਜਾਬ ਦੀ ਪੇਂਡੂ ਰਹਿਤਲ ਨਾਲ ਸੰਬੰਧਤ ਮਸਲਿਆਂ ਨੂੰ ਰੇਖਾਂਕਿਤ ਕਰਦੀ ਹੈ। ਇਹਨਾਂ ਕਹਾਣੀਆਂ ਦੇ ਆਧਾਰ 'ਤੇ ਅਗਲੇ ਸਾਲਾਂ ਵਿੱਚ ਇਹ ਆਸ ਕੀਤੀ ਜਾਂਦੀ ਹੈ ਕਿ ਪੰਜਾਬੀ ਭਾਸ਼ਾ ਦੇ ਸਥਾਪਤ ਕਹਾਣੀਕਾਰਾਂ ਵੱਲੋਂ ਹੋਰ ਵਧੀਆ ਕਹਾਣੀ ਲਿਖਣ ਦੇ ਉਪਰਾਲੇ ਕੀਤੇ ਜਾਣਗੇ ਤੇ ਆਪਣੇ ਕਹਾਣੀ-ਸੰਗ੍ਰਹਿ ਛਪਵਾਏ ਜਾਣਗੇ ਤਾਂ ਕਿ ਪੰਜਾਬੀ ਕਹਾਣੀ ਦੀ ਖੜੋਤ ਦਿਸ਼ਾਹੀਣ ਚਾਲ ਨੂੰ ਬਦਲਿਆ ਜਾ ਸਕੇ।

ਸੰਪਰਕ : 98728-87551









## 2025 ਦਾ ਪੰਜਾਬੀ ਨਾਵਲ

# ਇਤਿਹਾਸ ਪ੍ਰਤੀ ਰੁਦਨ ਤੇ ਸਮਾਜਿਕ ਫਿਕਰਮੰਦੀ ਦਾ ਸੂਚਨਾਮੁਖੀ ਪ੍ਰਗਟਾਵਾ

**ਡਾ. ਜੇ ਬੀ ਸੇਖੋਂ**

ਸਾਹਿਤ ਮਨੁੱਖੀ ਕਲਪਨਾ, ਸਿਮਰਤੀਆਂ ਅਤੇ ਅਨੁਭਵ ਦੀ ਕਲਾਤਮਿਕ ਬਿੰਬਕਾਰੀ ਹੁੰਦਾ ਹੈ, ਪਰ ਇੰਟਰਨੈੱਟ ਦੇ ਆਤੰਕੀ ਦੌਰ ਵਿੱਚ ਸਾਹਿਤ ਨਹੀਂ, ਸਗੋਂ ਸਾਹਿਤ ਦੇ ਇਹ ਸਿਰਜਣੀ ਵਰਤਾਰੇ ਗਹਿਰੇ ਸੰਕਟ ਹੇਠ ਹਨ। ਇਸ ਹੜ੍ਹ ਵਿੱਚ ਪਰੋਸੇ ਜਾ ਰਹੇ ਤਰ੍ਹਾਂ-ਤਰ੍ਹਾਂ ਦੇ ਕੰਟੈਂਟਨੁਮਾ ਮ੍ਰਿਗਛਲ ਵਿੱਚ ਮਾਨਵੀ ਕਲਪਨਾ ਸ਼ਕਤੀ ਖੀਣ ਹੋ ਰਹੀ ਹੈ, ਸਿਮਰਤੀਆਂ ਅਪੰਗ ਹੋ ਰਹੀਆਂ ਹਨ ਅਤੇ ਅਨੁਭਵ ਦ੍ਰਿਸ਼ਕਾਰੀ ਦੇ ਖੌਫ਼ ਹੇਠ ਸਿਸਕ ਰਹੇ ਹਨ। ਇਸ ਪ੍ਰਸੰਗ ਵਿੱਚ ਜਦੋਂ ਪਾਠਕ/ਦਰਸ਼ਕ/ਸਰੋਤੇ ਦ੍ਰਿਸ਼ਕਾਰੀ ਦੇ ਅੱਤਵਾਦ ਅਤੇ ਸੂਚਨਾ ਦੀ ਬੰਬਾਰਮੈਂਟ ਵਿੱਚ ਘਿਰੇ ਹੋਏ ਹਨ ਤਾਂ ਨਾਵਲ ਵਰਗੀ ਯਥਾਰਥ ਧਰਮੀ ਵਿਧਾ ਦਾ ਸਿਰਜਣ ਅਤੇ ਇਸ ਦੀ ਪੜਤ ਇਨ੍ਹਾਂ ਖ਼ੂੰਖਾਰ ਸਮਿਆਂ ਖ਼ਿਲਾਫ਼ ਸ਼ਬਦ ਦੀ ਲੜਾਈ ਦਾ ਬਿਗਲ ਹੈ। ਇਸ ਪ੍ਰਸੰਗ ਵਿੱਚ ਸਾਲ 2025 ਦਾ ਬਹੁਤਾ ਨਾਵਲ ਬਹੁਭਾਂਤੀ ਵਸਤੂ ਜਗਤ ਦੀ ਸੂਚਨਾਮੁਖੀ ਪੇਸ਼ਕਾਰੀ ਵਾਲਾ ਰਿਹਾ। ਇਸ ਨਾਵਲ ਵਿੱਚ ਇਤਿਹਾਸ ਪ੍ਰਤੀ ਰੁਦਨ, ਪੁਰਸ਼ ਤੰਤਰ ਦੀਆਂ ਸਥਾਪਤ ਬਣਤਰਾਂ ਲਈ ਪ੍ਰਤੀਰੋਧ, ਜਾਤੀ-ਜਮਾਤੀ ਵਿਸੰਗਤੀਆਂ ਸਮੇਤ ਪੰਜਾਬ ਦੇ ਨਿਕਟਕਾਲੀ ਇਤਿਹਾਸਕ ਸੰਕਟਾਂ ਪ੍ਰਤੀ ਮਾਨਵਵਾਦੀ ਕਥਾ ਦ੍ਰਿਸ਼ਟੀ ਦਾ ਪ੍ਰਗਟਾਵਾ ਹੈ। ਸਮਕਾਲੀ ਪੰਜਾਬੀ ਨਾਵਲਕਾਰੀ ਵਿੱਚ ਇਤਿਹਾਸਕ ਵਸਤੂ ਸਮੱਗਰੀ ਨਾਲ ਜੁੜੀ ਰੁਮਾਂਸਿਕ ਬਿਰਤਾਂਤਕਾਰੀ ਪ੍ਰਤੀ ਉਤਸ਼ਾਹੀ ਲੇਖਣੀ ਰਜਿਸਟਰ ਹੁੰਦੀ ਆ ਰਹੀ ਹੈ। ਇਸ ਨਾਵਲੀ ਪਰੰਪਰਾ ਵਿੱਚ ਜਾਣੇ-ਪਛਾਣੇ ਇਤਿਹਾਸਕ ਪ੍ਰਸੰਗਾਂ, ਪਾਤਰਾਂ ਅਤੇ ਘਟਨਾਵਾਂ ਨੂੰ ਉਸੇ ਸਰੂਪ ਵਿੱਚ ਗਲਪੀ ਸੰਗਠਨ ਵਿੱਚ ਢਾਲਣ ਵਾਲੀ ਕਥਾ ਦ੍ਰਿਸ਼ਟੀ ਵੀ ਪੇਸ਼ ਹੈ, ਪਰ ਨਾਲ ਹੀ ਇਤਿਹਾਸ ਦੀਆਂ ਖਾਮੋਸ਼ੀਆਂ ਅਤੇ ਹਾਸ਼ੀਅਤ ਧਿਰਾਂ ਪ੍ਰਤੀ ਉਚੇਚੀ ਦਾਰਸ਼ਨਿਕਤਾ ਭਰੀ ਪ੍ਰਵਚਨਕਾਰੀ ਵੀ ਨਮੂਦਾਰ ਹੈ। ਪੰਜਾਬੀ ਨਾਵਲ ਨਿਗਾਰੀ ਦਾ ਵੱਡਾ ਹਿੱਸਾ ਇਤਿਹਾਸ ਪ੍ਰਤੀ ਰੁਮਾਂਟਿਕ, ਆਦਰਸ਼ਵਾਦੀ ਅਤੇ ਸ਼ਰਧਾਭਾਵੀ ਪਹੁੰਚ ਦੀ ਘੇਰਾਬੰਦੀ ਵਿੱਚ ਹੈ। ਇਸ ਨਾਵਲੀ ਪਰੰਪਰਾ ਵਿੱਚ ਇਸ ਸਾਲ ਬਲਦੇਵ ਸਿੰਘ ਸੜਕਨਾਮਾ ਆਪਣੇ ਨਾਵਲ 'ਨਲਵਾ ਜਰਨੈਲ ਬਾਝੋਂ' ਨਾਲ ਅਗਲਾ ਵਾਧਾ ਕਰਦਾ ਹੈ। ਨਾਵਲ ਸਿੱਖ ਰਾਜ ਦੇ ਪ੍ਰਸਿੱਧ ਜਰਨੈਲ ਹਰੀ ਸਿੰਘ ਨਲਵਾ ਦੇ ਨਾਇਕਤਵ ਪ੍ਰਤੀ ਆਪਣੀ ਬਿਰਤਾਂਤਕ ਨਿਸ਼ਠਾ ਵਾਲਾ ਹੈ। ਨਾਵਲਕਾਰ ਨੇ ਹਰੀ ਸਿੰਘ ਨਲਵਾ ਦੇ ਜਨਮ, ਬਚਪਨ, ਘਰ-ਪਰਵਾਰ ਸਮੇਤ ਖਾਲਸਾ ਰਾਜ ਦੀਆਂ ਹੱਦਾਂ ਦੇ ਵਿਸਥਾਰ ਲਈ ਲੜੇ ਯੁੱਧਾਂ ਦੀ ਰੌਚਿਕ ਬਿਰਤਾਂਤਕਾਰੀ ਕੀਤੀ ਹੈ। ਨਾਵਲ ਪੜ੍ਹਦਿਆਂ ਹਰੀ ਸਿੰਘ ਨਲਵਾ ਦਾ ਦਲੇਰਾਨਾ ਵਿਅਕਤੀਤਵ, ਖਾਲਸਾ ਰਾਜ ਲਈ ਪ੍ਰਤੀਬੱਧਤਾ ਅਤੇ ਸੂਰਮਗਤੀ ਦੇ ਕਾਰਨਾਮੇ ਪਾਠਕਾਂ ਨੂੰ ਨਲਵਾ ਦੇ ਬੁਲੰਦ ਨਾਇਕਤਵ ਨਾਲ ਜੋੜਦੇ ਹਨ। ਨਾਵਲ ਦੀ ਪੜਤ ਸਧਾਰਨ ਬੁੱਧ ਚਿੱਤ ਵਾਲੇ ਪਾਠਕਾਂ ਨੂੰ ਇਤਿਹਾਸਕ ਰੁਮਾਂਸ ਦੇ ਘੇਰੇ ਵਿੱਚ ਲੈ ਕੇ ਸਿੱਖ ਰਾਜ ਦੇ ਗੁਆਚੇ ਆਭਾ ਮੰਡਲ ਪ੍ਰਤੀ ਰੁਦਨ ਪੈਦਾ ਕਰਨ ਵਾਲੀ ਹੈ। ਆਪਣੇ ਕਥਨ ਦੀ ਪ੍ਰੋੜ੍ਹਤਾ ਲਈ ਲੇਖਕ ਟੈਕਸਟ ਅੰਦਰ ਇਤਿਹਾਸਕ ਹਵਾਲਿਆਂ, ਤਸਵੀਰਾਂ, ਟੂਕਾਂ ਦੀ ਵਰਤੋਂ ਨਾਲ ਸਥਾਪਤ ਇਤਿਹਾਸ ਦਾ ਹੀ ਗਲਪੀ ਪੁਨਰ ਲੇਖਨ ਕਰਦਾ ਹੈ। ਇਸ ਬਿਰਤਾਂਤਕਾਰੀ ਵਿੱਚੋਂ ਇਤਿਹਾਸਕ ਨਾਵਲ ਦੀ ਉਹ ਆਤਮਾ ਗਾਇਬ ਹੈ, ਜਿਹੜੀ ਮੁੱਖ ਧਾਰਾ ਇਤਿਹਾਸ ਦੇ ਸਮਾਨ ਅੰਤਰ ਆਪਣੀ ਜਨਵਾਦੀ ਇਤਿਹਾਸ ਚੇਤਨਾ ਵਾਲੀ ਹੁੰਦੀ ਹੈ, ਜਿਸ ਨਾਲ ਇਤਿਹਾਸ ਦੀ ਥਾਂ ਇਤਿਹਾਸਕ ਵਰਤਾਰਿਆਂ ਦੀ ਮਾਨਸਿਕਤਾ ਤੱਕ ਪੁੱਜਤ ਕਰਨਾ ਹੁੰਦਾ ਹੈ। ਬਲਦੇਵ ਸਿੰਘ ਦੇ ਇਸ ਨਾਵਲ ਦੀ ਅਹਿਮੀਅਤ ਇਸ ਅੰਦਰ 'ਖਾਲਸਾ ਰਾਜ' ਦੀ ਸਥਾਪਨਾ ਲਈ ਕੰਮ ਕਰਦੀ ਸਿੱਖ ਸ਼ਕਤੀ ਨੂੰ ਪ੍ਰਗਟਾਉਣ ਵਿੱਚ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਅਫਗਾਨਾਂ, ਜਹਾਦੀਆਂ, ਪਠਾਨਾਂ, ਹਾਜੀਆਂ ਨਾਲ ਨਲਵਾ ਦੀ ਟੱਕਰ ਦੇ ਬਹਾਦਰੀ ਭਰੇ ਬਿਰਤਾਂਤ ਪੇਸ਼ ਹਨ ਪਰ ਇਹ ਬਿਰਤਾਂਤ ਪਰੰਪਰਾ ਸਿੱਖ ਬਨਾਮ 'ਗੈਰ' ਦੇ ਤੰਤਰ ਵਾਲੀ ਸਰਲਚਿੱਤ, ਇਕਹਿਰੀ ਤੇ ਰੇਖਕੀ ਸੁਭਾਅ ਨਾਲ ਭਰਪੂਰ ਹੈ। ਇਤਿਹਾਸਕ ਨਾਵਲ ਬਨਾਮ ਦੇ ਅਜਿਹੇ ਕਿਸੇ ਵੀ ਤੰਤਰ ਤੋਂ ਵਿੱਥ ਰੱਖ ਕੇ ਇਤਿਹਾਸ ਦੀ ਥਾਂ ਇਤਿਹਾਸ ਅੰਦਰਲੇ ਅੰਤਰ ਵਿਰੋਧਾਂ ਦੀ ਪੇਸ਼ਕਾਰੀ ਵੱਲ ਰੁਚਿਤ ਹੋਣਾ ਚਾਹੀਦਾ ਹੈ।







ਇਸ ਸਾਲ ਪ੍ਰਕਾਸ਼ਿਤ ਹੋਏ ਨਾਵਲਾਂ ਵਿੱਚ ਸੰਤਾਲੀ ਦੇ ਬਟਵਾਰੇ ਤੋਂ ਲੈ ਕੇ ਸਮਕਾਲ ਤੱਕ ਦੇ ਪੰਜਾਬ ਦੀ ਸਮਾਜਿਕ ਤੌਰ ਪ੍ਰਤੀ ਚਿੰਤਨੀ ਨੀਝ ਵਾਲੇ ਅਤੇ ਫਿਕਰਮੰਦੀ ਦੀ ਸਤਹੀ ਬਿਰਤਾਂਤਕਾਰੀ ਵਾਲੇ ਦੋਵੇਂ ਤਰ੍ਹਾਂ ਦੇ ਨਾਵਲ ਸਿਰਜੇ ਗਏ ਹਨ। ਅਜਿਹੇ ਸਰੋਕਾਰਾਂ ਵਾਲੀ ਨਾਵਲੀ ਪਰੰਪਰਾ ਨਿਰੰਤਰ ਦੁਹਰਾਅ ਦੀ ਵੀ ਸ਼ਿਕਾਰ ਹੈ, ਜਿੱਥੇ ਸੰਤਾਲੀ ਦੇ ਸੰਤਾਪ ਤੇ ਚੁਰਾਸੀ ਦੀ ਚੀਸ ਪ੍ਰਤੀ ਮਾਨਵਵਾਦੀ, ਉਦਾਰਮੁਖੀ ਅਤੇ ਅਗਾਂਹਵਧੂ ਕਥਾ ਦ੍ਰਿਸ਼ਟੀ ਪ੍ਰਧਾਨ ਹੈ। ਇਸ ਸਾਲ ਦੇ ਕਈ ਨਾਵਲ ਵੀ ਪੌਣੀ ਸਦੀ ਦਾ ਅਜਿਹਾ ਆਦਰਸ਼ਕ ਤੇ ਰੁਮਾਂਸੀ ਗਲਪੀਕਰਨ ਕਰਦੇ ਪੇਸ਼ ਹੋਏ ਹਨ, ਪਰ ਲੇਖਕ ਕਿਰਪਾਲ ਕਜ਼ਾਕ ਆਪਣੇ ਪਲੇਠੇ ਨਾਵਲ 'ਇਤਿ ਕਥਾ' ਨਾਲ ਬਿਰਤਾਂਤ ਦੇ ਅਜਿਹੇ ਆਦਰਸ਼ੀਕ੍ਰਿਤ ਰੂਪ ਨੂੰ ਭੰਗ ਕਰਦਾ ਹੈ। ਇਹ ਨਾਵਲ ਵੀਹਵੀਂ ਸਦੀ ਦੇ ਕਰੀਬ ਪੰਜ ਦਹਾਕਿਆਂ ਦੇ ਅੰਤਰਾਲ 'ਤੇ ਫੈਲੀ ਰਚਨਾ ਹੈ, ਜਿਸ ਵਿੱਚ ਦੇਸ਼ ਦੀ ਆਜ਼ਾਦੀ ਉਪਰੰਤ ਰਜਵਾੜਾਸ਼ਾਹੀ ਮਾਨਸਿਕਤਾ ਦੀ ਟੁੱਟ ਭੱਜ ਸਮੇਤ ਦਲਿਤ ਵਰਗ ਵਿੱਚ ਸਮਾਜਿਕ, ਆਰਥਿਕ ਪੱਧਰ 'ਤੇ ਆਈ ਤਬਦੀਲੀ ਨੂੰ ਪੇਸ਼ ਕੀਤਾ ਹੈ। ਨਾਵਲੀ ਬਿਰਤਾਂਤ ਮਾਲਵੇ ਦੇ ਰਿਆਸਤੀ ਪਿੰਡ ਦਿੱਤਪੁਰਾ ਦੀ ਰਿਆਸਤੀ ਜਾਗੀਰਦਾਰੀ ਦੇ ਟੁੱਟਦੇ ਤਲਿਸਮ ਨੂੰ ਯਥਾਰਥਵਾਦੀ ਲਹਿਜ਼ੇ ਵਿੱਚ ਪੇਸ਼ ਕਰਦਾ ਹੈ। ਨਾਵਲ ਵਿੱਚ ਸਾਮੰਤੀ ਵਿਵਸਥਾ ਦੇ ਅਸਤ ਹੋਣ ਦੇ ਨਾਲ-ਨਾਲ ਨਵੀਆਂ ਆਰਥਿਕ, ਸਮਾਜਿਕ ਤਬਦੀਲੀਆਂ ਦੇ ਪਸਮੰਜਰ ਨੂੰ ਬਦਲਦੇ ਰਿਸ਼ਤੇ-ਨਾਤਿਆਂ, ਕਾਰ-ਵਿਹਾਰ, ਕੰਮ-ਧੰਦਿਆਂ ਅਤੇ ਸੱਭਿਆਚਾਰਕ ਬਦਲਾਅ ਦੇ ਪ੍ਰਸੰਗ ਵਿੱਚ ਪੇਸ਼ ਕੀਤਾ ਮਿਲਦਾ ਹੈ। ਨਾਵਲ ਵਿੱਚ ਇਕ ਪਾਸੇ ਜਗੀਰੂ ਸੱਤਾ ਆਪਣੀ ਹੋਂਦ ਅਤੇ ਪਛਾਣ ਦੀ ਸਲਾਮਤੀ ਲਈ ਮਾਨਸਿਕ ਦਵੰਦ ਵਿੱਚੋਂ ਗੁਜ਼ਰਦੀ ਹੈ। ਜਿਸ ਦਾ ਪ੍ਰਗਟਾਵਾ ਦਿੱਤ ਸਿੰਘ, ਭੂਰਾ ਸਿੰਘ, ਗੁਰੋ, ਬਖਤਾਵਾਰ, ਨੌਨਿਹਾਲ, ਲਾਲ ਜੀ ਅਤੇ ਵਿਜੇ ਆਦਿ ਪਾਤਰਾਂ ਦੀ ਉਸ ਜਗੀਰੂ ਹਉਮੈ ਤੇ ਘੁਮੰਡ ਵਿੱਚ ਮਿਲਦਾ ਹੈ, ਜੋ ਕਿ ਦੇਸ਼ ਦੀ ਸੁਤੰਤਰਤਾ ਉਪਰੰਤ ਮਿਲੇ ਸੰਵਿਧਾਨਕ ਹੱਕਾਂ ਤੇ ਸਮਾਜਿਕ ਤਬਦੀਲੀ ਨਾਲ ਜਾਗਰੂਕ ਹਾਸ਼ੀਆਗਤ ਸ਼੍ਰੇਣੀਆਂ ਦੀ ਚੇਤਨਾ ਨਾਲ ਟਕਰਾਅ ਕੇ ਟੁੱਟਦਾ ਹੈ। ਨਾਵਲ ਵਿੱਚ ਆਪਣੇ ਅਸਤਿਤਵ ਦੀ ਦੂਜੀ ਲੜਾਈ ਸਮਾਜਿਕ, ਆਰਥਿਕ ਵਿਤਕਰੇ ਭੋਗਦੇ ਸਰਵਣ, ਨੰਜਾ, ਸੁੱਚਾ, ਚਾਰੂ, ਚੰਦ, ਲੱਖਾ ਵਰਗੇ ਬੇਜ਼ਮੀਨੇ ਮਜ਼ਦੂਰਾਂ ਨੂੰ ਲੜਨੀ ਪੈਂਦੀ ਹੈ। ਨਾਵਲ ਹਰੀ ਕ੍ਰਾਂਤੀ ਉਪਰੰਤ ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਇੱਥੋਂ ਦੇ ਖੇਤ ਮਜ਼ਦੂਰਾਂ, ਬੇਜ਼ਮੀਨੇ ਦਿਹਾੜੀਦਾਰਾਂ ਨਾਲ ਤਣਾਅ, ਬਦਲਦੇ ਆਰਥਿਕ, ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਕਰਦਿਆਂ ਲੰਮੇ ਇਤਿਹਾਸਕ ਅੰਤਰਾਲ ਨੂੰ ਸਮੇਟਦਾ ਹੈ। ਨਾਵਲ ਜਾਤੀ-ਜਮਾਤੀ ਵਿਸੰਗਤੀਆਂ ਵਿੱਚ ਦੋਹਰਾ ਸ਼ੋਸ਼ਣ ਹੰਢਾਉਂਦੀਆਂ ਕਲਿਆਣੀ, ਸ਼ੀਸ਼ੋ, ਲਾਡੋ, ਗੋਮਤੀ ਵਰਗੀਆਂ ਨਾਰੀ ਪਾਤਰਾਂ ਦੇ ਮੌਲਿਕ ਉਚਾਰ ਦੀ ਪੇਸ਼ਕਾਰੀ ਨਾਲ ਸਮਰੱਥਾਵਾਨ ਬਣਦਾ ਹੈ। ਮਰਦਾਵੀ ਪਿੱਤਰ ਸੱਤਾ ਵਿਰੁੱਧ ਨਾਰੀ ਹੋਂਦ ਦਾ ਇਹ ਵੱਖਰਾ ਮੁਹਾਜ਼ ਹੈ। ਹਿੰਦੀ ਵਿੱਚ ਗਿਰੀਰਾਜ ਕਿਸ਼ੋਰ ਦਾ ਨਾਵਲ 'ਲੋਗ' ਵੀ ਅਜਿਹੀ ਰਚਨਾ ਹੈ, ਜੋ ਸਾਮੰਤੀ ਵਿਵਸਥਾ ਦੇ ਪਤਨ ਅਤੇ ਸਮਾਜਿਕ ਬਦਲਾਅ ਨੂੰ ਪੇਸ਼ ਕਰਦਾ ਮਾਨਵੀ ਰਿਸ਼ਤਿਆਂ ਦੀ ਜਟਿਲਤਾ ਨੂੰ ਚਿਤਰਦਾ ਹੈ। ਕਿਰਪਾਲ ਕਜ਼ਾਕ ਦਾ ਇਹ ਨਾਵਲ ਸਮਾਜਿਕ ਤਬਦੀਲੀ ਨੂੰ ਨੀਝ ਨਾਲ ਪੇਸ਼ ਕਰਦਾ ਬਿਰਤਾਂਤ ਦੀ ਪੇਸ਼ਕਾਰੀ ਲਈ ਚਿੰਤਨੀ ਭਾਸ਼ਾ ਇਜ਼ਾਦ ਕਰਦਾ ਹੈ, ਜੋ ਕਿ ਪਾਤਰਾਂ ਦੀ ਮਨੋ ਸਮਾਜਿਕ ਸੰਰਚਨਾ ਦੇ ਅਨੁਕੂਲ ਹੈ। ਇਹ ਨਾਵਲ ਸਾਲ ਦੀ ਵਿਸ਼ੇਸ਼ ਪ੍ਰਾਪਤੀ ਹੈ। ਵੀਹਵੀਂ ਸਦੀ ਦੇ ਦਸਤਾਵੇਜ਼ੀ ਪ੍ਰਗਟਾਵੇ ਵਿੱਚ ਧਰਮ ਸਿੰਘ ਕੰਮੇਆਣਾ ਦਾ ਨਾਵਲ 'ਰਾਵੀ ਤੋਂ ਘੱਗਰ ਵਾਇਆ ਸਤਲੁਜ' ਵੀ ਪੇਸ਼ ਹੋਇਆ ਹੈ। ਇਸ ਨਾਵਲ ਦੇ ਘੇਰੇ ਵਿੱਚ ਤਿੰਨ ਸੁਤੰਤਰ ਨਾਵਲਾਂ ਦੀ ਕਥਾ ਸਮੱਗਰੀ ਸ਼ਾਮਲ ਹੈ, ਜਿਨ੍ਹਾਂ ਦੀਆਂ ਆਪਸੀ ਕਥਾ ਤੰਦਾਂ ਪੰਜ ਪਾਣੀਆਂ ਦੀ ਧਰਤੀ ਪੰਜਾਬ ਦੀਆਂ ਵੀਹਵੀਂ ਸਦੀ ਦੀਆਂ ਇਤਿਹਾਸਕ ਛੱਲਾਂ ਨੂੰ ਪੇਸ਼ ਕਰਦੀਆਂ ਹਨ। ਨਾਵਲ ਦੇ ਘੇਰੇ ਵਿੱਚ ਬਰਤਾਨਵੀ ਰਾਜਸੀ ਸੱਤਾ ਤੋਂ ਆਜ਼ਾਦੀ ਮੌਕੇ ਪੰਜਾਬ ਅੰਦਰ ਉਜਾੜੇ ਦੀ ਕਸਕ, ਹਰੀ ਕ੍ਰਾਂਤੀ ਦੀ ਅਲਪ ਖੁਸ਼ਹਾਲੀ, ਨਕਸਲਵਾੜੀ ਲਹਿਰ, ਜਾਤੀ-ਜਮਾਤੀ ਤੇ ਧਾਰਮਿਕ ਖਿੱਚੋਤਾਣ, ਪੰਜਾਬ ਸੰਕਟ, ਪਰਵਾਸ ਦੇ ਰੁਝਾਨ ਆਦਿ ਦੀ ਪੇਸ਼ਕਾਰੀ ਹੋਈ ਹੈ। ਨਾਵਲ ਵਿੱਚ ਰਵਾਇਤੀ ਖੇਤੀ ਅਰਥਚਾਰੇ ਤੋਂ ਲੈ ਕੇ ਹਰੀ ਕ੍ਰਾਂਤੀ ਉਪਰੰਤ ਖੇਤੀ ਸੈਕਟਰ ਵਿੱਚ ਆਏ ਨਿਰੰਤਰ ਨਿਘਾਰ, ਪਰੰਪਰਕ ਪੇਸ਼ਾਵਰ ਕੰਮ-ਧੰਦਿਆਂ ਵਾਲੇ ਸਮਾਜਿਕ ਪ੍ਰਬੰਧ ਤੋਂ ਸਰਵਿਸ ਸੈਕਟਰ ਤੱਕ ਦੇ ਸਫ਼ਰ, ਸੰਸਥਾਵਾਂ ਦੇ ਮਿਸ਼ਨਰੀ ਸਰੂਪ ਤੋਂ ਨਿੱਜੀਕਰਨ ਤੇ ਵਪਾਰੀਕਰਨ ਤੱਕ ਦੇ ਰੁਝਾਨਾਂ ਦੀ ਬਿਰਤਾਂਤਕ ਪੇਸ਼ਕਾਰੀ ਹੋਈ ਮਿਲਦੀ ਹੈ। ਧਰਮ ਸਿੰਘ ਕੰਮੇਆਣਾ ਆਜ਼ਾਦੀ ਦੇ ਜਸ਼ਨ ਤੇ ਬਟਵਾਰੇ ਦੇ ਦੁਖਾਂਤ ਦੀ ਮਿੱਸ ਨਾਲ ਝੰਬੇ ਪੰਜਾਬੀ ਬੰਦੇ ਦੇ ਅਵਚੇਤਨ ਪ੍ਰਤੀ ਗਹਿਰੀ ਸਮਝ ਰੱਖਦਾ ਹੈ। ਉਹ ਇਸ ਵਰਤਾਰੇ ਦੀ ਲਗਾਤਾਰਤਾ ਨੂੰ ਵੀਹਵੀਂ ਸਦੀ ਦੇ ਤਮਾਮ ਸੰਕਟਾਂ ਦੇ ਪ੍ਰਸੰਗ ਵਿੱਚ ਉਭਾਰਦਾ ਹੈ। ਇਸ ਲਹਿਜ਼ੇ ਵਿੱਚ ਇਹ ਨਾਵਲ ਪੰਜਾਬੀ ਜੀਵਨ ਦੇ ਸੰਘਰਸ਼, ਸੱਤਾ ਸਿਆਸਤ ਨਾਲ ਟਕਰਾਅ ਅਤੇ ਸਥਾਪਨ/ਵਿਸਥਾਪਨ ਦੇ ਅਨੇਕਾਂ ਪਹਿਲੂਆਂ ਨੂੰ ਲਕੀਰੀ ਬਿਰਤਾਂਤਕਾਰੀ ਅਤੇ ਮਨੋਰਥਭਾਵੀ ਯਥਾਰਥੀ ਸੁਰ ਵਿੱਚ ਪੇਸ਼ ਕਰਦਾ ਹੈ।

ਪੰਜਾਬੀ ਨਾਵਲ ਦਾ ਇਕ ਰੁਝਾਨ ਸਮਕਾਲ ਦੀਆਂ ਚਲੰਤ ਘਟਨਾਵਾਂ ਪ੍ਰਤੀ ਤੱਤਫਟ ਪ੍ਰਤੀਕਰਮ ਦਾ ਵੀ ਰਿਹਾ ਹੈ। ਪਿਛਲੇ ਸਾਲਾਂ ਵਿੱਚ ਕੋਰੋਨਾ ਕਾਲ ਅਤੇ ਕਿਸਾਨ ਅੰਦੋਲਨ ਦੀ ਰਿਪੋਰਟਿੰਗਨੁਮਾ ਪੇਸ਼ਕਾਰੀ ਇਸ ਨਾਵਲੀ ਪ੍ਰਵਚਨ ਦਾ ਕੇਂਦਰ ਰਹੀ ਹੈ। ਅਜਿਹਾ ਨਾਵਲ ਸਥਿਤੀਆਂ ਦੀ ਗਹਿਰ ਵਿੱਚ ਉਤਰਨ ਦੀ ਥਾਂ ਸਤਹੀ ਤੇ ਇਕਾਂਗੀ ਕਿਸਮ ਦੇ ਭਾਸ਼ਣੀ ਸੁਰ ਅਖਤਿਆਰ ਕਰਦਾ ਹੈ। ਇਸ ਨਾਵਲੀ ਸੰਗਠਨ ਵਿੱਚ ਜਨਤਕ ਤੌਰ 'ਤੇ ਵਾਪਰੀ ਕਿਸੇ ਪ੍ਰਤੀਨਿਧ ਘਟਨਾ ਪ੍ਰਤੀ ਲੋਕ ਰੋਹ ਦੀ ਪਰਿਚਿਤ ਪ੍ਰਤੀਕ੍ਰਿਆ ਰਜਿਸਟਰ ਹੁੰਦੀ ਹੈ। ਇਹ ਪ੍ਰਤੀਕ੍ਰਿਆ ਰਾਜਸੀ ਸੱਤਾ, ਨਿਆਂਇਕ ਪ੍ਰਣਾਲੀ ਅਤੇ ਪ੍ਰਸ਼ਾਸਨਿਕ ਵਿਵਸਥਾ ਵਿਰੁੱਧ ਜਨਤਕ ਘੋਲਾਂ ਦੀ ਸਫਲਤਾ ਦੀ ਕਥਾ ਰੂੜੀ ਨੂੰ ਦ੍ਰਿੜ੍ਹ ਕਰਦੀ ਹੈ। ਇਸ ਪਰੰਪਰਾ ਵਿੱਚ ਜਸਪਾਲ ਮਾਨਖੇੜਾ ਮੁੜ ਆਪਣੇ ਨਾਵਲ 'ਹਵੇਲੀਆਣਾ' ਨਾਲ ਇਸ ਸਾਲ ਹਾਜ਼ਰੀ ਭਰਦਾ ਹੈ। ਨਾਵਲ ਦੀ ਮੁੱਖ ਬਿਰਤਾਂਤ ਧਾਰਾ ਵਿੱਚ ਧਨਾਢ ਜ਼ਿੰਮੀਦਾਰ ਇਕਬਾਲ ਸਿੰਘ ਦੇ ਵਿਗੜੈਲ ਪੁੱਤਰਾਂ ਵੱਲੋਂ ਇਕ ਅਧਿਆਪਕ ਦੀ ਹੋਣਹਾਰ ਧੀ ਨਾਲ ਜਬਰ-ਜ਼ਨਾਹ ਦੀ ਘਟਨਾ ਹੈ, ਜਿਸ ਦੇ ਵਿਰੋਧ ਵਿੱਚ ਜਨਤਕ ਜਥੇਬੰਦੀਆਂ ਨੂੰ ਲੰਮਾ ਲੋਕ ਘੋਲ ਲੜਨਾ ਪੈਂਦਾ ਹੈ। ਨਾਵਲ ਵਿੱਚ ਇਕ ਪਾਸੇ ਰਾਜਸੀ ਧਿਰਾਂ ਦੀ ਪੁਸ਼ਤ-ਪਨਾਹੀ ਹੇਠ ਕੰਮ ਕਰਦਾ ਪੁਲਸਤੰਤਰ ਅਤੇ ਸਾਮੰਤਵਾਦੀ ਮਾਨਸਿਕਤਾ ਦਾ ਉਗਰ ਰੂਪ ਹੈ, ਦੂਜੇ ਪਾਸੇ ਅਜਿਹੀ ਮਾਰੂ ਸੱਤਾ ਦੇ ਗਠਜੋੜ ਵਿਰੁੱਧ ਲੋਕਾਂ ਦੀ ਸੰਘਰਸ਼ਸ਼ੀਲ ਲਾਮਬੰਦੀ ਹੈ। ਲੋਕ ਏਕਤਾ ਨਾਲ ਜਿੱਤ ਦੇ ਪ੍ਰਤੀਮਾਨ ਦੀ ਕਥਾ ਰੂੜੀ ਵਾਲਾ ਇਹ ਨਾਵਲ ਪ੍ਰਗਤੀਵਾਦੀ ਚੇਤਨਾ ਨਾਲ ਜੁੜਿਆ ਹੈ। ਨਾਵਲੀ ਪ੍ਰਵਚਨ ਦਾ ਵੱਡਾ ਹਿੱਸਾ ਸੰਘਰਸ਼ ਦੀ ਬਿਰਤਾਂਤਕਾਰੀ ਨੂੰ ਸਪਾਟ ਵਸਤੂ ਵੇਰਵਿਆਂ, ਪਾਤਰਾਂ ਦੀ ਨਿਸ਼ਚਿਤ ਧਿਰਬੰਦੀ ਅਤੇ ਲਾਊਡ ਸੁਰ ਵਿੱਚ ਪੇਸ਼ ਕਰਨ ਵਾਲੀ ਰਵਾਇਤੀ ਸੀਮਾ ਵਿੱਚ ਬੱਝਿਆ ਹੈ। ਇਸੇ ਕਥਾ ਲਹਿਜ਼ੇ ਵਿੱਚ ਪਰਮਜੀਤ ਰੋਡੇ ਦਾ ਨਾਵਲ 'ਚਾਰ ਗੁਰੀਲੇ' ਦੇਸ਼ ਵਿੱਚ ਔਰਤਾਂ ਦੀ ਅਸੁਰੱਖਿਆ ਤੇ ਜਬਰ-ਜ਼ਨਾਹ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਅਸਮਰੱਥ ਸੱਤਾ ਦੇ ਵਿਰੋਧ ਵਿੱਚ ਹਥਿਆਰਬੰਦ ਸੰਘਰਸ਼ ਦੇ ਪ੍ਰਤਿਮਾਨ ਸਿਰਜਦਾ ਹੈ। ਨਾਵਲ ਵਿੱਚ ਜਗਜੀਤ ਜੱਗੇ ਵਰਗੇ ਸੰਘਰਸ਼ਸ਼ੀਲ ਪਾਤਰ ਪੁਲਸ ਤੇ ਰਾਜਸੀ ਸੱਤਾ ਦੇ ਖ਼ੂੰਖਾਰ ਪੰਜੇ ਤੋਂ ਬਚ ਕੇ ਛੱਤੀਸਗੜ੍ਹ ਦੇ ਆਦਿਵਾਸੀ ਗੁਰੀਲਿਆਂ ਨਾਲ ਰਲ ਜਾਂਦੇ ਹਨ ਅਤੇ ਆਰਥਿਕ ਤੇ ਸਮਾਜਿਕ ਤੌਰ 'ਤੇ ਸਮਤਾਮੂਲਕ ਸਮਾਜ ਦੀ ਸਿਰਜਣਾ ਲਈ ਸੱਤਾ ਨਾਲ ਹਥਿਆਰਬੰਦ ਟੱਕਰ ਦੀ ਕਥਾ ਦ੍ਰਿਸ਼ਟੀ ਦੇ ਵਾਹਕ ਬਣਦੇ ਹਨ। ਨਾਵਲ ਵਿੱਚ ਕਮਿਊਨਿਸਟ ਲਹਿਰ ਦੀ ਅਧੋਗਤੀ ਦੇ ਕਾਰਨਾਂ ਦੇ ਬਿਰਤਾਂਤਕ ਵੇਰਵੇ ਉਚੇਚੇ ਤੌਰ 'ਤੇ ਪੇਸ਼ ਹਨ। ਪੰਜਾਬ ਦੇ ਇਕ ਪਿੰਡ ਤੋਂ ਆਰੰਭ ਹੋ ਕੇ ਛੱਤੀਸਗੜ੍ਹ ਦੇ ਜੰਗਲਾਂ ਵਿੱਚ ਜਲ, ਜੰਗਲ ਤੇ ਜ਼ਮੀਨ ਦੀ ਸਲਾਮਤੀ ਲਈ ਲੜਦੀਆਂ ਧਿਰਾਂ ਤੱਕ ਪੁੱਜਤ ਕਰਨ ਵਾਲੀ ਕਥਾ ਵਸਤੂ ਵਿੱਚ ਬੇਸ਼ੱਕ ਅਨੇਕਾਂ ਗੈਰ ਵਿਸ਼ਵਾਸੀ ਵੇਰਵੇ ਲੇਖਕ ਦੇ ਮਨਭਾਉਂਦੇ ਕਥਾ ਪ੍ਰਸੰਗਾਂ ਵਿੱਚ ਲਿਪਟੇ ਹਨ, ਪਰ ਰਚਨਾ ਦਾ ਅਵਚੇਤਨ ਸਮਾਜ ਦੀਆਂ ਤਮਾਮ ਹਾਸ਼ੀਅਤ ਧਿਰਾਂ ਦੇ ਸਾਂਝੇ ਸੰਘਰਸ਼ੀ ਮੰਚ ਪ੍ਰਤੀ ਸੇਧਿਤ ਹੈ। ਉਕਤ ਨਾਵਲ ਜਿੱਥੇ ਰਾਜਸੀ ਤੇ ਪ੍ਰਸ਼ਾਸਨਿਕ ਸੱਤਾ ਦੇ ਜ਼ਾਲਮਾਨਾ ਰਵੱਈਏ ਵਿਰੁੱਧ ਜਨਤਕ ਚੇਤਨਾ ਜਗਾਉਣ ਦੀਆਂ ਚਿਣਗਾਂ ਪੈਦਾ ਕਰਦੇ ਹਨ, ਉੱਥੇ ਹੀ ਇਸ ਸਾਲ ਛਪਿਆ ਗੁਰਨੇਕ ਸਿੰਘ ਮਘਾਣੀਆਂ ਦਾ ਨਾਵਲ 'ਚਾਨਣ ਦਾ ਬਸਤਾ' ਪੰਜਾਬ ਵਿੱਚ ਤਰਕਸ਼ੀਲ ਲਹਿਰ ਦੇ ਇਤਿਹਾਸ ਦਾ ਗਲਪੀਕਰਨ ਕਰਦਾ ਹੈ। ਨਾਵਲ ਵਿੱਚ ਗੈਬੀ ਤਾਕਤਾਂ ਦੇ ਦਾਅਵਿਆਂ ਅਧੀਨ ਲੋਕਾਂ ਦੀ ਮਾਨਸਿਕ ਤੇ ਆਰਥਿਕ ਲੁੱਟ ਦੇ ਤੰਤਰ ਵਿਰੁੱਧ ਪੰਜਾਬ ਵਿੱਚ ਤਰਕਸ਼ੀਲ ਲਹਿਰ ਵੱਲੋਂ ਨਿਕਟਕਾਲੀ ਇਤਿਹਾਸ ਵਿੱਚ ਕੀਤੇ ਉੱਦਮਾਂ ਨੂੰ ਪੇਸ਼ ਕੀਤਾ ਮਿਲਦਾ ਹੈ। ਨਾਵਲ ਦੇ ਕੇਂਦਰ ਵਿੱਚ ਲਹਿਰ ਨਾਲ ਜੁੜੇ ਜਾਣੇ-ਪਛਾਣੇ ਕਾਰਕੁੰਨ ਹਨ, ਜਿਨ੍ਹਾਂ ਵੱਲੋਂ ਲੋਕਾਂ ਨੂੰ ਪੁਨਰ ਜਨਮ, ਅਖੌਤੀ ਗੈਬੀ ਤਾਕਤਾਂ ਅਤੇ ਹੋਰ ਗੈਰ ਅੰਧ-ਵਿਸ਼ਵਾਸਾਂ ਦੀ ਗਹਿਰ ਵਿੱਚੋਂ ਕੱਢੇ ਜਾਣ ਨੂੰ ਘਟਨਾਮੂਲਕ ਬਿਰਤਾਂਤ ਦੁਆਰਾ ਰੂਪਮਾਨ ਕੀਤਾ ਗਿਆ ਹੈ। ਨਾਵਲ ਦੀ ਕਥਾ ਵਸਤੂ ਅੱਠਵੇਂ ਦਹਾਕੇ ਤੋਂ ਡੇਰਿਆਂ ਵਿੱਚ ਲੋਕਾਂ ਦੀ ਲੁੱਟ-ਖਸੁੱਟ ਹੋਣ ਤੋਂ ਆਰੰਭ ਹੋ ਕੇ ਸੂਚਨਾ ਸੰਚਾਰ ਦੇ ਯੁੱਗ ਵਿੱਚ ਧਰਮ, ਆਸਥਾ ਤੇ ਵਿਸ਼ਵਾਸ ਦੇ 'ਡਿਜੀਟਲੀਕਰਨ' ਹੋਣ ਤੱਕ ਫੈਲੀ ਹੈ। ਲੇਖਕ ਨੇ ਤਰਦੀਆਂ-ਤਰਦੀਆਂ ਘਟਨਾਵਾਂ, ਲਕੀਰੀ ਕਥਾਕਾਰੀ ਅਤੇ ਪਾਤਰਾਂ ਦੇ ਸਰਲਚਿੱਤ ਕਿਸਮ ਦੇ ਸਿੱਧ ਪੱਧਰੇ ਵਿਹਾਰ ਨਾਲ ਮਨੁੱਖ ਨੂੰ ਹਰ ਵਸਤੂ ਵਰਤਾਰੇ ਪ੍ਰਤੀ ਤਰਕਸ਼ੀਲ ਰਹਿਣ ਦਾ ਸੰਦੇਸ਼ਮੂਲਕ ਬਿਰਤਾਂਤ ਸਿਰਜਿਆ ਹੈ। ਗੁਰਪ੍ਰੀਤ ਸਹਿਜੀ ਦਾ ਨਾਵਲ 'ਥ੍ਰੀ ਬੀ ਟੂ' ਡਿਜੀਟਲ ਮੀਡੀਆ ਦੇ ਗਲੈਮਰੀ ਦੌਰ ਵਿੱਚ ਪ੍ਰਵਾਨ ਚੜ੍ਹੀ ਨਵੀਂ ਪੀੜ੍ਹੀ ਦੇ ਵਰਚੂਅਲ ਸੰਸਾਰ ਦੀ ਗਲਪੀ ਪੇਸ਼ਕਾਰੀ ਵਾਲਾ ਹੈ। ਨਾਵਲ ਕਿਸੇ ਤਰਕ ਵਿਤਰਕ ਦੁਆਰਾ ਦਿਸਦੇ ਸਮਾਜਿਕ ਯਥਾਰਥ ਅਤੇ ਵਰਚੂਅਲ ਯਥਾਰਥ ਦੇ ਟਕਰਾਅ ਵਿੱਚੋਂ ਕਿਸੇ ਕਥਾ ਦ੍ਰਿਸ਼ਟੀ ਦੀ ਨਿਰਮਾਣਕਾਰੀ ਵੱਲ ਨਹੀਂ ਤੁਰਦਾ ਅਤੇ ਨਾ ਹੀ ਅਜਿਹੇ ਅੰਤਰ ਵਿਰੋਧਾਂ ਨੂੰ ਪੀੜ੍ਹੀ ਪਾੜੇ ਵਾਲੇ ਪਰੰਪਰਕ ਪ੍ਰਤੀਮਾਨਾਂ ਦੀ ਜੱਦ ਵਿੱਚ ਸੁੱਟ ਕੇ 'ਸੁਰਖਰੂ' ਹੁੰਦਾ ਹੈ। ਨਾਵਲ ਵਿੱਚ ਰੌਕਸੀ, ਕਾਵਿਆ, ਅਵੀ, ਜਸ, ਪੂਨਮ ਵਰਗੇ ਪਾਤਰਾਂ ਦੀ ਲੰਮੀ ਲੜੀ ਹੈ, ਜਿਨ੍ਹਾਂ ਦੇ ਸੰਵਾਦ ਨਵੀਂ ਪੀੜ੍ਹੀ ਦੇ ਮੌਲਿਕ ਉਚਾਰ ਨੂੰ ਸੋਸ਼ਲ ਮੀਡੀਆ ਦੀ ਸਲੈਂਗ ਭਾਸ਼ਾ ਵਿੱਚ ਪੇਸ਼ ਕਰਦੇ ਪਾਠਕਾਂ ਨੂੰ ਇਕ ਵੱਖਰੇ ਭੁਲਾਵੇਂ ਸੰਸਾਰ ਲੈ ਜਾਂਦੇ ਹਨ। ਨਾਵਲ ਦੇ ਕਈ ਪਾਤਰ ਸੋਸ਼ਲ ਮੀਡੀਆ ਨਾਲ ਜੁੜੀ ਸੈਲੇਬਰੀਟੀਜ਼ ਹਨ, ਜਿਨ੍ਹਾਂ ਲਈ ਮਾਨਵੀ ਗਿਆਨ ਇੰਦਰੀਆਂ ਦੁਆਰਾ ਗ੍ਰਹਿਣ ਯਥਾਰਥ ਕੋਈ ਮਾਇਨੇ ਨਹੀਂ ਰੱਖਦਾ। ਇਸ ਪੀੜ੍ਹੀ ਲਈ ਜ਼ਿੰਦਗੀ ਨੂੰ ਜੀਉਣ ਥੀਣ ਦੇ ਸਾਰੇ ਪੈਮਾਨੇ ਵਰਚੂਅਲ ਵਾਸਤਵਿਕਤਾ ਨਾਲ ਜੁੜੇ ਹਨ, ਜਿੱਥੇ ਇੰਸਟਾ ਰੀਲ੍ਹਾਂ ਧੜਾਧੜ ਚੱਲ ਰਹੀਆਂ ਹਨ, ਫੋਲੋਅਰ ਘੱਟ ਵਧ ਰਹੇ ਹਨ, ਜ਼ਿੰਦਗੀ ਦੀ ਸਾਰੀ ਦੌੜ ਵਿਊ, ਲਾਈਕ ਤੇ ਸ਼ੇਅਰ ਨਾਲ ਜੁੜੀ ਹੈ। ਨਾਵਲ ਵਿੱਚ ਆਪਣੇ ਪ੍ਰੇਮੀ ਰੌਕਸੀ ਨਾਲ ਵਿਆਹ ਦੀ ਇੱਛੁਕ ਕਾਵਿਆ ਆਪਣੇ ਪਿਤਾ ਨਾਲ ਗੱਲ ਕਰਦੀ ਇਸ ਰਿਸ਼ਤੇ ਦੀ ਭਰੋਸਗੀ ਬਾਰੇ ਤਰਕ ਦਿੰਦੀ ਹੈ-




"ਡੈਡੀ, ਇਹਨੇ ਮੇਰੇ ਤੋਂ ਕੁੱਝ ਵੀ ਨਹੀਂ ਲਕੋਇਆ, ਇਹਦੀ ਇਨਸਟਾ, ਫੇਸਬੁੱਕ, ਸਨੈਪਚੈਟ ਦਾ ਪਾਸਵਰਡ ਮੇਰੇ ਕੋਲ ਐ, ਇਹਦੇ ਫੋਨ 'ਤੇ ਜੋ ਲਾਕ ਐ, ਉਹ ਤੇ ਸਾਡਾ ਦੋਵਾਂ ਦਾ ਫੇਸ ਲਾਕ ਲੱਗਿਐ, . . . ਤੇ ਇਹਨੇ ਕਦੀ ਵੀ ਮੇਰੇ ਤੋਂ ਮੇਰੀ ਇਨਸਟਾ ਦਾ ਪਾਸਵਰਡ ਨਹੀਂ ਮੰਗਿਆ।" ਲੇਖਕ ਨੇ ਸੋਸ਼ਲ ਮੀਡੀਆ ਦੇ ਵੱਖੋ-ਵੱਖਰੇ ਮੰਚਾਂ 'ਤੇ ਵਿਚਰਦੇ ਨਾਵਲ ਦੇ ਪਾਤਰਾਂ ਦੀ ਵਾਰਤਾਲਾਪ ਅਤੇ ਘਟਨਾਵਾਂ ਨੂੰ ਦਾਰਸ਼ਨਿਕ ਰੰਗਤ ਦੇ ਕੇ ਸਮਾਜਿਕ ਸੰਸਥਾਵਾਂ 'ਤੇ ਸਥਾਪਤ ਰਿਸ਼ਤਾ-ਨਾਤਾ ਪ੍ਰਬੰਧ ਪ੍ਰਤੀ ਕਾਟਵੀਆਂ ਧਾਰਨਾਵਾਂ ਦਿੱਤੀਆਂ ਹਨ। ਨਾਵਲ ਦੀ ਮਹੱਤਤਾ ਸੋਸ਼ਲ ਮੀਡੀਆ ਯੁੱਗ ਦੀ ਨਵੀਂ ਸੰਕਲਪੀ ਸ਼ਬਦਾਵਲੀ ਨੂੰ ਗਲਪੀ ਸਾਂਚੇ ਵਿੱਚ ਪੇਸ਼ ਕਰਨ ਦੀ ਹੈ, ਜਿੱਥੇ ਬਾਡੀ ਕਾਊਂਟ ਦਾ ਅਰਥ ਕਿਸੇ ਆਫਤ ਵਿੱਚ ਫੌਤ ਹੋਏ ਲੋਕਾਂ ਦੀ ਗਿਣਤੀ ਨਹੀਂ, ਸਗੋਂ ਇਕ ਬੰਦੇ ਦੇ ਸੈਕਸੂਅਲ ਪਾਰਟਨਰਾਂ ਦੀ ਗਿਣਤੀ ਵਜੋਂ ਹੈ। ਇਸ ਵਿਸ਼ੇ-ਵਸਤੂ ਵਾਲੀ ਨਾਵਲੀ ਪਰੰਪਰਾ ਨੇ ਡਿਜੀਟਲ ਯੁੱਗ ਦੇ 'ਆਤੰਕੀ ਦ੍ਰਿਸ਼ਾਂ' ਬਾਰੇ ਸਵਾਲ ਖੜ੍ਹੇ ਕਰਨ ਵਿੱਚ ਅਜੇ ਪਹਿਲਕਦਮੀ ਕਰਨੀ ਹੈ, ਜੋ ਕਿ ਨਾਵਲੀ ਬਿਰਤਾਂਤ ਵਿੱਚੋਂ ਖਾਰਜ ਹੈ। ਜੰਕ ਫੂਡ ਵਾਂਗ ਜੰਕ ਵਸਤੂ ਸਮੱਗਰੀ ਨਾਲ ਭਰਿਆ ਸੋਸ਼ਲ ਮੀਡੀਆ ਦਾ ਐਲਗੋਰਿਦਮ ਜਿਸ ਤਰ੍ਹਾਂ ਮਾਨਵੀ ਕਲਪਨਾ, ਸਿਮਰਤੀਆਂ ਅਤੇ ਜੀਵੰਤ ਅਨੁਭਵਾਂ ਨੂੰ ਚੂਸ ਰਿਹਾ ਹੈ, ਇਸ ਵਰਤਾਰੇ ਨਾਲ ਡਿਜੀਟਲ ਡਿਮੈਂਸ਼ੀਆ ਵੱਲ ਸਾਬਤ ਕਦਮੀਂ ਜਾਣ ਵਾਲੀ ਪੀੜ੍ਹੀ ਦੀ ਗੱਲ ਹੋਣੀ ਭਵਿੱਖ ਦੇ ਗਰਭ ਵਿੱਚ ਹੈ।




ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਨਾਵਲ ਵਿੱਚ ਪੰਜਾਬ ਸੰਕਟਾਂ ਦੇ ਸਦਮਿਆਂ ਦੀ ਬਿਰਤਾਂਤਕਾਰੀ ਉੱਭਰਵੇਂ ਰੂਪ ਵਿੱਚ ਪੇਸ਼ ਹੋ ਰਹੀ ਹੈ। ਬੇਸ਼ੱਕ ਇਸ ਪੇਸ਼ਕਾਰੀ ਦਾ ਚਿੰਤਨੀ ਮਾਡਲ ਇਨ੍ਹਾਂ ਰਚਨਾਵਾਂ ਵਿੱਚੋਂ ਗੈਰ ਹਾਜ਼ਰ ਹੈ, ਪਰ ਸੰਕਟਾਂ ਦੀ ਲਗਾਤਾਰਤਾ ਦਾ ਆਭਾਸ ਤੇ ਸੰਕਟਾਂ ਦੇ ਮੋਚਨ ਪ੍ਰਤੀ ਉਲਾਰ ਤੇ ਰੁਮਾਂਟਿਕ ਪੱਧਰ ਦੀ ਸਤਹੀ ਦ੍ਰਿਸ਼ਟੀ ਬਣੀ ਰਹਿੰਦੀ ਹੈ। ਪੰਜਾਬ ਸੰਕਟ ਦੇ ਆਰ-ਪਾਰ ਫੈਲੀ ਪੰਜਾਬ ਦੀ ਪੱਛੀ ਸੰਵੇਦਨਾ ਦਾ ਇਕ ਪਾਸਾਰ ਅਜੀਜ ਸਰੋਏ ਦੇ ਨਾਵਲ 'ਤਲੀਆਂ ਹੇਠਲੀ ਅੱਗ' ਵਿੱਚ ਰੂਪਮਾਨ ਹੋਇਆ ਹੈ। ਅੱਸੀਵੇਂ ਦੇ ਦਹਾਕੇ ਵਿੱਚ ਇਕ ਪਾਸੇ ਸਟੇਟ ਅਤੇ ਦੂਜੇ ਪਾਸੇ ਧਾਰਮਿਕ ਮੂਲਵਾਦੀ ਸ਼ਕਤੀਆਂ ਦੇ ਪਿੜ ਵਿੱਚ ਪਿਸਦੀ ਲੋਕਾਈ ਨੂੰ ਮਾਨਵਵਾਦੀ ਕਥਾ ਦ੍ਰਿਸ਼ਟੀ ਤੋਂ ਪੇਸ਼ ਕਰਨਾ ਪੰਜਾਬ ਸੰਕਟ ਦੇ ਨਾਵਲਾਂ ਦੇ ਕੇਂਦਰੀ ਥੀਮ ਰਿਹਾ ਹੈ। ਨਾਵਲ ਦਾ ਕੇਂਦਰ ਭੀਰੀ ਨਾਂਅ ਦੀ ਮਿਹਨਤਕਸ਼ ਜਮਾਤ ਦੀ ਔਰਤ ਪਾਤਰ ਹੈ, ਜਿਹੜੀ ਕਿਰਪਾਲੇ ਵਰਗੇ ਸਟੇਟ ਦੇ ਹੱਥਠੋਕੇ ਬਣੇ ਕਮਾਂਡੋ ਫੋਰਸ ਦੇ ਕਰਿੰਦਿਆਂ ਦੇ ਜਬਰ-ਜ਼ਨਾਹ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਪੈ ਜਾਂਦੀ ਹੈ। ਬਾਅਦ ਵਿੱਚ ਭੀਰੀ ਦੇ ਨਾਂਅ 'ਤੇ ਹੀ ਖੁੱਲ੍ਹਦੇ ਡੇਰੇ 'ਤੇ ਲੱਗਦੇ 'ਧਾਰਮਿਕ ਸੱਭਿਆਚਾਰਕ' ਮੇਲੇ ਸੰਕਟ ਦੇ ਸਮਿਆਂ ਦੀ ਆਮ ਲੋਕਾਈ ਦੀ ਮਾਨਸਿਕਤਾ 'ਤੇ ਲੰਮੇ ਦੌਰ ਤੱਕ ਪੈਂਦੇ ਅਸਰ ਨੂੰ ਦਰਸਾਉਂਦੀ ਹੈ। ਸਰੋਏ ਕੋਲ ਪੰਜਾਬ ਦੇ ਸੰਸਕ੍ਰਿਤਕ ਤਾਣੇ-ਬਾਣੇ ਨੂੰ ਗਲਪੀ ਸਾਂਚੇ ਵਿੱਚ ਪੇਸ਼ ਕਰਨ ਦੀ ਕਸਬ ਹੈ। ਉਸ ਜਿਹੇ ਨੌਜਵਾਨ ਨਾਵਲਕਾਰਾਂ ਨੇ ਨਾਵਲੀ ਬਿਰਤਾਂਤ ਦੀ ਭਾਸ਼ਾ ਨੂੰ ਸੂਚਨਾਮੁਖੀ ਵੇਰਵਿਆਂ ਤੋਂ ਪਾਰ ਜਾ ਕੇ ਜ਼ਿੰਦਗੀ ਦੀ ਜੀਵੰਤਤਾ ਤੱਕ ਪੇਸ਼ ਕਰਨ ਦਾ ਅਹਿਦ ਕੀਤਾ ਹੈ। ਨਾਵਲ ਦੇ ਅਵਚੇਤਨ ਵਿੱਚ 1947 ਦੀ ਤਕਸੀਮ ਦੇ ਉਜਾੜੇ, ਹਰੀ ਕ੍ਰਾਂਤੀ ਤੋਂ ਬਾਅਦ ਦੇ ਕਾਲੇ ਦੌਰ ਅਤੇ ਪੰਜਾਬ ਸੰਕਟ ਦੇ ਸਮੇਂ ਵਿੱਚ ਝੰਬੀ ਪੰਜਾਬੀ ਸੰਵੇਦਨਾ ਪ੍ਰਤੀ ਦਰਦ ਪ੍ਰਗਟ ਹੋਇਆ ਹੈ। ਸਟੇਟ ਦੁਆਰਾ ਆਪਣੇ ਵਿਰੁੱਧ ਉੱਠਦੀਆਂ ਹਰ ਤਰ੍ਹਾਂ ਦੀਆਂ ਲਹਿਰਾਂ ਨੂੰ ਤਾਰਪੀਡੋ ਕਰਨ, ਆਪਣੇ ਅੰਦਰ ਜਜ਼ਬ ਕਰਨ ਅਤੇ ਤਹਿਸ-ਨਹਿਸ ਕਰਨ ਦੇ ਹੱਥਕੰਡੇ ਵੀ ਨਾਵਲੀ ਬਿਰਤਾਂਤ ਦਾ ਹਿੱਸਾ ਬਣੇ ਹਨ, ਜਿਸ ਦੀ ਇਕ ਮਿਸਾਲ 1990 ਤੋਂ ਬਾਅਦ ਜੁਆਰੀਏ ਵਾਂਗ ਹਾਰੇ ਪੰਜਾਬ ਨੂੰ ਮੁੜ 'ਰੰਗਲਾ' ਬਣਾਉਣ ਲਈ ਪੰਜਾਬ ਵਿੱਚ ਲਗਾਏ ਜਾਣ ਵਾਲੇ ਸੱਭਿਆਚਾਰਕ ਮੇਲਿਆਂ ਦੀ ਹੈ, ਜਿਹੜੇ ਮੇਲੇ ਨਾਵਲ ਵਿੱਚ ਭੀਰੀ ਵਰਗੀ ਮਜ਼ਲੂਮ ਔਰਤ ਦੇ ਨਾਂਅ 'ਤੇ ਲੱਗਦੇ ਹਨ। ਸੱਤਾ ਆਪਣੇ ਹਰ ਹੀਲੇ-ਹਰਬੇ ਨਾਲ ਕਿਰਪਾਲੇ ਤੇ ਹੋਰ ਲੋਕਾਂ ਦੇ ਮਾਧਿਅਮ ਦੁਆਰਾ 'ਡੈਮਜ ਕੰਟਰੋਲ' ਦੇ ਹਰ ਢੰਗ ਕੱਢ ਲੈਂਦੀ ਹੈ। ਸਰੋਏ ਦਾ ਇਹ ਨਾਵਲ ਬੇਸ਼ੱਕ ਉਸ ਦੀ ਮਨਇੱਛਤ ਵਾਸਤਵਿਕਤਾ ਦੇ ਘੇਰੇ ਵਿੱਚ ਵੀ ਵਿਚਰਦਾ ਹੈ ਪਰ ਨਾਵਲ ਦੀ ਮਾਨਵਪੱਖੀ ਉਦੇਸ਼ ਭਾਵੀ ਬਿਰਤਾਂਤਕਾਰੀ ਪੰਜਾਬ ਦੀਆਂ 'ਤਲੀਆਂ ਹੇਠ ਸੁਲਘਦੀ ਅੱਗ' ਦੇ ਪਾਸਾਰ ਪੇਸ਼ ਕਰਦੀ ਜਾਂਦੀ ਹੈ। ਸੰਤਾਲੀ ਦੇ ਉਜਾੜੇ ਤੇ ਪੰਜਾਬ ਸੰਕਟ ਦੇ ਖ਼ੂੰਖਾਰ ਸਮਿਆਂ ਨੂੰ ਆਪਣੇ ਪਿੰਡੇ 'ਤੇ ਹੰਢਾਅ ਕੇ ਨਸ਼ੇਖੋਰੀ ਦੇ ਖਾਮੋਸ਼ ਅੱਤਵਾਦ ਦੀ ਲਪੇਟ ਵਿੱਚ ਆਏ ਪੰਜਾਬ ਨੂੰ ਰੁਪਿੰਦਰ ਸਿੰਘ ਰਾਮਗੜ੍ਹ ਦਾ ਨਾਵਲ 'ਅਣਸੁਣੇ ਚਿਹਰੇ' ਅਤੇ ਭਜਨ ਸਿੰਘ ਸਿੱਧੂ ਦਾ ਨਾਵਲ 'ਅਭਾਗੇ' ਆਪਣੇ ਲਕੀਰੀ ਬਿਰਤਾਂਤ ਵਿੱਚ ਪੇਸ਼ ਕਰਦੇ ਹਨ। ਰੁਪਿੰਦਰ ਸਿੰਘ ਦੇ ਨਾਵਲ ਦੇ ਕੇਂਦਰ ਵਿੱਚ ਦੇਸ਼ ਦੀ ਵੰਡ ਉਪਰੰਤ ਰਫਿਊਜੀ ਦਾ ਟੈਗ ਲੈ ਕੇ ਚੜ੍ਹਦੇ ਪੰਜਾਬ ਵਿੱਚ ਦਾਖਲ ਹੋਏ ਇਕ ਪਰਵਾਰ ਦੇ ਸੰਕਟਾਂ ਤੇ ਚੁਣੌਤੀਆਂ ਨੂੰ ਪੇਸ਼ ਕੀਤਾ ਹੈ, ਜੋ ਅੱਸੀਵੇਂ ਦੇ ਦੌਰ ਵਿੱਚ ਪੰਜਾਬ ਵਿੱਚ ਸਟੇਟ ਤੇ ਵੱਖਵਾਦੀ ਧਾਰਮਿਕ ਸ਼ਕਤੀਆਂ ਦੇ ਟਕਰਾਅ ਦੀ ਹੋਣੀ ਭੋਗਦਾ ਹੈ। ਸਮਕਾਲ ਵਿੱਚ ਤੀਜੀ ਪੀੜ੍ਹੀ ਦੇ ਪਾਤਰ ਚਿੱਟੇ ਵਰਗੇ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆ ਕੇ ਬਰਬਾਦੀ ਦੀ ਕਗਾਰ 'ਤੇ ਪੁੱਜ ਜਾਂਦੇ ਹਨ। ਲੇਖਕ ਦੀ ਫਿਕਰਮੰਦੀ ਨਾਵਲੀ ਧਰਾਤਲ 'ਤੇ ਫੈਲੀ ਰਹਿੰਦੀ ਹੈ, ਜਿਸ ਦਾ ਇਕ ਪਾਸਾਰ ਭਜਨ ਸਿੰਘ ਸਿੱਧੂ ਦੇ ਨਾਵਲ 'ਅਭਾਗੇ' ਵਿੱਚ ਪੇਸ਼ ਹੈ। ਪੰਜਾਬ ਸੰਕਟ ਦੇ ਦੌਰ ਨਾਲ ਜੁੜੇ ਇਸ ਨਾਵਲ ਵਿੱਚ ਕੁਲਬੀਰ ਤੇ ਸੋਹਣ ਸਿੰਘ ਵਰਗੇ ਅਜਿਹੇ ਅਭਾਗੇ ਪਾਤਰ ਹਨ, ਜੋ ਕਿ ਸਟੇਟ ਦੇ ਦਮਨਕਾਰੀ ਰੋਹ ਤੇ ਪੁਲਸ ਦੇ ਭ੍ਰਿਸ਼ਟਤੰਤਰ ਅੱਗੇ ਵੱਖਵਾਦੀ/ਅੱਤਵਾਦੀ ਹੋਣ ਦੇ ਅਪਰਾਧ ਕਬੂਲ ਲੈਂਦੇ ਹਨ। ਨਾਵਲ ਦਾ ਦੂਜਾ ਪਾਸਾਰ ਡੇਰਾ ਸੰਸਕ੍ਰਿਤੀ ਦੇ ਵਧਣ-ਫੁੱਲਣ ਤੇ ਲੋਕਾਂ ਦੀ ਆਰਥਿਕ, ਮਾਨਸਿਕ ਲੁੱਟ ਨਾਲ ਜੁੜਿਆ ਹੈ। ਸੋਹਣ ਸਿੰਘ ਦੇ ਮਾਤਾ-ਪਿਤਾ ਇਕ ਡੇਰੇ ਦੇ ਸ਼ਰਧਾਲੂ ਬਣ ਜਾਂਦੇ ਹਨ, ਜਿਸ ਦੀ 'ਮਿਹਰ' ਨਾਲ ਘਰ ਵਿੱਚ ਪੋਤੇ ਦਾ ਜਨਮ ਹੁੰਦਾ ਹੈ। ਪੋਤਾ ਇੰਦਰਬੀਰ ਅੱਲ੍ਹੜ ਵਰੇਸ ਵਿੱਚ ਆ ਕੇ ਚਿੱਟੇ ਦਾ ਆਦੀ ਬਣ ਜਾਂਦਾ ਹੈ ਤੇ ਲੇਖਕ ਪੰਜਾਬ ਦੀ ਹਰ ਪੀੜ੍ਹੀ ਦੇ ਆਪਣੇ ਅਭਾਗੇਪਣ ਨੂੰ ਜ਼ਾਹਰ ਕਰਦਾ ਹੈ। ਨਾਵਲ ਵਿੱਚ ਨਸ਼ਾਖੋਰੀ, ਪੁਲਸ ਤੰਤਰ ਦਾ ਭ੍ਰਿਸ਼ਟਾਚਾਰ, ਮਰਦ ਪ੍ਰਧਾਨ ਵਿਵਸਥਾ ਵਿੱਚ ਔਰਤ ਦਾ ਦਮਨ, ਡੇਰਾ ਸੰਸਕ੍ਰਿਤੀ ਤੇ ਰਾਜਸੀ ਸੱਤਾ ਦੀ ਸਾਂਝ-ਭਿਆਲੀ ਨਾਲ ਹੁੰਦੇ ਅਨੈਤਿਕ ਕੰਮਾਂ ਪ੍ਰਤੀ ਚਿੰਤਾਮਈ ਬਿਰਤਾਂਤ ਪੇਸ਼ ਹੋਇਆ ਹੈ। ਇਨ੍ਹਾਂ ਨਾਵਲਾਂ ਵਿੱਚ ਸੰਤਾਲੀ ਤੋਂ ਲੈ ਕੇ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੱਕ ਦੇ ਰਾਜਸੀ, ਸਮਾਜਿਕ ਤੇ ਸੱਭਿਆਚਾਰਕ ਸੰਕਟਾਂ ਵਿੱਚ ਘਿਰੀ ਪੰਜਾਬੀ ਸੰਵੇਦਨਾ ਦੇ ਟੁੱਟਵੇਂ ਪਾਸਾਰ ਪੇਸ਼ ਹੋਏ ਹਨ। ਇਸ ਪ੍ਰਸੰਗ ਵਿੱਚ ਸੰਤਵੀਰ ਦਾ ਨਾਵਲ 'ਕਾਲੇ ਦੌਰ ਦੀ ਕਾਤਰ' ਵਿਚਾਰਨਯੋਗ ਹੈ, ਜਿਸ ਵਿੱਚ ਅੱਸੀਵੇਂ ਦਹਾਕੇ ਦੇ ਪੰਜਾਬ ਸੰਕਟ ਵਿੱਚ ਘਿਰੀ ਵੇਦਨਾ ਦੀ ਮਾਰਮਿਕ ਪੇਸ਼ਕਾਰੀ ਹੋਈ ਹੈ। ਪੰਜਾਬ ਦੀ ਵੰਡ, ਨਕਸਲਬਾੜੀ ਲਹਿਰ, ਹਰੀ ਕ੍ਰਾਂਤੀ ਅਤੇ ਅੱਸੀਵੇਂ ਦੇ ਪੰਜਾਬ ਸੰਕਟ ਨਾਲ ਜੁੜੇ ਘਟਨਾਵੀਂ ਵੇਰਵੇ ਸਿੱਧੇ-ਅਸਿੱਧੇ ਤੌਰ 'ਤੇ ਨਾਵਲੀ ਪ੍ਰਵਚਨ ਦਾ ਹਿੱਸਾ ਬਣੇ ਹਨ। ਪੁਆਧੀ ਭਾਸ਼ਾ ਦੇ ਆਂਚਲਿਕ ਪ੍ਰਭਾਵ ਵਾਲੇ ਇਸ ਨਾਵਲ ਪੰਜਾਬ ਸੰਕਟ ਪ੍ਰਤੀ ਮਾਨਵਵਾਦੀ ਕਥਾ ਦ੍ਰਿਸ਼ਟੀ ਦਾ ਲਕੀਰੀ ਪ੍ਰਗਟਾਵਾ ਹੈ, ਜਿਹੜਾ ਸੰਕਟੀ ਦੌਰ ਦੀ ਰਵਾਇਤੀ ਪੰਜਾਬੀ ਬਿਰਤਾਂਤਕਾਰੀ ਦਾ ਦੁਹਰਾਅ ਹੈ।




ਕਰਨੈਲ ਸਿੰਘ ਵਜੀਰਾਬਾਦ ਦਾ ਨਾਵਲ 'ਅੰਦਰਲੀ ਅੱਗ ਦਾ ਸੇਕ' ਵੀ ਜਾਤੀ-ਜਮਾਤੀ ਅਤੇ ਅੱਡ-ਅੱਡ ਧਾਰਮਿਕ ਪਛਾਣਾਂ ਵਾਲੀ ਸਮਾਜਿਕ ਬਣਤਰ ਵਿੱਚ ਰਹਿੰਦੇ ਲੋਕਾਂ ਦੇ ਅੰਤਰ ਦਵੰਦਾਂ ਨੂੰ ਪੇਸ਼ ਕੀਤਾ ਗਿਆ ਹੈ। ਸਿੱਖ ਤੇ ਮੁਸਲਮਾਨ ਧਾਰਮਿਕ ਪਛਾਣਾਂ ਵਾਲੇ ਪਰਵਾਰ ਦੇ ਭਗਵੰਤ ਤੇ ਜੈਨਾ ਤਮਾਮ ਮਾਨਤਾਵਾਂ ਨੂੰ ਤੋੜਦੇ ਆਪਸ ਵਿੱਚ ਵਿਆਹ ਕਰਵਾ ਲੈਂਦੇ ਹਨ। ਇਸ ਤੋਂ ਪਹਿਲਾਂ ਦੇਸ਼ ਦੀ ਤਕਸੀਮ ਉਪਰੰਤ ਚੜ੍ਹਦੇ ਪੰਜਾਬ ਵਿੱਚ ਆਏ ਨੰਬਰਦਾਰ ਚੇਤ ਸਿੰਘ ਦੀ ਨੂਰਦੀਨ ਦੇ ਪਰਵਾਰ ਨਾਲ ਸਾਂਝ ਨੂੰ ਦਰਸਾਇਆ ਗਿਆ ਹੈ। ਨਾਵਲ ਦੇ ਅਨੇਕਾਂ ਬਿਰਤਾਂਤਕ ਵੇਰਵੇ ਫਿਲਮੀ ਲਹਿਜ਼ੇ ਵਾਲੇ, ਗੈਰ-ਵਿਸ਼ਵਾਸੀ ਤੇ ਕਾਲਪਨਿਕ ਹਨ, ਜਿਸ ਨਾਲ ਬਿਰਤਾਂਤ ਦੀ ਮੰਨਣਯੋਗਤਾ ਭੰਗ ਹੁੰਦੀ ਹੈ। ਫਿਕਰਮੰਦੀ ਦੀ ਬਿਰਤਾਂਤਕਾਰੀ ਦਾ ਇਕ ਪਾਸਾਰ ਧਰਮਪਾਲ ਸਾਹਿਲ ਦੇ ਨਾਵਲ 'ਖੋਰਾ' ਵਿੱਚ ਪੇਸ਼ ਹੋਇਆ ਹੈ, ਜਿਸ ਅੰਦਰ ਪੂੰਜੀ ਕੇਂਦਰਤ ਵਿਕਾਸ ਮਾਡਲ ਨਾਲ ਕੰਢੀ ਖੇਤਰ ਦੇ ਸਮੁੱਚੇ ਆਂਚਲਿਕ ਪਰਿਵੇਸ਼ ਦੀਆਂ ਰਹਿਤਲੀ ਕਦਰਾਂ-ਕੀਮਤਾਂ ਦੇ ਭੋਰਾ-ਭੋਰਾ ਖੁਰਦੇ ਜਾਣ ਦਾ ਬਿਰਤਾਂਤ ਪੇਸ਼ ਹੋਇਆ ਹੈ। ਧਰਮਪਾਲ ਸਾਹਿਲ ਕੋਲ ਕੰਢੀ ਪਹਾੜੀ ਖੇਤਰ ਦੀ ਮੂਲ ਰਹਿਤਲ, ਲੋਕ ਦਰਸ਼ਨ ਅਤੇ ਭੂਗੋਲਿਕ ਤਾਸੀਰ ਨੂੰ ਖੇਤਰ ਦੀ ਭਾਸ਼ਾਈ ਜੀਵੰਤਤਾ ਵਿੱਚ ਪੇਸ਼ ਕਰਨ ਦਾ ਅਨੁਭਵ ਹੈ। 'ਖੋਰਾ' ਨਾਵਲ ਵਿੱਚ ਪਦਾਰਥਕ ਵਿਕਾਸ ਨਾਲ ਜੁੜੀ ਜੀਵਨ-ਸ਼ੈਲੀ ਨੂੰ ਖੇਤਰ ਦੀ ਆਂਚਲਿਕ ਦਾਰਸ਼ਨਿਕਤਾ ਨਾਲ ਤੁਲਨਾ ਕੇ ਪੇਸ਼ ਕੀਤਾ ਗਿਆ ਹੈ। ਸਮਕਾਲ ਵਿੱਚ ਵਿਕਾਸ ਦਾ ਇਹ ਅੱਥਰਾ ਰੱਥ ਕੰਢੀ ਖੇਤਰ ਦੇ ਜਲ, ਜੰਗਲ ਤੇ ਜ਼ਮੀਨ ਨੂੰ ਦਰੜਦਾ ਜਾ ਰਿਹਾ ਹੈ। ਅਜਿਹੇ ਅਸਾਵੇਂ ਵਿਕਾਸ ਵਿੱਚ ਘਿਰੀ ਲੋਕਾਈ ਵਿੱਚ ਮੁਹੱਬਤੀ ਆਵੇਸ਼ ਜਿਸ ਤਰ੍ਹਾਂ ਦੀ ਕੱਟ-ਵੱਢ ਵਿੱਚੋਂ ਗੁਜ਼ਰਦੇ ਹਨ, ਉਸ ਦੇ ਪਾਸਾਰ ਬਿਰਜੂ ਤੇ ਬਾਲੋ ਦੀਆਂ ਗੁੰਮਨਾਮ ਤੇ ਮੂਕ ਖਿੱਚਾਂ ਵਿੱਚ ਪਏ ਹਨ। ਨਾਵਲਕਾਰ ਕਾਰਪੋਰੇਟ ਪੱਖੀ ਉੱਨਤੀ ਦੇ ਇਸ ਮਾਡਲ ਨਾਲ ਕੰਢੀ ਖੇਤਰ ਦੇ ਸ਼ਾਂਤ ਤੇ ਰਮਣੀਕ ਵਾਤਾਵਰਣ ਵਾਲੇ ਭੂਗੋਲਿਕ, ਸਮਾਜਿਕ ਤੇ ਸੱਭਿਆਚਾਰਕ ਪਰਿਵੇਸ਼ ਨਾਲ ਜੁੜੀਆਂ ਰਵਾਇਤੀ ਕਦਰਾਂ-ਕੀਮਤਾਂ ਦੀ ਟੁੱਟ-ਭੱਜ ਨੂੰ ਪਹਾੜੀ ਭਾਸ਼ਾ ਦੇ ਸੁਹਜਵੰਤ ਰੂਪ ਵਿੱਚ ਪੇਸ਼ ਕਰਦਾ ਹੈ। ਆਂਚਲਿਕ ਰਹਿਤਲ ਦੇ ਵਸੇਬੇ ਦੀਆਂ ਬਰਕਤਾਂ ਪ੍ਰਤੀ ਰੁਦਨ ਨਾਵਲ ਦੇ ਅਚੇਤ ਸੰਸਾਰ ਵਿੱਚ ਪਾਈ ਮਿਲਦੀ ਹੈ।




ਇਸ ਸਾਲ ਪ੍ਰਕਾਸ਼ਿਤ ਹੋਏ ਕੁੱਝ ਨਾਵਲ ਪਰਵਾਸੀ ਪੰਜਾਬੀ ਨਾਵਲ ਨਿਗਾਰੀ ਵਿੱਚ ਵੀ ਵਾਧਾ ਕਰਦੇ ਹਨ। ਕਹਾਣੀਕਾਰ ਜਿੰਦਰ ਦੀ ਸੰਪਾਦਨਾ ਹੇਠ ਛਪਦੇ ਸਾਹਿਤਕ ਮੈਗਜ਼ੀਨ 'ਸ਼ਬਦ' ਵਿੱਚ ਇੰਗਲੈਂਡ ਵਸਦੇ ਨਾਵਲਕਾਰ ਹਰਜੀਤ ਅਟਵਾਲ ਦੇ ਦੋ ਨਾਵਲ ਪ੍ਰਕਾਸ਼ਿਤ ਹੋਏ ਹਨ। ਅਟਵਾਲ ਨੇ ਆਪਣੇ ਨਾਵਲਾਂ ਵਿੱਚ ਡਾਇਸਪੋਰੇ ਨਾਲ ਜੁੜੇ ਰਵਾਇਤੀ ਭੂ ਹੇਰਵੇ ਵਿੱਚ ਪੰਜਾਬੀ ਬੰਦੇ ਦੀ ਖੁਰਦੀ ਬੰਦਿਆਈ ਸਮੇਤ ਪਰਵਾਸ ਦੀ ਨਵੀਂ ਪੀੜ੍ਹੀ ਦੇ ਮੌਲਿਕ ਉਚਾਰ ਨੂੰ ਵੀ ਸਪਲੀਮੈਂਟ ਕੀਤਾ ਹੈ। ਉਨ੍ਹਾਂ ਵੱਲੋਂ ਇਸ ਸਾਲ ਪ੍ਰਕਾਸ਼ਿਤ ਨਾਵਲ 'ਕਾਦਰ' ਵਿੱਚ ਰਿਸ਼ਤਾ-ਨਾਤਾ ਪ੍ਰਬੰਧ ਦੀ ਸਥਾਪਤ ਸੱਤਾ ਨਾਲ ਮਨੁੱਖ ਦੀ ਆਜ਼ਾਦੀ ਦੇ ਤਣਾਅ ਨੂੰ ਬਹੁਤ ਸੂਖ਼ਮੀ ਬਿਰਤਾਂਤ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ। ਨਾਵਲ ਦਾ ਕੇਂਦਰੀ ਪਾਤਰ ਇੰਗਲੈਂਡ ਵਿੱਚ ਰਹਿੰਦਾ ਸੋਹਮ ਹੈ, ਜਿਹੜਾ ਇਕ ਪਾਸੇ ਆਪਣੇ ਦੋਸਤ ਸੁਖਰਾਜ ਨਾਲ ਦੋਸਤੀ ਦੇ ਨੈਤਿਕ ਪ੍ਰਤਿਮਾਨਾਂ ਵਿੱਚ ਬੱਝਾ ਹੈ, ਦੂਜੇ ਪਾਸੇ ਸੁਖਰਾਜ ਦੀ ਪਤਨੀ ਪੱਲਵੀ ਦੇ ਦੁੱਖਾਂ ਪ੍ਰਤੀ ਹਮਦਰਦੀ ਤੇ ਮੋਹਖੋਰੀ ਭਾਵਨਾ ਨਾਲ ਜੁੜਿਆ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਸੋਹਮ ਦੇ ਮਾਨਸਿਕ ਦਵੰਦ 'ਤੇ ਉਸਰਦਾ ਹੈ, ਜਿਸ ਦੇ ਪਿਛੋਕੜ ਵਿੱਚ ਪਰਵਾਸ ਅੰਦਰ ਦੰਪਤੀ ਜੀਵਨ ਦੇ ਤਣਾਅ, ਨਾਰੀ ਹੋਂਦ ਦੀ ਘੁਟਣ, ਪੀੜ੍ਹੀ ਪਾੜੇ ਅਤੇ ਆਜ਼ਾਦ ਮਨੁੱਖੀ ਹੋਂਦ ਦੀ ਰਿਸ਼ਤਿਆਂ ਦੀ ਸੱਤਾ ਸਥਾਪਤੀ ਨਾਲ ਘਸਰ ਨੂੰ ਪੇਸ਼ ਕੀਤਾ ਗਿਆ ਹੈ। ਪੱਲਵੀ ਆਪਣੇ ਪਤੀ ਸੁਖਰਾਜ ਦੀ ਘਰੇਲੂ ਹਿੰਸਾ ਦੀ ਸ਼ਿਕਾਰ ਪਾਤਰ ਹੈ, ਜਿਹੜੀ ਸੁਖਰਾਜ ਦੇ ਦੋਸਤ ਸੋਹਮ ਨੂੰ ਆਪਣੀ ਦੁਰਦਸ਼ਾ ਦੇ ਸਾਰੇ ਵੇਰਵੇ ਮੋਬਾਈਲ ਸੰਦੇਸ਼ਾਂ ਦੁਆਰਾ ਭੇਜਦੀ ਹੈ। ਸੋਹਮ ਆਦਰਸ਼ਵਾਦ ਦੀ ਮੂਰਤ ਤੇ ਕਿਰਿਆਹੀਣ ਪਾਤਰ ਵਜੋਂ ਪੇਸ਼ ਹੁੰਦਾ ਹੈ, ਜੋ ਕਿ ਦੋਸਤਾਨਾ ਨੈਤਿਕਤਾ ਵਿੱਚ ਪੱਲਵੀ ਦੇ ਸੰਦੇਸ਼ਾਂ ਪ੍ਰਤੀ ਉਦਾਸੀਨ ਰਹਿੰਦਾ ਹੈ। ਸੁਖਰਾਜ ਦੀ ਮੌਤ 'ਤੇ ਪੱਲਵੀ ਤੇ ਸੋਹਮ ਦੇ ਵਾਰਤਾਲਾਪ ਨੂੰ ਲੇਖਕ ਨੇ ਦਾਰਸ਼ਨਿਕ ਰੰਗਤ ਦੇ ਕੇ ਜ਼ਿੰਦਗੀ ਦੀਆਂ ਛੱਲਾਂ ਨੂੰ 'ਕਾਦਰ' ਦੇ ਹੱਥ ਚੱਲਦੀਆਂ ਸਿੱਧ ਕੀਤਾ ਹੈ। ਨਾਵਲ ਦੀ ਖ਼ੂਬਸੂਰਤੀ ਰਿਸ਼ਤਿਆਂ ਅੰਦਰਲੀ ਸੂਖ਼ਮਤਾ, ਸੁਹਜਤਾ ਅਤੇ ਮਨੁੱਖ ਦੀਆਂ ਲਰਜ਼ਦੀਆਂ ਅਣਡਿੱਠ ਇੱਛਾਵਾਂ ਨੂੰ ਕਹੇ ਨਾਲੋਂ ਅਣਕਹੇ ਬਿਰਤਾਂਤ ਵਿੱਚ ਪੇਸ਼ ਕਰਨ ਵਜੋਂ ਹੈ।

ਹਰਜੀਤ ਅਟਵਾਲ ਦਾ ਦੂਜਾ ਨਾਵਲ 'ਕਲਾਕਾਰ' ਇੰਗਲੈਂਡ ਦੀ ਥਾਂ ਆਸਟਰੇਲੀਆ ਦੀ ਕਥਾ-ਲੋਕੇਲ 'ਤੇ ਸਿਰਜਿਆ ਗਿਆ ਹੈ। ਨਾਵਲ ਦਾ ਸਿਰਲੇਖ 'ਕਲਾਕਾਰ' ਉਸ 'ਕਲਾ' ਦੀ ਗੱਲ ਕਰਦਾ ਹੈ, ਜਿਹੜੀ ਅੱਜਕੱਲ੍ਹ ਦੇ ਪਦਾਰਥਵਾਦੀ ਰਿਸ਼ਤਿਆਂ ਵਿੱਚ ਵਰਤਾਈ ਜਾਂਦੀ ਹੈ। ਮਾਸਟਰ ਧਰਮ ਸਿੰਘ ਵਰਗਾ ਮੱਧਵਰਗੀ ਜੀਵ ਰਿਸ਼ਤਿਆਂ ਦੀ ਓਟ ਵਿੱਚ ਖੋਟੇ ਪੈਸੇ ਵੀ ਚਲਾ ਦੇਣ ਦਾ ਮਾਹਿਰ ਸੀ, ਜਿਸ ਦੀ ਅਜਿਹੀ ਕਲਾ ਉਸ ਦੇ ਪੁੱਤਰ ਹਰਦੀਪ ਵਿੱਚ ਆਈ, ਜੋ ਕਿ ਆਪਣੇ ਲੜਾਕੇ ਤੇ ਅੱਥਰੇ ਸੁਭਾਅ ਦੇ ਬਾਵਜੂਦ ਆਸਟਰੇਲੀਆ ਪੁੱਜ ਕੇ ਸੈੱਟਲ ਹੋ ਗਿਆ। ਧਰਮ ਸਿੰਘ ਤੇ ਉਸ ਦੀ ਪਤਨੀ ਰੇਸ਼ਮ ਕੌਰ ਬਜ਼ੁਰਗ ਅਵਸਥਾ ਵਿੱਚ ਆਪਣੇ ਨੌਕਰੀਪੇਸ਼ਾ ਪੁੱਤਰਾਂ ਦੇ ਨਿੱਜਪ੍ਰਸਤ ਜੀਵਨ ਕਰਕੇ ਰਿਸ਼ਤਿਆਂ ਅੰਦਰ ਅਜਨਬੀ ਬੋਧ ਤੇ ਉਦਾਸੀਨਤਾ ਹੰਢਾਉਂਦੇ ਹਨ, ਜਦਕਿ ਆਸਟਰੇਲੀਆ ਵਿੱਚ ਹਰਦੀਪ ਦੀ 'ਕਲਾਕਾਰੀ' ਵੀ ਆਪਣੀ ਚੜ੍ਹਤ ਗੁਆ ਲੈਂਦੀ ਹੈ। ਹਰਦੀਪ ਦੀ ਮੌਤ ਤੋਂ ਬਾਅਦ ਪਤਨੀ ਵੱਲੋਂ ਉਸ ਦੀ ਜਮ੍ਹਾਂ ਪੂੰਜੀ ਤੇ ਭਾਰਤ ਵਿਚਲੀ ਜਾਇਦਾਦ ਨੂੰ ਤੁਰੰਤ ਵੇਚ-ਵੱਟ ਲੈਣ ਦੀ ਘਟਨਾ ਤੋਂ 'ਕਲਾਕਾਰੀ' ਦਾ ਸਾਰਾ ਪਸਮੰਜਰ ਸ਼ਿਫਟ ਹੋ ਜਾਂਦਾ ਹੈ। ਲੇਖਕ ਦਾ ਇਹ ਨਾਵਲ ਘਟਨਾਵਾਂ ਦੀ ਲਕੀਰੀ ਪੇਸ਼ਕਾਰੀ, ਪਾਤਰਾਂ ਦੇ ਫਲੈਟ ਵਿਹਾਰ ਅਤੇ ਅਸਪਸ਼ਟ ਬਿਰਤਾਂਤ ਦ੍ਰਿਸ਼ਟੀ ਕਰਕੇ ਕਿਤੇ-ਕਿਤੇ ਧੁੰਦੂਕਾਰਾ ਫੈਲਾਉਂਦਾ ਹੈ, ਪਰ ਲੇਖਕ ਦਾ ਮਨਸ਼ਾ ਆਵਾਸੀ/ਪਰਵਾਸੀ ਪੰਜਾਬੀ ਮਨੁੱਖ ਅੰਦਰ ਰਿਸ਼ਤਿਆਂ ਦੀ ਓਟ ਵਿੱਚ ਫੈਲੇ ਦੰਭ, ਖੁਦਗਰਜ਼ੀ ਅਤੇ ਫਰੇਬ ਭਾਵਨਾ ਵਾਲੀ 'ਕਲਾਕਾਰੀ' ਸੋਚ ਨੂੰ ਪ੍ਰਗਟਾਉਣ ਤੋਂ ਹੈ। ਪਿਛਲੇ ਕੁਝ ਸਾਲਾਂ ਤੋਂ ਪਰਵਾਸੀ ਚੇਤਨਾ ਨਾਲ ਜੁੜੀ ਨਾਵਲੀ ਪਰੰਪਰਾ ਵਿੱਚ ਪਰਵਾਸ ਦੀ ਗਾਹੇ-ਬਗਾਹੇ ਯਾਤਰਾ ਕਰਨ ਵਾਲੇ ਲੇਖਕਾਂ ਦੀਆਂ ਰਚਨਾਵਾਂ ਵਿੱਚ ਆ ਰਿਹਾ ਹੈ। ਇਹ ਬਿਰਤਾਂਤਕਾਰੀ ਪਰਵਾਸ ਦੇ ਗਹਿਰੇ ਅਤੇ ਜੀਵੰਤ ਅਨੁਭਵਾਂ ਤੋਂ ਪਰੇ ਰਹਿ ਕੇ ਪਰਵਾਸ ਦੀਆਂ ਦਿਸਦੀਆਂ ਵਿਸੰਗਤੀਆਂ ਨੂੰ ਸੂਚਨਾਮੁਖੀ ਅਤੇ ਫਲੈਟ ਕਥਾ ਵੇਰਵਿਆਂ ਵਿੱਚ ਪੇਸ਼ ਵੱਲ ਰੁਚਿਤ ਹੈ। ਇਸ ਪ੍ਰਸੰਗ ਵਿੱਚ ਡਾ. ਸੁਰਜੀਤ ਬਰਾੜ ਦਾ ਨਾਵਲ 'ਕਾਲੀ ਕੰਬਲੀ' ਵਿਚਾਰਅਧੀਨ ਹੈ। ਡਾ. ਸੁਰਜੀਤ ਬਰਾੜ ਦਾ ਨਾਵਲ ਪੰਜਾਬ ਦੀ ਯੁਵਾ ਪੀੜ੍ਹੀ ਦੇ ਕੈਨੇਡੀਅਨ ਪਰਵਾਸ ਦੇ ਪਰਿਵੇਸ਼ ਵਿੱਚ ਫੈਲੀਆਂ ਰਿਸ਼ਤਾਗਤ ਅਤੇ ਨੈਤਿਕ ਬੇਤਰਤੀਬੀਆਂ ਦਾ ਪ੍ਰਵਚਨ ਹੈ। ਲੇਖਕ ਪਰਵਾਸ ਦੇ ਇਸ ਵਰਤਾਰੇ ਨੂੰ ਪੂੰਜੀਵਾਦੀ ਵਿਸ਼ਵੀਕਰਨ ਦੀਆਂ ਮਾਨਵ ਵਿਰੋਧੀ ਨੀਤੀਆਂ ਦੇ ਪ੍ਰਸੰਗ ਵਿੱਚ ਉਭਾਰਨ ਦਾ ਯਤਨ ਕਰਦਾ ਹੈ। ਨਾਵਲ ਅੰਦਰ ਸਮਕਾਲ ਵਿੱਚ ਖੇਤੀ ਅਰਥਚਾਰੇ ਸਮੇਤ ਤਮਾਮ ਸੰਕਟਾਂ ਵਿੱਚ ਘਿਰੇ ਪੰਜਾਬ ਤੋਂ ਪਰਵਾਸ ਧਾਰਨ ਲਈ ਬਿਹਬਲ ਪਾਤਰਾਂ ਦੀ ਪੂਰੀ ਲੜੀ ਹੈ। ਰਣਧੀਰ ਤੇ ਸ਼ਾਮ ਲਾਲ ਵਰਗੇ ਸੇਵਾ-ਮੁਕਤ ਕਰਮਚਾਰੀ ਕੈਨੇਡਾ ਵਿੱਚ ਰੁਜ਼ਗਾਰ ਅਤੇ ਵਸੇਬੇ ਲਈ ਤਰਸਦੇ ਆਪਣੇ ਬੱਚਿਆਂ ਕੋਲ ਜਾਣ ਲਈ ਬੇਤਾਬ ਹਨ। ਇਸੇ ਤਰ੍ਹਾਂ ਮਨਪ੍ਰੀਤ ਤੇ ਸ਼ਰਨ, ਗੁਰਪ੍ਰੀਤ ਤੇ ਕਮਲ ਵਰਗੇ ਦੰਪਤੀ ਜੋੜੇ ਕੈਨੇਡੀਅਨ ਡਾਲਰ ਦੀ ਚਕਾਚੌਂਧ ਵਿੱਚ ਰਿਸ਼ਤਿਆਂ ਦੀ ਟੁੱਟ-ਭੱਜ ਦਾ ਸੰਤਾਪ ਭੁਗਤਦੇ ਹਨ। ਲੇਖਕ ਕੈਨੇਡੀਅਨ ਸਿਸਟਮ ਦੇ ਪਿੱਛੇ ਕਾਰਜਸ਼ੀਲ ਕਾਰਪੋਰੇਟ ਸੱਤਾ ਦੀਆਂ ਨਵ ਸਾਮਰਾਜਵਾਦੀ ਨੀਤੀਆਂ ਨੂੰ 'ਕਾਲੇ ਰਿੱਛ' ਦੇ ਪ੍ਰਤੀਕ ਨਾਲ ਰੂਪਮਾਨ ਕਰਦਾ ਹੈ, ਜਿਸ ਨੂੰ ਕਾਲੀ ਕੰਬਲੀ ਦੇ ਭੁਲੇਖੇ ਫੜ ਕੇ ਲਾਭ ਉਠਾਉਣ ਵਾਲਾ ਨਵ ਪਰਵਾਸ ਖੁਦ ਇਸ ਦੇ ਖ਼ੂੰਖਾਰ ਜੱਫੇ ਵਿੱਚ ਫਸ ਗਿਆ ਹੈ। ਨਾਵਲ ਵਿੱਚ ਰਣਧੀਰ ਸਿੰਘ ਬਰਾੜ, ਸ਼ਾਮ ਲਾਲ, ਕਾਮਰੇਡ ਅਮਰਜੀਤ, ਮਨਪ੍ਰੀਤ, ਗੁਰਪ੍ਰੀਤ, ਕੁਲਪ੍ਰੀਤ ਕੌਰ ਵਰਗੇ ਪਾਤਰ ਪਰਵਾਸੀ ਧਰਤੀ ਦੀ ਗਲੈਮਰੀ ਚਕਾਚੌਂਧ ਪਿਛਲੇ ਤਣਾਅ, ਮਾਯੂਸੀ ਅਤੇ ਉਪਰਾਮ ਜੀਵਨ ਦੇ ਪੇਸ਼ਕਾਰ ਹਨ। ਨਾਵਲ ਵਿੱਚ ਕਾਮਰੇਡ ਅਮਰਜੀਤ ਸਿੰਘ ਵਰਗਾ ਪਾਤਰ ਲੇਖਕ ਦੀ ਭਾਸ਼ਣੀ ਬਿਰਤਾਂਤਕਾਰੀ ਦਾ ਵਾਹਕ ਹੈ, ਜਿਹੜਾ ਆਪਣੇ ਘੇਰੇ ਵਿੱਚ ਵਿਚਰਦੇ ਪਾਤਰਾਂ ਨੂੰ ਕੌਮਾਂਤਰੀ ਪੱਧਰ 'ਤੇ ਫੈਲੇ ਨਵ ਸਾਮਰਾਜਵਾਦੀ ਵਰਤਾਰੇ ਵਿਰੁੱਧ ਲਾਮਬੰਦ ਕਰਕੇ ਉੱਦਾਤ ਕਦਰਾਂ-ਕੀਮਤਾਂ ਅਤੇ ਮਾਨਵਪੱਖੀ ਸਮਾਜਿਕ ਵਿਵਸਥਾ ਦੀ ਸਥਾਪਤੀ ਲਈ ਪ੍ਰੇਰਿਤ ਕਰਦਾ ਹੈ। ਲੇਖਕ ਦਾ ਨਾਵਲ ਨਵ-ਪਰਵਾਸ ਦੇ ਇਸ ਵਰਤਾਰੇ ਨੂੰ ਪੂਰਵ ਨਿਰਧਾਰਿਤ ਕਥਾ ਦ੍ਰਿਸ਼ਟੀ, ਮਨੋਰਥ ਪ੍ਰਧਾਨ ਬਿਰਤਾਂਤਕਾਰੀ, ਯਥਾਰਥ ਦੇ ਫਲੈਟ ਚਿਤਰਨ ਅਤੇ ਪਾਤਰਾਂ ਦੇ ਚੰਗੇ/ਮੰਦੇ ਪ੍ਰਤਿਮਾਨਾਂ ਦੀ ਲਕੀਰੀ ਵਰਨਣਕਾਰੀ ਨਾਲ ਜੁੜੀ ਰਚਨਾ ਹੈ। ਪੰਜਾਬ ਤੇ ਪਰਵਾਸ ਦੀ ਬਿਰਤਾਂਤਕ ਲੋਕੇਲ ਤੋਂ ਬਾਹਰ ਨਿਕਲ ਕੇ ਫਿਲਮੀ ਕਲਾ ਸੰਸਾਰ ਦੀ ਦਿਸਦੀ ਗਲੈਮਰ ਪਿਛਲੇ ਕੁਹਜ ਨੂੰ ਕੁਲਦੀਪ ਸਿੰਘ ਬੇਦੀ ਦਾ ਨਾਵਲ 'ਪਰਜੀਵੀ' ਪੇਸ਼ ਕਰਦਾ ਹੈ। ਨਾਵਲ ਦੇ ਕੇਂਦਰ ਵਿੱਚ ਜਸਮੀਨ ਤੇ ਹਰਨਾਮ ਦਾ ਦੰਪਤੀ ਜੀਵਨ, ਖੁਸ਼ਬੂ ਤੇ ਸੰਜੀਵਨੀ (ਦੋ ਧੀਆਂ), ਹਰਨਾਮ ਦੇ ਸੰਪਰਕੀ ਦਾਇਰੇ ਵਿੱਚ ਆਉਂਦੇ ਲੋਕ ਸ਼ਾਮਲ ਹਨ, ਜਿਨ੍ਹਾਂ ਨਾਲ ਜੁੜੇ ਲਕੀਰੀ ਕਿਸਮ ਦੇ ਕਥਾਨਕੀ ਵੇਰਵੇ ਪਾਠਕਾਂ ਨੂੰ ਸਮਝਾਉਣ ਦੀ ਮੁਦਰਾ ਵਿੱਚ ਚੱਲਦੇ ਹਨ। ਹਰਨਾਮ ਸਾਹਿਤ ਤੇ ਫਿਲਮੀ ਖੇਤਰ ਨਾਲ ਜੁੜੀ ਸ਼ਖ਼ਸੀਅਤ ਹੈ, ਜਿਸ ਦੀਆਂ ਵਿਕ੍ਰਿਤ ਜਿਨਸੀ ਰੁਚੀਆਂ ਦੇ ਮਾਧਿਅਮ ਨਾਲ ਲੇਖਕ ਕਲਾ ਸੰਸਾਰ ਦੇ ਅੰਦਰਲੇ ਕੁਹਜ ਦੀ ਕਰੂਰ ਦਾਸਤਾਨ ਪੇਸ਼ ਕਰਦਾ ਹੈ। ਨਾਵਲ ਦਾ ਵਰਨਣਮੁਖੀ ਬਿਰਤਾਂਤ ਲੇਖਕੀ ਬੋਲਾਂ ਦੇ ਲਾਊਡ ਦਾਬੇ ਦਾ ਸ਼ਿਕਾਰ ਹੈ, ਜਿਸ ਕਰਕੇ ਬਿਰਤਾਂਤ ਦੀਆਂ ਘਟਨਾਵਾਂ, ਸਥਿਤੀਆਂ ਅਤੇ ਪਾਤਰ-ਵਿਧਾਨ ਮਕਾਨਕੀ ਘੇਰੇ ਤੋਂ ਬਾਹਰ ਨਹੀਂ ਨਿਕਲਦੇ। ਨਾਵਲ ਦਾ ਇਕ ਪਾਸਾਰ ਮਹਾਂਨਗਰੀ ਜੀਵਨ ਦੀਆਂ ਪੂੰਜੀਵਾਦੀ ਅਤੇ ਪਦਾਰਥਵਾਦੀ ਕਦਰਾਂ-ਕੀਮਤਾਂ ਵਿੱਚ ਸਾਂਝ ਤੇ ਸਹਿਹੋਂਦ ਦੀ ਘਾਟ ਨਾਲ ਨਿਸੱਤੇ ਤੇ ਹੀਣੇ ਹੋ ਰਹੇ ਰਿਸ਼ਤਿਆਂ ਤੋਂ ਪੈਦਾ ਦੁਖਾਂਤ ਨੂੰ ਪੇਸ਼ ਕਰਨਾ ਹੈ।

ਕੇ ਐਲ ਗਰਗ ਦਾ ਨਾਵਲ 'ਚੰਨ ਦਾ ਉਚੜਿਆ ਚਿਹਰਾ' ਵੀ ਇਸ ਸਾਲ ਛਪਿਆ ਨਾਵਲ ਹੈ। ਉਸ ਨੇ ਪੰਜਾਬ ਦੀ ਖਾੜਕੂ ਲਹਿਰ ਦੇ ਪ੍ਰਸੰਗ ਵਿੱਚ ਸਮਾਜ ਵਿੱਚ ਹੋ ਰਹੇ ਨਾਰੀ ਦਮਨ ਦਾ

ਬਾਕੀ ਸਫ਼ਾ 7'ਤੇ

# ਪੰਜਾਬੀ ਨਾਟ-ਸਿਰਜਣਕਾਰੀ : ਪਛਾਣ ਅਤੇ ਪੇਸ਼ਕਾਰੀ

**ਡਾ. ਚੰਦਰ ਪ੍ਰਕਾਸ਼**

(1)

ਨਾਟ-ਪਾਠ ਦੀ ਸਿਰਜਣਸ਼ੀਲਤਾ ਵਿੱਚ ਰੰਗਮੰਚੀ ਵਿਧੀ-ਵਿਧਾਨ ਇਸ ਦੀ 'ਵੱਖਰਤਾ' ਵੀ ਹੈ ਅਤੇ ਹੋਰਨਾਂ ਵਿਧਾਵਾਂ ਤੋਂ ਅਲਹਿਦਗੀ ਵੀ। ਨਾਟਕਕਾਰ, ਉਪਲੱਬਧ ਵਸਤੂ-ਸਮੱਗਰੀ ਨੂੰ ਰੂਪ ਸੰਰਚਨਾ ਵਿੱਚ ਢਾਲਦੇ ਵੇਲੇ ਅਭਿਨੇਤਾ, ਨਿਰਦੇਸ਼ਕੀ ਸੂਝ, ਮੰਚ ਤਕਨੀਕਾਂ, ਦਰਸ਼ਕ ਤੱਕ ਪਹੁੰਚ ਸਥਾਪਤੀ ਆਦਿ ਪੱਖਾਂ ਨੂੰ ਯਾਦ ਰੱਖਦਾ ਹੈ।ਸਮੂਹਿਕ ਸਿਰਜਣਾਤਮਕ ਪ੍ਰਬੰਧ ਨਾਲ ਮੁਕੰਮਲ ਹੋਣ ਵਾਲੀ ਵਿਧਾ ਦੀ ਇਤਿਹਾਸਕਾਰੀ-ਸਮੀਖਿਆ ਕਠਿਨ ਹੈ।




(2)

ਹਰੇਕ ਕਾਲ ਖੰਡ ਦੇ ਆਪਣੇ ਸੁਹਜ-ਸ਼ਾਸਤਰੀ ਸੂਤਰ ਹੁੰਦੇ ਨੇ, ਜੋ ਸਿਰਜਣਾਤਮਕ ਪ੍ਰਤਿਭਾ ਨੂੰ ਪ੍ਰੇਰਿਤ ਕਰਦੇ ਹਨ। ਰਚਨਾ 'ਵਿਚਾਰਧਾਰਕ ਪੈਂਤੜੇ' ਦੀ ਨੁਮਾਇੰਦਗੀ ਵੀ ਕਰਦੀ ਹੈ ਅਤੇ ਉਸ ਵਿੱਚ ਸ਼ਾਮਲ ਸਮਾਜ ਦੀ ਆਂਤਰਿਕ ਪਿੱਠ ਭੂਮੀ ਵੀ ਸਮੋਈ ਹੁੰਦੀ ਹੈ। ਇਹ ਆਂਤਰਿਕਤਾ ਬਦਲਾਉਸ਼ੀਲ ਹੈ, ਜਿਸ ਦਾ ਮੁਲਾਂਕਣ ਕਰਨਾ ਮਹੱਤਵਪੂਰਨ ਹੁੰਦਾ ਹੈ। ਇੱਕੀਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਸੰਸਾਰ ਸਿਆਸਤ, ਪੂੰਜੀ ਯੋਜਨਾ, ਸੰਚਾਰ ਸਾਧਨਾਂ ਦੀ ਵਧਦੀ ਵਰਤੋਂ ਨੇ ਗਿਆਨ-ਵਿਗਿਆਨ-ਸੂਚਨਾਵਾਂ-ਕੁਦਰਤ ਬਾਬਤ ਨਵੇਂ ਸਵਾਲ ਖੜ੍ਹੇ ਕੀਤੇ ਹਨ। ਮਸਨੂਈ ਬੁੱਧੀ+ਬਾਜ਼ਾਰ ਨੈਤਿਕਤਾਵਾਂ ਨੇ ਖੇਤੀ, ਕਾਨੂੰਨ, ਨਿਆਂ, ਭਾਸ਼ਾਵਾਂ- ਕਲਾਵਾਂ ਆਦਿ ਦੇ ਵਿਚਾਰ-ਪ੍ਰਗਟਾਅ ਰਾਹ ਬਦਲ ਦਿੱਤੇ ਹਨ।2025 ਵਿੱਚ ਚੌਥੀ-ਪੰਜਵੀਂ ਪੀੜ੍ਹੀ ਦੇ ਪੰਜਾਬੀ ਨਾਟਕਕਾਰ ਵੀ ਬਦਲਦੀ ਜੀਵਨ-ਪੱਧਤੀ 'ਤੇ ਨਿਗਾਹ ਰੱਖਦੇ ਹਨ। ਇਨ੍ਹਾਂ ਨੂੰ ਹੇਠ ਲਿਖੇ ਨੁਕਤਿਆਂ ਨਾਲ ਸਮਝਣ ਦਾ ਯਤਨ ਹੈ:-

**ੳ. ਧਰਮ, ਇਤਿਹਾਸ ਅਤੇ ਸਿਆਸਤ ਦਾ ਕਾਵਿ-ਸ਼ਾਸਤਰ**

ਇਤਿਹਾਸ, ਅਸਥਿਰ; ਗਤੀਸ਼ੀਲ ਹੈ। ਹਕੂਮਤਾਂ 'ਸੱਚ' ਤੋਂ ਡਰਦੀਆਂ 'ਗਿਆਨ' ਨੂੰ ਕਾਬੂ ਕਰਦੀਆਂ ਹਨ।ਪਾਰਖੂ ਅੱਖ ਗਿਆਨ, ਤਰਕ, ਧਰਮ, ਇਤਿਹਾਸ, ਰਾਜਨੀਤੀ ਆਦਿ ਨਾਲ ਸੰਵਾਦਕ ਪ੍ਰਬੰਧ ਸਿਰਜਦੀ ਹੈ ਤਾਂ ਜੋਖਮ ਸਹੇੜਦੀ ਹੈ, ਜਦੋਂ ਕਿ ਇਤਿਹਾਸ ਵਿੱਚ 'ਚੁੱਪ ਪਈਆਂ ਸੈਨਤਾਂ/ਸ਼ਨਾਖ਼ਤਾਂ' ਨੂੰ ਪਛਾਨਣਾ ਲਾਜ਼ਮੀ ਹੁੰਦਾ ਹੈ। ਇਤਿਹਾਸ ਨੂੰ ਸਾਹਿਤ ਦੇ ਵੱਖਰੇ ਸਾਚਿਆਂ ਵਿੱਚ ਢਾਲ ਕੇ ਘੇਰਾ ਵਧਦਾ ਹੈ। ਪੰਜਾਬੀ ਨਾਟ-ਪਿੜ ਵਿੱਚ ਹਰੀਸ਼ ਜੈਨ ਦੀ ਬੌਧਿਕ ਸੂਝ ਨੇ ਦਸਤਕ ਦਿੰਦਿਆਂ 'ਗੁਨਾਹਗਾਰ' ਨਾਟਕ ਰਾਹੀਂ 'ਰਾਜਸੀ, ਅਦਾਲਤੀ, ਬਸਤੀਵਾਦੀ ਅਤੇ ਕ੍ਰਾਂਤੀਕਾਰੀ ਧਿਰਾਂ ਦਾ ਪ੍ਰਵਚਨ' ਸਿਰਜਿਆ ਹੈ। ਭਗਤ ਸਿੰਘ ਅਤੇ ਬੀ ਕੇ ਦੱਤ ਦੁਆਰਾ ਅਸੈਂਬਲੀ ਬੰਬ ਸੁੱਟਣ ਵਾਲੀ 'ਅੱਧੇ ਕੁ ਮਿੰਟ ਦੀ ਘਟਨਾ' ਉੱਤੇ ਦੋ ਸੈਂਕੜੇ ਸਫਿਆਂ ਦਾ ਇਤਿਹਾਸਕ ਪਰਿਪੇਖ ਉਸਾਰ ਕੇ 'ਕਾਨੂੰਨ ਅਤੇ ਇਤਿਹਾਸ ਦੀ ਜੁਗਲਬੰਦੀ' ਨੂੰ ਵਿਚਾਰਧਾਰਕ ਚੁਣੌਤੀ ਦਿੱਤੀ ਹੈ। ਮਾਸੂਮ ਹੱਤਿਆਵਾਂ ਕਰਨ 'ਤੇ ਜਨਰਲ ਡਾਇਰ ਨੂੰ ਸਨਮਾਨਿਤ ਕਰਨਾ, ਅਤੇ ਭਗਤ ਸਿੰਘ ਵੱਲੋਂ ਸੁੱਟੇ ਬੰਬ ਨੂੰ ਸਟੇਟ ਹਮਲਾ ਮੰਨਣਾ ਦੋ ਭਿੰਨ ਵਿਚਾਰ ਹਨ। ਜੱਜ ਸਾਹਿਬਾਨ ਫਰਜ਼ੀ ਅਤੇ ਮਨਘੜਤ ਗਵਾਹਾਂ 'ਚੋਂ 'ਕੁਆਲਟੀ' ਲੱਭਣ ਲੱਗਦੇ ਹਨ।ਨਾਟਕ ਦਾ ਇਹ ਸੰਵਾਦ ਪੜ੍ਹੋ:- ਡਾਕੂਆਂ ਦੇ ਕਾਰਿਆਂ ਨਾਲ ਗਿਣਤੀ ਦੇ ਘਰ ਪ੍ਰਭਾਵਿਤ ਹੁੰਦੇ ਹਨ, ਪਰੰਤੂ ਸਰਕਾਰਾਂ ਪੀੜ੍ਹੀਆਂ ਦੀ ਜ਼ਿੰਦਗੀ ਰੋੜ੍ਹ ਦਿੰਦੀਆਂ ਹਨ। (ਸਫ਼ਾ/101) ਇਉਂ ਭਗਤ ਸਿੰਘ ਦੀ ਬੌਧਿਕਤਾ ਨਾਬਰੀ ਅਤੇ ਬਰਾਬਰੀ ਦੇ ਸੰਕਲਪ ਨੂੰ ਵਿਸ਼ਵ ਪ੍ਰਸੰਗ ਤੱਕ ਫੈਲਾ ਦਿੰਦੀ ਹੈ। ਥੀਸਸ ਪਲੇਅ ਵਾਂਗ। ਇਸ ਕੜੀ ਵਿੱਚ ਬਲਰਾਮ ਦਾ ਨਾਟਕ 'ਗਾਂਧੀ ਭਾਰਤ ਛੋੜੋ' ਗੋਡਸੇ-ਗਾਂਧੀ ਦੇ ਪੂਰਵਲੇ ਮਕਾਨਕੀ ਬਿੰਬਾਂ ਨੂੰ ਭੰਨਦਾ ਹੈ। ਪਾਠਕ ਮਨ ਦੇ ਪਰਦੇ ਲਹਿੰਦੇ ਨੇ, ਮੰਚ ਦੀਆਂ ਵਿਭਿੰਨ ਨਾਟ-ਸ਼ੈਲੀਆਂ ਨਾਟ-ਰੰਗ 'ਚ ਉਤਰਦੀਆਂ ਨੇ। ਦੇਵਿੰਦਰ ਕੁਮਾਰ ਰਚਿਤ ਨਾਟਕ 'ਕੂੜੇ ਵਿੱਚ ਖਿੜਿਆ ਗੁਲਾਬ' ਡਾ. ਅੰਬੇਡਕਰ ਦੇ ਵਿਚਾਰਧਾਰਕ ਪ੍ਰਬੰਧ ਨੂੰ ਤਰਜੀਹ ਦਿੰਦਾ ਹੈ। ਗ਼ਦਰੀ ਬੀਬੀ ਗੁਲਾਬ ਕੌਰ ਦੀ ਵਿਛੋੜੇ ਸ਼ਤਾਬਦੀ ਸੰਬੰਧੀ ਸ਼ਬਦੀਸ਼ ਜੋੜੀ ਵੱਲੋਂ ਤਿਆਰ ਨਾਟਕ 'ਖਿੜਦੇ ਰਹਿਣ ਗੁਲਾਬ' ਇਤਿਹਾਸਕ ਪੱਖ ਤੋਂ ਵਿਸ਼ੇਸ਼ ਜ਼ਿਕਰਯੋਗ ਹੈ।


ਧਰਮ, ਇਤਿਹਾਸ, ਮਿਥਿਹਾਸ, ਸਿਆਸੀ ਘਟਨਾਵਾਂ ਨੂੰ ਟਟੋਲ ਕੇ ਨਾਟ-ਕਥਾ ਦਾ ਹਿੱਸਾ ਬਣਾਉਣ ਵਿੱਚ ਸਵਰਾਜਬੀਰ ਪੂਰੀ ਮੁਹਾਰਤ ਰੱਖਦਾ ਹੈ।ਉਸ ਦੀਆਂ ਰਚਨਾਵਾਂ ਪੁਨਰ ਮੁਲਾਂਕਣ ਕਰਨ ਲਈ ਪੜ੍ਹਨੇ ਪਾਉਂਦੀਆਂ ਹਨ। 'ਵਣਧਾਰਾ' ਨਾਟਕ ਭਾਰਤੀ ਮਿਥਿਹਾਸ ਵਿੱਚ 'ਅਹਿਲਿਆ' ਦੀ ਕਥਾ ਆਧਾਰਤ ਹੈ।ਅਹਿਲਿਆ ਅਤੇ ਗੌਤਮ ਦੇ ਰਿਸ਼ਤੇ ਨੂੰ ਗੁਰੂ-ਸ਼ਿਸ਼, ਪਿਉ-ਧੀ, ਹਮਸਫ਼ਰ ਅਧੀਨ ਵਾਚਦਿਆਂ ਪ੍ਰਾਪਤ ਬਿਰਤਾਂਤਾਂ ਨੂੰ ਤਰਤੀਬਬੱਧ ਕਰਦਾ ਹੈ।ਇੰਦਰ ਨਾਲ ਮੁਹੱਬਤੀ ਪ੍ਰਸੰਗ ਨੂੰ ਸਪੇਸ ਦੇਣ ਨਾਲ। ਪੁਰਸ਼ਤੰਤਰ ਦੀ ਸਿਆਸੀ ਜਕੜ ਮੁਤਾਬਕ ਗੌਤਮ ਰਿਸ਼ੀ ਕੋਲ ਸਭ ਹੱਕ ਰਾਖਵੇਂ ਹਨ, ਉਹ ਧਾਰਮਿਕ ਨੈਤਿਕਤਾ ਦੀ ਕੰਡਿਆਲੀ ਵਾੜ ਵਲ਼ ਕੇ ਉਸ ਨੂੰ ਦਬੈਲ ਬਣਾਉਂਦਾ ਹੈ। ਨੇਕ ਪਤਨੀਆਂ ਪ੍ਰਸ਼ਨ ਨਹੀਂ ਪੁੱਛਦੀਆਂ ਕਹਿ ਸਵਾਲ ਪੁੱਛਣ 'ਤੇ ਰੋਕ ਲਾਉਂਦਾ ਹੈ।ਆਪਣੇ ਵੇਦਗਿਆਤਾ ਅਤੇ ਮਹਾਂਗਿਆਨੀ ਹੋਣ ਦਾ ਦਾਅਵਾ ਕਰਦਾ ਹੈ।ਫੂਕੋ ਠੀਕ ਲਿਖਦਾ ਹੈ ਕਿ 'ਗਿਆਨ ਕਾਤਲ ਵੀ ਹੈ'। ਖ਼ੂਬਸੂਰਤ ਅਹਿਲਿਆ ਨੂੰ ਸਜ਼ਾ ਦੇਣਾ, ਵਣ-ਤ੍ਰਿਣ 'ਚ ਜੀਵਨ ਬਤੀਤ ਕਰਨਾ ਆਦਿ ਨਾਲ ਜੁੜੇ ਵੇਰਵੇ ਅਹਿਲਿਆ ਦੀ 'ਦੇਹ ਭਾਸ਼ਾ' ਦੁਆਲੇ ਘੁੰਮਦੇ ਹਨ। ਨਾਟਕਾਂ ਦਾ ਕਾਵਿ ਸ਼ਾਸਤਰੀ ਅਧਿਐਨ ਲੁਕਵੇਂ ਦੀ ਪਛਾਣਦੇਹੀ ਕਰਨੀ ਸਿਖਾਉਂਦਾ ਹੈ।

**ਅ. ਨਾਨਕ- ਚਿੰਤਨ, ਪ੍ਰੀਤ-ਕਥਾਵਾਂ ਅਤੇ ਜਵਾਨੀ:-**

ਪੰਜਾਬੀ ਨਾਟ-ਲੇਖਣ ਵਿੱਚ ਧਾਰਮਿਕ ਵਿਸ਼ਿਆਂ ਦੀ ਪੇਸ਼ਕਾਰੀ ਦਾ ਨਿਭਾਅ ਗੁੰਝਲਦਾਰ ਵੀ ਹੈ; ਅਤੇ ਚੁਣੌਤੀ ਭਰਪੂਰ ਵੀ। ਲੰਮੇ ਇਤਿਹਾਸਕ ਕਾਲ ਖੰਡ 'ਚ ਪਾਤਰਾਂ ਦੀ ਬਹੁਤਾਤ, ਗੁਰੂ ਸਾਹਿਬਾਨ ਦੀ 'ਮੰਚ ਉਹਲੇ' ਭੂਮਿਕਾ, ਧਾਰਮਿਕ ਭਾਵਨਾਵਾਂ ਦਾ ਖ਼ਿਆਲ ਆਦਿ ਕਾਰਨ ਸਿਰਜਕ-ਨਿਰਦੇਸ਼ਕ ਨੂੰ ਬੰਦਿਸ਼ 'ਚ ਰੱਖਦੇ ਹਨ। ਇਉਂ 'ਸ਼ਤਾਬਦੀ ਨਾਟਕ' ਦਾ ਸੰਕਲਪ ਉੱਭਰਦਾ ਹੈ। ਕੇਵਲ ਧਾਲੀਵਾਲ 'ਰੋਸ਼ਨੀ ਅਤੇ ਆਵਾਜ਼' ਰੂਪਕ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਅਮੁੱਲ ਵਿਚਾਰਾਂ ਨੂੰ 'ਸਰਬੰਸਦਾਨੀ' ਵਿੱਚ ਸਕਰੀਨ, ਸੰਗੀਤ, ਤਸਵੀਰਾਂ ਰਾਹੀਂ ਪੇਸ਼ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨੂੰ ਸਪੇਸ ਦਿੰਦਾ ਹੈ।ਚਰਨ ਸਿੰਘ ਸਿੰਧਰਾ ਦਾ ਨਾਟਕ 'ਸਚ ਕੀ ਬੇਲਾ' ਗੁਰਬਾਣੀ 'ਚੋਂ ਉਧਰਿਤ ਤੁਕ ਆਧਾਰਤ ਹੈ, ਜਿਸ ਦਾ ਨਾਟ-ਭਾਵ ਮਾਨਵ ਨੂੰ ਦਾਨਵ ਅਤੇ ਸਭਿਅਤਾ ਨਾਲ ਭਿੜਦੇ ਦਰਸਾਉਣਾ ਹੈ। ਹੀਰਾ ਰੰਧਾਵਾ ਵੱਲੋਂ ਖੇਡੇ ਜਾਣ ਵਾਲੇ ਨਾਟਕ 'ਸਚ, ਸਿਰੁ ਤੇ ਸੀਸ' ਬਾਰੇ ਜਾਣਕਾਰੀ ਮਿਲੀ ਹੈ। ਸੋਸ਼ਲ ਮੀਡੀਆ ਤੋਂ ਬਲਜਿੰਦਰ ਸਿੰਘ ਦਾਰਾਪੁਰੀ ਵੱਲੋਂ ਮਹਾਨਾਟਕਾਂ 'ਗੁਰੂ ਤੇਗ ਬਹਾਦਰ ਸਿਮਰੀਐ', 'ਸ਼ਹਾਦਤ ਪਾਤਸ਼ਾਹੀ ਨੌਵੀਂ' ਅਤੇ ਗੁਰੂ ਤੇਗ ਬਹਾਦਰ ਬੋਲਿਆ/ਦੇਵਿੰਦਰ ਕੁਮਾਰ ਦੇ ਮੰਚ ਲੇਖਣ-ਪ੍ਰਸਤੁਤੀਕਰਨ ਆਦਿ ਵੇਰਵੇ ਵੀ ਉਪਲੱਬਧ ਹੋਏ ਹਨ।

ਦਵਿੰਦਰ ਦਮਨ ਦਾ ਨਾਟਕ 'ਵਾਰਿਸ ਸ਼ਾਹ ਸੁਖਨ ਦਾ ਵਾਰਿਸ' ਮਹਾਨ ਸ਼ਾਇਰ ਦੇ ਤਿੰਨ ਸੌ ਸਾਲ ਜਨਮ ਪੂਰੇ ਹੋਣ 'ਤੇ ਖੇਡੇ ਜਾਣ ਉਪਰੰਤ ਪ੍ਰਕਾਸ਼ਨ ਰੂਪ ਵਿੱਚ ਸਾਹਮਣੇ ਆਇਆ ਹੈ।ਇਹ ਨਾਟਕ ਅੰਮ੍ਰਿਤਾ ਪ੍ਰੀਤਮ ਅਤੇ ਵਾਰਿਸ ਸ਼ਾਹ ਦੀ ਸਵਾਲ-ਜਵਾਬ ਲੜੀ ਤਹਿਤ ਪੰਜਾਬੀ ਕਿੱਸਿਆਂ ਵਿੱਚ 'ਹੀਰ ਰਾਂਝੇ' ਬਾਰੇ ਬਣੀ ਭ੍ਰਮਕ ਸਥਿਤੀ ਦੀ ਘੋਖ-ਪੜਤਾਲ ਕਰਦਾ ਹੋਇਆ ਜਾਤੀ-ਜਮਾਤੀ ਦੂਰੀ ਨੂੰ ਦੂਰ ਕਰ 'ਪ੍ਰੇਮ ਮਾਰਗ' 'ਤੇ ਚੱਲਣ ਦੀ ਸਲਾਹ ਦਿੰਦਾ ਹੈ। ਨਾਟ-ਭਾਸ਼ਾ 'ਚ ਕਿੱਸੇ ਦੇ ਬੋਲ ਡੂੰਘੀਆਂ ਰਮਜ਼ਾਂ ਛੇੜਦੇ ਹਨ। ਮੱਧਕਾਲੀ ਕਿੱਸਾ ਸਾਹਿਤ ਦੇ ਪ੍ਰੇਮੀ-ਪਾਤਰ, ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਲੈਲਾ-ਮਜਨੂੰ, ਸੋਹਣੀ-ਮਹੀਂਵਾਲ ਨੂੰ ਉਮਰ ਦੇ ਵਡੇਰੇ ਪੜਾਅ ਵਿੱਚ ਦਰਸਾਅ ਕੇ ਸਮਕਾਲੀਨ ਪ੍ਰੇਮੀਆਂ ਦੀ ਦਸ਼ਾ-ਦਿਸ਼ਾ ਨੂੰ ਮਜ਼ਾਹੀਆ ਲਹਿਜੇ 'ਚ ਪੇਸ਼ ਕਰਦਾ ਪਦਮ ਸਿੰਧਰਾ (ਸੰਪਾਦਕ ਗੁਰਪ੍ਰੀਤ ਸਿੰਘ ਸਿੰਧਰਾ) ਦਾ ਨਾਟਕ 'ਜੇ ਆਸ਼ਕ ਮਿਲ ਜਾਂਦੇ?' ਗੁੱਝੇ ਅਰਥਾਂ ਦੇ ਭੇਦ ਖੋਲ੍ਹਦਾ ਹੈ।

ਦੂਜੇ ਬੰਨੇ ਸਮਾਜ ਵਿੱਚ ਜੁਰਮ, ਗੈਂਗਵਾਰ, ਨਸ਼ੇ, ਕਾਲਾ ਬਾਜ਼ਾਰੀ ਨਾਲ ਜਵਾਨੀ ਦਾ ਜੁੜਾਵ ਸਮਾਜ-ਵਿਗਾੜ ਦਾ ਕਾਰਨ ਬਣਦਾ ਜਾ ਰਿਹਾ ਹੈ। ਜਗਦੇਵ ਢਿੱਲੋਂ ਦੇ ਨਾਟ-ਸੰਗ੍ਰਹਿ 'ਦੀਵਾਰ ਦੇ ਉਸ ਪਾਰ' 'ਚ ਸ਼ਾਮਲ ਨਾਟਕ 'ਗਰਦਿਸ਼' ਰੋਮੀ, ਬਾਵੀ, ਗੋਪਾਲ, ਜੋਤੀ ਆਦਿ ਨੌਜਵਾਨਾਂ ਦਾ ਨਸ਼ੇੜੀ ਰੂਪ ਬਿਆਨਦਾ ਹੈ। ਤਰਲੋਚਨ ਸਿੰਘ ਦੀ ਨਾਟ-ਰਚਨਾ 'ਉਲਟੇ ਵਗਣ ਦਰਿਆ', ਪਰਮਿੰਦਰ ਕੌਰ ਸਵੈਚ/ਬਲਦੇ ਬਿਰਖ, ਦੇਵਿੰਦਰ ਕੁਮਾਰ/ਏਹੁ ਕੇਹੀ ਰੁੱਤ ਆਈ ਆਦਿ ਇਸ ਵਿਸ਼ੇਸ਼ ਵਿਸ਼ੇ ਦੀਆਂ ਪੈਰਵੀ ਕਰਦੀਆਂ ਹਨ।ਗਿਲੀ ਗੁੱਡੂ/ਲੱਖਾ ਲਹਿਰੀ, ਜੀ ਆਇਆਂ ਨੂੰ/ਭੁਪਿੰਦਰ ਉਤਰੇਜਾ ਆਦਿ ਮੰਚ ਰਚਨਾਵਾਂ ਬਜ਼ੁਰਗ, ਇਕੱਲਤਾ, ਨਵੀਂ ਪੀੜ੍ਹੀ ਦਰਮਿਆਨ ਸੰਵਾਦ ਬਣਾਉਂਦੀਆਂ ਹਨ।





**ੲ. ਕਿਸਾਨੀ, ਕੋਰੋਨਾ ਅਤੇ ਪ੍ਰੇਮ-ਪ੍ਰਸੰਗ:-**

ਸਾਹਿਬ ਸਿੰਘ ਰਚਿਤ 'ਸੰਮਾਂ ਵਾਲੀ ਡਾਂਗ' ਪੰਜਾਬ ਦੀ ਦਬਦੀ ਜਾ ਰਹੀ ਕਿਸਾਨੀ ਲਈ ਹਾਅ ਦਾ ਨਾਅਰਾ ਮਾਰਦਾ ਹੈ। ਕਿਸਾਨੀ ਜੀਵਨ ਦੀਆਂ ਲੋੜਾਂ-ਥੋੜਾਂ ਨੂੰ ਜਾਤੀਵਾਦ, ਉਲਾਰ ਸੋਚ, ਥੋਪੀਆਂ ਥੋਥੀਆਂ ਰਸਮਾਂ 'ਚੋਂ ਬਾਹਰ ਨਿਕਲ 'ਦਿਮਾਗੀ ਸੰਤੁਲਨ' ਬਣਾਉਣ ਲਈ ਪ੍ਰੇਰਦਾ ਹੈ। ਬਖ਼ਤਾਵਰ ਸਿੰਘ ਦੇ ਫੌਜੀ ਪਿਤਾ ਦੀ ਸ਼ਹੀਦੀ ਮਗਰੋਂ ਬਲਦਾਂ ਨਾਲ ਕੀਤੀ ਖੇਤੀ, ਧੀ ਵਿਆਹ, ਜਵਾਨ ਪੁੱਤ ਦੀ ਮੌਤ ਆਦਿ ਘਟਨਾਵਾਂ ਸਰਕਾਰੀ ਤੰਤਰ ਦੇ ਆਰ-ਪਾਰ ਫੈਲਦੀਆਂ ਹਨ। ਮੋਢੇ 'ਤੇ ਪਰਨੇ ਰੱਖੇ ਕਿਸਾਨ ਦਾ ਕੁਰਸੀ ਉਤੇ ਬੈਠੇ 'ਬਾਊ ਨੂੰ ਇਉਂ ਸੰਬੋਧਤ ਹੋਣਾ ਮਾਇਨੇ ਰੱਖਦਾ ਹੈ,' ਮੌਤ ਦੀ ਹਾਲੇ ਕੋਈ ਕਸਰ ਐ ਡਾਢਿਓ- ਨਿੱਤ ਤਾਂ ਸੱਥਰ ਵਿਛਦੇ ਆ—ਨਿੱਤ ਦਰੱਖਤਾਂ ਨਾਲ ਰੱਸੇ ਲਟਕਦੇ ਆ-ਕਿੱਦਾਂ ਦੀ ਮੌਤ ਉਡੀਕਦੇ ਹੋ। — ਕਦੇ ਦਵਾਈ ਨਕਲੀ, ਕਦੇ ਬੀਅ ਨਕਲੀ, ਸਭ ਤੋਂ ਵੱਡੇ ਤੇਰੇ ਵਾਅਦੇ ਨਕਲੀ। (ਸਫ਼ੇ/51-52) ਕੁਲਵੰਤ ਕੌਰ ਨਗਰ ਨੇ 'ਸੁਪਨਾ ਸੂਰਜ ਦਾ' ਸੰਗ੍ਰਹਿ ਵਿਚ 'ਹੱਲਾ ਬੋਲ, ਖੇਤਾਂ ਦਾ ਰਾਖਾ' ਸਿਰਲੇਖ ਅਧੀਨ ਕਿਸਾਨੀ ਮਸਲੇ ਵਿਚਾਰੇ ਹਨ।

ਕੋਰੋਨਾ ਅਤੇ ਕਿਸਾਨੀ ਅੰਦੋਲਨ ਸਮੇਂ ਬੜਾ ਕੁਝ ਲਿਖਿਆ ਗਿਆ, ਪਰ ਟਿਕਾਊ ਹੀ ਟਿਕਿਆ।ਨਾਟਕ ਵਾਲੇ ਪਾਸਿਉਂ ਬਲਜੀਤ ਸਿੰਘ ਦੇ ਨਾਵਲ 'ਤਾਲਾਬੰਦੀ' ਦਾ ਨਾਟਕੀ ਰੂਪਾਂਤਰ ਡਾ. ਲੱਖਾ ਲਹਿਰੀ ਵੱਲੋਂ 'ਲੌਕਡਾਊਨ ਇਕ ਪ੍ਰੇਮ ਕਥਾ' ਅਧੀਨ ਪ੍ਰਕਾਸ਼ਿਤ ਹੋਇਆ ਹੈ।ਗਗਨ, ਸਾਦੀਆ, ਸਾਹਿਲ ਤਿੰਨ ਜਵਾਨ ਪਾਤਰ ਸਿੱਖ, ਮੁਸਲਮਾਨ, ਹਿੰਦੂ ਦੀ ਸੰਕੀਰਨ ਸੋਚ ਨੂੰ ਤੋੜਦੇ ਹੋਏ ਮੁਹੱਬਤੀ ਪੈਗ਼ਾਮ ਦਿੰਦੇ ਹੋਏ ਜੀਣ-ਥੀਣ ਦਾ ਚੱਜ ਦੱਸਦੇ ਹਨ। ਨਾਟਕੀ ਪੇਸ਼ਕਾਰੀ ਵਿੱਚ ਤਣਾਓ, ਟਕਰਾਓ, ਉਰਦੂ ਸ਼ਬਦਾਵਲੀ ਦਾ ਆਪਣਾ ਨਾਟ-ਸੁਹਜ ਹੈ।

**ਸ. ਸਿਹਤ, ਸਿੱਖਿਆ ਅਤੇ ਭਾਸ਼ਾਈ-ਮਸਲੇ:**-ਤਾਜ਼ੇ ਸਮੇਂ ਵਿੱਚ ਵਿਭਿੰਨ ਮੁਲਕਾਂ ਦੀ ਆਪਸੀ ਖਿੱਚੋਤਾਣ, ਭੁੱਖਮਰੀ, ਕੁਪੋਸ਼ਣ, ਮਹਾਂਮੰਦੀ, ਪੀਣ ਵਾਲੇ ਪਾਣੀ ਦਾ ਸੰਕਟ, ਆਲਮੀ ਤਪਸ਼, ਵਾਤਾਵਰਣ ਅਸੰਤੁਲਨ ਆਦਿ ਮਸਲੇ ਬੰਦੇ ਦੀ ਸਿਹਤ ਵਿਵਸਥਾ ਨੂੰ ਊਰਜਾਹੀਣ ਕਰ ਰਹੇ ਹਨ। ਕੇਵਲ ਧਾਲੀਵਾਲ ਦਾ ਨਾਟਕ 'ਸੱਚਾ ਬੰਦਾ ਇਕੱਲਾ ਹੁੰਦਾ' ਪੰਜਾਬ ਦੇ ਜ਼ਹਿਰੀਲੇ ਪਾਣੀ ਦਾ ਫ਼ਿਕਰ ਜ਼ਾਹਰ ਕਰਦਾ ਹੈ।ਗੁਲਾਬ ਨਗਰ ਦਾ ਸਮਾਜਿਕ ਕਾਰਕੁੰਨ ਸਾਇੰਸਦਾਨ ਡਾਕਟਰ ਸੂਰਜ ਆਪਣੇ ਸਿਆਸੀ ਮੇਅਰ ਭਰਾ ਦੀ ਕੋਲਡ ਡਰਿੰਕ ਫੈਕਟਰੀ ਦਾ ਡਟਵਾਂ ਵਿਰੋਧ ਕਰਦਾ ਹੈ, ਬਿਮਾਰੀਆਂ ਬਾਰੇ ਜਾਣੂੰ ਕਰਵਾਉਂਦਾ ਹੈ, ਪਰ ਮੀਡੀਆ ਅਤੇ ਡਰੂ-ਦਾਬੂ ਲੋਕ 'ਅਸਲ ਰਿਪੋਰਟਾਂ' ਨੂੰ ਅਣਡਿੱਠ ਕਰ ਸਿਹਤ ਨਾਲ ਖਿਲਵਾੜ ਕਰਦੇ ਹਨ।ਜਗਦੇਵ ਢਿੱਲੋਂ ਦਾ ਨਾਟਕ 'ਕਥਾ-ਏ-ਪਾਣੀ' ਧਰਤੀ, ਆਕਾਸ਼ ਦੀ ਚਿੰਤਾ ਨੂੰ ਰਿਸ਼ਤਿਆਂ ਵਿੱਚ ਬਦਲਦਾ ਹੈ।ਰਾਜਵਿੰਦਰ ਸਮਰਾਲਾ ਵੱਲੋਂ 'ਬੁੱਲਾ ਕੀ ਜਾਣੇ ਮੈਂ ਕੌਣ' ਦੀ ਪ੍ਰਸਤੁਤੀ ਨਾਲ 'ਥਰਡ ਜੈਂਡਰ' ਵੀ ਇਸ ਵਿਸ਼ੇ ਨਾਲ ਜੁੜਦਾ ਹੈ।




ਸਿਹਤ ਨਾਲ ਸਿੱਖਿਅਕ-ਭਾਸ਼ਾਈ ਮਸਲੇ ਵੀ ਜੁੜੇ ਹੋਏ ਹਨ। ਸੋਮਪਾਲ ਹੀਰਾ ਦਾ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਆਧਾਰ ਨਾਟਕ 'ਭਾਸ਼ਾ ਵਹਿੰਦਾ ਦਰਿਆ' ਪੰਜਾਬੀ ਭਾਸ਼ਾ ਦੀਆਂ ਦਰਪੇਸ਼ ਸਮੱਸਿਆਵਾਂ, ਸਮਾਧਾਨ, ਸੰਚਾਰ-ਯੋਗਤਾ ਦੀ ਅਹਿਮੀਅਤ ਪ੍ਰਗਟਾਉਂਦਾ ਹੈ।'ਉੱਠ ਜਗਾ ਦੇ ਮੋਮਬੱਤੀਆਂ, ਇਹ ਤਾਂ ਇੱਥੇ ਵਗਦੀਆਂ ਹੀ ਰਹਿਣੀਆਂ ਪੌਣਾਂ ਕੁਪੱਤੀਆਂ' (ਸਫ਼ਾ/43) ਬੋਲ ਜਾਗਰੂਕਤਾ ਦਾ ਘੇਰਾ ਫੈਲਾਉਂਦੇ ਹੋਏ ਵਿਦੇਸ਼ਾਂ ਤੱਕ ਜਾ ਪਹੁੰਚਦੇ ਹਨ। ਕੁਲਬੀਰ ਮਲਿਕ ਦਾ ਨਾਟਕ 'ਡਾਕ ਨਿੱਤ ਆਵੇਗੀ' ਵਿਦਿਆਰਥੀ ਵਰਗ ਦੀ ਜ਼ਿੰਦਗੀ ਦੇ ਸੁਪਨੇ, ਰੀਝਾਂ ਦੀ ਉਲਝੀ ਕਹਾਣੀ ਦਾ ਦਰਦ ਪੂਰਬੀ ਪੱਛਮੀ ਕਵੀਆਂ ਦੀ ਸਹਾਇਤਾ ਨਾਲ ਬਿਆਨਦਾ ਹੈ।

**ਹ. ਵਾਸ-ਪਰਵਾਸ, ਉਜਾੜਾ ਅਤੇ ਸਮਾਜਕ ਢਾਂਚਾ**

ਪਰਮਿੰਦਰ ਕੌਰ ਸਵੈਚ ਵੱਲੋਂ ਲਿਖਿਆ ਨਾਟਕ 'ਜੰਨਤ' ਦੱਸਦਾ ਹੈ ਕਿ ਬੇਗਾਨੀ ਧਰਤੀ ਨੂੰ ਰੁਜ਼ਗਾਰ ਦਾ ਹਿੱਸਾ ਬਣਾਉਣ ਵਾਲੇ ਭੁੱਲ ਬੈਠਦੇ ਹਨ ਕਿ ਦੂਰੋਂ 'ਜੰਨਤ' ਲੱਗਣ ਵਾਲੇ ਮੁਲਕਾਂ ਦੇ ਤੌਰ-ਤਰੀਕੇ ਭਿੰਨ ਹਨ।ਮਹਿਕ ਦੇ ਪਿਤਾ ਨੂੰ ਧੀ ਦੇ ਆਈਲੈਟਸ ਬੈਂਡ ਭਾਉਂਦੇ ਹਨ; ਵਿਦੇਸ਼ ਭੇਜਣ ਦੀ ਕਾਹਲ ਵਿੱਚ 'ਮਨੀ' ਨਾਂਅ ਦੇ ਲੜਕੇ ਨਾਲ ਬੰਨ੍ਹੇ ਰਿਸ਼ਤੇ ਪੈਸਿਆਂ 'ਚ ਰੁਲਦੇ ਹਨ। ਕੌਮਾਂਤਰੀ ਵਿਦਿਆਰਥੀਆਂ ਦੇ ਤਨ-ਮਨ ਬੇਸਮੈਂਟ 'ਆਪਣਿਆਂ ਹੱਥੋਂ ਹੀ ਲੁਟੀਂਦੇ ਨੇ ਤਾਂ ਭਰਮ ਜਾਲ ਟੁੱਟਦਾ ਹੈ। ਇਸ ਸੰਗ੍ਰਹਿ ਵਿਚਲਾ ਦੂਜਾ ਨਾਟਕ 'ਲਾਸ਼ ਦਾ ਮੁੱਲ' ਇਤਿਹਾਸ ਦੇ ਪੰਨੇ ਫਰੋਲਦਾ ਹੋਇਆ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ/ਉਜਾੜੇ ਨੂੰ ਨਿਹਾਲੋ, ਰਤਨ, ਅਤਰੋ ਆਦਿ ਨਾਰੀ ਪਾਤਰਾਂ ਦੇ ਪ੍ਰਸੰਗ ਵਿੱਚ ਵਾਚਦਾ ਹੈ। ਸਰੀ ਆਰਟ ਸੈਂਟਰ ਦੀ ਸਟੇਜ ਤੋਂ ਬੀਰ ਬਟਾਲਵੀ ਦੇ ਨਾਟਕ/ਮੇਵਾ: ਕਾਮਾ ਗਾਟਾਮਾਰੂ ਨਾਲ ਸੰਬੰਧਤ, ਸ਼ਿਕਲੀਗਰ, ਸੁਰੇਂਦਰ ਸ਼ਰਮਾ ਵੱਲੋਂ ਦੋ ਰੋਟੀਆਂ, ਗੁਰਦੀਪ ਭੁੱਲਰ ਦਾ ਬੇਰੰਗ ਚਿੱਠੀਆਂ, ਇਕ ਸੁਰੀਲੀ ਤਾਨ ਦਾ ਵਾਅਦਾ/ਰੌਬਿਨ ਸਿੰਘ, ਜਸਕਰਨ ਆਦਿ ਵਿਦੇਸ਼ੀ ਭੋਇੰ ਦੇ ਸੁਪਨੇ, ਮੁਸੀਬਤਾਂ ਉਜਾਗਰ ਕਰਦੇ ਹਨ। ਨਵਜੋਤ ਢਿੱਲੋਂ ਦੀ ਕਲਮ ਵਿੱਚੋਂ ਨਿਕਲਿਆ ਨਾਟਕ 'ਪੂਅਰ ਕੁਨੈਕਸ਼ਨ' ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਨਵੇਂ ਅਰਥਾਂ ਨੂੰ ਅੰਜਾਮ ਦਿੰਦਾ ਹੈ।

ਪੰਜਾਬੀ ਮਨ ਨੇ 'ਉਜਾੜੇ' ਨੂੰ ਤਨ 'ਤੇ ਬੁਰੀ ਤਰ੍ਹਾਂ ਹੰਢਾਇਆ ਹੈ। ਸੰਤਾਲੀ ਚੇਤਿਆਂ 'ਚ ਹੈ। ਡਾ. ਕੁਲਬੀਰ ਮਲਿਕ ਦਾ ਨਾਟਕ 'ਤਾਰੋ-ਤਾਰ ਸਾਰੰਗੀਆਂ' ਸਾਰੰਗੀ ਦੇ ਮੈਟਾਫਰ ਨਾਲ ਕਰਮਦੀਨ, ਨੂਰਾਂ, ਚਿਰਾਗਦੀਨ, ਫਜ਼ਲਦੀਨ, ਸਾਰੰਗੀ, ਕ੍ਰਿਪਾਲ, ਦੁੱਲੇ ਆਦਿ ਦੀ ਕਥਾ ਨੂੰ ਸਮਕਾਲੀ ਹੈਵਾਨੀਅਤ ਨਾਲ ਜੋੜਦਾ ਹੈ। ਸ਼ੈਤਾਨ, ਸਮਾਜ ਘਾਣ ਕਰਦਾ ਹੈ। ਵੇਦਨਾ ਦੀ ਗਹਿਰੀ ਪੀੜ ਵਿੱਚ 'ਸਾਰੰਗੀ' ਦਾ ਟੁੱਟਣਾ-ਖੁੱਸਣਾ', ਫ਼ਿਕਰਮੰਦੀ ਹੈ। ਡਾ. ਪਰਗਟ ਘੁਮਾਣ ਵੱਲੋਂ ਲਿਖਿਆ ਨਾਟਕ 'ਰਾਮ ਰਸ਼ੀਦਾ' ਹਿੰਦੂ-ਮੁਸਲਿਮ ਭਾਈਚਾਰੇ ਦਰਮਿਆਨ ਫੈਲੀ ਅਸਹਿਣਸ਼ੀਲਤਾ ਨੂੰ ਬਿਆਨਦਾ ਹੈ। ਫਲਸਤੀਨ ਸਥਿਤੀ ਨੂੰ ਰਾਜਿੰਦਰ ਬੁਲਟ/ ਨਗਰ ਖੇੜਾ ਆਬਾਦ ਰਹੇਗਾ ਰਾਹੀਂ ਯੁਵਕ ਮੇਲਿਆਂ ਤੱਕ ਲੈ ਕੇ ਜਾਂਦਾ ਹੈ।

**ਕ. ਹਾਸ਼ੀਆਗਤ ਸਮੂਹਾਂ ਦੀ ਪਛਾਣਕਾਰੀ ਅਤੇ ਪ੍ਰਗਟਾਅ:-**

ਘੱਟ ਮਿਹਨਤਾਨੇ 'ਤੇ ਵੱਡੀ ਕਿਰਤ ਕਰਦੇ ਕਾਮੇ, ਮਜ਼ਦੂਰ, ਗੁਲਾਮ, ਔਰਤਾਂ, ਵਿਭਿੰਨ ਜਾਤੀਆਂ, ਜਨ-ਜਾਤੀਆਂ ਆਦਿ ਦਾ ਅਧਿਐਨ ਹਾਸ਼ੀਆਗਤ ਸਮੂਹਾਂ ਦੀ ਪਛਾਣ ਦਾ ਆਧਾਰ ਬਣਦਾ ਹੈ। ਜਗੀਰੂ ਪੂੰਜੀ ਦੇ ਸ਼ਾਤਿਰ ਦਿਮਾਗ ਨੂੰ 'ਵੰਗਾਰਨ', ਜਾਤੀ ਹਉਮੈ ਨੂੰ 'ਲਲਕਾਰਨ' ਅਤੇ ਨਕਾਰੇ ਨੂੰ 'ਸਵੀਕਾਰਨ' ਨਾਲ ਲੋਕ-ਪਹੁੰਚ ਕੀਤੀ ਜਾਂਦੀ ਹੈ।ਇਹ ਪਹੁੰਚ 'ਲਿਟਰੇਚਰ ਆਫ਼ ਐਕਸ਼ਨ' ਦੀ ਧਾਰਨਾ ਠੋਸ ਕਰਦੀ ਹੈ। 'ਸਤਿਅਮ, ਸ਼ਿਵਮ, ਸੁੰਦਰਮ' ਤੋਂ ਪਾਰ ਜਾਂਦੇ ਹੋਏ 'ਸਮਾਨਤਾ, ਭਾਈਚਾਰੇ, ਆਜ਼ਾਦ ਖਿਆਲਾਂ' ਨੂੰ ਤਵੱਜੋ ਦਿੱਤੀ ਜਾਂਦੀ ਹੈ। ਸਾਹਿਬ ਸਿੰਘ ਦਾ ਨਾਟਕ 'ਲੱਛੂ ਕਬਾੜੀਆ' ਇਸ ਸਿਧਾਂਤਕੀ ਨੂੰ ਸਮਝਦਾ ਹੋਇਆ ਪ੍ਰਸ਼ਨ ਉਠਾਉਂਦਾ ਹੈ :- ਫੇਰ ਦਇਆ ਸਿੰਘ ਨਾਲ ਖੱਤਰੀ ਕਿਉਂ ਚੰਗਾ ਲੱਗਦੈ, ਧਰਮ ਸਿੰਘ ਨਾਲ ਜੱਟ ਕਿਉਂ ਚੰਗਾ ਲੱਗਦੈ ..ਜਾਂ ਤਾਂ ਦਇਆ ਸਿੰਘ ਨਾਲੋਂ ਖੱਤਰੀ ਲਾਹ ਦਿਓ, ਧਰਮ ਸਿੰਘ ਨਾਲੋਂ ਜੱਟ ਹਟਾ ਦਿਓ ਤੇ.. ਜਾਂ ਫਿਰ ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਨਾਲ ਨਾਈ/ ਛੀਂਬਾ, ਝਿਉਰ ਵੀ ਲਿਖ ਦਿਓ (ਸਫ਼ਾ/40) ਇਹ ਸਮਾਜਿਕ ਦੁਵੰਡ 'ਪਿਆਰ' ਨੂੰ ਅਸਵੀਕਾਰਦੀ ਹੈ, ਜ਼ਿੰਦੇ ਪੁੱਤ ਦੀ ਜਾਨ ਲੈਂਦੀ ਹੈ।ਬੌਧਿਕ ਚਲਾਕੀ ਨਾਲ ਪੈਦਾ ਕੀਤੀ ਗਈ ਬੌਧਿਕ ਕੰਗਾਲੀ ਨੂੰ ਪਛਾਣ ਕੇ ਸੰਘਰਸ਼ ਦੇ ਰਾਹ ਤੁਰਿਆ ਜਾ ਸਕਦਾ ਹੈ।

ਸਕੂਲੀ ਵਿਦਿਅਕ ਪ੍ਰਤੀਯੋਗਤਾ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ' ਪ੍ਰੋਜੈਕਟ ਤਹਿਤ ਤਿਆਰ ਕੀਤਾ ਤੇਜਿੰਦਰ ਸਿੰਘ ਬਾਜ਼ ਦਾ ਨਾਟਕ 'ਕੀ ਇਹ ਵੀ ਮੇਰਾ ਕਸੂਰ ਹੈ' ਅਤੇ ਡਾ. ਤਰਸਪਾਲ ਕੌਰ ਦਾ ਨਾਟਕ 'ਕਲਿਆਣੀ' ਪਿਤਰਕੀ ਸੱਤਾ ਦੀਆਂ ਬਾਰੀਕੀਆਂ ਨੂੰ ਫੜਦੇ ਕੁੜੀਆਂ/ਔਰਤਾਂ 'ਤੇ ਜ਼ੁਲਮ ਕਰਨ ਵਾਲਿਆਂ ਦਾ ਪਰਦਾਫਾਸ਼ ਕਰਦੇ ਹਨ। ਡਾ. ਐੱਸ ਐੱਲ ਵਿਰਦੀ ਐਡਵੋਕੇਟ ਦੀਆਂ ਦੋ ਨਾਟ-ਪੁਸਤਕਾਂ 'ਐਸੀ ਦਸ਼ਾ ਹਮਾਰੀ' ਅਤੇ 'ਸੰਘਰਸ਼ੀ ਯੋਧੇ' ਦਲਿਤਾਂ ਦੀਆਂ ਪੀੜਾਂ, ਦਰਦਾਂ ਦੀ ਸਮਾਜਿਕ ਹਕੀਕਤਾਂ ਨੂੰ ਫ਼ਿਲਮਾਂਕਣੀ ਸਕ੍ਰਿਪਟ ਵਾਂਗ ਸਾਂਭਦੀਆਂ ਹਨ।

(3)

ਸਿਰਜਣਾਤਮਕ ਪੱਧਰ 'ਤੇ ਕੇਵਲ ਧਾਲੀਵਾਲ ਦੀ ਨਾਟ-ਪੁਸਤਕ 'ਰੰਗ ਪੰਚਮ', ਪੰਜ ਨਾਟ-ਸ਼ੈਲੀਆਂ ਦੀ ਉੱਤਮ ਮਿਸਾਲ ਪੇਸ਼ ਕਰਦੀ ਹੋਈ ਕਿਰਨ, ਉਡੀਕਾਂ, ਪਟਾਕਾ, ਤੁਰਦੇ ਕਦਮ, ਟਰੇਨ ਰਚਨਾਵਾਂ ਨੂੰ ਕ੍ਰਮਵਾਰ ਇਕਾਂਗੀ, ਕਾਵਿ, ਲਘੂ, ਮਾਸੂਮ, ਕਹਾਣੀ ਦਾ ਰੰਗਮੰਚ ਸ਼ੈਲੀ ਵਿੱਚ ਪ੍ਰਗਟਾਅ ਕੇ ਨਵੇਂ ਮਿਆਰ ਸਿਰਜਦੀ ਹੈ।ਇਸ ਲੜੀ ਵਿੱਚ ਪ੍ਰੀਤਪਾਲ ਰੁਪਾਣਾ 'ਭਾਰਤੀ ਰੰਗਮੰਚ ਦੇ ਤਿੰਨ ਕਲਾਸਕੀ ਨਾਟਕ' ਮ੍ਰਿਛਕਟਿਕ/ ਮਹਾਂਕਵੀ ਸੂਦਰਕ, ਅੰਧਾ ਯੁੱਗ/ ਧਰਮਵੀਰ ਭਾਰਤੀ, ਚਰਨ ਦਾਸ ਚੋਰ/ ਹਬੀਬ ਤਨਵੀਰ ਨੂੰ ਪੰਜਾਬੀ ਨਾਟਕ ਵਿੱਚ ਰੂਪਾਂਤਰਣ/ਅਨੁਵਾਦਤ ਕਰਦਾ ਹੈ। ਪੰਜਾਬੀ ਨਾਟ-ਸਿਰਜਣਕਾਰੀ ਵਿੱਚ ਆਤਮਜੀਤ ਵੱਲੋਂ ਸ਼ੁਰੂ ਕੀਤੇ 'ਨਾਟ-ਪਾਠ' ਦੀ ਪੜ੍ਹਤ ਹੇਠ 'ਮੈਂ ਨਾਨਕ ਦੀ ਬਾਣੀ ਹਾਂ' ਅਤੇ 'ਕਿਸ਼ਤੀਆਂ ਵਿੱਚ ਜਹਾਜ਼' ਨੂੰ ਦਿੱਲੀ, ਲੰਡਨ, ਮੁਹਾਲੀ, ਪਟਿਆਲਾ, ਸ਼ਿਕਾਗੋ ਆਦਿ ਦੇ ਸਰੋਤਿਆਂ ਅੱਗੇ ਪੇਸ਼ ਕਰਦੇ ਹੋਏ ਦਰਸ਼ਕਾਂ ਦੇ ਅਹਿਸਾਸ ਕਰਵਾਉਣ ਵਿੱਚ ਕਾਮਯਾਬ ਹੋਣਾ, ਨਵ-ਤਜਰਬਾ ਹੈ।ਤਰਲੋਚਨ ਸਿੰਘ ਦੇ ਨਾਟਕ 'ਪਰਛਾਵੇਂ ਭਾਲੇ ਰੌਸ਼ਨੀ' ਅਤੇ 'ਉਲਟੇ ਵਗਣ ਦਰਿਆ' ਦੋ ਸਿਰਲੇਖਾਂ ਵਿਚ ਪ੍ਰਕਾਸ਼ਿਤ ਹੁੰਦੇ ਹਨ, ਜਦਕਿ ਦੋਵਾਂ ਵਿੱਚ ਸ਼ਾਮਲ ਦੋ ਨਾਟਕ ਮੇਲ ਖਾਂਦੇ ਹਨ। ਗੁਰਮੀਤ ਕੜਿਆਲਵੀ ਵੀ 'ਸਾਰੰਗੀ' ਨਾਲ ਕਹਾਣੀ ਤੋਂ ਨਾਟਕ ਵੱਲ ਪਰਤਣ ਦੀ ਇੱਛਾ ਜ਼ਾਹਰ ਕਰ ਚੁੱਕਾ ਹੈ।ਬਾਲ ਨਾਟ-ਸਿਰਜਣਕਾਰੀ ਵਿਚ ਮਨਜੀਤ ਕੌਰ ਅੰਬਾਲਵੀ/ਮਿੱਟੀ ਬੋਲ ਪਈ', ਪਰੀ ਦੀ ਉਡਾਰੀ/ਸਤਪਾਲ ਭੀਖੀ, ਜੀਓ ਅਤੇ ਜਿਊਣ ਦਿਓ/ਰਾਮ ਲਾਲ ਭਗਤ, ਗਿਆਨ ਦਾ ਦੀਵਾ ਬਲਦਾ ਰਹੇਗਾ/ਗੁਰਪਿਆਰ ਕੋਟਲੀ ਆਦਿ ਨੇ ਬਾਲ-ਮਨ ਨੂੰ ਨੇੜਿਉਂ ਵਾਚਦਿਆਂ ਕੁਦਰਤੀ-ਮਾਨਵੀ ਚੇਤਨਾ ਨੂੰ ਪ੍ਰਸਾਰਿਆ ਹੈ।ਬਾਲ-ਨਾਟ ਵੱਲ ਵਧਦੀ ਰੁਚੀ ਭਵਿੱਖੀ ਖੋਜ/ਇਤਿਹਾਸਕਾਰੀ ਦਾ ਅਹਿਮ ਅੰਗ ਬਣੇਗੀ।




(4)

ਪੰਜਾਬੀ ਨਾਟਕ ਦੀ ਸਿਰਜਣਾਤਮਕਤਾ ਨੂੰ ਸੂਤਰਧਾਰ ਦਾ ਬਹੁਸੰਦਰਭੀ ਪ੍ਰਯੋਗ, ਨਟ-ਨਟੀ, ਗੀਤ-ਸੰਗੀਤ, ਰੋਸ਼ਨੀ, ਆਵਾਜ਼ਾਂ, ਗੀਤ ਆਦਿ ਅਗਾਂਹ ਤੋਰਦੇ ਹਨ।ਨਾਟਕ, ਨਾਟਕਕਾਰ ਹੱਥੋਂ ਨਿਕਲ ਨਿਰਦੇਸ਼ਕ ਕੋਲ ਵੀ ਜਾਂਦਾ ਹੈ।ਨਾਟਕ ਦੇ ਵਿਵਿਧ ਰੂਪਾਂ ਦੀ ਸ਼੍ਰੇਣੀ ਵਿੱਚ ਨੈਨੋ ਨਾਟਕ, ਮਾਇਮ ਕੋਰੀਓਗ੍ਰਾਫਕ ਅਤੇ ਕਲਾਸ ਰੂਮ ਟੂਲ, ਰੋਲ ਪਲੇਅ ਆਦਿ ਦੇ ਨਾਟ-ਰੁਝਾਨ ਸਾਹਮਣੇ ਆਉਂਦੇ ਹਨ।

(5)

ਪੰਜਾਬੀ ਨਾਟਕ, ਰੰਗਮੰਚ ਦੇ ਨਜ਼ਰੀਏ ਵਜੋਂ ਪਿੰਡ ਤੋਂ ਵਿਸ਼ਵ ਨਾਟ-ਸਾਹਿਤ ਨੂੰ ਪਛਾਣਨ ਲੱਗਾ ਹੈ। ਆਤਮਜੀਤ ਦੇ ਨਾਟਕ 'ਗੁਆਚੀ ਨਦੀ ਦਾ ਗੀਤ' ਦੀ ਸ਼ਿਕਾਗੋ ਵਿੱਚ ਅੰਗਰੇਜ਼ੀ ਪੇਸ਼ਕਾਰੀ 'ਸੌਂਗ ਆਫ਼ ਦਾ ਲੌਸਟ ਰੀਵਰ' ਪੰਜਾਬੀ ਨਾਟ-ਮਾਣ ਹੈ। ਗੁਰਸ਼ਰਨ ਸਿੰਘ, ਅਜਮੇਰ ਔਲਖ, ਕੇਵਲ ਧਾਲੀਵਾਲ, ਸਤੀਸ਼ ਕੁਮਾਰ ਵਰਮਾ, ਪਾਲੀ ਭੁਪਿੰਦਰ ਸਿੰਘ ਵਾਂਗ ਨਾਟਕਕਾਰ ਹੋਰ ਜ਼ੁਬਾਨਾਂ 'ਚ ਪਹੁੰਚ ਰਹੇ ਹਨ।ਮੰਚ-ਡਿਜ਼ਾਈਨਰ ਕੇਵਲ ਧਾਲੀਵਾਲ ਨੇ ਸਵਰਾਜਬੀਰ ਦੇ ਨਾਟਕ 'ਐਂਟਗਿਨੀ', 'ਅਦਾਕਾਰ ਆਦਿ ਅੰਤ ਕੀ ਸਾਖੀ', ਪ੍ਰੀਤਪਾਲ ਰੁਪਾਣਾ ਦੀ 'ਇੰਤਜ਼ਾਰ' ਰਾਹੀਂ ਮੰਚ ਹਾਜ਼ਰੀ, ਫਿਰਦੌਸ ਰੰਗਮੰਚ ਰਾਹੀਂ 'ਵੇਟਿੰਗ ਫਾਰ ਗੋਦੋ' ਦੀ ਮੰਚਨ ਕਲਾ ਆਦਿ ਹਵਾਲਾ ਮਾਤਰ ਹੀ ਹਨ। ਸਮਕਾਲੀ ਪੰਜਾਬੀ ਨਾਟ-ਮੰਚ ਪਛਾਣਕਾਰੀ ਨੂੰ ਜਾਨਣ ਲਈ ਇਸ਼ਾਰੇ ਮਾਤਰ ਕੁਝ ਨੁਕਤੇ ਸਾਂਝੇ:-

ਇੱਕ ਪਾਤਰੀ ਨਾਟਕਾਂ ਦੀ ਵਧਦੀ ਦਰਸ਼ਕ ਖਿੱਚ ਦਾ ਕਾਰਨ ਆਰਥਿਕਤਾ, ਅਦਾਕਾਰਾਂ ਦੀ ਘਾਟ ਦੇ ਨਾਲ 'ਅਭਿਨੈ ਪ੍ਰਤਿਭਾ' ਦਾ ਸੂਚਕ ਵੀ ਹੈ।ਡਾ. ਸਾਹਿਬ ਸਿੰਘ ਨੇ ਦੇਸ਼-ਵਿਦੇਸ਼ ਵਿੱਚ ਸੰਦੂਕੜੀ ਖੋਲ੍ਹ ਨਰਾਇਣਿਆ, ਸੰਮਾਂ ਵਾਲੀ ਡਾਂਗ, ਤੂੰ ਅਗਲਾ ਵਰਕਾ ਫੋਲ, ਅਨੀਤਾ ਸ਼ਬਦੀਸ਼ ਵੱਲੋਂ ਚਿੜੀ ਦੀ ਅੰਬਰ ਵੱਲ ਉਡਾਣ, ਗੁੰਮਸ਼ੁਦਾ ਔਰਤ, ਸੋਮਪਾਲ ਹੀਰਾ ਵੱਲੋਂ ਭਾਸ਼ਾ ਵਹਿੰਦਾ ਦਰਿਆ, ਸੁਖਵਿੰਦਰ ਅੰਮ੍ਰਿਤ ਦੀਆਂ ਕਵਿਤਾਵਾਂ ਜੀਵਨ ਸੰਬੰਧੀ 'ਰਾਹਾਂ ਵਿੱਚ ਅੰਗਿਆਰ ਬੜੇ/ਰਾਜਵਿੰਦਰ ਸਮਰਾਲਾ, ਕਮਲਜੀਤ' ਆਦਿ ਚਰਚਿਤ ਰਹੇ। ਰਾਣਾ ਰਣਬੀਰ ਦੇ ਨਾਟਕ 'ਮਾਸਟਰ ਜੀ' ਨੇ ਵੀ ਪ੍ਰੋਫੈਸ਼ਨਲ ਪੱਧਰ 'ਤੇ ਨਾਮਣਾ ਖੱਟਿਆ ਹੈ। ਕੁਲਦੀਪ ਦੀਪ ਵੱਲੋਂ ਪਰਵਾਸੀ ਸੰਕਟ 'ਤੇ ਲਿਖਿਆ ਨਾਟਕ 'ਛੱਲਾ' 'ਸੋਲੋ' ਰੂਪ ਵਟਾਉਂਦਾ ਹੈ।ਕੈਨੇਡਾ, ਅਮਰੀਕਾ, ਇੰਗਲੈਂਡ, ਪਾਕਿਸਤਾਨ ਆਦਿ ਮੁਲਕਾਂ ਦੇ ਨਾਟ-ਭ੍ਰਮਣ ਵਿੱਚ 'ਇਕ ਪਾਤਰੀ ਨਾਟਕ' ਸਹਾਰਾ ਬਣਦੇ ਹਨ।

ਇਸ ਵਰ੍ਹੇ ਪੰਜਾਬੀ ਨਾਟਕ ਦੇ ਪ੍ਰਚਾਰ-ਪ੍ਰਸਾਰ ਹਿੱਤ ਨਾਟ-ਮੰਡਲੀਆਂ, ਸੰਸਥਾਵਾਂ, ਅਕਾਡਮੀਆਂ, ਭਾਸ਼ਾ ਵਿਭਾਗ, ਵਿਦੇਸ਼ੀ ਸਭਾਵਾਂ, ਨਾਟਿਅਮ, ਇਪਟਾ ਆਦਿ ਵੱਲੋਂ ਆਯੋਜਿਤ ਕੀਤੇ ਨਾਟ-ਮੇਲੇ ਉਤਸਵ ਪ੍ਰਸ਼ੰਸਾਯੋਗ ਹਨ। ਪੰਜਾਬ ਦੇ ਇਕ ਕੋਨੇ ਤੋਂ ਦੂਜੇ ਕੋਨੇ ਅਤੇ ਵਿਦੇਸ਼ਾਂ ਤੱਕ ਇਨ੍ਹਾਂ ਦਾ ਸੰਗਲੀਬੱਧ ਅਧਿਐਨ ਕਰਨਾ ਵੱਖਰੀ ਖੋਜ ਦਾ ਵਿਸ਼ਾ ਹੈ। ਉਪਰੋਕਤ ਵਿਚਾਰ ਅਧੀਨ ਲਿਆਂਦੇ ਨਾਟਕਾਂ ਤੋਂ ਬਿਨਾਂ ਸਰਦਾਰ, ਸੁੰਨਾ ਵਿਹੜਾ/ਸੰਜੀਵਨ ਸਿੰਘ, ਛਿਪਣ ਤੋਂ ਪਹਿਲਾਂ/ਦਵਿੰਦਰ ਦਮਨ, ਜਿਸ ਲਾਹੌਰ ਨਹੀਂ ਵੇਖਿਆ/ਅਸਗਰ ਵਜ਼ਾਹਤ, ਜਾਮ, ਰੌਂਗ ਨੰਬਰ, ਆਰ ਐੱਸ ਵੀ ਪੀ/ਪਾਲੀ ਭੁਪਿੰਦਰ ਸਿੰਘ, ਸੱਤ ਦਰਿਆਵਾਂ ਦੇ ਜਾਏ/ਚੰਦਰ ਸ਼ੇਖਰ, ਸਾਂਦਲਬਾਰ/ਹਰਜੀਤ ਸਿੰਘ, ਬੇੜੀਆਂ ਲੱਗੇ ਸੁਪਨੇ/ਹਰਕੇਸ਼ ਚੌਧਰੀ ਆਦਿ ਘਣੇ ਨਾਟਕ ਮੰਚ 'ਤੇ ਮਾਣ ਖੱਟਦੇ ਹਨ। ਮਸਨੂਈ ਲਿਆਕਤ ਦੀ ਮਨੁੱਖੀ ਜੀਵਨ ਪੱਧਤੀ ਬਾਰੇ ਅਮਰਜੀਤ ਗਰੇਵਾਲ ਦੇ ਨਾਟਕ 'ਦੇਹੀ' ਨੂੰ ਰਾਜਵਿੰਦਰ ਸਮਰਾਲਾ, ਭਗਵੰਤ ਰਸੂਲਪੁਰੀ ਦੀ ਕਹਾਣੀ 'ਡਲਿਵਰੀ ਮੈਨ' ਨੂੰ ਭੁਪਿੰਦਰ/ਹਨੀ ਉਤਰੇਜਾ ਪੇਸ਼ ਕਰਦੇ ਹਨ; ਹੋਰ ਰੰਗਕਰਮੀ ਵੀ ਰੂਪਾਂਤਰਨ ਨਾਟਕਾਂ ਦੇ ਮੰਚਨ ਵੱਲ ਵਧਦੇ ਹਨ।ਪ੍ਰੋ. ਕਮਲਜੀਤ ਸਿੰਘ ਟਿੱਬਾ ਆਪਣੇ ਲਿਖੇ ਨਾਟਕ 'ਮਿੱਟੀ ਦੇਸ਼ ਪੰਜਾਬ ਦੀ' ਦੇ ਸ਼ੋਅ ਬੁੱਕ ਕਰਵਾਉਣ ਲਈ ਸੱਦਾ ਦਿੰਦਾ ਹੈ।

ਗੁਰਸ਼ਰਨ ਸਿੰਘ ਨਾਟ ਉਤਸਵ, ਨੌਰਾ ਰਿਚਰਡਜ਼ ਥੀਏਟਰ ਫੈਸਟੀਵਲ, ਅਜਮੇਰ ਔਲਖ, ਬਲਰਾਜ ਸਾਹਨੀ ਖੁੱਲ੍ਹਾ ਰੰਗਮੰਚ, ਤੇਰਾ ਸਿੰਘ ਚੰਨ ਯਾਦਗਾਰੀ ਮੇਲੇ ਆਦਿ ਆਯੋਜਨ ਜਿੱਥੇ ਪੰਜਾਬੀ ਨਾਟਕ ਦੇ ਪੁਰਵਜਾਂ ਨੂੰ ਯਾਦ ਕਰਦੇ ਹਨ, ਉੱਥੇ ਇਨ੍ਹਾਂ 'ਚੋਂ ਤੇਰਾ ਸਿੰਘ ਚੰਨ : ਸਿਰਜਣਾ ਤੇ ਸੰਗਰਾਮ/ਸੰਪਾਦਕ, ਡਾ. ਜਸਵਿੰਦਰ ਸਿੰਘ, ਕੁਲਦੀਪ ਪੁਸਤਕ ਸਾਹਮਣੇ ਆਉਂਦੀ ਹੈ।

ਤਤਕਾਲੀ ਘਟਨਾਵਾਂ ਨੂੰ ਬਿਆਨਦੇ ਨੁੱਕੜ ਨਾਟਕਾਂ ਦਾ ਦਰਸ਼ਕ ਵਰਗ ਭਿੰਨ ਰਹਿੰਦਾ ਹੈ। ਗੁਰਸ਼ਰਨ ਸਿੰਘ ਨਾਲ ਜੁੜੇ ਕਾਮੇ ਇਕਤਰ ਸਿੰਘ ਵਰਗੇ ਵੱਡੇ ਪਰਦੇ 'ਤੇ ਪਹੁੰਚ ਕੇ ਵੀ 'ਨੁੱਕੜ ਨੂੰ ਜੀਵਤ' ਰੱਖ ਰਹੇ ਹਨ। ਯੂਨੀਵਰਸਿਟੀ ਵੱਲੋਂ ਆਯੋਜਿਤ ਯੁਵਕ ਮੇਲਿਆਂ ਦਾ ਨਾਟਕ ਵਿਸ਼ਾ ਵੀ ਗੌਲਣਯੋਗ ਹੈ।

ਬਾਲ ਨਾਟਕ, ਵਰਕਸ਼ਾਪ ਆਦਿ ਨੂੰ ਪ੍ਰੋਤਸਾਹਿਤ ਕਰਨ ਵਿੱਚ ਸਤੀਸ਼ ਕੁਮਾਰ ਵਰਮਾ ਖੋਜ ਪਰਵਾਰ ਵੱਲੋਂ 'ਦੂਜਾ ਬਾਲ ਰੰਗਮੰਚ ਉਤਸਵ', ਮੰਚ ਰੰਗਮੰਚ ਅੰਮ੍ਰਿਤਸਰ ਦੇ ਯਤਨ, ਭੁਪਿੰਦਰ ਉਤਰੇਜਾ ਨਟਰੰਗ ਅਬੋਹਰ ਦਾ ਉਪਰਾਲਾ, ਪ੍ਰੀਤਪਾਲ ਰੁਪਾਣਾ ਵੱਲੋਂ ਐੱਨ ਐੱਸ ਡੀ ਦੇ ਸਹਿਯੋਗ ਨਾਲ ਮਹਾਰਾਜਾ ਰਣਜੀਤ ਸਿੰਘ ਕਾਲਜ ਮਲੋਟ ਵਿਖੇ ਵਰਕਸ਼ਾਪ ਆਯੋਜਿਤ, ਸੁਚੇਤਕ ਰੰਗਮੰਚ ਵੱਲੋਂ ਔਰਤਾਂ ਦੀ ਰੰਗਮੰਚ ਵਰਕਸ਼ਾਪ, ਨਾਟਿਅਮ/ਕੀਰਤੀ ਕਿਰਪਾਲ ਆਦਿ ਨੇ ਵਿਸ਼ੇਸ਼ ਥਾਂ ਬਣਾਈ। ਬੱਚੇ ਜੋ ਬਚੇ ਨਹੀਂ, ਸਲਾਮ ਮੇਰੇ ਸੂਰਜਾਂ/ਕੁਲਦੀਪ ਦੀਪ, ਗਿੱਲੀ ਮਿੱਟੀ/ਗੁਰਮੇਲ ਸ਼ਾਮ ਨਗਰ ਆਦਿ ਨਾਟ-ਬਚਪਨ ਨੂੰ ਸਮਝਦੇ ਹਨ। ਗੌਰਵ ਵਿੱਜ, ਜਗਦੇਵ ਢਿੱਲੋਂ, ਗੁਰਪ੍ਰੀਤ ਜ਼ੀਰਾ, ਬਲਰਾਜ ਸਾਗਰ, ਅਮਰਜੀਤ ਮੋਹੀ, ਮੋਨੀ, ਅਨਾਇਤ ਅਲੀ, ਦਲਜੀਤ ਸੋਨਾ ਆਦਿ ਬੜੇ ਨਾਂਅ ਨੇ, ਜੋ ਵਿਦਿਆਰਥੀ/ਅਦਾਕਾਰ ਵਰਗ ਨੂੰ ਸਰਗਰਮ ਕਰਦੇ ਰਹਿੰਦੇ ਹਨ।

(6)

ਪੰਜਾਬੀ ਨਾਟ-ਆਲੋਚਨਾ ਨੂੰ ਅਧਿਕਤਰ ਖ਼ੁਦ ਨਾਟਕਕਾਰਾਂ ਨੇ ਸੰਭਾਲਿਆ ਹੋਇਆ ਹੈ।'ਸਤੀਸ਼ ਕੁਮਾਰ ਵਰਮਾ ਖੋਜ ਪਰਵਾਰ' ਦੇ ਤਿੰਨ ਸੌ ਜੀਆਂ ਨੇ ਆਏ ਮਹੀਨੇ 'ਰੰਗਪੀਠ' ਜਾਰੀ ਰੱਖੀ ਹੋਈ ਹੈ।ਇਸ ਸਾਲ ਦੇ ਅੰਤ ਉੱਤੇ ਕੇਵਲ ਧਾਲੀਵਾਲ ਦੀ ਨਾਟ-ਖੋਜ ਪੋਥੀ 'ਟੋਟਲ ਥੀਏਟਰ', ਡਾ. ਪਰਮਪਾਲ ਸਿੰਘ ਦੀ ਭਿਆਲੀ ਯੁਕਤ ਖੋਜ 'ਚੋਂ ਨਿਕਲੀ ਪੁਸਤਕ 'ਹਰਿਆਣਾ ਦੇ ਲੋਕ-ਨਾਟ ਰੂਪ: ਸੰਕਲਨ ਅਤੇ ਸਰੂਪ' ਖ਼ਾਸ ਧਿਆਨ ਖਿੱਚਦੀਆਂ ਹਨ।ਉਮਾ ਸੇਠੀ ਵੱਲੋਂ ਮੁਕੰਮਲ ਕੀਤੇ 'ਪੰਜਾਬੀ ਨਾਟਕ ਸ਼ਬਦਾਵਲੀ ਕੋਸ਼' ਨੂੰ ਅੱਗੇ ਵਧਾਉਂਦੇ ਹੋਏ ਡਾ. ਪਾਲੀ ਭੁਪਿੰਦਰ ਸਿੰਘ ਨੇ ਇਲੈਕਟ੍ਰਾਨਿਕ ਸੁਵਿਧਾ ਰਾਹੀਂ 'ਪੰਜਾਬੀ ਨਾਟ ਸੰਦਰਭ ਕੋਸ਼' ਨੂੰ ਤਿੰਨ ਜਿਲਦਾਂ 'ਚ ਸਾਂਭਿਆ ਹੈ।

(7)

ਨਾਟ-ਸਿਰਜਣਕਾਰੀ ਮੰਚ ਦੀ ਬੰਦਿਸ਼ ਵਿੱਚ ਹੀ ਸੰਭਵ ਹੈ।ਹਰੇਕ ਮੰਚੀ ਪੇਸ਼ਕਾਰੀ ਨਵਾਂ ਨਾਟਕ ਸਿਰਜਦੀ ਹੈ। ਸਕ੍ਰਿਪਟ, ਪੇਸ਼ਕਾਰੀ ਉਪਰੰਤ ਬਣੇ 'ਨਾਟ-ਪਾਠ' ਨੂੰ ਸਾਂਭਣਾ ਵੀ ਜ਼ਰੂਰੀ ਹੈ।ਨਵ-ਮੰਚ 'ਚੋਂ ਉਦੇ ਹੋਈਆਂ ਰਚਨਾਵਾਂ ਦੇ ਸਾਹਮਣੇ ਆਉਣ ਨਾਲ ਇਤਿਹਾਸਕਾਰੀ ਅਗਾਂਹ ਤੁਰੇਗੀ, ਨਵੇਂ ਪੋਚ ਦੇ ਨਾਟਕਕਾਰ ਕਿਸ ਤਰ੍ਹਾਂ ਦੀ ਅਗਵਾਈ ਪ੍ਰਾਪਤ ਕਰ ਸਕੇ/ਕਰਨਗੇ, ਬਾਰੇ ਸੰਵਾਦ ਬਣੇਗਾ। ਪੰਜਾਬੀ ਨਾਟਕ ਨਵੀਆਂ ਲੀਹਾਂ 'ਤੇ ਤੁਰਨ ਦਾ ਹੁਨਰ ਰੱਖਦਾ ਹੈ।

**ਮੋਬਾ. 85281-00088**

# 2025 'ਚ ਚੁਣੌਤੀਆਂ ਭਰਪੂਰ ਬਣੀ ਬਾਲ ਸਾਹਿਤ ਦੀ ਸਿਰਜਣਾ

**ਬਲਜਿੰਦਰ ਮਾਨ**

ਪੰਜਾਬੀ ਭਾਸ਼ਾ ਵਿੱਚ ਸਿਰਜੇ ਜਾ ਰਹੇ ਬਾਲ ਸਾਹਿਤ ਨੂੰ ਚਾਰ ਨੁਕਤਿਆਂ ਰਾਹੀਂ ਵਿਚਾਰਿਆ ਜਾ ਸਕਦਾ ਹੈ। ਪਹਿਲਾ ਨੁਕਤਾ ਇਹ ਹੈ ਕਿ ਜਿਹੜੇ ਸਾਹਿਤਕਾਰ ਪਰੰਪਰਾਵਾਦੀ ਸੋਚ ਨੂੰ ਲੈ ਕੇ ਅੱਜ ਵੀ ਪਸ਼ੂ, ਪੰਛੀਆਂ ਅਤੇ ਕੁੱਤੇ-ਬਿੱਲੀਆਂ ਦੀਆਂ ਕਹਾਣੀਆਂ ਦੀ ਸਿਰਜਣਾ ਕਰ ਰਹੇ ਹਨ। ਦੂਜੇ ਉਹ ਨੇ, ਜੋ ਇਹਨਾਂ ਕਹਾਣੀਆਂ ਨੂੰ ਆਧੁਨਿਕ ਸਮੇਂ ਨਾਲ ਜੋੜ ਕੇ ਸਿਰਜ ਰਹੇ ਨੇ। ਤੀਜੇ ਉਹ ਸਾਹਿਤਕਾਰ ਹਨ, ਜਿਹੜੇ ਤਕਨੀਕੀ ਅਤੇ ਆਧੁਨਿਕ ਸਮੇਂ ਦੀ ਖੋਜ ਭਰਪੂਰ ਜਾਣਕਾਰੀ ਨਾਲ ਸ ਜਿ ਅ ਾ - ਸ ੰ ਵ ਰਿ ਅ ਾ ਵਿਗਿਆਨਕ ਪੁੱਠ ਵਾਲਾ ਸਾਹਿਤ ਸਿਰਜ ਰਹੇ ਹਨ। ਵਿਦਿਆਰਥੀ ਲੇਖਕਾਂ ਵੱਲੋਂ ਵੀ ਆਪਣੇ ਹਾਣ ਦਾ ਸਾਹਿਤ ਸਿਰਜਿਆ ਜਾ ਰਿਹਾ ਹੈ, ਜੋ ਆਪਣੀ ਵੱਖਰੀ ਪਛਾਣ ਰੱਖਦਾ ਹੈ। ਜੇਕਰ ਅੱਜ ਦੁਨੀਆ ਚੰਦ, ਤਾਰਿਆਂ 'ਤੇ ਘਰ ਬਣਾਉਣ ਦੀ ਗੱਲ ਕਰ ਰਹੀ ਹੈ ਤਾਂ ਸਾਨੂੰ ਆਪਣੇ ਬੱਚਿਆਂ ਨੂੰ ਉਥੋਂ ਤੱਕ ਪੁੱਜਦਾ ਕਰਨ ਲਈ ਇਹੋ ਜਿਹੇ ਸਾਹਿਤ ਦੀ ਜ਼ਰੂਰਤ ਹੈ, ਜਿਸ ਨਾਲ ਉਨ੍ਹਾਂ ਦੀ ਤਕਨੀਕੀ ਅਤੇ ਵਿਗਿਆਨਕ ਸੋਚ ਪ੍ਰਚੰਡ ਹੋਵੇ। ਵਿਗਿਆਨ ਅਤੇ ਤਕਨੀਕੀ ਜੁਗਤਾਂ ਬਗੈਰ ਵਿਦਿਆਰਥੀ ਆਪਣੀਆਂ ਮਨਚਾਹੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰਨ ਵਿੱਚ ਸਫ਼ਲ ਨਹੀਂ ਹੋ ਸਕਦੇ। ਇਸ ਲਈ ਵਿਗਿਆਨਕ ਸਿਰਜਣਾ ਕਰਨ ਵਾਲੇ ਸਾਹਿਤਕਾਰਾਂ ਨੂੰ ਆਪਣੀ ਸ਼ਬਦਾਵਲੀ ਅਤੇ ਲਿਖਣ ਸ਼ੈਲੀ ਵਿੱਚ ਰੌਚਕਤਾ ਭਰਨੀ ਪੈਂਦੀ ਹੈ ਤਾਂ ਕਿ ਵੱਧ ਤੋਂ ਵੱਧ ਪਾਠਕ ਉਹਨਾਂ ਦੀਆਂ ਰਚਨਾਵਾਂ ਪੜ੍ਹ ਕੇ ਲਾਭ ਲੈ ਸਕਣ। ਪੰਜਾਬੀ ਦੇ ਕੁਝ ਸਾਹਿਤਕਾਰਾਂ ਲਈ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਬਾਲ ਸਾਹਿਤ ਇੱਕ ਜ਼ਰੀਆ ਵੀ ਬਣ ਗਿਆ ਹੈ। ਇਸ ਲਈ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਬਾਲ ਸਾਹਿਤ ਦੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਕਰਕੇ ਅੱਗੇ ਵਧਣ ਦੀ ਹੋੜ ਵਿੱਚ ਵੀ ਹਨ। ਬਾਲ ਸਾਹਿਤ ਦੀਆਂ ਪੁਸਤਕਾਂ ਦੀ ਸਿਰਜਣਾ ਤਾਂ ਬਹੁਤ ਹੋ ਰਹੀ ਹੈ, ਪਰ ਉਨ੍ਹਾਂ ਵਿੱਚੋਂ ਬਾਲ ਮਨਾਂ ਦੀਆਂ ਹਾਣੀ ਪੁਸਤਕਾਂ ਅਤੇ ਨਰੋਆ ਸਾਹਿਤ ਲੱਭਣਾ ਇੱਕ ਮੁਸ਼ਕਲ ਵਿਸ਼ਾ ਹੈ।




ਪੰਜਾਬੀ ਵਿੱਚ ਸਿਰਜੇ ਜਾ ਰਹੇ ਸਾਹਿਤ ਵਿੱਚੋਂ ਵਿਸ਼ਲੇਸ਼ਣਾਤਮਿਕ ਸਾਹਿਤ ਦੀ ਝਲਕ ਘੱਟ ਨਜ਼ਰੀਂ ਪੈਂਦੀ ਹੈ। ਇਸ ਦੇ ਨਾਲ ਨਾਲ ਹੀ ਆਯੂ ਗੁੱਟ ਅਨੁਸਾਰ ਸਿਰਜਣਾ ਕਰਨ ਦੀ ਲੋੜ ਵੀ ਭਾਸਦੀ ਹੈ। ਕੁਝ ਸਾਹਿਤਕਾਰਾਂ ਵੱਲੋਂ ਪੰਜਾਬੀ ਦਾ ਹਿੰਦੀਕਰਨ ਵੀ ਕੀਤਾ ਜਾ ਰਿਹਾ ਹੈ। ਖ਼ਾਸ ਕਰਕੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਈਆਂ ਜਾ ਰਹੀਆਂ ਪੰਜਾਬੀ ਪੁਸਤਕਾਂ ਵਿੱਚੋਂ ਇਹ ਤੱਥ ਉੱਘੜੇ ਹਨ। ਤਕਨੀਕ ਦਾ ਯੁੱਗ ਹੋਣ ਕਰਕੇ ਤਕਨੀਕੀ ਸ਼ਬਦਾਂ ਦਾ ਸਾਹਿਤ ਵਿੱਚ ਆਉਣਾ ਸੁਭਾਵਿਕ ਹੀ ਹੈ ਪਰ ਇਨ੍ਹਾਂ ਸ਼ਬਦਾਂ ਨੂੰ ਪੰਜਾਬੀ ਰੂਪ ਦੇਣ ਦੀ ਵਿਸ਼ੇਸ਼ ਲੋੜ ਹੈ। ਤਕਨੀਕ ਅਤੇ ਵਿਗਿਆਨ ਦੇ ਮਾਹਿਰਾਂ ਦੁਆਰਾ ਸਿਰਜੇ ਜਾ ਰਹੇ ਬਾਲ ਸਾਹਿਤ ਵਿੱਚ ਰੌਚਕਤਾ ਭਰਨ ਦੀ ਇੱਕ ਚੁਣੌਤੀ ਬਣੀ ਹੋਈ ਹੈ। ਜਿਹੜੇ ਇਸ ਵਿੱਚ ਸਫ਼ਲ ਹੋ ਜਾਂਦੇ ਹਨ, ਉਹਨਾਂ ਦੀਆਂ ਪੁਸਤਕਾਂ ਅਤੇ ਰਚਨਾਵਾਂ ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਪੜ੍ਹਦੇ ਹਨ।

ਨਵੀਆਂ ਕਲਮਾਂ-ਨਵੀਂ ਉਡਾਣ' ਅਧੀਨ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਇਸ ਸਾਲ 5 ਬਾਲ ਪੁਸਤਕਾਂ ਨਾਲ ਆਪਣੀਆਂ ਬਾਲ ਪੁਸਤਕਾਂ ਦੀ ਗਿਣਤੀ 75 ਤੱਕ ਪਹੁੰਚਾ ਦਿੱਤੀ ਹੈ। ਸੁਖਦੇਵ ਸਿੰਘ ਸ਼ਾਂਤ ਦੀਆਂ ਤਿੰਨ ਪੁਸਤਕਾਂ ਹਿੰਮਤ, ਅਮਰ ਕਥਾਵਾਂ ਅਤੇ ਬੰਟਿਆਂ ਦੀ ਸਬਜ਼ੀ ਪਾਠਕਾਂ ਤੱਕ ਪੁੱਜੀਆਂ। ਡਾ. ਕੁਲਦੀਪ ਸਿੰਘ ਨੇ ਆਪਣੀਆਂ ਇਕੱਠੀਆਂ ਤਿੰਨ ਕਾਵਿ ਪੁਸਤਕਾਂ ਮੇਰੇ ਬੋਲ ਮੇਰਾ ਸਿਰਨਾਵਾਂ, ਭੋਜਨ ਮਾਲ਼ਾ ਅਤੇ ਬੱਚੇ ਮਨ ਦੇ ਸੱਚੇ ਨਾਲ਼ ਬਾਲ ਸਾਹਿਤ ਜਗਤ ਵਿੱਚ ਪ੍ਰਵੇਸ਼ ਕੀਤਾ।

ਪਿਛਲੇ ਸਾਲ ਵਾਂਗ ਨਾਟਕ ਤੇ ਇਕਾਂਗੀ ਦੇ ਖੇਤਰ ਵਿੱਚ ਬਹੁਤ ਥੋੜ੍ਹਾ ਕੰਮ ਹੋਇਆ ਹੈ। ਇਸ ਖੇਤਰ ਦੇ ਨਾਟਕ ਮਿੱਟੀ ਬੋਲ ਪਈ-ਮਨਜੀਤ ਕੌਰ ਅੰਬਾਲਵੀ, ਪਰੀ ਦੀ ਉਡਾਰੀ-ਸਤਪਾਲ ਭੀਖੀ, ਗਿਆਨ ਦਾ ਦੀਵਾ ਬਲ਼ਦਾ ਰਹੇਗਾ-ਗੁਰਪਿਆਰ ਸਿੰਘ ਕੋਟਲੀ, ਜੀਓ ਅਤੇ ਜਿਊਣ ਦਿਓ-ਰਾਮ ਲਾਲ ਭਗਤ ਦੀਆਂ ਪੁਸਤਕਾਂ ਪਾਠਕਾਂ ਵੱਲੋਂ ਸਵੀਕਾਰੀਆਂ ਗਈਆਂ। ਇਸੇ ਤਰ੍ਹਾਂ ਜਾਣਕਾਰੀ ਭਰਪੂਰ ਪੁਸਤਕ ਬੁੱਝੋ ਮੇਰੀ ਬਾਤ-ਜਗਸੀਰ ਸਿੰਘ ਮੌੜ, ਸੁਖਪਾਲ ਕੌਰ, ਤੱਲ ਤੋਂ ਅਕਾਸ਼ ਤੱਕ-ਲਖਵੀਰ ਸਿੰਘ ਭੱਟੀ, ਮਹਾਨ ਖੋਜਕਾਰ-ਪ੍ਰਿੰ. ਹਰੀ ਕ੍ਰਿਸ਼ਨ ਮਾਇਰ, ਬਚਪਨ ਦੀ ਬੁਨਿਆਦ-ਬੇਅੰਤ ਸਿੰਘ ਮਲੂਕਾ, ਬੈੱਡ ਟਾਈਮ ਸਬਕ-ਜਗਰੂਪ ਸਿੰਘ ਗਿੱਲ ਦਾ ਜ਼ਿਕਰ ਕਰਨਾ ਬਣਦਾ ਹੈ। ਰੌਚਕ ਬਾਲ ਸਫ਼ਰਨਾਮਾ ਘੁੰਮਣਘੇਰੀਆਂ-ਡਾ. ਦਰਸ਼ਨ ਸਿੰਘ ਆਸ਼ਟ ਦੁਆਰਾ ਸਿਰਜਿਆ ਗਿਆ। ਗਿਣੇ-ਚੁਣੇ ਨਾਵਲ ਵੀ ਪਾਠਕਾਂ ਦੀ ਝੋਲੀ ਪਏ, ਜਿਨ੍ਹਾਂ ਵਿੱਚ ਖੱਟੀਆਂ ਮਿੱਠੀਆਂ ਗੋਲੀਆਂ-ਡਾ. ਕੁਲਬੀਰ ਸਿੰਘ ਸੂਰੀ, ਜ਼ਿੰਦਗੀ ਖ਼ੂਬਸੂਰਤ ਹੈ-ਅਮਰਜੀਤ ਕੌਰ ਮੋਰਿੰਡਾ, ਤਣਕ ਤੁਣਕ ਤੁਣ-ਧਰਮ ਕੰਮੇਆਣਾ, ਚਾਨਣ ਦਾ ਬਸਤਾ-ਗੁਰਨਾਇਬ ਸਿੰਘ ਮਘਾਣੀਆਂ ਦਾ ਤਰਕਸ਼ੀਲ ਨਾਵਲ ਸ਼ਾਮਲ ਹੈ।




ਕਾਵਿ ਪੁਸਤਕਾਂ ਵਿੱਚ ਬਾਲ ਤਰੰਗਾਂ ਅਤੇ ਕੱਚ ਦੀਆਂ ਮੂਰਤਾਂ-ਬਲਵਿੰਦਰ ਸਿੰਘ ਜੰਮੂ, ਕਾਲੀਆਂ ਇੱਟਾਂ ਕਾਲੇ ਰੋੜ-ਬਲਦੇਵ ਸਿੰਘ ਸੜਕਨਾਮਾ, ਸੋਹਣੇ ਬਾਲ ਬੜੇ ਕਮਾਲ-ਹਰਜਿੰਦਰ ਕੌਰ, ਚੱਟ ਗਈ ਮਲਾਈ-ਮਨਿੰਦਰ ਕੌਰ, ਚਾਨਣ ਦੀ ਚੋਗ-ਸੁਰਜੀਤ ਦੇਵਲ, ਅੱਖਰਾਂ ਦੀ ਦੁਨੀਆ-ਸੁਖਦੇਵ ਸਿੰਘ ਸ਼ਾਂਤ, ਮੈਂ ਮੰਮੀ ਦਾ ਰਾਜ ਕੁਮਾਰ-ਡਾ. ਸਾਧੂ ਰਾਮ ਲੰਗੇਆਣਾ, ਫੁੱਲ ਮਖਾਣੇ-ਲਖਵੀਰ ਸਿੰਘ, ਨਵੀਆਂ ਬਾਤਾਂ-ਜਸਵੀਰ ਸਿੰਘ ਭਲੂਰੀਆ, ਮੰਮੀ ਨਾਲ ਗਏ ਨਾਨਕੀਂ-ਬਿੱਕਰ ਮਾਣਕ, ਪੀਂਘ ਸਤਰੰਗੀ-ਰਣਜੀਤ ਸਿੰਘ ਹਠੂਰ, ਜ਼ਿੰਦਗੀ ਖ਼ੂਬਸੂਰਤ ਹੈ-ਅਮਰਜੀਤ ਕੌਰ ਮੋਰਿੰਡਾ, ਪੰਛੀ ਤੇ ਕੁਦਰਤ-ਗੁਰਪ੍ਰੀਤ ਸਿੰਘ ਜਖਵਾਲੀ, ਟੋਪੀਆਂ ਵਾਲਾਂ-ਸ਼ਸ਼ੀ ਲਤਾ ਸੁਨਾਮ, ਪੜ੍ਹਨ ਸਕੂਲੇ ਜਾਣਾ-ਸਰਬਜੀਤ ਸਿੰਘ ਦੀਆਂ ਵੰਨ-ਸੁਵੰਨੀਆਂ ਪੁਸਤਕਾਂ ਪਾਠਕਾਂ ਤੱਕ ਪੁੱਜੀਆਂ।

ਕਹਾਣੀ ਖੇਤਰ ਵਿੱਚ ਹੋਏ ਇੱਕ ਸਰਵੇਖਣ ਅਨੁਸਾਰ ਬਾਲ ਪਾਠਕਾਂ ਦੁਆਰਾ ਸਭ ਤੋਂ ਵੱਧ ਕਹਾਣੀਆਂ ਪੜ੍ਹੀਆਂ ਜਾ ਰਹੀਆਂ ਹਨ। ਕਹਾਣੀਆਂ ਦੀਆਂ ਨਜ਼ਰੀਂ ਪਈਆਂ ਕੁਝ ਪੁਸਤਕਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਸਭ ਤੋਂ ਪਹਿਲਾਂ ਗੱਲ ਕਰਨੀ ਬਣਦੀ ਹੈ ਵਿਗਿਆਨਕ ਅਤੇ ਤਕਨੀਕੀ ਕਹਾਣੀਆਂ ਦੀ। ਵਿਗਿਆਨ ਦੇ ਖੇਤਰ ਵਿੱਚ ਬੜੇ ਲੰਮੇ ਸਮੇਂ ਤੋਂ ਸਿਰਜਣਾ ਕਰ ਰਹੇ ਕੈਨੇਡਾ ਵਸਦੇ ਡਾ. ਡੀ ਪੀ ਸਿੰਘ ਦੇ ਇਸ ਸਾਲ ਦੋ ਕਹਾਣੀ ਸੰਗ੍ਰਹਿ ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ ਅਤੇ ਚਿੰਕੂ ਖਰਗੋਸ਼ ਤੇ ਸ਼ਹਿਰ ਦੀ ਸੈਰ ਪਾਠਕਾਂ ਦੀ ਝੋਲੀ ਪਈਆਂ। ਅਮਰੀਕਾ ਵਸਦੇ ਮਾਹਿਰ ਇੰਜੀਨੀਅਰ ਅਮਨਦੀਪ ਸਿੰਘ ਨੌਰਾ ਦਾ ਕਹਾਣੀ ਸੰਗ੍ਰਹਿ ਕੈਨੇਡਾ ਦੀ ਸੈਰ ਵੀ ਪਾਠਕਾਂ ਨੇ ਪ੍ਰਵਾਨ ਕੀਤਾ। ਡਾਕਟਰ ਸੋਨੀਆ ਚਹਿਲ ਨੇ ਚਮਚਿਆਂ ਦੀ ਲੜਾਈ ਕਹਾਣੀ ਸੰਗ੍ਰਹਿ ਨਾਲ ਆਪਣਾ ਯੋਗਦਾਨ ਪਾਇਆ। ਚਰਚਿਤ ਹੋਈਆਂ ਹੋਰ ਪੁਸਤਕਾਂ ਵਿੱਚ ਗੁੱਡ ਜੌਬ-ਡਾ. ਮਨਮੋਹਨ ਸਿੰਘ ਤੀਰ, ਮਿੱਟੀ ਦਾ ਕਰਜ਼ ਅਤੇ ਪੰਜਵਾਂ ਰੰਗ-ਪ੍ਰਿੰ. ਵਿਜੇ ਕੁਮਾਰ, ਜੰਗਲ ਬੇਲੇ ਦੀਆਂ ਬਾਤਾਂ-ਸਾਬੀ ਈਸਪੁਰੀ, ਹਿੰਮਤ ਦਾ ਹੁਨਰ- ਤਰਸੇਮ, ਮਿੰਟੂ ਦੀ ਸਿਆਣਪ-ਇਕਬਾਲ ਸਿੰਘ, ਸਿਆਣੀ ਕੁੜੀ-ਐਸ ਅਸ਼ੋਕ ਭੌਰਾ, ਅੰਬੀ ਦਾ ਬੂਟਾ-ਬਲਜਿੰਦਰ ਮਾਨ, ਬੋਹੜ ਖੁਸ਼ ਹੈ ਅਤੇ ਮੈਂ ਨਹੀਂ ਹਾਰਾਂਗਾ-ਡਾ. ਦਰਸ਼ਨ ਸਿੰਘ ਆਸ਼ਟ, ਅਸਲੀ ਆਲ੍ਹਣੇ-ਰਘੁਵੀਰ ਸਿੰਘ ਕਲੋਆ, ਇੱਕ ਟਾਪੂ ਦੀ ਕਹਾਣੀ-ਗੁਰਚਰਨ ਸਿੰਘ ਨੂਰਪੁਰ, ਬੁਲਬੁਲ ਦੇ ਬੱਚੇ-ਬਲਦੇਵ ਸਿੰਘ, ਜੰਗਲੀ ਜੀਵਾਂ ਦੀਆਂ ਕਹਾਣੀਆਂ-ਮੁਖਤਾਰ ਗਿੱਲ, ਚਿੰਕੀ ਦੀ ਚਾਕਲੇਟ ਅਤੇ ਆਓ ਖੇਡੀਏ-ਹਰਿੰਦਰ ਸਿੰਘ ਗੋਗਨਾ, ਬਿੱਲੂ ਬਾਂਦਰ-ਬਲਵਿੰਦਰ ਕੌਰ ਖੁਰਾਣਾ, ਸਿਆਣੀਆਂ ਚਿੜੀਆਂ-ਜਸਮੀਤ ਕੌਰ, ਇੰਨੀ ਮੇਰੀ ਬਾਤ-ਹਰਦੇਵ ਚੌਹਾਨ, ਕਾਲੇ ਹਿਰਨ ਦਾ ਬੱਚਾ-ਮਾਸਟਰ ਲਖਵਿੰਦਰ ਸਿੰਘ, ਗਗਨ ਮੈ ਥਾਲ-ਮੀਨਾ ਨਵੀਨ ਸ਼ਾਮਲ ਹਨ। ਮੌਲਿਕ ਤੌਰ 'ਤੇ ਸਿਰਜੀਆਂ ਗਈਆਂ ਇਹ ਸਭ ਪੁਸਤਕਾਂ ਬਾਲ ਸਾਹਿਤ ਦੀਆਂ ਵੰਨ-ਸੁਵੰਨੀਆਂ ਪਰਤਾਂ ਨੂੰ ਫਰੋਲਦੀਆਂ ਹੋਈਆਂ ਮੌਜੂਦਾ ਸਥਿਤੀ ਅਤੇ ਭਵਿੱਖ ਨੂੰ ਨਿਸ਼ਚਿਤ ਕਰਦੀਆਂ ਹਨ।

ਬਾਲ ਸਾਹਿਤ ਦੀਆਂ ਸੰਪਾਦਿਤ ਅਤੇ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਵੱਖਰੀ ਹੈ। ਭਾਰਤ ਸਰਕਾਰ ਦੇ ਸਭ ਤੋਂ ਵੱਡੇ ਪ੍ਰਕਾਸ਼ਨ ਅਦਾਰੇ ਨੈਸ਼ਨਲ ਬੁੱਕ ਟਰੱਸਟ ਇੰਡੀਆ ਵੱਲੋਂ ਸੰਪਾਦਕ ਨਵਜੋਤ ਕੌਰ ਦੀ ਅਗਵਾਈ ਹੇਠ ਭਾਰਤੀ ਭਾਸ਼ਾਵਾਂ ਦੀਆਂ ਪੰਜਾਬੀ ਵਿੱਚ ਮੌਲਿਕ ਅਤੇ ਅਨੁਵਾਦਿਤ 26 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਗਿਆ। ਜੇਕਰ ਬਾਲ ਰਸਾਲਿਆਂ ਦੀ ਗੱਲ ਕਰੀਏ ਤਾਂ ਇਸ ਸਾਲ ਕੋਈ ਵੀ ਨਵਾਂ ਬਾਲ ਰਸਾਲਾ ਪ੍ਰਕਾਸ਼ਿਤ ਹੋਣਾ ਆਰੰਭ ਨਹੀਂ ਹੋਇਆ ਜਦਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ 1980 ਤੋਂ ਪ੍ਰਕਾਸ਼ਿਤ ਕੀਤੇ ਜਾਂਦੇ ਰਸਾਲੇ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ'-ਸੰਪਾਦਕਾ ਪਰਮਿੰਦਰ ਕੌਰ ਨਿਰੰਤਰ ਛਪਦੇ ਰਹੇ। 'ਨਿੱਕੀਆਂ ਕਰੂੰਬਲਾਂ' (ਸੰਪਾਦਕ ਬਲਜਿੰਦਰ ਮਾਨ) ਨਿਰੰਤਰ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ। ਇੱਕ ਧਾਰਮਿਕ ਸੰਸਥਾ ਦੁਆਰਾ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਰਸਾਲਾ 'ਹੰਸਤੀ ਦੁਨੀਆ' ਵੀ ਪਾਠਕਾਂ ਤੱਕ ਪੁੱਜਦਾ ਰਿਹਾ। ਲਾਹੌਰ ਤੋਂ ਸ਼ਾਹਮੁਖੀ ਲਿੱਪੀ ਵਿੱਚ ਅਸ਼ਰਫ ਸੁਹੇਲ ਦੇ ਅਣਥੱਕ ਯਤਨਾ ਸਦਕਾ ਛਪਦਾ 'ਪੰਖੇਰੂ' ਸ਼ਾਨਦਾਰ ਪੈੜਾਂ ਪਾ ਰਿਹਾ ਹੈ। ਪੁਸਤਕ ਲੜੀ ਵਿੱਚ ਛਪਦੇ ਤਨੀਸ਼ਾ-ਸੰਪਾਦਕ ਸਾਬੀ ਈਸਪੁਰੀ, ਆੜੀ-ਸੰਪਾਦਕ ਪ੍ਰੇਮ ਸਰੂਪ ਛਾਜਲੀ ਅਤੇ ਜੁਗਨੂੰ-ਸੰਪਾਦਕ ਬਲਜੀਤ ਕੌਰ, ਸਾਲ ਦੇ ਅਖੀਰ ਵਿੱਚ ਇਕੱਠੇ ਹੀ ਪੁੱਜੇ। ਸਾਹਿਤ ਪ੍ਰੇਮੀ ਅਧਿਆਪਕਾਂ ਅਤੇ ਸਕੂਲ ਮੁਖੀਆਂ ਦੁਆਰਾ ਆਪੋ ਆਪਣੇ ਸਕੂਲਾਂ ਦੇ ਸਾਲਾਨਾ ਮੈਗਜ਼ੀਨ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਵਿੱਚ ਬੱਚਿਆਂ ਨੂੰ ਆਪਣੀਆਂ ਕਲਾ-ਕਿਰਤਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਦਾ ਸ਼ਾਨਦਾਰ ਮੌਕਾ ਮਿਲਿਆ। ਆਨਲਾਈਨ ਪਰਚਿਆਂ ਵਿੱਚੋਂ ਸੰਦੇਸ਼ ਸੰਪਾਦਕ-ਪ੍ਰਕਾਸ਼ ਸਿੰਘ ਗਿੱਲ ਅਤੇ ਕਰੂੰਬਲਾਂ ਨਿਊਜ਼-ਸੰਪਾਦਕ ਬਲਜਿੰਦਰ ਮਾਨ ਦਾ ਜ਼ਿਕਰ ਕਰਨਾ ਬਣਦਾ ਹੈ।





ਗਿਣੇ-ਚੁਣੇ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੇ ਬੱਚਿਆਂ ਨੂੰ ਬਾਲ ਸਾਹਿਤ ਨਾਲ ਜੋੜਨ ਦੇ ਉਪਰਾਲੇ ਕੀਤੇ। ਸਕੂਲਾਂ ਦੀਆਂ ਲਾਇਬ੍ਰੇਰੀਆਂ ਵਾਸਤੇ ਆਈ ਗਰਾਂਟ ਦਾ ਇਸਤੇਮਾਲ ਕਰਦਿਆਂ ਸਾਹਿਤਕਾਰ, ਅਧਿਆਪਕਾਂ ਅਤੇ ਸਾਹਿਤ ਪ੍ਰੇਮੀ ਅਧਿਆਪਕਾਂ ਨੇ ਮਨ ਮੋਹਣੀਆਂ ਬਾਲ ਪੁਸਤਕਾਂ ਖਰੀਦੀਆਂ। ਸਕੂਲਾਂ ਵਿੱਚ ਬਾਲ ਰਸਾਲੇ ਲਗਵਾਉਣ ਦੀ ਜਹਿਮਤ ਬਹੁਤ ਘੱਟ ਪੰਜਾਬੀ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੇ ਉਠਾਈ। ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਗਜ਼ੀਨ ਵੀ ਸਰਕਾਰੀ ਸਕੂਲਾਂ ਵਿੱਚ ਨਹੀਂ ਪੁੱਜਦੇ, ਜਦਕਿ ਨਿੱਜੀ ਸਕੂਲਾਂ ਵਿੱਚ ਇਹਨਾਂ ਰਸਾਲਿਆਂ ਦੀ ਗੱਲ ਕਰਨੀ ਤਾਂ ਪਹਾੜ ਸਰ ਕਰਨ ਦੇ ਬਰਾਬਰ ਹੈ। ਰੋਜ਼ਾਨਾ ਸਮਾਚਾਰ ਪੱਤਰਾਂ ਵਿੱਚ ਹਫ਼ਤਾਵਾਰੀ ਬਾਲ ਅੰਕਾਂ ਰਾਹੀਂ ਅਜੀਤ, ਪੰਜਾਬੀ ਟ੍ਰਿਬਿਊਨ, ਜਗ ਬਾਣੀ, ਪੰਜਾਬੀ ਜਾਗਰਣ, ਨਵਾਂ ਜ਼ਮਾਨਾ, ਚੜ੍ਹਦੀ ਕਲਾ ਅਤੇ ਅੱਜ ਦੀ ਆਵਾਜ਼ ਸਮੇਤ ਕੁੱਝ ਵਿਦੇਸ਼ੀ ਅਖ਼ਬਾਰਾਂ ਵੀ ਬਾਲ ਸਾਹਿਤ ਨੂੰ ਨਿਸ਼ਚਿਤ ਸਥਾਨ ਦਿੰਦੀਆਂ ਰਹੀਆਂ।




ਪੰਜਾਬ ਸਰਕਾਰ ਵੱਲੋਂ 2020 ਵਿੱਚ ਚੁਣੇ ਗਏ ਸ਼੍ਰੋਮਣੀ ਬਾਲ ਸਾਹਿਤ ਅਤੇ ਪੰਜਾਬ ਰਤਨ ਲੇਖਕ ਪੁਰਸਕਾਰ ਮਾਨਯੋਗ ਅਦਾਲਤ ਦੇ ਕਟਹਿਰੇ ਵਿੱਚ ਹਨ, ਜਦਕਿ ਸਾਹਿਤ ਅਕੈਡਮੀ ਵੱਲੋਂ ਇਸ ਸਾਲ ਪਾਲੀ ਖ਼ਾਦਿਮ ਦੇ ਨਾਵਲ ਜਾਦੂ ਪੱਤਾ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾ. ਇੰਦਰਪ੍ਰੀਤ ਸਿੰਘ ਧਾਮੀ ਦੇ ਨਾਵਲ ਸੁਪਨਸਾਜ਼ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਪੁਰਸਕਾਰ ਦਿੱਤਾ ਗਿਆ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਸਮੇਤ ਪੰਜਾਬ ਵਿੱਚ ਬਾਲ ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁਲਤਾ ਵਿੱਚ ਜੁਟੀਆਂ ਸੰਸਥਾਵਾਂ ਨੇ ਆਪੋ ਆਪਣੀ ਯਥਾ ਸ਼ਕਤੀ ਅਨੁਸਾਰ ਸਰਗਰਮੀਆਂ ਜਾਰੀ ਰੱਖੀਆਂ। ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਕਰਵਾਏ ਗਏ ਦਸਵੇਂ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਵਿੱਚ ਬਾਲ ਸਾਹਿਤ ਲੇਖਕ ਡਾ. ਇੰਦਰਪ੍ਰੀਤ ਸਿੰਘ ਧਾਮੀ ਅਤੇ ਬਲਜਿੰਦਰ ਮਾਨ ਵੱਲੋਂ ਬਾਲ ਸਾਹਿਤ ਦੀ ਸਿਰਜਣਾ, ਸੰਪਾਦਨਾ ਅਤੇ ਸੰਭਾਵਨਾ ਵਿਸ਼ੇ 'ਤੇ ਕੀਤੀ ਚਰਚਾ ਤੋਂ ਇਲਾਵਾ ਬਾਲ ਕਵੀ ਦਰਬਾਰ, ਖੁੱਲ੍ਹੀਆਂ ਬਾਤਾਂ ਬੱਚਿਆਂ, ਅਧਿਆਪਕਾਂ, ਮਾਪਿਆਂ, ਦਰਸ਼ਕਾਂ ਅਤੇ ਸਾਹਿਤਕਾਰਾਂ ਵੱਲੋਂ ਪਾਈਆਂ ਗਈਆਂ। ਖ਼ੁਸ਼ਗਵਾਰ ਸੂਚਨਾ ਇਹ ਹੈ ਕਿ 2027 ਤੋਂ ਬੁਕਰ ਪੁਰਸਕਾਰ ਜੋ ਪਹਿਲਾਂ ਕੇਵਲ ਪ੍ਰੌੜ੍ਹ ਸਾਹਿਤ ਰਚਨਾ ਲਈ ਹੀ ਮਿਲਦਾ ਸੀ, ਹੁਣ ਬਾਲ ਲਿਖਾਰੀਆਂ ਨੂੰ ਵੀ ਪ੍ਰਦਾਨ ਕੀਤਾ ਜਾਇਆ ਕਰੇਗਾ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ 'ਤੇ ਪ੍ਰੋਗਰਾਮਾਂ ਵਿੱਚ ਬੱਚੇ ਸ਼ਾਮਲ ਤਾਂ ਹੁੰਦੇ ਰਹਿੰਦੇ ਨੇ, ਪਰ ਜਿਸ ਸੰਜੀਦਗੀ ਨਾਲ ਇਹਨਾਂ ਪ੍ਰੋਗਰਾਮਾਂ ਨੂੰ ਵਿਉਂਤਣ ਦੀ ਜ਼ਰੂਰਤ ਹੈ, ਉਹ ਕੰਮ ਅਜੇ ਬਕਾਇਆ ਪਿਆ ਹੈ। ਵਿਦਿਆਰਥੀਆਂ ਦੁਆਰਾ ਸਵੀਕਾਰੀਆਂ ਗਈਆਂ ਕਹਾਣੀਆਂ, ਨਾਟਕਾਂ ਅਤੇ ਕਵਿਤਾਵਾਂ ਦਾ ਫਿਲਮਾਂਕਣ ਹੋਣਾ ਲੋੜੀਂਦਾ ਹੈ। ਬੱਚਿਆਂ ਲਈ ਲੜੀਵਾਰ ਸ਼ੁਰੂ ਕੀਤੇ ਜਾਣ ਤਾਂ ਕਿ ਬੱਚੇ ਆਪਣੇ ਅਮੀਰ ਵਿਰਸੇ ਨਾਲ ਜੁੜ ਸਕਣ। ਇੰਟਰਨੈੱਟ ਦਾ ਯੁੱਗ ਹੋਣ ਕਰਕੇ ਬਾਲ ਸਾਹਿਤ ਵਿੱਚ ਤਕਨੀਕੀ ਸ਼ਬਦਾਵਲੀ ਦਾ ਪ੍ਰਵੇਸ਼ ਹੋਣਾ ਸਮੇਂ ਦੀ ਲੋੜ ਬਣ ਗਈ ਹੈ। ਇਹਨਾਂ ਤਕਨੀਕੀ ਸ਼ਬਦਾਂ ਵਾਸਤੇ ਪੰਜਾਬੀ ਸ਼ਬਦ ਲੱਭਣੇ ਅਤੇ ਉਹਨਾਂ ਦਾ ਵਿਕਾਸ ਕਰਨਾ ਖੋਜਾਰਥੀਆਂ ਦਾ ਵਿਸ਼ਾ ਬਣ ਚੁੱਕਾ ਹੈ। ਇੰਟਰਨੈੱਟ ਤੇ ਚੈਟ ਜੀ ਪੀ ਟੀ ਅਤੇ ਏ ਆਈ ਵਰਗੀਆਂ ਐਪਸ ਨੇ ਬੱਚਿਆਂ ਨੂੰ ਸਮੇਂ ਤੋਂ ਪਹਿਲਾਂ ਜੁਆਨ ਕਰ ਦਿੱਤਾ ਹੈ, ਜਿਸ ਕਰਕੇ ਉਹਨਾਂ ਦੀ ਮਾਨਸਿਕ ਤ੍ਰਿਪਤੀ ਵਾਸਤੇ ਨਰੋਏ ਸਾਹਿਤ ਅਤੇ ਰੌਚਕ ਫਿਲਮਾਂਕਣ ਦੀ ਖਾਸ ਲੋੜ ਬਣ ਗਈ ਹੈ। ਬਾਲ ਸਾਹਿਤ ਦੇ ਉੱਜਲ ਭਵਿੱਖ ਵਾਸਤੇ ਅਧਿਆਪਕਾਂ, ਮਾਪਿਆਂ ਅਤੇ ਸੰਬੰਧਤ ਅਧਿਕਾਰੀਆਂ ਨੂੰ ਆਪੋ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਣੀ ਪਵੇਗੀ। ਸ਼ਾਲਾ! ਬਾਲ ਸਾਹਿਤ ਦੇ ਬਾਗ ਅੰਦਰ ਫੁੱਲ ਕਲੀਆਂ ਹਮੇਸ਼ਾ ਖਿੜਦੇ ਰਹਿਣ।


**ਸੰਪਰਕ-98150-18947**




# ਇਤਿਆਦ/ ਪੰਜਾਬੀ ਮਿੰਨੀ ਕਹਾਣੀ

## 2025 ਦਾ 'ਢਾਹਾਂ ਸਾਹਿਤ ਇਨਾਮ' ਜੇਤੂ ਨਾਵਲ 'ਰੌਲ਼ਿਆਂ ਵੇਲੇ'

'ਰੌਲ਼ਿਆਂ ਵੇਲੇ' ਬਲਬੀਰ ਪਰਵਾਨਾ ਦਾ ਤੇਰ੍ਹਵਾਂ ਨਾਵਲ ਹੈ। ਇਸ ਵਿਚ ਦੇਸ਼ ਨੂੰ 1947 ਵਿਚ ਮਿਲੀ ਆਜ਼ਾਦੀ ਨਾਲ ਭਾਰਤ-ਪਾਕਿ ਵੰਡ ਦੌਰਾਨ ਵਾਪਰੇ ਮਹਾਂ-ਦੁਖਾਂਤ ਦਾ ਦਿਲ-ਵਿੰਨ੍ਹਵਾਂ ਬਿਰਤਾਂਤ ਹੈ। ਜਿਵੇਂ ਕਿ ਜਾਨੂੰਨੀ ਲੋਕ ਧੀਆਂ-ਭੈਣਾਂ ਦੇ ਉਧਾਲੇ ਕਰਨ, ਬਲਾਤਕਾਰ ਕਰਨ, ਸਾੜਫੂਕ ਅਤੇ ਮਜ਼੍ਹਬੀ ਫ਼ਿਰਕੇ, ਬੇਕਸੂਰਾਂ, ਮਾਸੂਮਾਂ, ਮਜ਼ਲੂਮਾਂ ਤੇ ਨਹੱਥਿਆਂ ਨੂੰ ਕਤਲ ਕਰਨ ਲਈ ਵੀ ਆਜ਼ਾਦ ਹੋ ਗਏ ਹੋਣ। ਨਾਵਲ ਦੇ ਕਥਾਨਕ ਦਾ ਕੰਢੀ ਖਿੱਤਾ, ਖ਼ਾਸ ਤੌਰ ਤੇ ਦਸੂਹਾ, ਮੁਕੇਰੀਆਂ ਤੇ ਉਸ ਦੇ ਨਾਲ ਲਗਦੇ ਪਿੰਡ ਤੇ ਉਥੋਂ ਦੇ ਵਾਸੀ ਹਨ ਜਿਨ੍ਹਾਂ ਪੰਜਾਬ 'ਚ ਵਹਿੰਦਾ ਇਹ ਛੇਵਾਂ ਖ਼ੂਨੀ ਦਰਿਆ ਦੇਖਿਆ। ਇਸ ਨਾਲ-ਨਾਲ ਇਕ ਉਹ ਧਿਰ ਵੀ ਹੈ ਜਿਹੜੀ ਫਿਰਕੇ ਤੇ ਫਿਰਕਾਪ੍ਰਸਤੀ ਤੋਂ ਉੱਪਰ ਉੱਠ ਕੇ ਆਪਣੀ ਜਾਨ ਦੀ ਪਰਵਾਹ ਕੀਤੇ ਬਗ਼ੈਰ ਮਨੁੱਖਤਾ ਦੀ ਹਾਮੀ ਹੋਣ ਦਾ ਕਿਰਦਾਰ ਨਿਭਾਉਂਦੀ ਹੈ। ਨਾਵਲ ਦੀ ਵਿਲੱਖਣਤਾ ਇਹ ਹੈ ਕਿ ਨਾਵਲਕਾਰ ਨੇ ਦੋ ਮੁੱਖ ਪਾਤਰਾਂ ਆਬਿਦਾ ਤੇ ਗੁਰਪ੍ਰੀਤ ਜ਼ਰੀਏ ਦੋਹਾਂ ਪੰਜਾਬਾਂ, (ਚੜ੍ਹਦੇ ਤੇ ਲਹਿੰਦੇ) ਵਿਚ ਲਗਾਤਾਰ ਸ਼ਿੱਦਤ ਨਾਲ ਮਹਿਸੂਸ ਕੀਤੇ ਜਾਣ, ਤਨ-ਮਨ ਨੂੰ ਵਾਰ-ਵਾਰ ਘਾਇਲ ਕਰਦੇ ਸਦਮਿਆਂ ਦੇ ਦਿਲ-ਟੁੰਬਵੇਂ ਦ੍ਰਿਸ਼ਾਂ ਨੂੰ ਮਾਨਵੀ ਦ੍ਰਿਸ਼ਟੀ ਤੋਂ ਬਿਨਾਂ ਉਲਾਰ ਹੋਇਆਂ ਉਭਾਰਿਆ ਹੈ। ਆਜ਼ਾਦੀ, ਆਮ ਲੋਕਾਂ ਉਤੇ ਕਹਿਰ ਦੀ ਲੱਫ਼ਾਂ ਮਾਰਦੀ ਸੁਨਾਮੀ ਬਣ ਕੇ ਆਈ। ਆਜ਼ਾਦੀ ਮਗਰੋਂ ਆਰਥਿਕ ਮੁਨਾਫ਼ਿਆਂ ਅਤੇ ਰਾਜਸੀ ਸੁਆਰਥਾਂ ਦੇ ਹਿੱਤਾਂ ਵਾਲਿਆਂ ਨੇ ਬਲ਼ਦੀ 'ਤੇ ਤੇਲ ਪਾਉਣ ਵਿਚ ਮਨੁੱਖ-ਮਾਰੂ ਵੱਡੀ ਭੂਮਿਕਾ ਨਿਭਾਈ। ਇਸ ਦੁਖਾਂਤਕ ਵਰਤਾਰੇ ਦੀ ਤ੍ਰਾਸਦਿਕ ਕਹਾਣੀ ਦੀ ਗੋਂਦ ਗੁੰਦਣ ਲਈ ਨਾਵਲਕਾਰ ਨੇ ਸੂਚਨਾ ਤਕਨਾਲੋਜੀ ਜੁਗਤਾਂ ਜਿਵੇਂ ਯੂਟਿਊਬ, ਫੇਸਬੁਕ, ਵੱਟਸਐਪ ਅਤੇ ਦੇਸ਼ ਵੰਡ ਨਾਲ ਸੰਬੰਧਿਤ ਬਹੁਤ ਸਾਰੀਆਂ ਕਿਤਾਬਾਂ ਦਾ ਸਹਾਰਾ ਲਿਆ ਹੈ। ਇਨ੍ਹਾਂ ਤਕਨਾਲੋਜੀ ਜੁਗਤਾਂ ਜ਼ਰੀਏ ਵੰਡ ਦੇ ਲੰਮੇ ਅਰਸੇ ਦੇ ਬੀਤ ਜਾਣ 'ਤੇ ਵੀ ਲੋਕਾਂ ਦੇ ਮਨਾਂ ਵਿਚ ਆਪਣੇ ਨਜ਼ਦੀਕੀਆਂ ਦੇ ਵਿਛੋੜੇ ਦੀ ਮਿਲਣ-ਤਾਂਘ ਬਰਕਰਾਰ ਹੈ। ਇਸ ਨਾਲ-ਨਾਲ ਨਾਵਲਕਾਰ ਨੇ ਧਰਮ ਦਾ ਬੁਰਕਾ ਪਾਈ ਫਿਰਦੇ ਸਾਜ਼ਿਸ਼ ਘਾੜਿਆਂ ਦੀਆਂ ਇਨ੍ਹਾਂ ਲੋਕ ਦੋਖੀ ਕਾਲੀਆਂ ਕਰਤੂਤਾਂ ਦਾ ਪਰਦਾਫ਼ਾਸ਼ ਕਰਦਿਆਂ ਕਾਰਪੋਰੇਟ ਜਗਤ ਦੀਆਂ ਮੁਨਾਫ਼ਾਖ਼ੋਰੀ ਦੀਆਂ ਡੂੰਘੀਆਂ ਚਾਲਾਂ ਅਤੇ ਕੁਦਰਤ-ਕਾਇਨਾਤ ਨਾਲ ਖਿਲਵਾੜ ਦੇ ਜ਼ਿਕਰ ਅਹਿਮ ਪੱਖ ਵਜੋਂ ਉਜਾਗਰ ਹੋਏ ਹਨ।






ਰੌਲ਼ਿਆਂ ਵੇਲੇ' ਵਿਚ ਭਾਰਤ-ਪਾਕਿ, ਖ਼ਾਸ ਤੌਰ ਤੇ ਦੋਹਾਂ ਪਜਾਬਾਂ ਦੇ ਲੋਕਾਂ ਦੀ ਆਪਸੀ ਸਾਂਝ ਨੂੰ ਬਣਾਈ ਰੱਖਣ ਲਈ ਕਈ ਭਾਵੁਕ ਕਿਸਮ ਦੇ ਸੰਵਾਦ ਹਨ। ਜਿਵੇਂ, "...ਨੋ ਪਲੀਜ਼... ਬਸ ਇਕ ਮਿੱਟੀ ਦਾ ਬੁੱਕ ਚਾਹੀਦਾ! ਉਹ ਮੈਂ ਹੱਥਾਂ ਨਾਲ ਹੀ ਪੁੱਟਾਂਗੀ।" ਉਸ ਨੇ ਰੁਮਾਲ ਕੋਲ ਵਿਛਾ ਲਿਆ ਤੇ ਬੜੇ ਸਹਿਜ ਨਾਲ, ਪੋਲੇ ਪੋਲੇ ਉਂਗਲਾਂ ਮਾਰ ਮਿੱਟੀ ਪੁੱਟ ਕੇ ਰੁਮਾਲ 'ਚ ਭਰਨ ਲੱਗੀ। ਨਾਲ ਹੀ ਅੱਖਾਂ 'ਚੋਂ ਹੰਝੂ ਵਹਿਣ ਲੱਗੇ। ਨਾ ਕੇਵਲ ਉਸ ਦੇ, ਸਗੋਂ ਉੱਥੇ ਖੜ੍ਹੇ ਹੋਰਨਾਂ ਦੀਆਂ ਅੱਖਾਂ 'ਚੋਂ ਵੀ। (ਪੰਨਾ-169)

ਇਨਸਾਨੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਦਾ ਇਹ ਨਾਵਲ ਆਪਣੀ ਕਲਾ, ਭਾਸ਼ਾ ਤੇ ਸਜੱਗ ਸਿਰਜਣ ਸਦਕਾ ਚਿਰ-ਕਾਲ ਤਕ ਸਾਹਿਤ ਦਾ ਹਿੱਸਾ ਬਣੇ ਰਹਿਣ ਦੀ ਉਮੀਦ ਜਗਾਉਂਦਾ ਹੈ।

**- ਬਲਬੀਰ ਮਾਧੋਪੁਰੀ**

## ਸਾਲ 2025 ਦਾ ਢਾਹਾਂ ਸਾਹਿਤ ਇਨਾਮ 'ਫਾਈਨਲਿਸਟ' ਤੇ ਪ੍ਰਿੰ. ਸੁਜਾਨ ਸਿੰਘ ਸਰਵੋਤਮ ਪੁਸਤਕ ਪੁਰਸਕਾਰ (ਭਾਸ਼ਾ ਵਿਭਾਗ ਪੰਜਾਬ) ਇਨਾਮ ਜੇਤੂ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ'

ਡਲਿਵਰੀ ਮੈਨ' ਇਸ ਸਾਲ ਦਾ ਚਰਚਿਤ ਸੰਗ੍ਰਹਿ ਹੈ। ਇਸ ਦੀਆਂ ਕਹਾਣੀਆਂ ਸਮਕਾਲ ਦੇ ਮਸਲਿਆਂ ਨੂੰ ਨਵੀਨ ਗਲਪੀ ਜੁਗਤਾ ਨਾਲ ਉਭਾਰਦੀਆਂ ਹਨ। ਸਮਕਾਲ ਅਜੋਕੇ ਦੌਰ ਦਾ ਉਹ ਸਮਾਂ ਹੈ ਜੋ ਨਵੀਂ ਤਰਜ਼ੇ ਜ਼ਿੰਦਗੀ ਦੇ ਗਾਡੀ ਰਾਹ ਪੈ ਚੁੱਕਾ ਹੈ। ਜਿਸ ਵਿਚ ਖਪਤਵਾਦੀ ਸਭਿਆਚਾਰ, ਮਾਰਕੀਟਿੰਗ ਦੇ ਦੌਰ ਆਦਿ ਦੀ ਉਸਾਰੀ ਹੋ ਰਹੀ ਹੈ। ਇਸ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ 'ਡਲਿਵਰੀ ਮੈਨ' ਹੈ। ਅਜੋਕਾ ਦੌਰ ਵਸਤਾਂ ਦੇ ਉਪਭੋਗ ਦਾ ਦੌਰ ਹੈ ਜਿਸ ਵਿਚ ਤੁਸੀਂ ਘਰ ਬੈਠਿਆਂ ਆਪਣੀ ਮਨ ਪਸੰਦ ਦੀਆਂ ਵਸਤਾਂ ਨੂੰ ਪ੍ਰਾਪਤ ਕਰ ਸਕਦੇ ਹੋ। ਕਹਾਣੀਕਾਰ ਡਲਿਵਰੀ ਕਲਚਰ ਨੂੰ ਪੂਰੇ ਭਰਵੇਂ ਰੂਪ ਵਿਚ ਚਿਤਰਦਾ ਹੈ ਜਿਸ ਵਿਚ ਔਰਤ ਪੂਰੀ ਖੁੱਲ੍ਹ ਤੇ ਆਜ਼ਾਦ ਜੀਵਨ ਜੀਣ ਦਾ ਰਾਹ ਤਲਾਸ਼ਦੀ ਹੈ ਪਰ ਇਹ ਰਾਹ ਅਤ੍ਰਿਪਤੀ, ਭਾਵਹੀਣਤਾ ਤੇ ਭਟਕਣ ਭਰਿਆ ਹੈ। ਲੇਖਕ ਇਸ ਕਹਾਣੀ ਜ਼ਰੀਏ ਅਜੋਕੇ ਪੂੰਜੀਵਾਦੀ ਬਾਜ਼ਾਰ ਤੰਤਰ ਦਾ ਪਰਦਾ ਚਾਕ ਕਰਦਾ ਹੈ। 'ਰਵੀ ਡਿਫੈਂਡਰ' ਅਛੂਤਾ ਬਿਰਤਾਂਤ ਸਿਰਜਣ ਵਾਲੀ ਕਹਾਣੀ ਹੈ। ਇਹ ਕਹਾਣੀ ਅਜੋਕੇ ਭ੍ਰਿਸ਼ਟ ਤੰਤਰ ਦੀ ਪਿੱਠਭੂਮੀ ਵਿਚੋਂ ਉਗਦੀ ਹੈ। ਬਹੁ-ਪਰਤੀ ਅਤੇ ਮਨੋਵਿਗਿਆਨਕ ਛੋਹਾਂ ਵਾਲੇ ਬਿਰਤਾਂਤ ਨੂੰ ਪੇਸ਼ ਕਰਦੀ ਕਹਾਣੀ 'ਰੰਗਾਂ ਦੀ ਸਾਂਝ 0 ਸਮਾਜ ਵਿਗਿਆਨ' ਹੈ। ਇਹ ਕਹਾਣੀ ਨਵੇਂ ਧਰਾਤਲ ਤੇ ਉਸਰੀ ਪੰਜਾਬੀ ਕਥਾ ਜਗਤ ਵਿਚ ਅਸਲੋਂ ਵੱਖਰੀ ਕਹਾਣੀ ਹੈ। 'ਪਰਛਾਵਿਆਂ ਦੇ ਆਰ ਪਾਰ' ਨਵੇ ਪਸਾਰਾਂ ਵਾਲੀ ਤੇ ਨਾਰੀ ਦੀਆਂ ਅੰਦਰੂਨੀ ਪਰਤਾਂ ਨੂੰ ਉਭਾਰਨ ਵਾਲੀ ਕਹਾਣੀ ਹੈ। 'ਮੁੱਠੀ ਵਿਚੋਂ ਕਿਰਦੀ ਰੇਤ' ਪਾਠਕ ਦੀ ਸੰਵੇਦਨਾ ਨੂੰ ਸੁੰਨ ਕਰਨ ਵਾਲੀ ਕਹਾਣੀ ਹੈ। 'ਛਣ ਛਣ' ਕਹਾਣੀ ਸਮਕਾਲ ਦੇ ਇਕ ਹੋਰ ਵਰਤਾਰੇ ਨੂੰ ਰੂਪਮਾਨ ਕਰਦੀ ਹੈ। ਇਹ ਵਰਤਾਰਾ ਸ਼ੋਸ਼ਲ ਸਾਈਟਸ ਉਤੇ ਪ੍ਰਾਪਤ ਹੋ ਰਹੀ ਭਰਮਾਊ ਸਮੱਗਰੀ ਤੇ ਦੋਸਤੀ ਦੇ ਨੈਟਵਰਕ ਉਤੇ ਉਸਰਦੀ ਹੈ। ਹਾਸ਼ੀਆਗਤ ਧਿਰਾਂ ਦੀ ਨਵੀਂ ਦਰਜਾਬੰਦੀ ਦਾ ਬਿਰਤਾਂਤ ਸਿਰਜਣ ਵਾਲੀ ਕਹਾਣੀ 'ਠੇਡਾ' ਹੈ ਅਤੇ ਨਾਰੀ ਦੇ ਅਸਤਿਤਵ ਨੂੰ ਉਭਾਰਨ ਵਾਲੀ ਕਹਾਣੀ 'ਤ੍ਰੇੜ' ਹੈ। ਕਹਾਣੀਕਾਰ 'ਡਲਿਵਰੀ ਮੈਨ' ਦੇ ਜ਼ਰੀਏ ਆਪਣੀ ਕਹਾਣੀ ਨੂੰ ਸਮਕਾਲ ਦੇ ਮਸਲਿਆਂ ਨਾਲ ਇਕ ਨਵੀਂ ਨੁਹਾਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਸਾਡੀ ਅਜੋਕੀ ਪੰਜਾਬੀ ਕਹਾਣੀ ਸਮਕਾਲ ਨੂੰ ਸਿਰਫ ਰਿਸ਼ਤਿਆਂ ਦੀ ਖੁੱਲ੍ਹ-ਖੇਡ ਵਿਚੋਂ ਤਲਾਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜਾਂ ਪੂੰਜੀਵਾਦੀ ਖਪਤ ਸਭਿਆਚਾਰ ਵਿਚ ਮਨੁੱਖ ਦੀ ਹੋਂਦ ਦੇ ਮਸਲਿਆਂ ਨੂੰ ਛੂਹਣ ਦੀ ਕੋਸ਼ਿਸ਼ ਵਿਚ ਹੈ ਪਰ ਰਸੂਲਪੁਰੀ ਪੰਜਾਬੀ ਕਹਾਣੀ ਨੂੰ ਉਨ੍ਹਾਂ ਮਸਲਿਆਂ ਤੇ ਸੰਭਾਵਨਾਵਾਂ ਦੇ ਰਾਹੇ ਪਾਉਂਦਾ ਹੈ ਜੋ ਸਮਕਾਲ ਦੀ ਫਿਜ਼ਾ ਵਿਚ ਆਪਣਾ ਆਕਾਰ ਲੈ ਰਹੇ ਹਨ। ਇੰਜ ਕਹਾਣੀਕਾਰ ਸਮਕਾਲ ਨੂੰ ਸਿਰਫ ਆਚੰਭਿਤ ਕਰਨ ਵਾਲੇ ਬਿਰਤਾਂਤ ਵਿਚ ਢਾਲ਼ ਕੇ ਨਹੀਂ ਦਿਖਾਉਣਾ ਚਾਹੁੰਦਾ ਬਲਕਿ ਸਮਕਾਲ ਜੋ ਆਪਣੇ ਭਵਿੱਖ ਦੀ ਨਿਸ਼ਾਨਦੇਹੀ ਕਰ ਰਿਹਾ ਹੈ ਉਸ ਦੀ ਆਹਟ ਨੂੰ 'ਡਲਿਵਰੀ ਮੈਨ' ਰਾਹੀਂ ਪ੍ਰਸਤੁਤ ਕਰ ਰਿਹਾ ਹੈ। ਇਸ ਪੁਸਤਕ ਦੀਆਂ ਕਹਾਣੀਆਂ ਰਾਹੀਂ ਭਗਵੰਤ ਆਪਣੀ ਨਿਵੇਕਲੀ ਸ਼ੈਲੀ ਵੀ ਵਿਕਸਤ ਕਰ ਰਿਹਾ ਹੈ। ਉਹ ਮਿਥ ਤੇ ਆਰਟੀਫ਼ੀਸ਼ੀਅਲ ਟੂਲਜ ਦੇ ਚਿਹਨਾਂ ਨੂੰ ਵਰਤ ਕੇ ਕਹਾਣੀ ਦੇ ਬਿਰਤਾਂਤ ਵਿੱਚ ਗਹਿਰੇ ਅਰਥ ਭਰ ਦਿੰਦਾ ਹੈ। ਮੈਨੂੰ 'ਡਲਿਵਰੀ ਮੈਨ' ਦੀਆਂ ਕਹਾਣੀਆਂ ਸਮਕਾਲੀ ਪੰਜਾਬੀ ਕਹਾਣੀ 'ਚ ਵੱਖਰੀਆਂ ਖੜੀਆਂ ਦਿਸਦੀਆਂ ਹਨ। ਇਸ ਸੰਗ੍ਰਹਿ ਨੂੰ 2025 ਦੌਰਾਨ ਵਕਾਰੀ 'ਢਾਹਾਂ ਐਵਾਰਡ' ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਪ੍ਰਿੰ. ਸੁਜਾਨ ਸਿੰਘ ਸਰਵੋਤਮ ਪੁਰਸਕਾਰ ਮਿਲਣ ਨਾਲ ਸੱਚਮੁੱਚ ਪੰਜਾਬੀ ਕਹਾਣੀ ਦਾ ਕੱਦ ਉੱਚਾ ਹੋਇਆ ਹੈ।






**- ਡਾ. ਗੁਰਮੇਲ ਸਿੰਘ**

# 2025 ਦੀ ਪੰਜਾਬੀ ਮਿੰਨੀ ਕਹਾਣੀ : ਨਵੇਂ ਲੇਖਕਾਂ ਦੀ ਆਮਦ

### ਜਗਦੀਸ਼ ਰਾਏ ਕੁਲਰੀਆਂ

ਇਸ ਸਾਲ ਪੰਜਾਬੀ ਸਾਹਿਤਕ ਖੇਤਰ ਵਿਚ ਮਿੰਨੀ ਕਹਾਣੀ ਵਿਧਾ ਵਿਚ ਜਿੱਥੇ ਜ਼ਿਕਰਯੋਗ ਕੰਮ ਹੋਏ, ਉੱਥੇ ਇਸ ਵਿਧਾ ਨੇ ਨਵੇਂ ਲੇਖਕਾਂ ਦੀਆਂ ਕਿਤਾਬਾਂ ਨੇ ਪਾਠਕਾਂ ਦਾ ਧਿਆਨ ਖਿੱਚਿਆ। ਸਾਲ ਵਿਚ ਛਪੀਆਂ ਕੁੱਲ ਕਿਤਾਬਾਂ ਵਿਚੋਂ ਅੱਧ ਤੋਂ ਜ਼ਿਆਦਾ ਨਵੇਂ ਲੇਖਕਾਂ ਦੇ ਪਲੇਠੇ ਸੰਗ੍ਰਹਿ ਪ੍ਰਕਾਸ਼ਤ ਹੋਏ, ਜੋ ਵਿਧਾ ਲਈ ਸ਼ੁਭ ਸ਼ਗਨ ਸਮਝਿਆ ਜਾਣਾ ਚਾਹੀਦਾ ਹੈ।

ਸੁਰਿੰਦਰ ਕੈਲੇ ਪੰਜਾਬੀ ਮਿੰਨੀ ਕਹਾਣੀ ਦੇ ਪ੍ਰਮੁੱਖ ਹਸਤਾਖਰ ਹਨ। ਇਨ੍ਹਾ ਦਾ ਇਸ ਸਾਲ ਪੰਜਵਾਂ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਚੁੱਪ ਦਾ ਸੰਨਾਟਾ' ਪ੍ਰਕਾਸ਼ਤ ਹੋਇਆ ਹੈ। ਇਸ ਪੁਸਤਕ ਵਿਚ ਸੁਰਿੰਦਰ ਕੈਲੇ ਦੇ ਮਿੰਨੀ ਕਹਾਣੀ ਲੇਖਨ ਵਿਚ ਸਮੇਂ ਦੇ ਹਿਸਾਬ ਨਾਲ ਆਏ ਬਦਲਾਵਾਂ ਨੂੰ ਬਾਖੂਬੀ ਦੇਖਿਆ ਜਾ ਸਕਦਾ ਹੈ। ਉਹ ਭਾਵੇਂ ਵਿਸ਼ਾ ਪੱਖ ਹੋਵੇ ਜਾਂ ਰੂਪਕ ਪੱਖ। ਮਿੰਨੀ ਕਹਾਣੀ ਲਈ ਬਣਾਈਆਂ ਕਈ ਧਾਰਨਾਵਾਂ ਦੀ ਮਿੱਥ ਨੂੰ ਜੇ ਕੁਝ ਲੇਖਕਾਂ ਨੇ ਤੋੜਿਆ ਹੈ ਤਾਂ ਉਸ ਵਿਚ ਕੈਲੇ ਦਾ ਨਾਂਅ ਵੀ ਸ਼ਾਮਲ ਹੈ।




ਵਰਤਮਾਨ ਸਮੇਂ ਵਿਚ ਜੇਕਰ ਪੰਜਾਬੀ ਮਿੰਨੀ ਕਹਾਣੀ ਦੇ ਕੁਝ ਚੰਗੇ ਲੇਖਕਾਂ ਦੀ ਗੱਲ ਕਰਨੀ ਹੋਵੇ ਤਾਂ ਗੁਰਮੀਤ ਸਿੰਘ ਮਰ੍ਹਾੜ ਦਾ ਨਾਂਅ ਲਿਆ ਜਾ ਸਕਦਾ ਹੈ। ਇਸ ਸਾਲ ਇਨ੍ਹਾਂ ਦਾ ਦੂਜਾ ਮਿੰਨੀ ਕਹਾਣੀ ਸੰਗ੍ਰਹਿ 'ਭੁੱਖ ਵੱਡੀ ਹੈ' ਛਪਿਆ ਹੈ। ਮਰ੍ਹਾੜ ਦੀਆਂ ਮਿੰਨੀ ਕਹਾਣੀਆਂ ਵਿਚੋਂ ਵਿਸ਼ੇਸ਼ ਤੌਰ ਤੇ 'ਦੁਰਗਾਵਤੀ', 'ਫੋਰਥ ਜੈਂਡਰ', 'ਧੁੰਦ ਵਿਚਲਾ ਆਦਮੀ', 'ਫਲੇਅਰ' ਆਦਿ ਸਮਾਜ ਦੀਆਂ ਤਲਖ਼-ਹਕੀਕਤਾਂ ਦਾ ਵਰਨਣ ਕਰਦੀਆਂ ਹਨ। ਦੇਸ਼ ਵਿਚਲੇ ਅਸਹਿਣਸ਼ੀਲਤਾ ਦੇ ਮਾਹੌਲ ਅਤੇ ਲੇਖਕਾਂ ਦੀ ਆਵਾਜ਼ ਬੰਦ ਕਰਨ ਦੇ ਮਨਸੂਬਿਆਂ 'ਤੇ ਉਂਗਲ ਧਰਦੀ ਮਿੰਨੀ ਕਹਾਣੀ 'ਨਾਮ ਕੀ ਹੋਵੇ' ਧਿਆਨ ਖਿੱਚਦੀ ਹੈ।

ਪਿਛਲੇ ਸਾਲ ਡਾ. ਕੁਲਦੀਪ ਸਿੰਘ ਵੱਲੋਂ ਸੰਪਾਦਿਤ ਪੁਸਤਕ 'ਮਿੰਨੀ ਕਥਾਵਾਂ ਦੇ ਅੰਗ-ਸੰਗ' ਜਿਸ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਨੇ ਆਪਣੇ ਐੱਮ ਏ ਪੰਜਾਬੀ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਸੀ।

ਮੰਗਤ ਕੁਲਜਿੰਦ ਨੇ ਇਸ ਸਾਲ 'ਐਮਬਾਮਿੰਗ' ਪੁਸਤਕ ਨਾਲ ਹਾਜ਼ਰੀ ਲਵਾਈ ਹੈ। ਇਸ ਤੋਂ ਪਹਿਲਾਂ ਵੀ ਇਨ੍ਹਾਂ ਦਾ ਇਕ ਮਿੰਨੀ ਸੰਗ੍ਰਹਿ ਛਪ ਚੁੱਕਿਆ ਹੈ। ਕੁਲਜਿੰਦ ਦੀਆਂ ਮਿੰਨੀ ਕਹਾਣੀਆਂ ਵਿਸ਼ਵੀਕਰਨ ਦੇ ਦੌਰ ਵਿਚਲੇ ਨਿਵੇਕਲੇ ਵਿਸ਼ਿਆਂ 'ਤੇ ਕੇਂਦਰਤ ਹਨ। ਉਹ ਰਿਵਾਇਤੀ ਵਿਸ਼ੇ ਚੁਣਨ ਦੀ ਥਾਂ ਨਵੇਂ ਅਤੇ ਵਿਗਿਆਨਕ ਸੋਚ ਵਾਲੇ ਵਿਸ਼ਿਆਂ 'ਤੇ ਕਲਮ ਚਲਾਉਣ ਨੂੰ ਪਹਿਲ ਦਿੰਦਾ ਹੈ।

'ਚਾਨਣ ਵੰਡਦੇ ਜੁਗਨੂੰ' ਸਾਹਿਤਕ ਸੱਥ ਖਰੜ (ਮੁਹਾਲੀ) ਵੱਲੋਂ ਸੰਪਾਦਿਤ ਕੀਤਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਹ ਇਸ ਸੰਸਥਾ ਦਾ ਸਾਂਝਾ ਉਪਰਾਲਾ ਹੈ, ਜਿਸ ਜ਼ਰੀਏ ਇਹ ਕਿਤਾਬ ਸੰਪਾਦਤ ਕੀਤੀ ਗਈ ਹੈ। ਕਿਤਾਬ ਵਿਚ 39 ਨਵੇਂ-ਪੁਰਾਣੇ ਲੇਖਕਾਂ ਦੀਆਂ 78 ਮਿੰਨੀ ਕਹਾਣੀਆਂ ਸ਼ਾਮਲ ਹਨ। ਸੰਪਾਦਿਤ ਪੁਸਤਕ ਵਿਚ ਆਮ ਤੌਰ ਦੇਖਿਆ ਜਾਂਦਾ ਹੈ ਕਿ ਲੇਖਕ ਆਪਣੀਆਂ ਚੋਣਵੀਆਂ ਜਾਂ ਚਰਚਿਤ ਮਿੰਨੀ ਕਹਾਣੀਆਂ ਹੀ ਭੇਜਦੇ ਹਨ। ਇਹ ਪੁਸਤਕ ਦੀਆਂ ਰਚਨਾਵਾਂ ਨੂੰ ਪੜ੍ਹਦੇ ਹੋਏ ਵੀ ਮਹਿਸੂਸ ਹੁੰਦਾ ਹੈ। ਪੁਸਤਕ ਵਿਚ ਡਾ. ਨਾਇਬ ਸਿੰਘ ਮੰਡੇਰ, ਡਾ. ਹਰਨੇਕ ਸਿੰਘ ਕਲੇਰ, ਡਾ. ਹਰਪ੍ਰੀਤ ਸਿੰਘ ਰਾਣਾ, ਡਾ. ਬਲਦੇਵ ਸਿੰਘ ਖਹਿਰਾ, ਕਰਮਵੀਰ ਸੂਰੀ, ਦਵਿੰਦਰ ਪਟਿਆਲਵੀ, ਰਘਬੀਰ ਸਿੰਘ ਮਹਿਮੀ, ਜਗਦੀਸ਼ ਰਾਏ ਕੁਲਰੀਆਂ, ਜਸਵਿੰਦਰ ਸਿੰਘ ਕਾਈਨੌਰ, ਬਹਾਦਰ ਸਿੰਘ ਗੋਸਲ, ਤਰਸੇਮ ਸਿੰਘ ਭੰਗੂ ਆਦਿ ਵਰਗੇ ਚਰਚਿਤ ਅਤੇ ਪ੍ਰਮੁੱਖ ਹਸਤਾਖਰਾਂ ਦੀਆਂ ਰਚਨਾਵਾਂ ਸ਼ਾਮਲ ਹਨ। ਇਸ ਪੁਸਤਕ ਦੀਆਂ ਰਚਨਾਵਾਂ ਦੇ ਵਿਸ਼ੇ ਵੰਨ-ਸੁਵੰਨੇ ਅਤੇ ਮੌਜੂਦਾ ਸਮੇਂ ਵਿਚ ਲਿਖੀ ਜਾ ਰਹੀ ਮਿੰਨੀ ਕਹਾਣੀ ਦੀ ਤਸਵੀਰ ਪੇਸ਼ ਕਰਦੇ ਹਨ।

ਮਹਿੰਦਰ ਸਿੰਘ ਮਾਨ ਨੇ 'ਨਿਰਮੋਹੇ' ਪੁਸਤਕ ਜ਼ਰੀਏ ਦਸਤਕ ਦਿੱਤੀ ਹੈ। ਮਹਿੰਦਰ ਸਿੰਘ ਮਾਨ ਆਪਣੇ ਆਲੇ-ਦੁਆਲੇ ਸਮਾਜ ਵਿਚ ਵਾਪਰਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਰਚਨਾਵਾਂ ਦਾ ਅਧਾਰ ਬਣਾਉਂਦਾ ਹੈ। ਮਨੁੱਖ ਦੀ ਕਹਿਣੀ ਤੇ ਕਰਨੀ ਵਿਚਲਾ ਫ਼ਰਕ ਅਤੇ ਦੋਗਲੀ ਸੋਚ ਵਰਗੀਆਂ ਗੱਲਾਂ ਇਸ ਪੁਸਤਕ ਦੀਆਂ ਰਚਨਾਵਾਂ ਵਿਚੋਂ ਸਾਹਮਣੇ ਆਉਂਦੀਆਂ ਹਨ।




ਪਿਛਲੇ ਕੁਝ ਅਰਸੇ ਤੋਂ ਪੰਜਾਬੀ ਮਿੰਨੀ ਵਿਚ ਕੁਝ ਨਵੇਂ ਨਾਂਅ ਸ਼ਾਮਲ ਹੋ ਰਹੇ ਹਨ ਅਤੇ ਉਹ ਕਿਤਾਬੀ ਰੂਪ ਵਿਚ ਵੀ ਪਾਠਕਾਂ ਦੇ ਸਨਮੁੱਖ ਹੋ ਰਹੇ ਹਨ। ਜਿੱਥੇ ਇਹ ਗੱਲ ਮਿੰਨੀ ਕਹਾਣੀ ਲਈ ਚੰਗਾ ਸੰਕੇਤ ਹੈ, ਉਥੇ ਹੀ ਇਸ ਦੇ ਮਿਆਰ ਨੂੰ ਵਿਧਾ ਦੇ ਮਾਪਦੰਡਾਂ ਅਨੁਸਾਰ ਕਾਇਮ ਰੱਖਣਾ ਹੋਰ ਵੀ ਚੁਣੌਤੀਪੂਰਨ ਹੋ ਜਾਂਦਾ ਹੈ।

'ਬੰਦੇ ਦਾ ਮੁੱਲ' ਡਾ. ਕੇਵਲ ਸਿੰਘ ਨਵਾਂਸ਼ਹਿਰ ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਦੀਆਂ ਰਚਨਾਵਾਂ ਸਮਾਜ ਦੇ ਵਿਭਿੰਨ ਪਹਿਲੂਆਂ ਅਤੇ ਮਨੁੱਖੀ ਦਵੰਦ ਨੂੰ ਸਾਹਮਣੇ ਲਿਆਉਂਦੀਆਂ ਹਨ। ਡਾ. ਕੇਵਲ ਆਪਣੀਆਂ ਰਚਨਾਵਾਂ ਵਿਚ ਵੱਖ-ਵੱਖ ਵਿਸ਼ਿਆਂ ਨੂੰ ਛੂੰਹਦਾ ਹੋਇਆ ਇਕ ਚੰਗੇ ਸਮਾਜ ਸਿਰਜਣ ਦਾ ਹੋਕਾ ਦੇਣ ਦੀ ਕੋਸ਼ਿਸ਼ ਕਰਦਾ ਹੈ। ਰਚਨਾਵਾਂ ਦੀ ਸੰਵਾਦ ਸ਼ੈਲੀ ਧਿਆਨ ਖਿੱਚਦੀ ਹੈ, ਪਰ ਕਿਤੇ-ਕਿਤੇ ਸਪਾਟ ਬਿਆਨੀ ਵੀ ਹੈ।

ਸ਼ੌਕੀਨ ਸਿੰਘ, ਪੰਜਾਬੀ ਮਿੰਨੀ ਕਹਾਣੀ ਦਾ ਨਵ ਹਸਤਾਖ਼ਰ ਹੈ। ਉਸ ਕੋਲ ਕਹਾਣੀ ਦੇ ਮਾਧਿਅਮ ਰਾਹੀਂ ਕਹਿਣ ਲਈ ਬਹੁਤ ਕੁਝ ਹੈ। ਇਸ ਕਰਕੇ ਉਸ ਦੀਆਂ ਰਚਨਾਵਾਂ ਦੀ ਸ਼ੈਲੀ ਅਤੇ ਵਿਸ਼ੇ ਵੀ ਵੱਖਰੀ ਭਾਂਤ ਦੇ ਹਨ, ਜੋ ਪਾਠਕ ਨੂੰ ਪ੍ਰਭਾਵਤ ਕਰਦੇ ਹਨ। ਇਸ ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ 'ਯਾਦਾਂ ਦੀ ਕਿਣਮਿਣ' ਛਪ ਕੇ ਆਇਆ ਹੈ। ਇਸ ਪੁਸਤਕ ਵਿਚਲੀਆਂ ਰਚਨਾਵਾਂ ਇਕਹਿਰੀ ਘਟਨਾ ਜਾਂ ਇਕ ਵਿਸ਼ੇ 'ਤੇ ਕੇਂਦਰਤ ਨਾ ਹੋ ਕੇ ਬਹੁ ਵਿਸ਼ਿਆਂ/ਸਮੱਸਿਆਵਾਂ ਨੂੰ ਆਪਣੇ ਕਲੇਵਰ ਵਿਚ ਲੈਂਦੀਆਂ ਹਨ। ਇਕ ਹੀ ਰਚਨਾ ਵਿਚ ਸਰੀਰ ਦੀ ਲੋੜ, ਯੁੱਧਾਂ ਦਾ ਵਰਣਨ, ਮਨੁੱਖ ਅੰਦਰਲੀ ਕਸ਼ਮਕਸ਼ ਦਾ ਵਰਣਨ ਮਿਲਦਾ ਹੈ। ਕਈ ਵਾਰ ਪੜ੍ਹਦੇ ਹੋਏ ਇੰਝ ਵੀ ਮਹਿਸੂਸ ਹੁੰਦਾ ਹੈ ਕਿ ਜਿਵੇਂ ਲੇਖਕ ਨੇ ਜ਼ਿਆਦਾਤਰ ਆਪਣੀਆਂ ਹੱਡਬੀਤੀਆਂ ਕਿਸ਼ਤਾਂ ਵਿਚ ਲਿਖੀਆਂ ਹਨ।

ਲਖਵਿੰਦਰ ਸਿੰਘ ਮੂਸਾ ਮਿੰਨੀ ਕਹਾਣੀ ਦੇ ਖੇਤਰ ਵਿਚ ਨਵਾਂ ਨਾਂਅ ਹੈ। ਇਨ੍ਹਾ 'ਸ਼ਤਰੰਜ ਤੇ ਜ਼ਿੰਦਗੀ' ਆਪਣੇ ਪਲੇਠੇ ਮਿੰਨੀ ਕਹਾਣੀ ਸੰਗ੍ਰਹਿ ਨਾਲ ਇਸ ਖੇਤਰ ਵਿਚ ਦਸਤਕ ਦਿਤੀ ਹੈ। ਪੁਸਤਕ ਵਿਚਲੀਆਂ ਰਚਨਾਵਾਂ ਵਿਚ ਕਥਾਰਸ ਕਮਾਲ ਦਾ ਹੈ। ਸੰਵਾਦ ਸ਼ੈਲੀ ਧਿਆਨ ਖਿੱਚਦੀ ਹੈ। ਰਚਨਾਵਾਂ ਆਮ ਮਨੁੱਖ ਦੀਆਂ ਬਾਤ ਪਾਉਂਦੀਆਂ ਹਨ ਅਤੇ ਜ਼ਮੀਨ ਨਾਲ ਜੁੜੀਆਂ ਪ੍ਰਤੀਤ ਹੁੰਦੀਆਂ ਹਨ। ਪੂਰਾ ਸੰਗ੍ਰਹਿ ਪੜ੍ਹਨ ਤੋਂ ਬਾਅਦ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਮੂਸਾ ਦੀਆਂ ਕਈ ਰਚਨਾਵਾਂ ਮਿੰਨੀ ਕਹਾਣੀ ਦੇ ਨਿਰਧਾਰਤ ਚੌਖਟੇ ਤੋਂ ਪਾਰ ਜਾ ਕੇ ਨਿੱਕੀ ਹੁਨਰੀ ਕਹਾਣੀ ਦੇ ਬਰਾਬਰ ਪਰ ਤੋਲਦੀਆਂ ਹਨ।

ਸੁਰਿੰਦਰਦੀਪ ਪੰਜਾਬੀ ਮਿੰਨੀ ਕਹਾਣੀ ਦੀ ਚਰਚਿਤ ਹਸਤਾਖਰ ਹੈ। ਇਸ ਸਾਲ ਇਨ੍ਹਾਂ ਦਾ ਦੂਸਰਾ ਮਿੰਨੀ ਕਹਾਣੀ ਸੰਗ੍ਰਹਿ 'ਜੀਵਨ ਅਸੀਸ' ਛਪ ਕੇ ਆਇਆ ਹੈ। ਸੁਰਿੰਦਰਦੀਪ ਦੀਆਂ ਮਿੰਨੀ ਕਹਾਣੀਆਂ ਜ਼ਿੰਦਗੀ ਦੇ ਯਥਾਰਥ ਨਾਲ ਵਾਬਸਤਾ ਹਨ ਅਤੇ ਉਹ ਆਪਣੀਆਂ ਰਚਨਾਵਾਂ ਵਿਚ ਮਨੁੱਖ ਦੇ ਨੈਤਿਕ ਕਦਰਾਂ-ਕੀਮਤਾਂ ਤੋਂ ਬੇਮੁੱਖ ਹੋਣ ਦੀ ਗੱਲ ਕਰਦੀ ਹੈ।

'ਸ਼ਬਦਾਂ ਦੇ ਘੇਰੇ' ਕੈਲਾਸ਼ ਠਾਕੁਰ ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਕੈਲਾਸ਼ ਠਾਕੁਰ ਨੇ ਮਿੰਨੀ ਕਹਾਣੀ ਨੂੰ ਸ਼ੁਗਲ ਸਮਝ ਕੇ ਨਹੀਂ ਅਪਣਾਇਆ, ਸਗੋਂ ਮਿੰਨੀ ਕਹਾਣੀ ਵਿਧਾ ਨੂੰ ਸਮਝ ਕੇ ਸ਼ਿੱਦਤ ਨਾਲ ਅਪਣਾਇਆ ਹੈ, ਜਿਸ ਕਾਰਨ ਇਨ੍ਹਾਂ ਦੀਆਂ ਰਚਨਾਵਾਂ ਪ੍ਰਭਾਵ ਛੱਡਦੀਆਂ ਹਨ। ਇਨ੍ਹਾਂ ਦੀਆਂ ਰਚਨਾਵਾਂ ਦੇ 'ਸ਼ਬਦਾਂ ਦੇ ਘੇਰੇ' ਸਮਾਜ ਵਿਚ ਫੈਲੀਆਂ ਵਿਸਗੰਤੀਆਂ, ਮਨੁੱਖ ਦੀ ਹੋਣੀ, ਔਰਤ ਦਾ ਦਰਦ, ਕਿਰਸਾਨੀ ਦੀ ਦੁਰਦਸ਼ਾ, ਮਨੁੱਖ ਦੇ ਅੰਤਰੀਵ ਮਨੋਭਾਵਾਂ ਦੀ ਸੂਖ਼ਮ ਬਿਰਤਾਂਤਕਾਰੀ, ਸਮਕਾਲੀ ਯਥਾਰਥ ਅਤੇ ਵਿਸ਼ਵੀ ਸਰੋਕਾਰਾਂ ਨੂੰ ਆਪਣੇ ਕਲੇਵੇ ਵਿਚ ਲੈ ਕੇ ਸੰਵਾਦ ਰਚਾਉਂਦੇ ਹਨ।




ਪੁਨੀਤ ਗੁਪਤਾ ਵੀ ਲਗਾਤਾਰ ਮਿੰਨੀ ਕਹਾਣੀ ਲੇਖਨ ਵਿਚ ਸਰਗਰਮ ਹੈ। ਇਸ ਸਾਲ ਉਸ ਦਾ ਦੂਸਰਾ ਸੰਗ੍ਰਹਿ 'ਸੰਜੀਵਨੀ' ਛਪ ਕੇ ਆਇਆ ਹੈ। ਗੁਪਤਾ ਦੀਆਂ ਮਿੰਨੀ ਕਹਾਣੀਆਂ ਮਨੁੱਖੀ ਮਾਨਸਿਕਤਾ ਨੂੰ ਫੜਨ ਦੀ ਸਾਰਥਿਕ ਕੋਸ਼ਿਸ਼ ਕਰਦੀਆਂ ਹਨ।

ਜੋਗਿੰਦਰ ਕੌਰ ਅਗਨੀਹੋਤਰੀ ਦਾ ਨਾਵਲ, ਕਹਾਣੀ ਵਿਚ ਚੰਗਾ ਨਾਂਅ ਹੈ, ਇਸ ਸਾਲ ਮਿੰਨੀ ਕਹਾਣੀ ਦੇ ਖੇਤਰ ਵਿਚ ਉਨ੍ਹਾ ਦਾ ਪਲੇਠਾ ਸੰਗ੍ਰਹਿ 'ਮਿੰਨੀ' ਦੇ ਨਾਂਅ ਨਾਲ ਛਪ ਕੇ ਆਇਆ ਹੈ। ਅਗਨੀਹੋਤਰੀ ਦੇ ਵਿਸ਼ੇ ਸਮਕਾਲ ਦੀ ਗਾਥਾ ਪਾਉਂਦੇ ਹਨ ਅਤੇ ਪਾਠਕ ਦਾ ਧਿਆਨ ਖਿੱਚਦੇ ਹਨ। ਕਿਤਾਬ ਦਾ ਨਾਂ 'ਮਿੰਨੀ' ਮੈਗਜ਼ੀਨ ਦਾ ਭੁਲੇਖਾ ਪਾਉਂਦਾ ਹੈ, ਕਿਉਂਕਿ ਇਸ ਨਾਂਅ ਦਾ ਮੈਗਜ਼ੀਨ ਲੰਮੇ ਸਮੇਂ ਤੋਂ ਛਪ ਰਿਹਾ ਹੈ।

ਇਸ ਤੋਂ ਇਲਾਵਾ ਨੀਲ ਕਮਲ ਰਾਣਾ ਦਾ 'ਰਿੱਝਦੇ ਸਵਾਲ', ਕੁਲਵਿੰਦਰ ਸਿੰਘ ਮਲੋਟ ਦਾ 'ਛਿਲਤਰਾਂ', ਮਨਜੀਤ ਕੌਰ ਅੰਬਾਲਵੀ ਦਾ 'ਸਿੱਲ੍ਹੀਆਂ ਅੱਖਾਂ' ਅਤੇ ਮਨਜੀਤ ਕੌਰ ਧੀਮਾਨ ਦਾ 'ਸਫ਼ਰ ਏ ਮੰਜ਼ਿਲ' ਨਾਂਅ ਦੇ ਸੰਗ੍ਰਹਿ ਸਾਡੇ ਸਾਹਮਣੇ ਆਉਂਦੇ ਹਨ। ਨਵੇਂ ਲੇਖਕਾਂ ਦੀਆਂ ਪੁਸਤਕਾਂ ਨੂੰ ਪੜ੍ਹ ਕੇ ਜਿੱਥੇ ਚੰਗੇ ਭਵਿੱਖ ਦੀ ਆਸ ਬੱਝਦੀ ਹੈ, ਉੱਥੇ ਇਸ ਵਿਧਾ ਨੂੰ ਇਸ ਦੇ ਵਿਧਾਨਕ ਢਾਂਚੇ ਵਾਂਗ ਸਮਝ ਕੇ ਲਿਖਣਾ ਵੀ ਇਕ ਵੱਡੀ ਚੁਣੌਤੀ ਹੈ। ਮਿੰਨੀ ਕਹਾਣੀ ਲਿਖਣਾ ਏਨਾ ਔਖਾ ਨਹੀਂ, ਜਿੰਨਾ ਇਸ ਨੂੰ ਇਸ ਦੇ ਵਿਧਾਨਕ ਮਿਆਰਾਂ ਅਨੁਸਾਰ ਸਮਝ ਕੇ ਲਿਖਣਾ ਹੈ।




ਇਸ ਅਰਸੇ ਦੌਰਾਨ ਪੰਜਾਬੀ ਮਿੰਨੀ ਕਹਾਣੀ 'ਤੇ ਪਹਿਲੇ ਪੀ ਐੱਚ ਡੀ ਕਰਨ ਵਾਲੇ ਡਾ. ਨਾਇਬ ਸਿੰਘ ਮੰਡੇਰ ਦੀ ਪੁਸਤਕ 'ਦਿਲਾਂ ਦੀ ਸਾਂਝ' ਦਾ ਦੂਜਾ ਐਡੀਸ਼ਨ ਵੀ ਪ੍ਰਕਾਸਤ ਹੋਇਆ ਹੈ। ਪ੍ਰੌਢ ਮਿੰਨੀ ਕਹਾਣੀ ਲੇਖਕ ਬਿਕਰਮਜੀਤ ਨੂਰ ਦੀ ਪੁਸਤਕ 'ਕੁਝ ਨਵਾਂ' ਨੂੰ 'ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਮਿੰਨੀ ਕਹਾਣੀ ਪੁਸਤਕ ਪੁਰਸਕਾਰ-2024' ਹਾਸਿਲ ਹੋਇਆ।

ਇਸ ਸਾਲ ਵੀ ਮਿੰਨੀ ਕਹਾਣੀ ਵਿਧਾ ਦੇ ਨਿਰੋਲ ਤਿਮਾਹੀ ਪਰਚੇ 'ਮਿੰਨੀ' ਅਤੇ 'ਛਿਣ' ਸਮੇਂ ਸਿਰ ਪਹੁੰਚਦੇ ਰਹੇ। ਉੱਥੇ ਮਿੰਨੀ ਰਚਨਾਵਾਂ ਦੀ ਨਿਰੋਲ ਪੱਤ੍ਰਿਕਾ 'ਅਣੂ' ਦੇ ਨਾਲ ਹੀ 'ਸੂਲ ਸੁਰਾਹੀ', 'ਪ੍ਰਤਿਮਾਨ', 'ਸ਼ਬਦ ਤ੍ਰਿੰਝਣ', 'ਗੁਫ਼ਤਗੂ', 'ਰਣਜੀਤ', 'ਗੁਸਾਈਆਂ', 'ਆਪਣੀ ਆਵਾਜ਼', 'ਸ਼ਿਵਾਲਿਕ', 'ਮਹਿਰਮ' ਤੋਂ ਇਲਾਵਾ ਹੋਰ ਮੈਗਜ਼ੀਨ ਅਤੇ ਰੋਜ਼ਾਨਾ ਅਖ਼ਬਾਰਾਂ ਵਿਚ ਵੀ ਮਿੰਨੀ ਕਹਾਣੀਆਂ ਲਗਾਤਾਰ ਛਪਦੀਆਂ ਰਹੀਆਂ।

ਪੰਜਾਬੀ ਤੋਂ ਇਲਾਵਾ ਹਿੰਦੀ, ਨੇਪਾਲੀ, ਉੜੀਆ, ਮਰਾਠੀ, ਅੰਗਰੇਜ਼ੀ, ਹਿਮਾਚਲੀ, ਬੰਗਲਾ ਆਦਿ ਭਾਸ਼ਾਵਾਂ ਵਿਚ ਪੰਜਾਬੀ ਦੇ ਲੇਖਕਾਂ ਦੀਆਂ ਮਿੰਨੀ ਕਹਾਣੀਆਂ ਪ੍ਰਕਾਸ਼ਿਤ ਹੋਈਆਂ। ਜਗਦੀਸ਼ ਰਾਏ ਕੁਲਰੀਆਂ ਵੱਲੋਂ 'ਪੰਜਾਬੀ ਚੈਤੰਨਯ ਲਘੁਕਥਾਏਂ' ਨਾਂਅ ਦੀ ਪੁਸਤਕ ਦਾ ਅਨੁਵਾਦ ਅਤੇ ਸੰਪਾਦਨ ਵੀ ਇਸੇ ਸਾਲ ਦੌਰਾਨ ਹੋਇਆ, ਜਿਸ ਵਿਚ ਪੰਜਾਬੀ ਦੇ ਕੁੱਲ 69 ਲੇਖਕਾਂ ਦੀਆਂ ਮਿੰਨੀ ਕਹਾਣੀਆਂ ਸ਼ਾਮਿਲ ਹਨ। ਇਸੇ ਤਰ੍ਹਾਂ ਅਨਿਲ ਖਿਆਲ ਵੱਲੋਂ ਕੁਲਰੀਆਂ ਦੇ ਮਿੰਨੀ ਕਹਾਣੀ ਸੰਗ੍ਰਹਿ 'ਆਈ ਐਮ ਨਾਟ ਇਕਲਵਿਆ' ਦਾ ਕੀਤਾ ਅਨੁਵਾਦ ਵੀ ਸਾਹਮਣੇ ਆਇਆ।

ਅਜੋਕੇ ਸਮੇਂ ਵਿਚ ਪੰਜਾਬੀ ਮਿੰਨੀ ਕਹਾਣੀ ਵਿਚ ਭਾਵੇਂ ਬਹੁਤ ਲਿਖਿਆ ਜਾ ਰਿਹਾ ਹੈ, ਪਰ ਆਲੋਚਨਾਤਮਕ ਕੰਮ ਦੀ ਸਥਿਤੀ ਜ਼ਿਆਦਾ ਵਧੀਆ ਨਹੀਂ। ਹਾਂ, ਏਨਾ ਜ਼ਰੂਰ ਹੈ ਕਿ ਪਿਛਲੇ ਸਾਲਾਂ ਦੌਰਾਨ ਕੁਝ ਨਵੇਂ ਆਲੋਚਕ ਵਿਧਾ ਨਾਲ ਜੁੜੇ ਤਾਂ ਜ਼ਰੂਰ ਹਨ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਆਉਣ ਵਾਲੇ ਸਮੇਂ ਵਿਚ ਸਾਨੂੰ ਦਿਸਣਗੀਆ। ਇਹ ਸਾਰਾ ਕੁਝ ਵਿਧਾ ਲਈ ਤਾਂ ਤਸੱਲੀਬਖ਼ਸ਼ ਹੋ ਸਕਦਾ ਹੈ, ਪਰ ਇਸ ਦੇ ਲੇਖਕਾਂ ਨੂੰ ਹੋਰ ਵਧੇਰੇ ਮਿਹਨਤ ਕਰਨ ਤੇ ਪ੍ਰਤੀਬੱਧਤਾ ਨਾਲ ਜੁੜਨ ਦੀ ਜ਼ਰੂਰਤ ਹੈ, ਕਿਉਂਕਿ ਮਿੰਨੀ ਕਹਾਣੀ ਲਿਖਣਾ ਅਸਾਨ ਨਹੀਂ, ਬਲਕਿ ਸ਼ਬਦਾਂ ਨੂੰ ਸੂਈ ਦੇ ਨੱਕੇ ਵਿਚੋਂ ਲੰਘਾਉਣ ਵਾਂਗ ਹੈ।

*ਸੰਪਰਕ : 95018-77033*

ਸਫ਼ਾ 5 ਦੀ ਬਾਕੀ

## ਇਤਿਹਾਸ ਪ੍ਰਤੀ ਰੁਦਨ ਤੇ ਸਮਾਜਿਕ ਫਿਕਰਮੰਦੀ ...

ਬਿਰਤਾਂਤ ਸਿਰਜਿਆ ਹੈ। ਰਾਖਸ਼ਾ ਰਾਣੀ ਦਾ ਬਿਰਤਾਂਤ ਨਾਵਲ 'ਚ ਲਕੀਰੀ ਜੁਗਤ ਰਾਹੀਂ ਫੈਲਦਾ ਹੈ। ਪੰਜਾਬ ਦੇ ਲਹੂ ਲੁਹਾਣ ਦੀ ਗਾਥਾ ਬਿਆਨ ਕਰਦਾ ਨਾਵਲਕਾਰ ਅਖ਼ਬਾਰੀ ਸੂਚਨਾ ਦੇਣ ਲੱਗ ਪੈਂਦਾ ਹੈ। ਹਰਕੀਰਤ ਕੌਰ ਚਹਿਲ ਦਾ ਨਾਵਲ 'ਸੁੱਖਾ ਲੱਧੀ ਪੌਣ' ਵਿੱਚ ਪੁਰਾਣੇ ਪੰਜਾਬ ਦੇ ਸੱਭਿਆਚਾਰਕ ਵੇਰਵੇ ਮਿਲਦੇ ਹਨ। ਰਿਸ਼ਤਾ ਨਾਤਾ ਪ੍ਰਬੰਧ ਜਗੀਰੂ ਮਾਨਸਿਕਤਾ ਦੇ ਵੇਰਵੇ ਨਾਵਲ 'ਚ ਸਾਂਝ ਦੇ ਪ੍ਰਸੰਗ 'ਚ ਉਭਰਦੇ ਹਨ। ਨਵੇਂ ਨਾਵਲਕਾਰ ਇਕਬਾਲ ਜਹਾਜ਼ੀ (ਛੇਵੀਂ ਫੇਲ੍ਹ) ਦਾ ਪਲੇਠਾ ਨਾਵਲ 'ਗੁਲਾਮ' ਵੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿੱਚ ਸਫ਼ਲ ਹੋਇਆ ਹੈ। 'ਧੁਆਂਖੀਆਂ ਲਗਰਾਂ' ਵਜੀਰ ਸਿੰਘ ਦਾ ਨਾਵਲ ਵੀ ਇਸ ਸਾਲ ਛਪਿਆ ਹੈ।

ਪੰਜਾਬੀ ਨਾਵਲ ਦੀ ਮੁੱਖ ਧਾਰਾ ਬਿਰਤਾਂਤਕਾਰੀ ਦੇ ਸਮਾਨਅੰਤਰ ਮੁਕਾਬਲਤਨ ਘੱਟ ਚਰਚਿਤ ਨਾਵਲਾਂ ਦਾ ਵੀ ਆਪਣਾ ਮੁਕਾਮ ਹੁੰਦਾ ਹੈ। ਇਹ ਨਾਵਲ ਚਲੰਤ ਮੁੱਦਿਆਂ ਪ੍ਰਤੀ ਚਿੰਤਾ ਕੇਂਦਰਤ ਬਿਰਤਾਂਤ ਦ੍ਰਿਸ਼ਟੀ ਵਾਲੇ ਹਨ। ਇਹ ਨਾਵਲੀ ਪਰੰਪਰਾ ਰਵਾਇਤੀ ਨਾਵਲ ਨਿਗਾਰੀ ਦੀ ਯਾਦ ਤਾਜ਼ਾ ਕਰਨ ਵਾਲੀ ਹੈ, ਜਿੱਥੇ ਲੇਖਕ ਵੱਲੋਂ ਆਪਣੀ ਮਨੋਰਥ ਪ੍ਰਧਾਨ ਬਿਰਤਾਂਤਕਾਰੀ ਨਾਲ ਕੁੱਝ ਪਰਿਚਿਤ ਪ੍ਰਤਿਮਾਨਾਂ ਨੂੰ ਦ੍ਰਿੜ੍ਹਤਾ ਦੇਣ ਵਾਲੇ ਪੈਗੰਬਰੀ ਬੋਲਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਬਾਬੂ ਸਿੰਘ ਬਰਾੜ ਦਾ ਨਾਵਲ 'ਆਤਮ ਹੱਤਿਆ' ਸੰਕਟਸ਼ੀਲ ਖੇਤੀ ਅਰਥਚਾਰੇ ਨਾਲ ਕਿਸਾਨੀ ਜੀਵਨ ਵਿੱਚ ਆਉਂਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਦਾ ਹੈ। ਲੇਖਕ ਗੁਰਜੰਟ ਸਿੰਘ ਵਰਗੇ ਕਿਸਾਨਾਂ ਦੀ ਖੁਦਕੁਸ਼ੀ ਵਿੱਚ ਸਰਕਾਰ ਦੀਆਂ ਖੇਤੀ ਵਿਰੋਧੀ ਨੀਤੀਆਂ, ਹਰੀ ਕ੍ਰਾਂਤੀ ਦੀ ਭਿਆਨਕਤਾ, ਕਿਸਾਨੀ ਸੰਸਕ੍ਰਿਤੀ ਦੇ ਸਬਰ-ਸੰਤੋਖੀ ਜੀਵਨ ਵਿੱਚ ਆਈਆਂ ਉਪਭੋਗੀ ਰੁਚੀਆਂ ਨੂੰ ਜ਼ਿੰਮੇਵਾਰ ਦੱਸਦਾ ਹੈ। ਪੰਜਾਬ ਦੇ ਚਲੰਤ ਮਸਲਿਆਂ ਪ੍ਰਤੀ ਚਿੰਤਾ ਕੇਂਦਰਤ ਨੀਝ ਦਾ ਪ੍ਰਗਟਾਵਾ ਵਜ਼ੀਰ ਸਿੰਘ ਰੰਧਾਵਾ ਦੇ ਨਾਵਲ 'ਧੁਆਂਖੀਆਂ ਲਗਰਾਂ' ਵਿੱਚ ਪੇਸ਼ ਹੈ। ਪੰਜਾਬ ਅੰਦਰ ਨਸ਼ੇਖੋਰੀ ਦੇ ਵਧਦੇ ਰੁਝਾਨਾਂ ਤੋਂ ਪੈਦਾ ਪਰਵਾਰਕ ਤੇ ਸਮਾਜਿਕ ਸੰਕਟਾਂ ਦੀ ਪੇਸ਼ਕਾਰੀ ਨਾਵਲ ਦੇ ਕੇਂਦਰ ਵਿੱਚ ਹੈ। ਲੇਖਕ ਸਮਾਜ ਵਿੱਚ ਫੈਲੀ ਨਸ਼ੇਖੋਰੀ ਦੀ ਸਮੱਸਿਆ ਪਿੱਛੇ ਕਾਰਜਸ਼ੀਲ ਰਾਜਨੀਤਕ ਧਿਰਾਂ, ਪੁਲਸ ਅਤੇ ਡਰੱਗ ਮਾਫੀਆ ਦੇ ਗਠਜੋੜ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਾ ਹੈ। ਨਾਵਲ ਦੀ ਜੁਝਾਰੂ ਨਾਰੀ ਪਾਤਰ ਕਿਰਨ ਲੇਖਕ ਦੀ ਕਥਾ ਦ੍ਰਿਸ਼ਟੀ ਦੀ ਵਾਹਕ ਹੈ, ਜਿਹੜੀ ਨਸ਼ੇਖੋਰੀ ਨਾਲ ਜੁੜੀਆਂ ਚੁਗਿਰਦੇ ਦੀਆਂ ਤਮਾਮ ਬੇਤਰਤੀਬੀਆਂ ਵਿਰੁੱਧ ਲਾਮਬੰਦ ਰਹਿ ਕੇ ਲੋਕ ਜਸ ਖੱਟਦੀ ਹੈ। ਸੁਰਿੰਦਰ ਕੌਰ ਸੈਣੀ ਦਾ ਨਾਵਲ 'ਮੇਰੇ ਮਹਿਰਮਾ' ਵਿੱਚ ਦੰਪਤੀ ਜੀਵਨ ਅੰਦਰਲੇ ਪਿਆਰ ਭਾਵ ਅਤੇ ਵਿਛੋੜੇ ਦੀ ਸੱਲ ਨੂੰ ਪੇਸ਼ ਕਰਦਿਆਂ ਮੁੱਢਲੇ ਪੰਜਾਬੀ ਨਾਵਲ ਦੇ ਪਾਤਰਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਨਾਵਲ ਦੀ ਕੇਂਦਰੀ ਪਾਤਰ ਡਾ. ਗੁਰਜੋਤ ਦਾ ਪਤੀ ਕੰਵਲਜੀਤ ਕਾਰਗਿਲ ਯੁੱਧ ਵਿੱਚ ਸ਼ਹੀਦ ਹੋ ਜਾਂਦਾ ਹੈ, ਜਿਸ ਦੀ ਦੇਸ਼ ਪ੍ਰਤੀ ਸਿਦਕ ਤੇ ਸਮਰਪਿਤ ਦੀ ਭਾਵਨਾ ਨੂੰ ਸਦੀਵੀ ਰੱਖਣ ਲਈ ਗੁਰਜੋਤ ਲੋੜਵੰਦਾਂ ਦਾ ਮੁਫ਼ਤ ਇਲਾਜ ਕਰਨਾ ਸ਼ੁਰੂ ਕਰਦੀ ਹੈ। ਫੌਜ ਦੇ ਚੀਫ ਵੱਲੋਂ ਉਸ ਨੂੰ ਆਰਮੀ ਹਸਪਤਾਲ ਵਿੱਚ ਨੌਕਰੀ ਦੇਣਾ ਤੇ ਯੁੱਧ ਵਿੱਚ ਸ਼ਹੀਦ ਫੌਜੀਆਂ ਦੇ ਇਲਾਜ ਦੌਰਾਨ ਗੁਰਜੋਤ ਦੀ ਮੌਤ ਦੇ ਗੈਰ ਯਥਾਰਥਕ ਤੇ ਫਿਲਮੀ ਲਹਿਜ਼ੇ ਵਾਲੇ ਵੇਰਵੇ ਨਾਵਲ ਦੀ ਵਾਸਤਵਿਕਤਾ ਭੰਗ ਕਰਦੇ ਹਨ। ਲੇਖਿਕਾ ਦੰਪਤੀ ਜੀਵਨ ਨੂੰ ਸਮਾਜ/ਦੇਸ਼ ਦੀ ਸੇਵਾ ਵਿੱਚ ਆਦਰਸ਼ਕ ਜੀਵਨ ਜੀਅ ਕੇ ਸਵੈ ਦੀ ਕੁਰਬਾਨੀ ਦੇਣ ਵਾਲੀ ਭਾਵਨਾ ਦੀ ਕਥਾ ਦ੍ਰਿਸ਼ਟੀ ਉਸਾਰਦੀ ਹੈ। ਆਦਰਸ਼ਵਾਦੀ ਬਿਰਤਾਂਤ ਚੇਤਨਾ ਤਹਿਤ ਇਕਵਾਕ ਸਿੰਘ ਭੱਟੀ ਦਾ ਨਾਵਲ 'ਬੇ ਮੰਜ਼ਿਲਾ ਸਫ਼ਰ' ਵੀ ਇਸੇ ਧਾਰਨਾ ਦੀ ਪ੍ਰੋੜ੍ਹਤਾ ਕਰਦਾ ਹੈ। ਨਾਵਲੀ ਕਥਾ ਵਸਤੂ ਵਿੱਚ ਮਨੁੱਖ ਦੀ ਆਦਰਸ਼ਕ ਸੋਚ ਦਾ ਸਮਾਜ ਦੇ ਖਰ੍ਹਵੇ ਯਥਾਰਥ ਦਾ ਖਹਿ ਕੇ ਅਨੇਕਾਂ ਦੁਬਿਧਾਵਾਂ ਦਾ ਸ਼ਿਕਾਰ ਹੋਣਾ ਦਰਸਾਇਆ ਹੈ। ਜਿਸ ਵਿੱਚ ਮੁੱਖ ਪਾਤਰ ਗੁਰਦਿੱਤ ਸਿੰਘ ਅਤੇ ਉਸ ਦੀ ਪਤਨੀ ਦੇ ਦੰਪਤੀ ਜੀਵਨ ਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕੀਤਾ ਹੈ। ਗੁਰਦਿੱਤ ਸਿੰਘ ਦੇ ਤਲਾਕਸ਼ੁਦਾ ਜੀਵਨ ਉਪਰੰਤ ਦੂਜੀ ਪਤਨੀ ਸਰਬਜੀਤ ਨਾਲ ਜੀਵਨ ਵੀ ਰਿਸ਼ਤਿਆਂ ਅੰਦਰਲੀਆਂ ਗਰਜਾਂ, ਖ਼ੁਦਗਰਜ਼ੀ ਅਤੇ ਫਰੇਬੀ ਮਾਹੌਲ ਦੀ ਭੇਟ ਚੜ੍ਹ ਜਾਂਦਾ ਹੈ। ਨਾਵਲਕਾਰ ਦੀ ਰੁਮਾਂਸਿਕ ਆਦਰਸ਼ਵਾਦੀ ਬਿਰਤਾਂਤ ਦ੍ਰਿਸ਼ਟੀ ਪਾਠਕਾਂ ਨੂੰ ਕੁੱਝ ਸੁਝਾਉਣ ਦੀ ਥਾਂ ਸਮਝਾਉਣ ਦੇ ਰਾਹ ਪੈ ਜਾਂਦੀ ਹੈ, ਜਿਸ ਨਾਲ ਨਾਵਲੀ ਪ੍ਰਭਾਵ ਖੰਡਿਤ ਹੁੰਦਾ ਹੈ। ਰਾਜਬੀਰ ਰੰਧਾਵਾ ਦਾ ਨਾਵਲ 'ਭਿੰਨੀ ਰੈਨੜੀਐ ਚਾਮਕਨਿ ਤਾਰੇ' ਵੀ ਰਿਸ਼ਤਿਆਂ ਦੀ ਟੁੱਟ-ਭੱਜ ਦਾ ਇਕਹਿਰਾ ਬਿਰਤਾਂਤ ਹੈ, ਜਿਸ ਵਿੱਚ ਆਵਾਸ ਤੇ ਪਰਵਾਸ ਦੇ ਮਸਲਿਆਂ ਨੂੰ ਭਾਵੁਕਤਾ ਦੀਆਂ ਛੋਹਾਂ ਦਿੱਤੀਆਂ ਹਨ। ਨਾਵਲ ਵਿੱਚ ਦੋ ਭੈਣਾਂ ਲਾਲੀ ਤੇ ਪਾਲੀ ਦਾ ਆਪਣੀ ਆਵਾਸੀ ਜੀਵਨ ਪੇਸ਼ ਕਰਦਿਆਂ ਲੇਖਿਕਾ ਨੇ ਦਿਹਾਤੀ ਸਮਾਜਿਕ ਰਹਿਤਲ ਦੀਆਂ ਰਿਸ਼ਤਿਆਂ ਪ੍ਰਤੀ ਸਹਿਹੋਂਦੀ ਬਰਕਤਾਂ ਪੇਸ਼ ਕੀਤੀਆਂ ਹਨ, ਪਰ ਜਦੋਂ ਉਕਤ ਭੈਣਾਂ ਨੂੰ ਅਮਰੀਕਾ ਵਿੱਚ ਰਹਿੰਦੇ ਆਪਣੇ ਪਿਤਾ ਬਲਵੀਰ ਤੇ ਮਤਰੇਈ ਮਾਂ ਬੀਰੀ ਨਾਲ ਰਹਿਣਾ ਪੈਂਦਾ ਹੈ ਤਾਂ ਉਨ੍ਹਾਂ ਦਾ ਜੀਵਨ ਦੁਸ਼ਵਾਰੀਆਂ ਨਾਲ ਭਰ ਜਾਂਦਾ ਹੈ। ਨਾਵਲਕਾਰਾ ਦੀ ਨਾਰੀਵਾਦੀ ਕਥਾ ਦ੍ਰਿਸ਼ਟੀ ਰਿਸ਼ਤਿਆਂ ਪ੍ਰਤੀ ਸੁਹਿਰਦਤਾ ਵਾਲੀ ਅਤੇ ਸਹਿਹੋਂਦੀ ਹੈ। ਉਪਦੇਸ਼ਨੁਮਾ ਕਥਾਕਾਰੀ ਅਤੇ ਪਾਤਰਾਂ ਦੇ ਚਿੱਟੇ ਕਾਲੇ ਸਰੂਪ ਵਾਲਾ ਇਹ ਨਾਵਲ ਵੀ ਰੁਮਾਂਸਿਕ ਕਥਾ ਦ੍ਰਿਸ਼ਟੀ ਵਾਲਾ ਹੈ, ਜਿੱਥੇ ਨਾਵਲਕਾਰ ਬਿਰਤਾਂਤ ਦੀ ਸਮੁੱਚਤਾ 'ਤੇ ਕਾਬੂ ਰੱਖਦਾ ਹੈ ਤੇ ਪਾਠ ਬਾਹਰੀਆਂ ਆਵਾਜ਼ਾਂ ਦਾ ਸ਼ੋਰ ਬਣਿਆ ਰਹਿੰਦਾ ਹੈ। ਅਮਰੀਕੀ ਜੀਵਨ ਯਥਾਰਥ ਦੀ ਕਠੋਰਤਾ ਸਮੇਤ ਭਾਰਤ ਵਰਗੇ ਦੇਸ਼ ਦੀ ਫਿਰਕਾਪ੍ਰਸਤ ਰਾਜਨੀਤੀ, ਔਰਤਾਂ ਨਾਲ ਜਬਰ-ਜ਼ਨਾਹ, ਦਲਿਤਾਂ ਦੀ ਦੁਰਦਸ਼ਾ ਸਮੇਤ ਜਾਤੀ-ਜਮਾਤੀ ਵਿਸੰਗਤੀਆਂ ਨੂੰ ਵੀ ਲੇਖਿਕਾ ਨੇ ਲਾਊਡ ਸੁਰ ਵਿੱਚ ਪੇਸ਼ ਕੀਤਾ ਹੈ। ਅਨੇਕਾਂ ਚੁਣੌਤੀਆਂ ਤੇ ਦੁਬਿਧਾਵਾਂ ਦੇ ਬਾਵਜੂਦ ਸੁਖਾਂਤਕ ਅੰਤ ਦੁਆਰਾ 'ਖੁਸ਼ੀ ਖੁਸ਼ੀ ਰਹਿਣ ਵਸਣ' ਦੀ ਸੁਰ ਵਾਲੇ ਇਸ ਨਾਵਲੀ ਕ੍ਰਿਤ ਵਾਂਗ ਹੀ ਜਿੰਗਾ ਸਿੰਘ ਦਾ ਨਾਵਲ 'ਭਾਰੀਆਂ ਪੰਡਾਂ' ਵੀ ਪ੍ਰਕਾਸ਼ਿਤ ਹੋਇਆ ਹੈ। ਇਹ ਨਾਵਲ ਦਿਹਾਤੀ ਸਮਾਜ ਵਿੱਚ ਸਾਧਨ ਵਿਹੂਣੀ ਮਿਹਨਤਕਸ਼ ਜਮਾਤ ਦੇ ਸਬਰ, ਸੰਤੋਖ ਅਤੇ ਤਹੱਮਲ ਭਰੇ ਜੀਵਨ ਪ੍ਰਤੀ ਆਸਥਾਮਈ ਭਾਵਨਾ ਵਾਲੀ ਰਚਨਾ ਹੈ। ਨਾਵਲ ਅੰਦਰ ਤੋਸ਼ੀ ਨਾਂਅ ਦੀ ਔਰਤ ਪਾਤਰ ਸਾਧਨਹੀਣ ਜਮਾਤ ਦੀ ਪ੍ਰਤੀਨਿਧ ਨਾਰੀ ਹੋਂਦ ਹੈ, ਜਿਹੜੀ ਆਰਥਿਕ ਤੇ ਸਮਾਜਿਕ ਦੁਸ਼ਵਾਰੀਆਂ ਦੇ ਬਾਵਜੂਦ ਉਦਾਤ ਜੀਵਨ ਮੁੱਲਾਂ ਦੀ ਸਲਾਮਤੀ ਲਈ ਸੰਘਰਸ਼ ਰੱਤੀ ਰਹਿੰਦੀ ਹੈ। ਤੋਸ਼ੀ ਸ਼ੋਸ਼ਣ ਦੀ ਹੱਦ ਹੰਢਾਉਂਦੀਆਂ ਰਵਾਇਤੀ ਸਮਾਜਿਕ ਮਾਨਤਾਵਾਂ ਦੀਆਂ 'ਭਾਰੀਆਂ ਪੰਡਾਂ' ਦੇ ਬੋਝ ਹੇਠਾਂ ਵੀ ਆਸ਼ਾਵਾਦੀ ਤੇ ਉਦਾਰਮੁਖੀ ਜੀਵਨ ਜੀਉਣ ਦਾ ਹਿੰਮਤੀ ਪ੍ਰਗਟਾਵਾ ਕਰਦੀ ਹੈ। ਸਰਲ ਤੇ ਸਪਾਟ ਕਥਾ ਵੇਰਵਿਆਂ ਵਾਲੀ ਇਕਹਿਰੀ ਸੁਰ ਦੀ ਬਿਰਤਾਂਤ ਕਲਾ ਵਾਲਾ ਇਹ ਨਾਵਲ ਵੀ ਸਮਾਜਿਕ ਪ੍ਰਤਿਮਾਨਾਂ ਦੇ ਸੋਚੇ-ਸਮਝੇ ਨਤੀਜਿਆਂ ਨੂੰ ਪ੍ਰਸਾਰਿਤ ਕਰਨ ਵਾਲੀ ਰਚਨਾ ਹੈ। ਮਰਦਾਵੇਂ ਪਿਤਰ ਪ੍ਰਬੰਧ ਵਿੱਚ ਨਾਰੀ ਨੂੰ ਸਬਰ, ਸਮਰਪਣ ਤੇ ਸਿਦਕ ਦੇ ਹੱਲਾਸ਼ੇਰੀ ਪ੍ਰਵਚਨ ਨਾਲ ਬੰਨ੍ਹੇ ਰੱਖਣ ਦੀ ਕਥਾ ਭਾਵਨਾ ਨਾਵਲ ਦੇ ਅਚੇਤ ਵਿੱਚ ਲੁਕੀ ਹੋਈ ਹੈ, ਜਿਸ ਦਾ ਇਕ ਪਾਸਾਰ ਰਣਬੀਰ ਕੌਰ ਰਾਣਾ ਦੇ ਨਾਵਲ 'ਮਿੱਟੀ ਜਾਗ ਪਈ' ਵਿੱਚ ਪੇਸ਼ ਹੋਇਆ ਹੈ। ਪਿੱਛਲਝਾਤ ਕਥਾ ਜੁਗਤ ਵਾਲੇ ਇਸ ਨਾਵਲ ਵਿੱਚ ਸੰਤਾਲੀ ਦੀ ਵੰਡ ਮੌਕੇ ਧਰਮ ਦੇ ਠੇਕੇਦਾਰਾਂ ਵੱਲੋਂ ਅਖੌਤੀ ਅਣਖ ਹੇਠਾਂ ਦੂਜੇ ਫਿਰਕੇ ਦੀਆਂ ਔਰਤਾਂ ਨਾਲ ਕੀਤੇ ਅਮਾਨਵੀ ਵਿਹਾਰ ਬਾਰੇ ਦੱਸਦਾ ਹੈ। ਦੇਸ਼ ਦੀ ਵੰਡ ਮੌਕੇ ਮੁਸਲਿਮ ਫਿਰਕੇ ਦੀ ਔਰਤ ਸ਼ਰੀਫ਼ਾ ਆਪਣੇ ਪਰਵਾਰ ਤੋਂ ਵਿੱਛੜ ਜਾਂਦੀ ਹੈ, ਜੋ ਕਿ ਕਰਮੇ ਦੀ ਘਰਵਾਲੀ ਬਣ ਕੇ ਆਪਣੇ ਨਵੇਂ ਸ਼ਨਾਖ਼ਤ ਨਾਂਅ ਮੁਖਤਿਆਰੋ ਅਧੀਨ ਰਹਿਣ ਲੱਗਦੀ ਹੈ। ਲੇਖਕ ਮੁਖਤਿਆਰੋ ਦੇ ਮਾਨਸਿਕ ਦਵੰਦ ਨੂੰ ਪੇਸ਼ ਕਰਦਾ ਉਸ ਦੀ ਧੀ ਜੈਬੀਰ ਦੀ ਜ਼ਿੰਦਗੀ ਦੀਆਂ ਔਕੜਾਂ ਨੂੰ ਪੇਸ਼ ਕਰਦਾ ਮਰਦਾਵੇਂ ਪਿੱਤਰ ਤੰਤਰ ਵਿੱਚ ਔਰਤ ਦੇ ਵਜੂਦ ਨੂੰ ਮਿੱਟੀ ਦੇ ਪ੍ਰਤੀਕ ਨਾਲ ਪੇਸ਼ ਕਰਦਾ ਹੈ। ਮਿੱਟੀ ਦਾ ਉਹ ਵਜੂਦ ਜਿਹੜਾ ਮਰਦਾਵੀਂ ਵਿਵਸਥਾ ਵਿੱਚ ਮਰਦ ਵੱਲੋਂ ਆਪਣੀ ਸੁੱਖ ਸੁਵਿਧਾ ਲਈ ਮਨਭਾਉਂਦੇ ਆਕਾਰ ਵਿੱਚ ਢਾਲ ਲਿਆ ਜਾਂਦਾ ਹੈ। ਲੇਖਕ ਮੁਖਤਿਆਰੋ, ਜੈਬੀਰ ਅਤੇ ਹੋਰ ਔਰਤ ਪਾਤਰਾਂ ਦੇ ਕਸ਼ਟਦਾਇਕ ਜੀਵਨ ਵੇਰਵਿਆਂ ਦੀ ਪੇਸ਼ਕਾਰੀ ਕਰਦਾ ਮਿੱਟੀ ਦੀ ਹੋਂਦ ਨੂੰ ਸਜੱਗ ਤੇ ਚੇਤੰਨ ਰਹਿ ਕੇ ਜਾਗਣ ਵਾਲੀ ਕਥਾ ਦ੍ਰਿਸ਼ਟੀ ਉਸਾਰਦਾ ਹੈ। ਨਾਰੀ ਵੇਦਨਾ ਦੇ ਪੱਖ ਤੋਂ ਇਸ ਸਾਲ ਜਸ਼ਨਦੀਪ ਸਿੱਧੂ ਦਾ ਪਲੇਠਾ ਨਾਵਲ 'ਖਾਮੋਸ਼ ਮੁਹੱਬਤ' ਵੀ ਮਰਦਾਵੀਂ ਬਣਤਰਾਂ ਵਾਲੀ ਸਮਾਜਿਕ ਸੱਤਾ ਵਿੱਚ ਔਰਤ ਦੀ ਦੂਜੈਲੀ ਹੋਂਦ ਪ੍ਰਤੀ ਫਿਕਰਮੰਦੀ ਦਾ ਬਿਰਤਾਂਤ ਉਸਾਰਦਾ ਹੈ। ਨਾਵਲ ਵਿੱਚ ਰਾਣੋ ਵਰਗੀ ਪਾਤਰ ਪੇਕੇ ਅਤੇ ਸਹੁਰੇ ਪਰਵਾਰ ਦੀ ਮਰਦਾਵੀਂ ਮਰਿਆਦਾ ਵਿੱਚ ਆਪਣੇ ਸੁਪਨਿਆਂ ਤੇ ਰੀਝਾਂ ਦਾ ਦਮਨ ਭੋਗਦੀ ਹੈ। ਉਹ ਆਪਣੀ ਸੂਰਤ ਤੇ ਸੀਰਤ ਦੇ ਪ੍ਰੇਮੀ ਮੀਤਾ ਨਾਲ ਪੀਡੀਆਂ ਸਮਾਜਿਕ ਮਾਨਤਾਵਾਂ ਕਰਕੇ ਵਿਆਹ ਨਹੀਂ ਕਰਵਾ ਸਕਦੀ, ਪਰ ਇਨ੍ਹਾਂ ਮਾਨਤਾਵਾਂ ਦੀ ਬਦੌਲਤ ਪਰਮ ਵਰਗੇ ਨਸ਼ੇਖੋਰ ਨਾਲ ਨਰੜ ਦਿੱਤੀ ਜਾਂਦੀ ਹੈ। ਨਾਵਲਕਾਰਾ ਨੇ ਔਰਤ ਦੀ ਸੰਵੇਦਨਸ਼ੀਲਤਾ ਅਤੇ ਪੁਰਖਲੂਸ ਮੁਹੱਬਤੀ ਆਵੇਸ਼ ਨੂੰ ਪੁਰਸ਼ ਪ੍ਰਧਾਨ ਸੱਤਾ ਵਿੱਚ ਖਾਮੋਸ਼ੀ ਦੇ ਪਸਮੰਜਰ ਵਿੱਚ ਪੇਸ਼ ਕੀਤਾ ਹੈ। ਕਾਵਿਕ ਭਾਸ਼ਾ ਵਾਲਾ ਇਹ ਨਾਵਲ ਤਰਦੀ-ਤਰਦੀ ਨਾਰੀ ਸੰਵੇਦਨਾ ਦਾ ਪੇਸ਼ਕਾਰ ਹੈ। ਪਰਵਾਸੀ ਨਾਵਲਕਾਰ ਨਕਸ਼ਦੀਪ ਪੰਜਕੋਹਾ ਦਾ ਨਾਵਲ 'ਦਲਦਲ ਦੇ ਫੁੱਲ' ਵੀ ਨਾਰੀ ਦੀ ਹਸਤੀ ਨੂੰ ਪੁਰਸ਼ ਪ੍ਰਧਾਨ ਸੱਤਾ ਦੀ ਦਲਦਲ ਦੇ ਫੁੱਲ ਵਜੋਂ ਤਸਲੀਮ ਕਰਦਾ ਹੈ। ਨਾਵਲ ਵਿੱਚ ਟਰੀਨਾ ਅਤੇ ਸਿਸਲੀ ਨਾਂਅ ਦੀਆਂ ਨਾਰੀ ਪਾਤਰ ਮਰਦਾਵੀਂ ਹਵਸ ਦੀਆਂ ਸ਼ਿਕਾਰ ਹਨ, ਜੋ ਉਨ੍ਹਾਂ ਨੂੰ ਭੋਗਣਹਾਰ ਵਸਤੂ ਦੀ ਥਾਂ ਮਹਿਜ਼ ਔਰਤ ਵਜੋਂ ਤੱਕਣ ਵਾਲੀ ਪੁਰਸ਼ ਅੱਖ ਦੀ ਤਲਾਸ਼ ਵਿੱਚ ਰਹਿੰਦੀਆਂ ਹਨ। ਨਾਵਲ ਦਾ ਪਾਤਰ ਕਮਲ ਆਪਣੇ ਮਾਨਵੀ ਖਾਸੇ ਤੇ ਸੰਵੇਦਨਸ਼ੀਲ ਫਿਤਰਤ ਨਾਲ ਟਰੀਨਾ ਤੇ ਸਿਸਲੀ ਦੇ ਆਕਰਸ਼ਣ ਦਾ ਕੇਂਦਰ ਬਣਦਾ ਹੈ। ਨਾਵਲਕਾਰ ਵੇਸਵਾ ਜੀਵਨ ਵਾਲੀ ਟਰੀਨਾ ਅਤੇ ਮਰਦਾਵੀਂ ਹਵਸ ਦੀ ਸ਼ਿਕਾਰ ਸਿਸਲੀ ਅੰਦਰਲੇ ਮਾਨਵੀ ਜੀਵਨ ਮੁੱਲਾਂ ਤੇ ਮਾਣ ਸਨਮਾਨ ਵਾਲੀ ਨਾਰੀ ਹੋਂਦ ਨੂੰ ਦਲਦਲ ਵਿਚਲੇ ਫੁੱਲਾਂ ਦੇ ਪ੍ਰਤੀਕ ਨਾਲ ਸੰਬੋਧਿਤ ਹੁੰਦਾ ਹੈ।

ਕੁੱਲ ਮਿਲਾ ਕੇ ਇਸ ਸਾਲ ਦੇ ਪੰਜਾਬੀ ਨਾਵਲ ਵਿੱਚ ਬੇਸ਼ੱਕ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ, ਪਰ ਸਮਕਾਲ ਦੀ ਸਟੀਕ ਤੇ ਪ੍ਰਮਾਣਿਕ ਬਿੰਬਕਾਰੀ ਪੱਖੋਂ ਪਿਛਾਂਹ ਹੈ। ਨਾਵਲਕਾਰਾਂ ਨੇ ਰੇਖਕੀ ਘਟਨਾਵਾਂ ਦੇ ਵਾਪਰਨ ਅਤੇ ਸੂਚਨਾਮੁੱਖ ਵੇਰਵਿਆਂ ਨੂੰ ਹੀ ਨਾਵਲ ਦੀ ਸਾਰੀ ਵਿਉਂਤਬੰਦੀ ਵਿੱਚ ਬੰਨ੍ਹ ਰੱਖਿਆ ਹੈ। ਨਾਵਲਕਾਰ ਨੇ ਜ਼ਿੰਦਗੀ ਦੇ ਜੀਵੰਤ ਵਰਤਾਰਿਆਂ ਨੂੰ ਸਥਿਤੀਆਂ ਦੀ ਭੇੜ ਤੇ ਚਿੰਤਨ ਕੇਂਦਰਤ ਬਿਰਤਾਂਤਕਾਰੀ ਦੁਆਰਾ ਪੇਸ਼ ਕਰਨਾ ਹੁੰਦਾ ਹੈ, ਪਰ ਸਾਲ ਦਾ ਜ਼ਿਆਦਾਤਰ ਨਾਵਲ ਵਿਸ਼ੇ ਤੇ ਪ੍ਰਗਟਾਵੇ ਦੇ ਪੱਖ ਤੋਂ ਵਰਨਣੀ ਬਿਰਤਾਂਤਕਾਰੀ ਤੇ ਚਿੰਤਾ ਪ੍ਰਧਾਨ ਕਥਾ ਦ੍ਰਿਸ਼ਟੀ ਨਾਲ ਦੁਹਰਾਅ ਤੇ ਦੁਬਿਧਾ ਦਾ ਸ਼ਿਕਾਰ ਰਿਹਾ ਹੈ। ਭੂਤਕਾਲ ਲਈ ਰੁਦਨ, ਇਤਿਹਾਸ ਪ੍ਰਤੀ ਰੁਮਾਂਸ ਅਤੇ ਪਰਿਚਿਤ ਪ੍ਰਤਿਮਾਨਾਂ ਦੀ ਸਥਾਪਤੀ ਲਈ ਬਿਹਬਲਤਾ ਇਸ ਨਾਵਲੀ ਪ੍ਰਵਚਨ ਦਾ ਕੇਂਦਰ ਬਣ ਰਹੀ ਹੈ।

ਨਾਵਲ ਦੀ ਯਥਾਰਥ ਧਰਮੀ ਵਿਧਾ ਨੇ ਸਮਾਜ ਦੇ ਸਥਾਪਤ ਚੌਖਟਿਆਂ ਅਤੇ ਅੰਤਰ ਵਿਰੋਧਾਂ ਨੂੰ ਪੇਸ਼ ਕਰਨਾ ਹੁੰਦਾ ਹੈ, ਜਿਸ ਦੇ ਲਈ ਨਾਵਲਕਾਰ ਕੋਲ ਬਹੁਪਾਸਾਰੀ ਸਾਧਨਾ ਦੀ ਤਵੱਕੋ ਕੀਤੀ ਜਾਂਦੀ ਹੈ, ਪਰ ਬਹੁਤੇ ਲੇਖਕ ਤੁਰੰਤ ਛਪਣ ਦੀ ਕਾਹਲ ਨਾਲ ਲਬਾਲਬ ਹਨ। ਨਾਵਲੀ ਸਮੱਗਰੀ ਨੂੰ ਲੰਮੇ ਅੰਤਰਾਲ ਦੀ ਚਿੰਤਨੀ ਰੱਖ ਵਿੱਚ ਰੱਖਣ ਦੀ ਪ੍ਰਵਿਰਤੀ ਖਤਮ ਹੋ ਰਹੀ ਹੈ। ਗਲਪ ਦੀ ਭਾਸ਼ਾ ਦਾ ਸੁਹਜ ਤੇ ਵਿਸਫੋਟੀ ਸੁਭਾਅ ਦੁਰਲੱਭ ਹੋ ਗਿਆ ਹੈ। ਸੋਸ਼ਲ ਮੀਡੀਆ ਦੇ ਅੱਤਵਾਦੀ ਮਾਹੌਲ ਵਿੱਚ ਸ਼ਬਦ ਦੀ ਅਜਮਤ 'ਤੇ ਜੋ ਗਹਿਰਾ ਹਮਲਾ ਹੈ, ਇਸ ਦਾ ਜਵਾਬੀ ਪ੍ਰਵਚਨ ਸਾਹਿਤ ਨੇ ਆਪਣੀ ਤਹੱਮਲ ਭਰਪੂਰ ਤੇ ਸਬਰ-ਸੰਤੋਖੀ ਗਰਜ ਨਾਲ ਦੇਣਾ ਹੈ, ਨਾ ਕਿ ਸੂਚਨਾਵਾਂ ਦੀ ਫੌਰੀ ਬੰਬਾਰਮੈਂਟ ਦੇ ਵੇਗ ਵਿੱਚ। ਨਾਵਲਕਾਰ ਸਮਾਜ ਪ੍ਰਤੀ ਆਪਣੀ ਚਿੰਤਨੀ ਨੀਝ ਅਤੇ ਭਾਸ਼ਾ ਦੀ ਕਰਤਾਰੀ ਵਰਤੋਂ ਪ੍ਰਤੀ ਜਾਗਰੂਕ ਰਹਿ ਕੇ ਹੀ ਉੱਤਮ ਕਲਾ ਬਿੰਬਾਂ ਦੀ ਉਸਾਰੀ ਕਰ ਸਕਦਾ ਹੈ। ਅੱਲਾ ਖੈਰ!

*ਸੰਪਰਕ-94175-86028*

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਦੱਖਣ ਦਾ ਗੁਰੂ ਪਿਆਰਾ ਸੁਬਰਾਮਣੀਅਮ : ਸੁਖਦੇਵ ਸਿਰਸਾ

ਬੀਤੇ ਵਰ੍ਹੇ ਦੀ ਸਾਹਿਤਕ ਪੱਤਰਕਾਰੀ ਦਾ ਦ੍ਰਿਸ਼ : ਭਗਵੰਤ ਰਸੂਲਪੁਰੀ

2025 ਦੀ ਕਹਾਣੀ (ਮੈਗਜ਼ੀਨ) : ਐੱਚ ਐੱਸ ਡਿੰਪਲ

2025 ਦੀ ਗ਼ਜ਼ਲ : ਜਗਮੀਤ ਹਰਫ਼

'ਗੁਲਾਮ' : ਇਕਬਾਲ ਜਹਾਜੀ, (ਫੋਕਸ) : ਨਿਰੰਜਣ ਬੋਹਾ

# ਨਵਾਂ ਜ਼ਮਾਨਾ 2026

*ਅਸੀਂ ਵੱਡੇ-ਵੱਡੇ ਪਹਿਲਵਾਨ, ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ,*
*ਲੜਨ ਲਈ ਭੁੱਖ-ਨੰਗ ਨਾਲ, ਜੋੜ-ਤੋੜ ਕਰਦੇ ਰਹਿਣਾ ਸਾਡੀ ਕਸਰਤ ਹੈ*
*ਦਾਅ ਬਹੁਤ ਡਾਢੇ ਨੇ, ਬੋਲਣ ਦੀ ਥਾਂ ਚੁੱਪ ਕਰ ਜਾਣਾ।*

*- ਲਾਲ ਸਿੰਘ ਦਿਲ*



ਲਾਲ ਸਿੰਘ ਦਿਲ

## ਜਨਵਰੀ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## ਫਰਵਰੀ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

## ਮਾਰਚ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## ਅਪ੍ਰੈਲ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## ਮਈ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

## ਜੂਨ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## ਜੁਲਾਈ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## ਅਗਸਤ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

## ਸਤੰਬਰ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

## ਅਕਤੂਬਰ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## ਨਵੰਬਰ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## ਦਸੰਬਰ 2026

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## ਪੰਜਾਬ ਸਰਕਾਰ ਦੀਆਂ ਛੁੱਟੀਆਂ

| | |
|---|---|
| ਲੋਹੜੀ | 13 ਜਨਵਰੀ |
| ਬਸੰਤ ਪੰਚਮੀ/ਜਨਮ ਦਿਵਸ ਸਤਿਗੁਰੂ ਰਾਮ ਸਿੰਘ ਜੀ | 23 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ | 1 ਫਰਵਰੀ |
| ਮਹਾਂਸ਼ਿਵਰਾਤਰੀ | 15 ਫਰਵਰੀ |
| ਹੋਲੀ | 03 ਮਾਰਚ |
| ਹੋਲਾ ਮਹੱਲਾ | 04 ਮਾਰਚ |
| ਈਦ ਉਲ ਫਿਤਰ | 21 ਮਾਰਚ |
| ਸ਼ਹੀਦੀ ਦਿਹਾੜਾ ਸ. ਭਗਤ ਸਿੰਘ | 23 ਮਾਰਚ |
| ਰਾਮ ਨੌਮੀ | 26 ਮਾਰਚ |
| ਮਹਾਂਵੀਰ ਜੈਯੰਤੀ | 31 ਮਾਰਚ |
| ਗੁੱਡ ਫਰਾਈਡੇ | 03 ਅਪ੍ਰੈਲ |
| ਵਿਸਾਖੀ | 14 ਅਪ੍ਰੈਲ |
| ਜਨਮ ਦਿਨ ਡਾ. ਬੀ. ਆਰ. ਅੰਬੇਡਕਰ | 14 ਅਪ੍ਰੈਲ |
| ਪਰਸ਼ੂ ਰਾਮ ਜੈਯੰਤੀ | 19 ਅਪ੍ਰੈਲ |
| ਮਜ਼ਦੂਰ ਦਿਵਸ | 1 ਮਈ |
| ਬੁੱਧ ਪੂਰਨਿਮਾ | 1 ਮਈ |
| ਈਦ ਉਲ ਜ਼ੂਹਾ | 28 ਮਈ |
| ਸ਼ਹੀਦੀ ਦਿਵਸ ਗੁਰੂ ਅਰਜਨ ਦੇਵ ਜੀ | 18 ਜੂਨ |
| ਮੁਹੱਰਮ | 26 ਜੂਨ |
| ਕਬੀਰ ਜੈਯੰਤੀ | 29 ਜੂਨ |
| ਸ਼ਹੀਦੀ ਦਿਹਾੜਾ ਸ. ਊਧਮ ਸਿੰਘ | 31 ਜੁਲਾਈ |
| ਸੁਤੰਤਰਤਾ ਦਿਵਸ | 15 ਅਗਸਤ |
| ਜਨਮ ਅਸ਼ਟਮੀ | 04 ਸਤੰਬਰ |
| ਜਨਮ ਦਿਨ ਸ. ਭਗਤ ਸਿੰਘ | 28 ਸਤੰਬਰ |
| ਮਹਾਤਮਾ ਗਾਂਧੀ ਜੈਅੰਤੀ | 02 ਅਕਤੂਬਰ |
| ਮਹਾਰਾਜਾ ਅਗਰਸੈਨ ਜੈਯੰਤੀ | 11 ਅਕਤੂਬਰ |
| ਦੁਸਹਿਰਾ | 20 ਅਕਤੂਬਰ |
| ਮਹਾਂਰਿਸ਼ੀ ਵਾਲਮੀਕਿ ਜੈਯੰਤੀ | 26 ਅਕਤੂਬਰ |
| ਦੀਵਾਲੀ | 08 ਨਵੰਬਰ |
| ਵਿਸ਼ਵਕਰਮਾ ਦਿਵਸ | 09 ਨਵੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 24 ਨਵੰਬਰ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ | 14 ਦਸੰਬਰ |
| ਕ੍ਰਿਸਮਸ | 25 ਦਸੰਬਰ |

* ਛੁੱਟੀਆਂ ਮਿਲਾਉਣ ਲਈ ਪੰਜਾਬ ਸਰਕਾਰ ਦਾ ਗਜ਼ਟ ਦੇਖੋ


ਜਿਸ ਦੇ ਲਫ਼ਜ਼ਾਂ 'ਚ ਕੋਈ ਦਿਲ ਪਾਵੇ,
ਦਿਲ ਨੂੰ ਲਾਵੇ ਤਾਂ ਧੜਕਦੀ ਹੈ ਕਿਤਾਬ
-ਸੁਰਜੀਤ ਪਾਤਰ

**ਲੋਕਗੀਤ ਪ੍ਰਕਾਸ਼ਨ**
**ਯੂਨੀਸਟਾਰ ਬੁਕਸ ਪ੍ਰਾ. ਲਿ**

301, ਇੰਡਸਟਰੀਅਲ ਏਰੀਆ, ਫੇਜ਼-9, ਐਸ ਏ ਐਸ ਨਗਰ, ਮੁਹਾਲੀ 160062
ਫੋਨ: 0172-5027427, 98154 71219
email : unistarbooks@gmail.com web : unistarbooks.com

